# PANJAB TIMES
# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ


IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!




Immigration Advice Bureau
Tel: 020 8571 6680
www.iabl.co.uk



5th - 12th March 2026 • Issue No. 3120

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com


## ਅਮਰੀਕਾ-ਇਜ਼ਰਾਈਲ ਦੇ ਹਮਲੇ ਨਾਲ ਕੀ ਤੀਜਾ ਵਿਸ਼ਵ ਯੁੱਧ ਸ਼ੁਰੂ ਹੋ ਗਿਐ !



ਪੂਰੀ ਖ਼ਬਰ ਅੰਦਰ ਦੇਖੋ



ਇਸ ਯੁੱਧ ਨੇ ਪੂਰੀ ਦੁਨੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਸਾਮਰਾਜਵਾਦੀ ਤਾਕਤਾਂ ਅਜੇ ਵੀ ਲੋਕਾਂ ਦੀ ਆਜ਼ਾਦੀ ਤੇ ਖੁਦਮੁਖਤਿਆਰੀ ਨੂੰ ਖਤਰੇ ਵਿਚ ਪਾ ਰਹੀਆਂ ਹਨ। ਯੂ ਐੱਨ ਲਾਚਾਰ ਹੈ ਅਤੇ ਕੋਈ ਕਾਰਵਾਈ ਨਹੀਂ ਹੋ ਰਹੀ। ਵਿਸ਼ਵ ਮੀਡੀਆ ਅਨੁਸਾਰ ਇਹ ਛੋਟੀ ਤੇ ਫੈਸਲਾਕੁਨ ਜੰਗ ਨਹੀਂ ਰਹੇਗੀ। ਈਰਾਨ ਨੇ ਲੰਬੀ ਲੜਾਈ ਲਈ ਤਿਆਰੀ ਕਰ ਰੱਖੀ ਹੈ। ਟਰੰਪ ਚਾਹੁੰਦਾ ਹੈ ਕਿ ਈਰਾਨ ਗੋਡੇ ਟੇਕੇ ਪਰ ਈਰਾਨੀ ਲੀਡਰਸ਼ਿਪ ਉਤਸਾਹ ਨਾਲ ਲੜ ਰਹੀ ਹੈ। ਰੂਸ ਤੇ ਚੀਨ ਡਿਪਲੋਮੈਟਿਕ ਢੰਗ ਰਾਹੀਂ ਮਦਦ ਕਰ ਰਹੇ ਹਨ ਪਰ ਸਿੱਧਾ ਫੌਜੀ ਦਖਲ ਨਹੀਂ ਦੇਣਗੇ।

## ਸ੍ਰੀ ਅਨੰਦਪੁਰ ਸਾਹਿਬ 'ਚ ਲੱਗੀਆਂ ਰੌਣਕਾਂ!

### ਹੋਲਾ-ਮਹੱਲਾ ਮੌਕੇ ਲੱਖਾਂ ਸੰਗਤਾਂ ਗੁਰੂ ਘਰਾਂ ’ਚ ਹੋਈਆਂ ਨਤਮਸਤਕ



ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਏ ਜਾ ਰਹੇ ਤਿੰਨ ਰੋਜ਼ਾ ਸਾਲਾਨਾ ਕੌਮੀ ਤਿਉਹਾਰ ਹੋਲਾ ਮਹੱਲਾ ਦੇ ਮੰਗਲਵਾਰ ਦੂਜੇ ਦਿਨ ਦੇਸ਼ ਵਿਦੇਸ਼ ਤੋਂ ਇਥੇ ਪਹੁੰਚੀਆਂ ਸੰਗਤਾਂ ਗੁਰੂ ਘਰਾਂ ਵਿਚ ਨਤਮਸਤਕ ਹੋਈਆਂ ਅਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ। ਸਵੇਰ ਤੋਂ ਹੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ, ਗੁਰਦੁਆਰਾ ਬਾਬਾ ਸੰਗਤ ਸਿੰਘ ਜੀ, ਗੁਰਦੁਆਰਾ ਕਿਲਾ ਫਤਿਹਗੜ੍ਹ ਸਾਹਿਬ ਅਤੇ ਹੋਰ ਇਤਿਹਾਸਿਕ ਗੁਰਦੁਆਰਾ ਸਾਹਿਬਾਨਾਂ ਵਿਚ ਨਤਮਸਤਕ ਹੋਣ ਲਈ ਸੰਗਤਾਂ ਲਾਈਨਾਂ ਵਿਚ ਖੜ੍ਹੇ ਹੋ ਕੇ ਇੰਤਜ਼ਾਰ ਕਰ ਰਹੀਆਂ ਸਨ।



## ਪੰਜਾਬ ਸਿਰ ਕਰਜ਼ੇ ਦੀ ਪੰਡ ਚਾਰ ਲੱਖ ਕਰੋੜ ਤੋਂ ਪਾਰ

ਪੰਜਾਬ ਸਰਕਾਰ ਸਿਰ ਹੁਣ ਕਰਜ਼ੇ ਦਾ ਬੋਝ 4 ਲੱਖ ਕਰੋੜ ਨੂੰ ਛੂਹ ਗਿਆ ਹੈ। ਅਪਰੈਲ 2025 ਤੋਂ ਜਨਵਰੀ 2026 ਦਰਮਿਆਨ ਸੂਬਾ ਸਰਕਾਰ ਨੇ 20769.63 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੈ ਜਿਸ ਮਗਰੋਂ ਪੰਜਾਬ ਸਿਰ ਕਰਜ਼ਾ ਵੱਧ ਕੇ 4.03 ਲੱਖ ਕਰੋੜ ਹੋ ਗਿਆ ਹੈ; ਹਾਲਾਂਕਿ ਜ਼ਿਆਦਾਤਰ ਕਰਜ਼ਿਆਂ ਦਾ ਸਬੰਧ ਵਿਰਾਸਤੀ ਕਰਜ਼ੇ ਦੀ ਅਦਾਇਗੀ ਜਾਂ ਦਹਾਕਿਆਂ ਤੋਂ ਇਕੱਠੇ ਹੋਏ ਕਰਜ਼ਿਆਂ ਦੀ ਅਦਾਇਗੀ ਨਾਲ ਰਿਹਾ ਹੈ। ਚਾਲੂ ਵਿੱਤੀ ਵਰ੍ਹੇ ਦੇ ਅੰਤ ਤੱਕ ਇਹ ਕਰਜ਼ਾ ਵਧ ਕੇ 4.17 ਲੱਖ ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ।(31 ਮਾਰਚ, 2025 ਤੱਕ ਪੰਜਾਬ ’ਤੇ 3.83 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ ਜੋ ਕੁੱਲ ਘਰੇਲੂ ਉਤਪਾਦ ਦਾ 44 ਫ਼ੀਸਦੀ ਤੋਂ ਵੱਧ ਬਣਦਾ ਹੈ। ਜਦੋਂ ‘ਆਪ’ ਸਰਕਾਰ ਨੇ ਹਕੂਮਤ ਸੰਭਾਲੀ ਸੀ ਤਾਂ ਉਸ ਸਮੇਂ ਸੂਬੇ ’ਤੇ 2.82 ਕਰੋੜ ਰੁਪਏ ਦਾ ਕਰਜ਼ਾ ਸੀ।




## ਪੁਲਿਸ ਖੁਦ ਬਣੀ ‘ਜੱਜ ਤੇ ਜਲਾਦ’

### ਰਣਜੀਤ ਸਿੰਘ ਫਰਜ਼ੀ ਮੁਕਾਬਲੇ ਵਿਚ ਘਿਰੀ ਆਪ ਸਰਕਾਰ

### ਪੰਥਕ ਜਥੇਬੰਦੀਆਂ ਕੀ ਕਰਨ

ਸਿਆਸੀ ਧਰਨਿਆਂ ਦੇ ਮੁਕਾਬਲੇ ਅਦਾਲਤੀ ਲੜਾਈ ਵਧੇਰੇ ਨਤੀਜਾ-ਮੁਖੀ ਹੁੰਦੀ ਹੈ, ਕਿਉਂਕਿ ਅਦਾਲਤ ਕੋਲ ਪੁਲਿਸ ਨੂੰ ਸਖ਼ਤ ਹੁਕਮ ਦੇਣ ਦੀ ਸ਼ਕਤੀ ਹੁੰਦੀ ਹੈ। ਮੋਰਚੇ ਨੂੰ ਹੁਣ ਆਪਣੀ ਸਾਰੀ ਊਰਜਾ ਹਾਈਕੋਰਟ ਵਿੱਚ ਦਾਇਰ ਕੀਤੀ ਜਾ ਰਹੀ ਪਟੀਸ਼ਨ ’ਤੇ ਲਗਾਉਣੀ ਚਾਹੀਦੀ ਹੈ। ਵਕੀਲਾਂ ਦੀ ਟੀਮ ਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਪੁਲੀਸ ਮੁਕਾਬਲੇ ਦੀ ਜਾਂਚ ਕਿਸੇ ਸੁਤੰਤਰ ਜਾਂਚ ਏਜੰਸੀ ਜਾਂ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਜਾਂਚ ਹੋਵੇ।



# ਲਓ ਜੀ ਹੁਣ ਲੰਡਨ ਵਿਚ ਰਿਕਸ਼ਾ ਚਲਾਉਣ ਵਾਲੇ ਨੂੰ ਵੀ ਅੰਗਰੇਜ਼ੀ ਆਉਣੀ ਲਾਜ਼ਮੀ ਹੋਵੇਗੀ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੇਂਦਰੀ ਲੰਡਨ ਵਿਚ ਅਕਸਰ ਹੀ ਰਿਕਸ਼ਾ ਚਾਲਕਾਂ ਨੂੰ ਵੇਖਿਆ ਜਾ ਸਕਦਾ ਹੈ। ਰੰਗਬਰੰਗੀਆਂ ਲਾਇਟਾਂ ਨਾਲ ਸ਼ਿੰਗਾਰੇ ਰਿਕਸ਼ਿਆਂ ਤੇ ਕਈ ਵਾਰ ਉੱਚੀ ਉੱਚੀ ਸੰਗੀਤ ਵੀ ਵੱਜ ਰਿਹਾ ਹੁੰਦਾ ਹੈ। ਲੇਕਨ ਲੰਡਨ ਟਰਾਂਸਪੋਰਟ ਵਿਭਾਗ ਕੇ ਹੁਣ ਰਿਕਸ਼ੇ ਵਾਲਿਆਂ ਲਈ ਵੀ ਨਵੇਂ ਨਿਯਮ ਬਣਾਏ ਹਨ, ਜੋ 30 ਅਕਤੂਬਰ ਤੋਂ ਲਾਗੂ ਹੋਣਗੇ। ਨਵੇਂ ਨਿਯਮਾਂ ਤਹਿਤ ਰਿਕਸ਼ਾ ਚਲਾਉਣ ਵਾਲਿਆਂ ਨੂੰ ਲਾਇਸੰਸ ਲੈਣਾ ਹੋਵੇਗਾ, ਚਾਲਕ ਨੂੰ ਅੰਗਰੇਜ਼ੀ ਆਉਣਾ ਜਰੂਰੀ ਹੈ ਜਿਸ ਲਈ ਇੱਕ ਲਿਖ਼ਤੀ ਸੁਰੱਖਿਆ ਟੈਸਟ ਪਾਸ ਕਰਨਾ ਹੋਵੇਗਾ। ਨਵੇਂ ਨਿਯਮਾਂ ਅਨੁਸਾਰ ਲਾਇਸੰਸ ਫੀਸ ਚਾਲਕ ਲਈ 114 ਪੌਂਡ ਅਤੇ ਰਿਕਸ਼ਾ ਲਾਇਸੰਸ ਲਈ 100 ਪੌਂਡ ਸਲਾਨਾ ਹੋਵੇਗੀ। ਰਿਕਸ਼ਿਆਂ ਨੂੰ ਨੰਬਰ ਪਲੇਟ ਦਿੱਤੀ ਜਾਵੇਗੀ। ਕੋਈ ਵੀ ਰਿਕਸ਼ਾ ਚਾਲਕ ਮਨਮਰਜ਼ੀ ਦਾ ਕਿਰਾਇਆ ਵਸੂਲ ਨਹੀਂ ਕਰ ਸਕਦਾ। ਟਰਾਂਸਪੋਰਟ ਫਾਰ ਲੰਡਨ ਵੱਲੋਂ ਵੱਧ ਤੋਂ ਵੱਧ ਮੁਡਲਾ ਕਿਰਾਇਆ 5 ਪੌਂਡ, ਉਪਰੰਤ 1 ਪੌਂਡ ਪ੍ਰਤੀ ਮਿੰਟ ਇੱਕ ਯਾਤਰੀ ਲਈ ਅਤੇ ਬਾਕੀ ਯਾਤਰੀਆਂ ਲਈ 3 ਪੌਂਡ ਪ੍ਰਤੀ ਮਿੰਟ ਤੱਕ ਵਧਾਏ ਜਾਣ ਦੀ ਤਜ਼ਵੀਜ਼ ਹੈ। ਇਸ ਤੋਂ ਪਹਿਲਾਂ ਬਰਤਾਨੀਆਂ ਦੀ ਸੰਸਦ ਵਿੱਚ ਵੀ ਇੱਕ ਯਾਤਰੀ ਪਾਸੋਂ 7 ਮਿੰਟ ਦੀ ਯਾਤਰਾ ਦੇ 450 ਪੌਂਡ ਵਸੂਲੇ ਜਾਣ ਦਾ ਮਾਮਲਾ ਗਰਮਾਇਆ ਸੀ। ਇਸ ਤੋਂ ਇਲਾਵਾ ਰਿਕਸ਼ਾ ਨਾਲ ਟ੍ਰੈਫਿਕ ਸਮੱਸਿਆਵਾਂ, ਬੱਸ ਲੇਨ ਵਿੱਚ ਰਿਕਸ਼ੇ ਖੜ੍ਹੇ ਕਰਨ ਸਮੇਤ ਕਈ ਸੁਰੱਖਿਆ ਮਾਮਲੇ ਚਰਚਾ ਵਿੱਚ ਰਹਿੰਦੇ ਹਨ। ਰਿਕਸ਼ਾ ਚਲਾਉਣ ਵਾਲੀਆਂ ਕੰਪਨੀਆਂ ਕੋਲ ਲੰਡਨ ਵਿੱਚ ਕੰਮ ਕਰਨ ਦੀ ਇਜਾਜ਼ਤ, ਅੱਗ ਤੋਂ ਬਚਾ ਲਈ ਉਪਾਅ ਤੋਂ ਇਲਾਵਾ ਚਾਲਕ ਦਾ ਅਪਰਾਧਿਕ ਪਿਛੋਕੜ ਪੜਤਾਲਣਾ ਵੀ ਲਾਜ਼ਮੀ ਹੋਵੇਗਾ। ਲੰਡਨ ਮੇਅਰ ਸਦੀਕ ਖਾਨ ਨੇ ਕਿਹਾ ਕਿ ਨਵੇਂ ਨਿਯਮ ਚਾਲਕਾਂ ਅਤੇ ਯਾਤਰੀਆਂ ਲਈ ਲਾਭਦਾਇਕ ਹੋਣਗੇ ਅਤੇ ਕਾਰੋਬਾਰ ਹੋਣ ਸੁਰੱਖਿਅਤ, ਭਰੋਸੇਯੋਗ ਅਤੇ ਪੇਸ਼ੇਵਰ ਬਣੇਗਾ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com

ਮੈਂ ਗੈਂਗਸਟਰਾ ਨੂੰ ਚਿਤਾਵਨੀ ਦਿੰਦਾ ਹਾਂ!
ਕਿ ਇੱਥੋਂ ਜਲਦੀ ਭੱਜ ਜਾਓ!
ਸਾਡੇ ਸੂਬੇ ਵਿਚ ਸਿਰਫ ਸਾਡੀ ਪਾਰਟੀ ਦੇ ਹੀ
ਗੈਂਗਸਟਰ ਰਹਿ ਸਕਦੇ ਹਨ।



# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ


Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Look at the two letter words you made last week with letters ਪ, ਫ, ਬ, ਭ, ਮ See if you add more letters to make three or four letter mukta words ............or construct some new words

Page 57 Level I


ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

# ਅਮਰੀਕਾ-ਇਜ਼ਰਾਈਲ ਹਮਲੇ ’ਤੇ ਦੁਨੀਆ ਦੋਫਾੜ

**✪ ਰੂਸ ਤੇ ਚੀਨ ਵੱਲੋਂ ਨਿੰਦਾ, ਨਾਟੋ ਦੇਸ਼ਾਂ ਨੇ ਬਣਾਈ ਦੂਰੀ, ਲੰਬਾ ਯੁਧ ਚਲਣ ਦੀ ਸੰਭਾਵਨਾ ✪ ਹਮਲੇ ਦੌਰਾਨ ਈਰਾਨ ਦੇ ਸੁਪਰੀਮ ਲੀਡਰ ਖਾਮੇਨੇਈ ਸਮੇਤ 48 ਵੱਡੇ ਅਧਿਕਾਰੀ ਮਾਰੇ ਗਏ ✪ ਈਰਾਨ ਵਲੋਂ ਇਜ਼ਰਾਈਲ ਤੇ ਅਮਰੀਕੀ ਟਿਕਾਣਿਆਂ ’ਤੇ 400 ਤੋਂ ਵੱਧ ਮਿਜ਼ਾਈਲਾਂ ਨਾਲ ਹਮਲਾ। ✪ ਤੇਲ ਕੀਮਤਾਂ 100 ਡਾਲਰ ਦੇ ਪਾਰ, ਵਿਸ਼ਵ ਅਰਥਚਾਰੇ ’ਤੇ ਮੰਡਰਾਇਆ ਵੱਡਾ ਸੰਕਟ**

## ਨਿਊਜ਼ ਵਿਸ਼ਲੇਸ਼ਣ

ਪੱਛਮੀ ਏਸ਼ੀਆ ਵਿਚ ਇਤਿਹਾਸ ਦੀ ਸਭ ਤੋਂ ਭਿਆਨਕ ਰਾਤ ਦੌਰਾਨ ਅਮਰੀਕਾ ਤੇ ਇਜ਼ਰਾਈਲ ਨੇ 28 ਫਰਵਰੀ 2026 ਨੂੰ ਈਰਾਨ ਉੱਤੇ ਸਾਂਝਾ ਹਮਲਾ ਕੀਤਾ ਸੀ। ਇਸ ਹਮਲੇ ਵਿਚ ਈਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਾਮੇਨੇਈ, ਉਨ੍ਹਾਂ ਦੀ ਪਤਨੀ ਤੇ ਪਰਿਵਾਰ ਦੇ ਕਈ ਮੈਂਬਰਾਂ ਸਮੇਤ ਰੱਖਿਆ ਮੰਤਰੀ ਅਤੇ ਫੌਜੀ ਮੁਖੀ ਮਾਰੇ ਗਏ ਸਨ। ਟਰੰਪ ਦੇ ਦਾਅਵੇ ਅਨੁਸਾਰ 48 ਲੀਡਰਾਂ ਵਿਚ ਰੱਖਿਆ ਮੰਤਰੀ ਅਜੀਜ਼ ਨਸੀਰਜਾਦੇਹ, ਆਈਆਰਜੀਸੀ ਚੀਫ ਮੋਹੰਮਦ ਪਾਕਪੁਰ, ਏਅਰ ਫੋਰਸ ਕਮਾਂਡਰ ਆਮਿਰ ਅਲੀ ਹਾਜ਼ੀਜ਼ਾਦੇਹ, ਕੁਦਸ ਫੋਰਸ ਕਮਾਂਡਰ ਹੁਸੈਨ ਮਹਦਵੀ ਤੇ ਹੋਰ ਸੀਨੀਅਰ ਅਫਸਰ ਸ਼ਾਮਲ ਹਨ। ਈਰਾਨੀ ਮੀਡੀਆ ਨੇ ਇਸ ਨੂੰ “ਨਰਸੰਘਾਰ” ਆਖਿਆ ਹੈ। ਈਰਾਨੀ ਰੈੱਡ ਕ੍ਰੀਸੈਂਟ ਸੋਸਾਇਟੀ ਅਨੁਸਾਰ ਹੁਣ ਤੱਕ 765 ਤੋਂ ਵੱਧ ਲੋਕਾਂ ਦੀ ਜਾਨ ਜਾ ਚੁਕੀ ਹੈ ਅਤੇ 131 ਸ਼ਹਿਰਾਂ ਉੱਤੇ ਹਮਲੇ ਹੋਏ ਸਨ। ਹੋਰਮੋਜ਼ਗਾਨ ਪ੍ਰਾਂਤ ਵਿਚ ਇੱਕ ਗਰਲਜ਼ ਸਕੂਲ ਐਲੀਮੈਂਟਰੀ ਸਕੂਲ ਉੱਤੇ ਹਮਲੇ ਦੌਰਾਨ 100 ਤੋਂ ਵੱਧ ਲੜਕੀਆਂ ਮਾਰੀਆਂ ਗਈਆਂ ਸਨ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਇੱਕੋ ਝਟਕੇ ਵਿਚ 48 ਟਾਪ ਈਰਾਨੀ ਲੀਡਰ ਮਾਰੇ ਗਏ ਸਨ।ਇਸ ਤੋਂ ਇਲਾਵਾ ਪਰਮਾਣੂ ਸਾਈਟ ਨਤਾਂਜ ਉੱਤੇ ਹਮਲੇ ਤੋਂ ਰੇਡੀਏਸ਼ਨ ਲੀਕ ਦਾ ਖਤਰਾ ਵਧ ਗਿਆ ਹੈ। ਪਰ ਅਜੇ ਤੱਕ ਕੋਈ ਵੱਡਾ ਸੰਕਟ ਨਹੀਂ ਆਇਆ।

ਟਰੰਪ ਨੇ ਟਰੂਥ ਸੋਸ਼ਲ ਉੱਤੇ ਲਿਖਿਆ, “ਈਰਾਨ ਨੇ ਚਿਤਾਵਨੀ ਨਾ ਮੰਨੀ, ਲੋੜ ਪਈ ਤਾਂ ਹੁਣ ਫੌਜ ਵੀ ਉਤਾਰਾਂਗਾ। ਇਹ ਆਪਰੇਸ਼ਨ 4 ਤੋਂ 5 ਹਫ਼ਤੇ ਤੱਕ ਚੱਲ ਸਕਦਾ ਹੈ।” ਇਜ਼ਰਾਈਲੀ ਪ੍ਰਧਾਨ ਮੰਤਰੀ ਬਿਨਿਆਮਿਨ ਨੇਤਨਯਾਹੂ ਨੇ ਇਸ ਨੂੰ “ਇਜ਼ਰਾਈਲ ਦੀ ਹੋਂਦ ਲਈ ਲਾਜ਼ਮੀ ਕਦਮ” ਦੱਸਿਆ। ਪਰ ਈਰਾਨੀ ਲੋਕ ਇਸ ਨੂੰ “ਅਮਰੀਕੀ-ਜ਼ਿਓਨਿਸਟ ਧੱਕੇਸ਼ਾਹੀ” ਆਖ ਰਹੇ ਹਨ।

### ਇਰਾਨ ਦੀ ਜੁਆਬੀ ਕਾਰਵਾਈ

ਈਰਾਨ ਨੇ ਇਸ ਹਮਲੇ ਦੇ ਪ੍ਰਤੀਕਰਮ ਵਜੋਂ ਤੁਰੰਤ ਜਵਾਬੀ ਹਮਲਾ ਕੀਤਾ ਸੀ। ਉਸ ਨੇ ਇਜ਼ਰਾਈਲ ਉੱਤੇ 400 ਤੋਂ ਵੱਧ ਬੈਲਿਸਟਿਕ ਮਿਜ਼ਾਈਲਾਂ ਤੇ ਡਰੋਨ ਦਾਗੇ ਸਨ। ਇਸ ਤੋਂ ਇਲਾਵਾ ਮੱਧ ਪੂਰਬ ਵਿਚ ਅਮਰੀਕਾ ਦੇ 7 ਫੌਜੀ ਟਿਕਾਣਿਆਂ ਉੱਤੇ ਹਮਲਾ ਕੀਤਾ ਗਿਆ ਸੀ। ਦੁਬਈ ਵਿਚ ਇੰਟਰਨੈਸ਼ਨਲ ਏਅਰਪੋਰਟ, ਫਾਈਵ ਸਟਾਰ ਹੋਟਲ (ਫੇਅਰਮੋਂਟ, ਬੁਰਜ ਅਲ ਅਰਬ), ਅਲ ਮਿਨਹਾਦ ਏਅਰ ਬੇਸ ਅਤੇ ਜੇਬਲ ਅਲੀ ਪੋਰਟ ਨਿਸ਼ਾਨਾ ਬਣੇ ਸਨ। ਯੂਏਈ ਵਿਚ 150 ਤੋਂ ਵੱਧ ਮਿਜ਼ਾਈਲਾਂ ਤੇ ਡਰੋਨ ਹਮਲੇ ਹੋਏ ਸਨ। ਸਾਊਦੀ ਅਰਬ ਵਿਚ ਰਾਸ ਤਨੂਰਾ ਰਿਫਾਇਨਰੀ ਤੇ ਰਿਆਧ ਵਿਚ ਅਮਰੀਕੀ ਦੂਤਾਵਾਸ ਉੱਤੇ ਡਰੋਨ ਹਮਲਾ ਹੋਇਆ ਸੀ। ਕੁਵੈਤ ਵਿਚ ਅਮਰੀਕੀ ਬੇਸ ਤੇ ਏਅਰਪੋਰਟ ਉੱਤੇ ਹਮਲਾ ਹੋਇਆ ਸੀ ਜਿਸ ਵਿਚ ਅਮਰੀਕੀ ਸਿਪਾਹੀ ਮਾਰੇ ਗਏ ਸਨ। ਬਹਿਰੀਨ ਤੇ ਕਤਰ ਵਿਚ ਵੀ ਅਮਰੀਕੀ ਫਲੀਟ ਤੇ ਬੇਸ ਨਿਸ਼ਾਨਾ ਬਣੇ ਸਨ।

ਇੰਟਰਨੈਸ਼ਨਲ ਮੀਡੀਆ ਅਨੁਸਾਰ ਅਮਰੀਕਾ ਤੇ ਇਜ਼ਰਾਈਲ ਦਾ ਨੁਕਸਾਨ ਵੀ ਕਾਫ਼ੀ ਹੋਇਆ ਹੈ। ਇਜ਼ਰਾਈਲ ਵਿਚ ਈਰਾਨੀ ਮਿਜ਼ਾਈਲਾਂ ਕਾਰਨ 9 ਤੋਂ 12 ਲੋਕ ਮਾਰੇ ਗਏ ਸਨ ਅਤੇ 121 ਘਾਇਲ ਹੋਏ ਸਨ। ਅਮਰੀਕਾ ਵਿਚ ਯੂਐੱਸ ਸੈਂਟ੍ਰਲ ਕਮਾਂਡ ਨੇ ਪੁਸ਼ਟੀ ਕੀਤੀ ਹੈ ਕਿ ਇਰਾਨੀ ਹਮਲਿਆਂ ਵਿਚ 6 ਅਮਰੀਕੀ ਸਿਪਾਹੀ ਮਾਰੇ ਗਏ ਸਨ ਅਤੇ ਕਈ ਘਾਇਲ ਹੋਏ ਸਨ।

ਬਾਕੀ ਹਿਸਾ ਸਫਾ 4 ਤੇ ਪੜ੍ਹੋ →



**ਇਸ ਯੁੱਧ ਨੇ ਪੂਰੀ ਦੁਨੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਸਾਮਰਾਜਵਾਦੀ ਤਾਕਤਾਂ ਅਜੇ ਵੀ ਲੋਕਾਂ ਦੀ ਆਜ਼ਾਦੀ ਤੇ ਖੁਦਮੁਖਤਿਆਰੀ ਨੂੰ ਖਤਰੇ ਵਿਚ ਪਾ ਰਹੀਆਂ ਹਨ। ਯੂਐੱਨ ਲਾਚਾਰ ਹੈ ਅਤੇ ਕੋਈ ਕਾਰਵਾਈ ਨਹੀਂ ਹੋ ਰਹੀ। ਵਿਸ਼ਵ ਮੀਡੀਆ ਅਨੁਸਾਰ ਇਹ ਛੋਟੀ ਤੇ ਫੈਸਲਾਕੁਨ ਜੰਗ ਨਹੀਂ ਰਹੇਗੀ। ਈਰਾਨ ਨੇ ਲੰਬੀ ਲੜਾਈ ਲਈ ਤਿਆਰੀ ਕਰ ਰੱਖੀ ਹੈ। ਟਰੰਪ ਚਾਹੁੰਦਾ ਹੈ ਕਿ ਈਰਾਨ ਘੁੱਟਣੇ ਟੇਕੇ ਪਰ ਈਰਾਨੀ ਲੀਡਰਸ਼ਿਪ ਉਤਸਾਹ ਨਾਲ ਲੜ ਰਹੀ ਹੈ। ਰੂਸ ਤੇ ਚੀਨ ਡਿਪਲੋਮੈਟਿਕ ਰਾਹੀਂ ਮਦਦ ਕਰ ਰਹੇ ਹਨ ਪਰ ਸਿੱਧਾ ਫੌਜੀ ਦਖਲ ਨਹੀਂ ਦੇਣਗੇ।**

## ਕਿੰਨਾ ਚਿਰ ਯੁਧ ਚਲੇਗਾ

ਮਾਹਿਰਾਂ ਅਨੁਸਾਰ ਇਹ ਯੁੱਧ 4 ਤੋਂ 5 ਹਫ਼ਤੇ ਤੱਕ ਚੱਲ ਸਕਦਾ ਹੈ । ਟਰੰਪ ਨੇ ਤਖ਼ਤਾਪਲਟ ਦਾ ਆਈਡੀਆ ਛੱਡ ਦਿੱਤਾ ਹੈ ਕਿਉਂਕਿ ਇਰਾਕ ਅਤੇ ਅਫਗਾਨਿਸਤਾਨ ਵਾਂਗ ਇਥੇ ਵੀ ਲੰਬੀ ਗ੍ਰਾਊਂਡ ਜੰਗ ਔਖੀ ਹੈ। ਈਰਾਨ ਆਪਣੇ ਪ੍ਰੌਕਸੀ ਗਰੁੱਪਾਂ ਰਾਹੀਂ ਲੜ ਸਕਦਾ ਹੈ। ਤੀਜਾ ਵਿਸ਼ਵ ਯੁੱਧ ਦੀ ਤੁਰੰਤ ਸੰਭਾਵਨਾ ਘੱਟ ਹੈ ਪਰ ਖੇਤਰੀ ਯੁੱਧ ਵੱਡਾ ਬਣ ਰਿਹਾ ਹੈ। ਇਸ ਯੁੱਧ ਨੇ ਤੇਲ ਦੀ ਸਿਆਸਤ ਨੂੰ ਵੀ ਉਜਾਗਰ ਕੀਤਾ ਹੈ। ਈਰਾਨ ਕੋਲ 157 ਅਰਬ ਬੈਰਲ ਤੇਲ ਹੈ। ਅਮਰੀਕੀ ਕੰਪਨੀਆਂ ਇਸ ਉੱਤੇ ਨਜ਼ਰ ਰੱਖੀ ਹੋਈ ਹਨ। ਬਹੁਤੇ ਦੇਸ਼ ਇਸ ਹਮਲੇ ਨੂੰ ਧੱਕੇਸ਼ਾਹੀ ਮੰਨ ਰਹੇ ਹਨ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਦਸ ਰਹੇ ਹਨ। ਈਰਾਨ ਵਿਚ ਹਾਲਾਤ ਅਜੇ ਵੀ ਤਣਾਅਪੂਰਣ ਹਨ। ਅੰਤਰਿਮ ਲੀਡਰ ਅਰਾਫੀ ਨੇ ਰਾਸ਼ਟਰੀ ਏਕਤਾ ਦੀ ਅਪੀਲ ਕੀਤੀ ਹੈ। ਇਸ ਯੁੱਧ ਦਾ ਕਾਰਣ ਅਮਰੀਕਾ ਵਲੋ ਈਰਾਨ ਦਾ ਪਰਮਾਣੂ ਪ੍ਰੋਗਰਾਮ ਦਸਿਆ ਜਾ ਰਿਹਾ ਹੈ। ਈਰਾਨ ਆਪਣਾ ਪਰਮਾਣੂ ਕੰਮ ਸ਼ਾਂਤੀ ਲਈ ਦੱਸਦਾ ਹੈ ਪਰ ਅਮਰੀਕਾ ਤੇ ਇਜ਼ਰਾਈਲ ਇਸ ਨੂੰ ਪ੍ਰਮਾਣੂ ਹਥਿਆਰ ਬਣਾਉਣ ਵਾਲਾ ਕੰਮ ਆਖਦੇ ਹਨ। ਹਾਲ ਹੀ ਵਿਚ ਓਮਾਨ ਦੀ ਵਿਚੋਲਗੀ ਨਾਲ ਵਾਰਤਾ ਚੱਲ ਰਹੀ ਸੀ ਪਰ ਟਰੰਪ ਨੇ ਇਸ ਨੂੰ ਬਹਾਨਾ ਬਣਾ ਕੇ ਹਮਲਾ ਕਰ ਦਿੱਤਾ। ਇਸ ਤੋਂ ਪਹਿਲਾਂ 2025-26 ਵਿਚ ਈਰਾਨ ਵਿਚ ਵੱਡੇ ਪ੍ਰਦਰਸ਼ਨ ਹੋਏ ਸਨ। ਮਹਿਲਾਵਾਂ ਨੇ ਹਿਜਾਬ ਵਿਰੋਧੀ ਅੰਦੋਲਨ ਕੀਤਾ ਸੀ। ਆਰਥਿਕ ਸੰਕਟ, ਮਹਿੰਗਾਈ ਤੇ ਸਖ਼ਤੀ ਕਾਰਨ ਲੋਕ ਨਾਰਾਜ਼ ਸਨ। ਗੈਲਪ ਸਰਵੇ ਵਿਚ 52 ਫੀਸਦੀ ਲੋਕਾਂ ਨੇ ਖਾਮੇਨੇਈ ਦੀ ਨਿੰਦਾ ਕੀਤੀ ਸੀ। ਪਰ ਇਹ ਅੰਦਰੂਨੀ ਮਾਮਲਾ ਸੀ। ਅਮਰੀਕਾ ਤੇ ਇਜ਼ਰਾਈਲ ਨੇ ਇਸ ਨੂੰ ਬਹਾਨਾ ਬਣਾ ਲਿਆ।

## ਭਾਰਤ ਉੱਤੇ ਇਸ ਯੁੱਧ ਦਾ ਅਸਰ ਕੀ ਹੋਵੇਗਾ

ਭਾਰਤ ਉੱਤੇ ਇਸ ਯੁੱਧ ਦਾ ਸਭ ਤੋਂ ਵੱਡਾ ਅਸਰ ਪੈ ਰਿਹਾ ਹੈ। ਭਾਰਤ ਆਪਣੀ 81 ਫੀਸਦੀ ਤੇਲ ਖਾੜੀ ਤੋਂ ਆਯਾਤ ਕਰਦਾ ਹੈ। ਹਾਰਮੁਜ਼ ਜਲਡਮਰੂ ਬੰਦ ਹੋਣ ਦੀ ਧਮਕੀ ਨਾਲ ਤੇਲ ਕੀਮਤਾਂ 100 ਡਾਲਰ ਤੱਕ ਪਹੁੰਚ ਗਈਆਂ ਹਨ। ਭਾਰਤ 81 ਫੀਸਦੀ ਤੇਲ ਆਯਾਤ ਕਰਦਾ ਹੈ ਅਤੇ 40 ਫੀਸਦੀ ਇਸ ਰਸਤੇ ਤੋਂ ਆਉਂਦਾ ਹੈ। ਤੇਲ ਕੀਮਤਾਂ ਵਧਣ ਨਾਲ ਪੈਟਰੋਲ-ਡੀਜ਼ਲ ਮਹਿੰਗਾ ਹੋਵੇਗਾ, ਇਨਫਲੇਸ਼ਨ ਵਧੇਗੀ ਅਤੇ ਰਿਜ਼ਰਵ ਬੈਂਕ ਨੂੰ ਵਿਆਜ ਦਰਾਂ ਵਧਾਉਣੀਆਂ ਪੈਣਗੀਆਂ। ਗਲਫ ਵਿਚ 90 ਲੱਖ ਭਾਰਤੀ ਕਾਮਿਆਂ ਤੋਂ ਆਉਣ ਵਾਲੀਆਂ ਰਿਮਿਟੈਂਸ (35 ਫੀਸਦੀ ਭਾਰਤੀ ਰਿਮਿਟੈਂਸ) ਖਤਰੇ ਵਿਚ ਹਨ। ਚਾਬਹਾਰ ਪੋਰਟ ਉੱਤੇ ਵੀ ਅਸਰ ਪੈ ਸਕਦਾ ਹੈ। ਗਲਫ ਵਿਚ ਰਹਿੰਦੇ ਭਾਰਤੀਆਂ ਦੀ ਸੁਰੱਖਿਆ ਵੀ ਚਿੰਤਾ ਦਾ ਵਿਸ਼ਾ ਹੈ। ਭਾਰਤ ਨੇ ਸਾਰਿਆਂ ਪੱਖਾਂ ਨੂੰ ਗੱਲਬਾਤ ਰਾਹੀਂ ਸਮੱਸਿਆ ਹੱਲ ਕਰਨ ਦੀ ਅਪੀਲ ਕੀਤੀ ਹੈ।

## ਇਰਾਨ ’ਤੇ ਹੋਏ ਹਮਲੇ ਦੀ ਉੱਤਰੀ ਕੋਰੀਆ ਵਲੋਂ ਨਿੰਦਾ ਫੌਜੀ ਕਾਰਵਾਈ ਨੂੰ “ਗੈਂਗਸਟਰ ਵਰਗਾ ਵਿਵਹਾਰ” ਕਰਾਰ

**✪ ‘ਪਰਮਾਣੂ ਰਣਨੀਤੀ’ ਦੀ ਸਿੱਧੀ ਚਿਤਾਵਨੀ**

ਅਮਰੀਕਾ ਅਤੇ ਇਜ਼ਰਾਈਲ ਦੁਆਰਾ ਇਰਾਨ ’ਤੇ ਕੀਤੇ ਗਏ ਫੌਜੀ ਹਮਲਿਆਂ ਅਤੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਮੇਨੀ ਦੀ ਮੌਤ ਨੇ ਪੂਰੀ ਦੁਨੀਆ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਇਸ ਘਟਨਾ ਨੇ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਦੀ ਰਣਨੀਤੀ ਨੂੰ ਇੱਕ ਨਵਾਂ ਮੋੜ ਦਿੱਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਉੱਤਰੀ ਕੋਰੀਆ ਇਸ ਹਮਲੇ ਨੂੰ ਆਪਣੇ ਪਰਮਾਣੂ ਹਥਿਆਰਾਂ ਦੀ ਮਹੱਤਤਾ ਵਜੋਂ ਦੇਖ ਰਿਹਾ ਹੈ। ਉੱਤਰੀ ਕੋਰੀਆ ਦੇ ਵਿਦੇਸ਼ ਮੰਤਰਾਲੇ ਨੇ ਇਸ ਫੌਜੀ ਕਾਰਵਾਈ ਨੂੰ “ਗੈਂਗਸਟਰ ਵਰਗਾ ਵਿਵਹਾਰ” ਕਰਾਰ ਦਿੱਤਾ ਹੈ। ਪਯੋਂਗਯਾਂਗ ਦਾ ਮੰਨਣਾ ਹੈ ਕਿ ਅਮਰੀਕਾ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਰਵਾਹ ਕੀਤੇ ਬਿਨਾਂ ਆਪਣੀ ਸ਼ਕਤੀ ਦੀ ਵਰਤੋਂ ਕਰ ਰਿਹਾ ਹੈ। ਉੱਤਰੀ ਕੋਰੀਆ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਕਿਮ ਜੋਂਗ ਉਨ ਲਈ ਇਹ ਸਬਕ ਸਾਫ਼ ਹੈ-ਜੇਕਰ ਤੁਹਾਡੇ ਕੋਲ ਪਰਮਾਣੂ ਹਥਿਆਰ ਨਹੀਂ ਹਨ, ਤਾਂ ਤੁਸੀਂ ਅਮਰੀਕਾ ਦੇ ਨਿਸ਼ਾਨੇ ’ਤੇ ਆ ਸਕਦੇ ਹੋ। ਵਿਸ਼ਲੇਸ਼ਕਾਂ ਮੁਤਾਬਕ, ਇਰਾਨ ਦਾ ਪਰਮਾਣੂ ਪ੍ਰੋਗਰਾਮ ਅਜੇ ਵਿਕਾਸ ਦੇ ਪੜਾਅ ’ਤੇ ਸੀ, ਜਦੋਂ ਕਿ ਉੱਤਰੀ ਕੋਰੀਆ ਕੋਲ ਪਹਿਲਾਂ ਹੀ ਪਰਮਾਣੂ ਹਥਿਆਰ ਮੌਜੂਦ ਹਨ ਅਤੇ ਇਸ ਨੇ ਆਪਣੀ ਸਥਿਤੀ ਨੂੰ ਸੰਵਿਧਾਨਕ ਤੌਰ ’ਤੇ “ਅਟੱਲ” ਐਲਾਨਿਆ ਹੋਇਆ ਹੈ। ਭਾਵੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਿਨਾਂ ਕਿਸੇ ਪੂਰਵ ਸ਼ਰਤ ਦੇ ਗੱਲਬਾਤ ਕਰਨ ਦਾ ਪ੍ਰਸਤਾਵ ਰੱਖਿਆ ਹੈ, ਪਰ ਇਰਾਨ ਦੀ ਸਥਿਤੀ ਨੇ ਇਸ ਸੰਭਾਵਨਾ ਨੂੰ ਗੁੰਝਲਦਾਰ ਬਣਾ ਦਿੱਤਾ ਹੈ। ਕਿਮ ਜੋਂਗ ਉਨ ਹੁਣ ਅਮਰੀਕਾ ਨਾਲ ਗੱਲਬਾਤ ਕਰਨ ਵਿੱਚ ਹੋਰ ਵੀ ਸਾਵਧਾਨ ਹੋ ਸਕਦੇ ਹਨ। ਉਨ੍ਹਾਂ ਨੂੰ ਡਰ ਹੈ ਕਿ ਗੱਲਬਾਤ ਦੇ ਬਹਾਨੇ ਅਮਰੀਕਾ ਉਨ੍ਹਾਂ ਦੀ ਸੁਰੱਖਿਆ ਨੂੰ ਕਮਜ਼ੋਰ ਕਰ ਸਕਦਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਉੱਤਰੀ ਕੋਰੀਆ ਹੁਣ ਕਿਸੇ ਵੀ ਅਜਿਹੀ ਗੱਲਬਾਤ ਤੋਂ ਬਚੇਗਾ ਜਿਸ ਨਾਲ ਉਸ ਦੇ ਪਰਮਾਣੂ ਦਰਜੇ ਨੂੰ ਖਤਰਾ ਹੋਵੇ।

# ਇਰਾਨ 'ਤੇ ਹਮਲਾ ਟਰੰਪ ਨੂੰ ਪਿਆ ਮਹਿੰਗਾ

## ✪ ਅਮਰੀਕਾ ਵਿਚ ਵਧਿਆ ਵਿਰੋਧ, ਕੁਰਸੀ 'ਤੇ ਮੰਡਰਾਇਆ ਖ਼ਤਰਾ

ਵਾਸ਼ਿੰਗਟਨ-ਇਰਾਨ ਦੇ ਚੋਟੀ ਦੇ ਨੇਤਾਵਾਂ 'ਤੇ ਅਮਰੀਕੀ ਹਮਲੇ ਨੇ ਨਾ ਸਿਰਫ਼ ਮੱਧ ਪੂਰਬ ਵਿੱਚ ਅੱਗ ਲਗਾ ਦਿੱਤੀ ਹੈ, ਸਗੋਂ ਖੁਦ ਵਾਸ਼ਿੰਗਟਨ ਦੀਆਂ ਸੜਕਾਂ 'ਤੇ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। 'ਰੌਇਟਰਜ਼-ਇਪਸੋਸ' ਦੇ ਤਾਜ਼ਾ ਸਰਵੇਖਣ ਨੇ ਟਰੰਪ ਦੇ 'ਮਜ਼ਬੂਤ ਨੇਤਾ' ਹੋਣ ਦੇ ਦਾਅਵਿਆਂ ਨੂੰ ਵੱਡਾ ਝਟਕਾ ਦਿੱਤਾ ਹੈ, ਜਿਸ ਵਿੱਚ ਸਾਹਮਣੇ ਆਇਆ ਹੈ ਕਿ ਅਮਰੀਕਾ ਦੀ ਬਹੁਗਿਣਤੀ ਆਬਾਦੀ ਇਸ ਫੌਜੀ ਕਾਰਵਾਈ ਦੇ ਵਿਰੁੱਧ ਹੈ। ਟਰੰਪ ਨੂੰ ਸਿਰਫ 27% ਲੋਕਾਂ ਦਾ ਸਮਰਥਨ ਮਿਲ ਰਿਹਾ ਹੈ। 50% ਅਮਰੀਕੀਆਂ ਦਾ ਮੰਨਣਾ ਹੈ ਕਿ ਟਰੰਪ ਫੌਜੀ ਸ਼ਕਤੀ ਦੀ ਵਰਤੋਂ ਕਰਨ ਲਈ 'ਬਹੁਤ ਜ਼ਿਆਦਾ ਉਤਾਵਲੇ' ਹਨ। ਡੈਮੋਕਰੇਟਸ ਵਿੱਚ 74% ਲੋਕ ਇਸ ਹਮਲੇ ਦੇ ਵਿਰੁੱਧ ਹਨ, ਜਦੋਂ ਕਿ ਰਿਪਬਲਿਕਨ ਪਾਰਟੀ ਦੇ ਵੀ ਹਰ ਚਾਰ ਵਿੱਚੋਂ ਇੱਕ ਮੈਂਬਰ ਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਦਾ ਇਹ ਫੈਸਲਾ ਗਲਤ ਹੋ ਸਕਦਾ ਹੈ। ਟਰੰਪ ਦੀ 'ਅਮਰੀਕਾ ਫਸਟ' ਨੀਤੀ ਹੁਣ 'ਅਮਰੀਕਾ ਐਟ ਵਾਰ' (ਜੰਗ ਵਿੱਚ ਉਲਝਿਆ ਅਮਰੀਕਾ) ਦੇ ਰੂਪ ਵਿੱਚ ਦੇਖੀ ਜਾ ਰਹੀ ਹੈ। ਇਸ ਫੌਜੀ ਦਖਲਅੰਦਾਜ਼ੀ ਕਾਰਨ ਕਈ ਗੰਭੀਰ ਚਿੰਤਾਵਾਂ ਪੈਦਾ ਹੋ ਗਈਆਂ ਹਨ:ਆਮ ਅਮਰੀਕੀ ਨਾਗਰਿਕ ਇਸ ਗੱਲ ਤੋਂ ਡਰਿਆ ਹੋਇਆ ਹੈ ਕਿ ਇਰਾਨ ਨਾਲ ਸਿੱਧੀ ਜੰਗ ਕਾਰਨ ਗੈਸ ਅਤੇ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਸਕਦੀਆਂ ਹਨ, ਜਿਸਦਾ ਸਿੱਧਾ ਅਸਰ ਮੱਧ ਵਰਗ ਦੀ ਜੇਬ 'ਤੇ ਪਵੇਗਾ। ਸਟ੍ਰੈਟਜੀ' (ਜੰਗ ਖਤਮ ਕਰਨ ਦੀ ਯੋਜਨਾ) ਦੇ ਸ਼ੁਰੂ ਕੀਤੇ ਗਏ ਇਸ ਸੰਘਰਸ਼ ਨੇ ਟਰੰਪ ਦੀ ਰਾਜਨੀਤਿਕ ਸਾਖ ਨੂੰ ਖਤਰੇ ਵਿੱਚ ਪਾ ਦਿੱਤਾ ਹੈ। 43% ਲੋਕਾਂ ਦਾ ਖੁੱਲ੍ਹਾ ਵਿਰੋਧ ਇਹ ਦਰਸਾਉਂਦਾ ਹੈ ਕਿ ਟਰੰਪ ਆਪਣੀ ਜਨਤਾ ਦਾ ਭਰੋਸਾ ਗੁਆ ਰਹੇ ਹਨ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਇਹ ਜੰਗ ਲੰਬੀ ਖਿੱਚੀ ਗਈ ਅਤੇ ਇਸ ਨਾਲ ਅਮਰੀਕੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਿਆ ਤਾਂ ਇਹ ਆਉਣ ਵਾਲੀਆਂ ਚੋਣਾਂ ਵਿੱਚ ਟਰੰਪ ਲਈ ਬਹੁਤ ਮਹਿੰਗਾ ਸਾਬਤ ਹੋ ਸਕਦਾ ਹੈ। ਜਨਤਾ ਹੁਣ ਸਿਰਫ਼ ਨਾਅਰਿਆਂ ਨਾਲ ਨਹੀਂ, ਸਗੋਂ ਜਵਾਬਦੇਹੀ ਚਾਹੁੰਦੀ ਹੈ।

3 ਸਫ਼ੇ ਦੀ ਬਾਕੀ

ਈਰਾਨ ਨੇ ਯੂਐੱਸਐੱਸ ਅਬ੍ਰਾਹਮ ਲਿੰਕਨ ਵਿਮਾਨ ਵਾਹਕ ਜਹਾਜ਼ ਉੱਤੇ ਵੀ 4 ਮਿਜ਼ਾਈਲਾਂ ਦਾਗਣ ਦਾ ਦਾਅਵਾ ਕੀਤਾ ਸੀ। ਇਸ ਤੋਂ ਇਲਾਵਾ ਕੁਵੈਤ ਵਿਚ ਅਮਰੀਕੀ ਐੱਫ-15 ਜੈੱਟ ਕ੍ਰੈਸ਼ ਹੋਏ ਸਨ ਅਤੇ ਕਈ ਵਿਮਾਨ ਹਾਦਸਾਗ੍ਰਸਿਤ ਹੋਏ ਸਨ। ਈਰਾਨ ਨੇ ਹੋਰਮੁਜ਼ ਤੇ ਲਾਲ ਸਾਗਰ ਬੰਦ ਕਰਨ ਦਾ ਐਲਾਨ ਕੀਤਾ ਹੈ ਜਿਸ ਨਾਲ ਦੁਨੀਆਂ ਭਰ ਵਿਚ ਤੇਲ ਦੀ ਸਪਲਾਈ ਰੁੱਕ ਸਕਦੀ ਹੈ। ਇਸ ਨਾਲ ਤੇਲ ਕੀਮਤਾਂ 100 ਡਾਲਰ ਤੱਕ ਪਹੁੰਚ ਗਈਆਂ ਹਨ।

ਈਰਾਨ ਨੇ ਇਸ ਹਮਲੇ ਨੂੰ "ਜ਼ਾਇਨਿਸਟ-ਅਮਰੀਕੀ ਆਤੰਕਵਾਦ" ਆਖਿਆ ਹੈ। ਖਾਮੇਨੇਈ ਦੀ ਮੌਤ ਤੋਂ ਬਾਅਦ ਈਰਾਨ ਵਿਚ 40 ਦਿਨਾਂ ਦਾ ਰਾਸ਼ਟਰੀ ਸੋਗ ਐਲਾਨ ਕੀਤਾ ਗਿਆ ਹੈ। ਅੰਤਰਿਮ ਸੁਪਰੀਮ ਲੀਡਰ ਆਇਤੁੱਲਾ ਅਲੀਰੇਜ਼ਾ ਅਰਾਫੀ ਬਣਾਏ ਗਏ ਹਨ ਜੋ ਗਾਰਡੀਅਨ ਕਾਉਂਸਲ ਦੇ ਮੈਂਬਰ ਹਨ। ਈਰਾਨੀ ਲੋਕ ਖਾਮੇਨੇਈ ਨੂੰ ਸ਼ਹੀਦ ਆਖ ਰਹੇ ਹਨ ਅਤੇ ਬਾਹਰੀ ਹਮਲੇ ਨੇ ਅੰਦਰੂਨੀ ਵੰਡ ਨੂੰ ਖਤਮ ਕਰ ਦਿੱਤਾ ਹੈ। ਪਹਿਲਾਂ ਹਿਜਾਬ ਵਿਰੋਧੀ ਅੰਦੋਲਨ ਚੱਲ ਰਿਹਾ ਸੀ ਪਰ ਹੁਣ ਸਾਰੇ ਲੋਕ ਸਰਕਾਰ ਨਾਲ ਖੜ੍ਹੇ ਹਨ ਤੇ ਅਮਰੀਕਾ ਤੇ ਇਜ਼ਰਾਈਲ ਵਿਰੁਧ ਹਨ।

ਇਸ ਯੁੱਧ ਦਾ ਅਰਬ ਦੇਸ਼ਾਂ ਉੱਤੇ ਵੀ ਵੱਡਾ ਅਸਰ ਪਿਆ ਹੈ। ਈਰਾਨ ਨੇ ਆਪਣੇ "ਐਕਸਿਸ ਆਫ ਰੈਜ਼ਿਸਟੈਂਸ" ਰਾਹੀਂ ਹਿਜ਼ਬੁੱਲਾਹ, ਹੂਤੀ ਅਤੇ ਇਰਾਕੀ ਸ਼ੀਆ ਮਿਲੀਸ਼ੀਆ ਨੂੰ ਸਰਗਰਮ ਕੀਤਾ ਹੈ। ਲੈਬਨਾਨ ਵਿਚ ਹਿਜ਼ਬੁੱਲਾਹ ਨੇ ਇਜ਼ਰਾਈਲ ਉੱਤੇ ਮਿਜ਼ਾਈਲਾਂ ਦਾਗੀਆਂ ਸਨ। ਯਮਨ ਵਿਚ ਹੂਤੀਆਂ ਨੇ ਲਾਲ ਸਾਗਰ ਵਿਚ ਜਹਾਜ਼ਾਂ ਉੱਤੇ ਹਮਲੇ ਕੀਤੇ ਸਨ। ਸਾਊਦੀ ਅਰਬ, ਯੂਏਈ ਤੇ ਬਹਿਰੀਨ ਈਰਾਨ ਦੇ ਪੁਰਾਣੇ ਵੈਰੀ ਹਨ ਅਤੇ ਉਨ੍ਹਾਂ ਨੇ ਟਰੰਪ ਨੂੰ ਹਮਲੇ ਲਈ ਦਬਾਅ ਪਾਇਆ ਸੀ ਪਰ ਹੁਣ ਉਨ੍ਹਾਂ ਉੱਤੇ ਵੀ ਈਰਾਨੀ ਹਮਲੇ ਹੋਏ ਹਨ। ਦੁਬਈ ਵਿਚ ਲਗਜ਼ਰੀ ਹੋਟਲਾਂ ਤੇ ਏਅਰਪੋਰਟ ਉੱਤੇ ਹਮਲੇ ਨੇ ਯੂਏਈ ਨੂੰ ਹੈਰਾਨ ਕਰ ਦਿੱਤਾ ਹੈ।


### ਚੀਨ ਤੇ ਰੂਸ ਵਲੋਂ ਈਰਾਨ ਉਪਰ ਹਮਲੇ ਦੀ ਨਿੰਦਾ

ਚੀਨ ਤੇ ਰੂਸ ਨੇ ਇਸ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਚੀਨ ਨੇ ਇਸ ਨੂੰ "ਈਰਾਨ ਦੀ ਖੁਦਮੁਖਤਿਆਰੀ ਦਾ ਅਪਮਾਨ" ਆਖਿਆ ਹੈ ਅਤੇ ਤੁਰੰਤ ਯੁੱਧ ਰੋਕਣ ਦੀ ਮੰਗ ਕੀਤੀ ਹੈ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਖਾਮੇਨੇਈ ਤੇ ਉਨ੍ਹਾਂ ਦੇ ਪਰਿਵਾਰ ਲਈ ਸੋਗ ਪ੍ਰਗਟ ਕੀਤਾ ਅਤੇ ਇਸ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਆਖਿਆ ਹੈ। ਉੱਤਰੀ ਕੋਰੀਆ ਨੇ ਵੀ ਨਿੰਦਾ ਕੀਤੀ ਹੈ। ਪਰ ਰੂਸ ਤੇ ਚੀਨ ਸਿੱਧਾ ਯੁੱਧ ਵਿਚ ਸ਼ਾਮਲ ਨਹੀਂ ਹੋਣਗੇ। ਉਨ੍ਹਾਂ ਨੂੰ ਫਾਇਦਾ ਇਹ ਹੈ ਕਿ ਅਮਰੀਕਾ ਇਸ ਵਿਚ ਫਸ ਜਾਵੇ। ਰੂਸ ਈਰਾਨੀ ਡਰੋਨ ਉੱਤੇ ਨਿਰਭਰ ਹੈ ਅਤੇ ਚੀਨ ਸਸਤਾ ਤੇਲ ਲੈਂਦਾ ਹੈ। ਯੂਰਪੀ ਦੇਸ਼ਾਂ ਤੇ ਕੈਨੇਡਾ ਦਾ ਨਜ਼ਰੀਆ ਵੀ ਸਾਵਧਾਨੀ ਵਾਲਾ ਹੈ। ਫਰਾਂਸ ਦੇ ਵਿਦੇਸ਼ ਮੰਤਰੀ ਜੀਨ-ਨੋਏਲ ਬੈਰੋਟ ਨੇ ਅਮਰੀਕਾ ਤੇ ਇਜ਼ਰਾਈਲ ਵਲੋਂ ਈਰਾਨ ਉਪਰ ਇਕਪਾਸੜ ਹਮਲਿਆਂ ਦੀ ਆਲੋਚਨਾ ਕੀਤੀ ਸੀ ਅਤੇ ਯੂਐੱਨ ਸੁਰੱਖਿਆ ਪਰਿਸ਼ਦ ਵਿਚ ਬਹਿਸ ਦੀ ਮੰਗ ਕੀਤੀ ਸੀ। ਜਰਮਨੀ ਤੇ ਬ੍ਰਿਟੇਨ ਨੇ ਵੀ ਡਿਪਲੋਮੈਸੀ ਦੀ ਗੱਲ ਕੀਤੀ ਹੈ। ਕੈਨੇਡਾ ਨੇ ਅਮਰੀਕਾ ਨੂੰ ਕੋਈ ਵੀ ਸਹਾਇਤਾ ਦੇਣ ਤੋਂ ਇਨਕਾਰ ਕੀਤਾ ਹੈ। ਨਾਟੋ ਦੇਸ ਕੋਈ ਵੀ ਈਰਾਨ ਵਿਰੁੱਧ ਸਿੱਧਾ ਯੁੱਧ ਵਿਚ ਸ਼ਾਮਲ ਹੋਣ ਲਈ ਤਿਆਰ ਨਹੀਂ।

# ਇਰਾਨ ਨਾਲ ਜੰਗ ਵਿੱਚ ਅਮਰੀਕਾ ਨੂੰ ਹੋ ਸਕਦਾ ਹੈ ਭਾਰੀ ਨੁਕਸਾਨ

## ✪ ਚੋਟੀ ਦੇ ਅਮਰੀਕੀ ਜਨਰਲ ਨੇ ਸਵੀਕਾਰ ਕੀਤੀ ਚੁਣੌਤੀ



28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਸ਼ੁਰੂ ਕੀਤੇ ਗਏ 'ਆਪਰੇਸ਼ਨ ਐਪਿਕ ਫਿਊਰੀ' ਤੋਂ ਬਾਅਦ ਮੱਧ ਪੂਰਬ ਵਿੱਚ ਹਾਲਾਤ ਬੇਹੱਦ ਤਣਾਅਪੂਰਨ ਹੋ ਗਏ ਹਨ। ਅਮਰੀਕੀ ਫੌਜ ਦੇ ਜੁਆਇੰਟ ਚੀਫ ਆਫ ਸਟਾਫ ਦੇ ਚੇਅਰਮੈਨ, ਜਨਰਲ ਡੈਨੀਅਲ ਕੇਨ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਪਹਿਲੀ ਵਾਰ ਸਵੀਕਾਰ ਕੀਤਾ ਹੈ ਕਿ ਇਰਾਨ ਵਿਰੁੱਧ ਇਹ ਫੌਜੀ ਕਾਰਵਾਈ ਕਾਫੀ ਮੁਸ਼ਕਲ ਹੋ ਸਕਦੀ ਹੈ। ਜਨਰਲ ਕੇਨ ਨੇ ਕਿਹਾ ਕਿ ਅਮਰੀਕਾ ਨੂੰ ਅਜੇ ਹੋਰ ਨੁਕਸਾਨ ਹੋਣ ਦੀ ਉਮੀਦ ਹੈ ਅਤੇ ਫੌਜ ਇਸ ਨੂੰ ਘੱਟ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਦੱਸਣਯੋਗ ਹੈ ਕਿ ਕੁਵੈਤ ਵਿੱਚ ਅਮਰੀਕੀ ਬੇਸ 'ਤੇ ਇਰਾਨ ਦੇ ਹਮਲੇ ਵਿੱਚ ਪਹਿਲਾਂ ਹੀ 6 ਅਮਰੀਕੀ ਜਵਾਨ ਮਾਰੇ ਜਾ ਚੁੱਕੇ ਹਨ। ਜਨਰਲ ਕੇਨ ਮੁਤਾਬਕ, ਇਹ ਕੋਈ ਰਾਤੋ-ਰਾਤ ਖਤਮ ਹੋਣ ਵਾਲਾ ਆਪਰੇਸ਼ਨ ਨਹੀਂ ਹੈ। ਅਮਰੀਕੀ ਫੌਜ ਦਾ ਮੁੱਖ ਮਕਸਦ ਆਪਣੇ ਖੇਤਰੀ ਸਹਿਯੋਗੀਆਂ ਦੀ ਰੱਖਿਆ ਕਰਨਾ ਅਤੇ ਇਰਾਨ ਨੂੰ ਆਪਣੀਆਂ ਸਰਹੱਦਾਂ ਤੋਂ ਬਾਹਰ ਆਪਣੀ ਫੌਜੀ ਤਾਕਤ ਦਿਖਾਉਣ ਤੋਂ ਰੋਕਣਾ ਹੈ।

# ਖਾੜੀ ਦੇਸ਼ਾਂ ਵਿਚ ਫਸੇ ਪੰਜਾਬੀਆਂ ਦੀ ਸੁਰੱਖਿਆ 'ਤੇ ਕਾਂਗਰਸ ਦੀ ਚਿੰਤਾ

## ✪ ਕੇਂਦਰ ਸਰਕਾਰ ਤੋਂ 'ਆਪ੍ਰੇਸ਼ਨ ਹੋਮਬਾਊਂਡ' ਸ਼ੁਰੂ ਕਰਨ ਦੀ ਮੰਗ

ਨਵੀਂ ਦਿੱਲੀ-ਪੱਛਮੀ ਏਸ਼ੀਆ ਵਿੱਚ ਵੱਧ ਰਹੇ ਤਣਾਅ ਅਤੇ ਯੁੱਧ ਵਰਗੇ ਹਾਲਾਤਾਂ ਦੇ ਮੱਦੇਨਜ਼ਰ, ਉੱਥੇ ਫਸੇ ਭਾਰਤੀ ਨਾਗਰਿਕਾਂ, ਖਾਸ ਕਰਕੇ ਪੰਜਾਬੀਆਂ ਦੀ ਸੁਰੱਖਿਆ ਨੂੰ ਲੈ ਕੇ ਡੂੰਘੀ ਚਿੰਤਾ ਪ੍ਰਗਟਾਈ ਗਈ ਹੈ। ਭਾਰਤੀ ਰਾਸ਼ਟਰੀ ਕਾਂਗਰਸ ਦੇ ਰਾਸ਼ਟਰੀ ਬੁਲਾਰੇ ਗੌਤਮ ਸੇਠ ਨੇ ਕੇਂਦਰ ਸਰਕਾਰ ਤੋਂ ਇਸ ਮਾਮਲੇ 'ਤੇ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਹੈ। ਗੌਤਮ ਸੇਠ ਨੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੂੰ ਪੱਤਰ ਲਿਖ ਕੇ ਅਤੇ ਬਿਆਨ ਜਾਰੀ ਕਰਕੇ ਹੇਠ ਲਿਖੇ ਨੁਕਤਿਆਂ 'ਤੇ ਜ਼ੋਰ ਦਿੱਤਾ ਹੈ। ਸਰਕਾਰ ਨੂੰ ਸਿਰਫ਼ ਐਡਵਾਈਜ਼ਰੀ ਜਾਰੀ ਕਰਨ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਉੱਥੇ ਫਸੇ ਭਾਰਤੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਇੱਕ ਮਜ਼ਬੂਤ 'ਆਪ੍ਰੇਸ਼ਨ ਹੋਮਬਾਊਂਡ' ਸ਼ੁਰੂ ਕਰਨਾ ਚਾਹੀਦਾ ਹੈ। ਪੰਜਾਬ ਵਿੱਚ ਇੱਕ ਸਮਰਪਿਤ ਹੈਲਪਲਾਈਨ/ਨੋਡਲ ਡੈਸਕ ਸਥਾਪਿਤ ਕੀਤਾ ਜਾਵੇ ਤਾਂ ਜੋ ਖਾੜੀ ਦੇਸ਼ਾਂ ਵਿੱਚ ਰਹਿੰਦੇ ਆਪਣੇ ਪਰਿਵਾਰਕ ਮੈਂਬਰਾਂ ਬਾਰੇ ਚਿੰਤਤ ਲੋਕਾਂ ਨੂੰ ਰੀਅਲ-ਟਾਈਮ ਅਪਡੇਟ ਮਿਲ ਸਕੇ।

## -ਅਮਿਤ ਸ਼ਾਹ ਦੀ ਪੰਜਾਬ ਸਰਕਾਰ ਨੂੰ ਅਪੀਲ-

# 'ਧਰਮ ਪਰਿਵਰਤਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਚੁੱਕੋ ਸਖ਼ਤ ਕਦਮ'



ਨਵੀਂ ਮੁੰਬਈ-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਵਿੱਚ ਕਥਿਤ ਤੌਰ 'ਤੇ ਵਧ ਰਹੀਆਂ ਧਰਮ ਪਰਿਵਰਤਨ ਦੀਆਂ ਘਟਨਾਵਾਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਨਵੀਂ ਮੁੰਬਈ ਦੇ ਖਾਰਘਰ ਵਿਖੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਨੇ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਨੂੰ ਇਸ ਵਰਤਾਰੇ 'ਤੇ ਰੋਕ ਲਗਾਉਣ ਲਈ ਤੁਰੰਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ। ਸਮਾਗਮ ਦੌਰਾਨ ਅਮਿਤ ਸ਼ਾਹ ਨੇ ਸਪੱਸ਼ਟ ਕੀਤਾ ਕਿ ਲਾਲਚ ਦੇ ਕੇ ਕਰਵਾਏ ਜਾ ਰਹੇ ਧਰਮ ਪਰਿਵਰਤਨ ਸਮਾਜ ਲਈ ਗੰਭੀਰ ਵਿਸ਼ਾ ਹਨ।

ਉਨ੍ਹਾਂ ਕਿਹਾ, "ਇਹ ਜਾਣਕਾਰੀ ਸਾਹਮਣੇ ਆ ਰਹੀ ਹੈ ਕਿ ਪੰਜਾਬ ਵਿੱਚ ਧਰਮ ਪਰਿਵਰਤਨ ਹੋ ਰਿਹਾ ਹੈ। ਜੇਕਰ ਕੋਈ ਵਿਅਕਤੀ ਲਾਲਚ ਵਿੱਚ ਆ ਕੇ ਆਪਣਾ ਧਰਮ ਬਦਲਦਾ ਹੈ, ਤਾਂ ਇਹ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਉਲਟ ਹੈ।" ਉਨ੍ਹਾਂ ਪੰਜਾਬ ਸਰਕਾਰ ਅਤੇ ਸਮਾਜ ਨੂੰ ਅਪੀਲ ਕੀਤੀ ਕਿ ਉਹ ਇੱਕਜੁੱਟ ਹੋ ਕੇ ਇਸ ਪ੍ਰਥਾ ਨੂੰ ਠੱਲ੍ਹ ਪਾਉਣ। ਗ੍ਰਹਿ ਮੰਤਰੀ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਜੇਕਰ ਗੁਰੂ ਸਾਹਿਬ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਸ਼ਹਾਦਤ ਨਾ ਦਿਤੀ ਹੁੰਦੀ, ਤਾਂ ਅੱਜ ਦੁਨੀਆ ਵਿੱਚ ਸਨਾਤਨ ਧਰਮ ਦਾ ਸਰੂਪ ਕੁਝ ਹੋਰ ਹੁੰਦਾ। ਉਨ੍ਹਾਂ ਜ਼ੋਰ ਦਿੱਤਾ ਕਿ ਪੂਰਾ ਦੇਸ਼ ਅਤੇ ਸਨਾਤਨ ਧਰਮ ਦੇ ਪੈਰੋਕਾਰ ਗੁਰੂ ਸਾਹਿਬ ਦੇ ਰਿਣੀ ਹਨ। ਅਮਿਤ ਸ਼ਾਹ ਵੱਲੋਂ ਦਿੱਤਾ ਗਿਆ ਇਹ ਬਿਆਨ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਸਕਦਾ ਹੈ। ਧਰਮ ਪਰਿਵਰਤਨ ਦੇ ਮੁੱਦੇ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਦੀ ਸਿੱਧੀ ਅਪੀਲ ਨੇ ਸੂਬਾ ਸਰਕਾਰ ਦੀ ਭੂਮਿਕਾ 'ਤੇ ਸਵਾਲ ਖੜ੍ਹੇ ਕੀਤੇ ਹਨ, ਜਿਸ ਨਾਲ ਆਉਣ ਵਾਲੇ ਦਿਨਾਂ ਵਿੱਚ ਸਿਆਸੀ ਤਕਰਾਰ ਵਧਣ ਦੇ ਆਸਾਰ ਹਨ।

# ਚੋਣਾਂ ਤੋਂ ਪਹਿਲਾਂ ਭਖ਼ਿਆ ਪੰਜਾਬ ਦਾ ਸਿਆਸੀ ਅਖਾੜਾ

## ✪ ਬੇਅਦਬੀਆਂ ਨਸ਼ੇ, ਗੈਂਗਸਟਰ, ਝੂਠੇ ਪੁਲਿਸ ਮੁਕਾਬਲੇ ਬਣੇ ਵਡੇ ਮੁੱਦੇ ✪ ਚੋਣ ਰਣਨੀਤੀਆਂ ਘੜਨ ਲਗੀਆਂ ਸਿਆਸੀ ਪਾਰਟੀਆਂ, ਪੰਜਾਬ ਦੀ ਸਿਆਸੀ ਹਵਾ ਕਿੱਧਰ ਨੂੰ ਵਗੇਗੀ ? ✪ ਕੀ ਵਾਪਸੀ ਕਰ ਸਕੇਗਾ ਅਕਾਲੀ ਦਲ ?

ਬਲਵਿੰਦਰਪਾਲ ਸਿੰਘ ਪ੍ਰੋਫੈਸਰ
9815700916

ਮਾਰਚ 2026 ਦਾ ਸਮਾਂ ਪੰਜਾਬ ਦੀ ਰਾਜਨੀਤੀ ਲਈ ਬਹੁਤ ਮਹੱਤਵਪੂਰਨ ਹੈ। ਇੱਕ ਪਾਸੇ ਜਿੱਥੇ ਆਮ ਆਦਮੀ ਪਾਰਟੀ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਵਾ ਰਹੀ ਹੈ, ਉੱਥੇ ਹੀ ਵਿਰੋਧੀ ਧਿਰਾਂ ਲਗਾਤਾਰ ਆਪ ਸਰਕਾਰ ਦੀ ਆਲੋਚਨਾ ਕਰ ਰਹੀਆਂ ਹਨ। ਪੰਜਾਬ ਦੀ ਸੱਤਾ ’ਤੇ ਬਿਰਾਜਮਾਨ ਆਪ ਪਾਰਟੀ ਲਈ ਆਉਣ ਵਾਲਾ ਸਮਾਂ ‘ਅਗਨੀ ਪ੍ਰੀਖਿਆ’ ਤੋਂ ਘੱਟ ਨਹੀਂ ਹੈ। ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਅਤੇ ‘ਮੇਰੀ ਰਸੋਈ’ ਵਰਗੀਆਂ ਸਕੀਮਾਂ ਦਾ ਐਲਾਨ ਕੀਤਾ ਗਿਆ ਹੈ, ਪਰ ਜ਼ਮੀਨੀ ਪੱਧਰ ’ਤੇ ਸਥਿਤੀ ਵੱਖਰੀ ਹੈ। ਪੰਜਾਬੀ ਆਪ ਪਾਰਟੀ ਤੋਂ ਨਿਰਾਸ਼ ਤੇ ਬੇਚੈਨ ਜਾਪਦੇ ਹਨ। ਪਰ ਆਪ ਸਰਕਾਰ ਆਪਣੀਆਂ ਮੁਫ਼ਤ ਬਿਜਲੀ ਸਕੀਮਾਂ ਅਤੇ ਸਿਹਤ ਸੇਵਾਵਾਂ ਨੂੰ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਮੰਨਦੀ ਹੈ। ਕਿਸਾਨਾਂ ਨਾਲ ਟਕਰਾਅ ਅਤੇ ਮੁਲਾਜ਼ਮਾਂ ਦੀ ਨਾਰਾਜ਼ਗੀ ਤੇ ਪੰਥਕ ਮੁਦਿਆਂ ਉਪਰ ਸਿੱਖ ਭਾਈਚਾਰੇ ਦੀ ਨਰਾਜ਼ਗੀ ਨੇ ਸਰਕਾਰ ਦੇ ਅਕਸ ਨੂੰ ਢਾਹ ਲਾਈ ਹੈ। ਸੂਬੇ ਵਿੱਚ ਵਧ ਰਹੀ ਗੈਂਗਸਟਰ ਹਿੰਸਾ, ਬੇਰੁਜ਼ਗਾਰੀ ਅਤੇ ਮਹਿੰਗਾਈ ਨੇ ਵੀ ਪੰਜਾਬੀਆਂ ਨੂੰ ਨਿਰਾਸ਼ ਕੀਤਾ ਹੈ।

ਵਿਰੋਧੀ ਪਾਰਟੀਆਂ ਲਈ ਇਹ ਸਮਾਂ ਆਪਣਾ ਵਜੂਦ ਬਚਾਉਣ ਅਤੇ ਲੋਕਾਂ ਦਾ ਭਰੋਸਾ ਜਿੱਤਣ ਦਾ ਹੈ। ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ ਦੀ ਬਰਨਾਲਾ ਰੈਲੀ ਨੇ ਕਾਂਗਰਸ ਵਿੱਚ ਨਵੀਂ ਜਾਨ ਫੂਕਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਮੁੱਖ ਧਿਆਨ ਕਿਸਾਨੀ ਮੁੱਦਿਆਂ ਅਤੇ ਮਨਰੇਗਾ ਵਰਗੀਆਂ ਸਕੀਮਾਂ ’ਤੇ ਹੈ।

ਅਕਾਲੀ ਦਲ ਬਾਦਲ ਲਈ ਇਹ ਸਭ ਤੋਂ ਔਖਾ ਦੌਰ ਹੈ। ਆਪਣਾ ਗੁਆਚਿਆ ਵੋਟ ਬੈਂਕ ਵਾਪਸ ਲਿਆਉਣ ਲਈ ਪਾਰਟੀ ਹਲਕਾ ਵਾਰ ਭਰਵੀਆਂ ਰੈਲੀਆਂ ਕਰ ਰਹੀ ਹੈ, ਪਰ ਅੰਦਰੂਨੀ ਕਲੇਸ਼ ਅਤੇ ਪਿਛਲੇ ਦੌਰ ਦੀਆਂ ਨਾਕਾਮੀਆਂ ਅਜੇ ਵੀ ਉਨ੍ਹਾਂ ਲਈ ਰੁਕਾਵਟ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਪਾਰਟੀ ਨਵੇਂ ਚਿਹਰਿਆਂ ਅਤੇ ਪੰਜਾਬ ਤੇ ਪੰਥਕ ਮੁੱਦਿਆਂ ਨੂੰ ਅੱਗੇ ਲਿਆਉਂਦੀ ਹੈ, ਤਾਂ ਹੀ ਕੁਝ ਬਦਲਾਅ ਦੀ ਉਮੀਦ ਕੀਤੀ ਜਾ ਸਕਦੀ ਹੈ।

‘ਵਾਰਿਸ ਪੰਜਾਬ ਦੇ’ ਵਰਗੀਆਂ ਸੰਸਥਾਵਾਂ ਦੀ ਸਰਗਰਮੀ ਪੰਜਾਬ ਵਿੱਚ ਇੱਕ ਵੱਖਰੀ ਕਿਸਮ ਦੀ ਚੇਤਨਾ ਪੈਦਾ ਕਰ ਰਹੀ ਹੈ। ਉਹ ਸਿੱਧੇ ਤੌਰ ’ਤੇ ਚੋਣਾਂ ਵਿੱਚ ਹਿੱਸਾ ਲੈਣ ਨਾਲੋਂ ਪੰਥਕ ਅਤੇ ਸਮਾਜਿਕ ਮੁੱਦਿਆਂ ’ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਕਿ ਵੋਟਾਂ ਦੇ ਧਰੁਵੀਕਰਨ ਵਿੱਚ ਵੱਡੀ ਭੂਮਿਕਾ ਨਿਭਾ ਸਕਦਾ ਹੈ।

ਭਾਜਪਾ ਦਾ ਪੰਜਾਬ ਵਿੱਚ ਪੈਰ ਪਸਾਰਨ ਦਾ ਸੁਪਨਾ ਅਜੇ ਵੀ ਕਿਸਾਨਾਂ ਦੇ ਵਿਰੋਧ ਕਾਰਨ ਉਲਝਿਆ ਹੋਇਆ ਹੈ। 14 ਮਾਰਚ ਨੂੰ ਅਮਿਤ ਸ਼ਾਹ ਦੀ ਮੋਗਾ ਰੈਲੀ ਪਾਰਟੀ ਲਈ ਇੱਕ ਨਵੀਂ ਸ਼ੁਰੂਆਤ ਹੋ ਸਕਦੀ ਹੈ।

ਕੀ ਹਨ ਪੰਜਾਬ ਦੇ ਸੰਕਟ ਤੇ ਮੁਦੇ- ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬੀਆਂ ਦੇ ਮਨ ਵਿੱਚ ਕੁਝ ਸਵਾਲ ਬਹੁਤ ਡੂੰਘੇ ਹਨ, ਜੋ ਆਉਣ ਵਾਲੀਆਂ ਚੋਣਾਂ ਦਾ ਰੁਖ ਤੈਅ ਕਰਨਗੇ। ਨਸ਼ਿਆਂ ਦਾ ਮੁੱਦਾ ਪੰਜਾਬ ਦੀ ਸਿਆਸਤ ਵਿੱਚ ਹਮੇਸ਼ਾ ਤੋਂ ਗਰਮ ਰਿਹਾ ਹੈ। ‘ਆਪ’ ਸਰਕਾਰ ਨੇ ਨਸ਼ੇ ਖਤਮ ਕਰਨ ਦੇ ਦਾਅਵੇ ਕੀਤੇ ਸਨ, ਪਰ ਗਰਾਊਂਡ ਰਿਪੋਰਟਾਂ ਦੱਸਦੀਆਂ ਹਨ ਕਿ ਨਸ਼ਾ ਅਜੇ ਵੀ ਨੌਜਵਾਨਾਂ ਦੀਆਂ ਜਾਨਾਂ ਲੈ ਰਿਹਾ ਹੈ। ਅਜਿਹੀ ਸਥਿਤੀ ਲਈ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਦਾ ਨੁਕਸਦਾਰ ਸ਼ਾਸਨ ਪ੍ਰਬੰਧ ਹੀ ਇਸ ਲਈ ਜ਼ਿੰਮੇਵਾਰ ਰਿਹਾ ਹੈ। ਹਾਕਮ ਧਿਰਾਂ ਨੇ ਨੌਜਵਾਨਾਂ ਲਈ ਕੋਈ ਉਸਾਰੂ ਨੀਤੀਆਂ ਨਹੀਂ ਬਣਾਈਆਂ, ਜਿਸ ਦੇ ਬੁਰੇ ਨਤੀਜੇ ਅੱਜ ਸਭ ਦੇ ਸਾਹਮਣੇ ਹਨ। ਨਸ਼ਿਆਂ ਨੇ ਨੌਜਵਾਨ ਪੀੜ੍ਹੀ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਹੈ। ਹੁਣ ਸਾਰੀਆਂ ਸਿਆਸੀ ਪਾਰਟੀਆਂ ਨਸ਼ੇ ਦੇ ਫੈਲਾਅ ਲਈ ਇਕ-ਦੂਜੇ ’ਤੇ ਚਿੱਕੜ ਸੁੱਟ ਰਹੀਆਂ ਹਨ, ਪਰ ਹਾਲਾਤ ਬਦਤਰ ਦੇ ਬਦਤਰ ਹੀ ਹਨ।

ਸਿਆਸੀ ਮਾਹਿਰ ਸੁਖਦੇਵ ਸਿੰਘ ਚੰਡੀਗੜ੍ਹ ਸੀਨੀਅਰ ਪੱਤਰਕਾਰ ਦਾ ਮੰਨਣਾ ਹੈ ਕਿ ਵੱਡੀ ਗਿਣਤੀ ਵਿਚ ਨੌਜਵਾਨ ਨਸ਼ਿਆਂ ਦੀ ਲਪੇਟ ਵਿਚ ਆ ਕੇ ਜਾਨ ਗਵਾ ਰਹੇ ਹਨ। ’ਮਾਰਚ 2025 ਤੋਂ ਲੈ ਕੇ ਸਾਲ ਦੇ ਅਖੀਰ ਤੱਕ 50,000 ਦੇ ਕਰੀਬ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। 33 ਹਜ਼ਾਰ ਤੋਂ ਵੱਧ ਕੇਸ ਦਰਜ ਕੀਤੇ ਸਨ, ਪਰ ਇਹ ਸਵਾਲ ਹਾਲੇ ਵੀ ਬਰਕਰਾਰ ਹੈ ਕਿ ਏਨੇ ਕੇਸ ਦਰਜ ਕੀਤੇ ਹਨ, ਏਨੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ, ਨਸ਼ਾ ਫਿਰ ਵੀ ਕਿਉਂ ਕੰਟਰੋਲ ਨਹੀਂ ਹੋ ਰਿਹਾ।

ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਤਸਕਰਾਂ ਨਾਲੋਂ ਵਧੇਰੇ ਨਸ਼ੇੜੀਆਂ ਨੂੰ ਜੇਲ੍ਹੀਂ ਡੱਕਿਆ ਗਿਆ ਹੈ। ਜੇਕਰ ਤਸਕਰ ਜੇਲ੍ਹਾਂ ਵਿਚ ਹੁੰਦੇ ਤਾਂ ਸੂਬੇ ਦੇ ਹਾਲਾਤ ਹੋਰ ਹੋਣੇ ਸੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਨਸ਼ੇ ਦੇ ਖੁੱਲ੍ਹੇ ਰੁਝਾਨ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਨੂੰ ਕੁਝ ਹੱਦ ਤੱਕ ਸਰਕਾਰੀ ਸਰਪ੍ਰਸਤੀ ਹਾਸਿਲ ਹੈ। ਲੰਘੇ ਸਮੇਂ ਵਿਚ ਨਸ਼ੇ ਵਿਚ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਦਾ ਖੁਲਾਸਾ ਵੀ ਹੋ ਚੁੱਕਾ ਹੈ। ਸਾਰਾ ਪ੍ਰਬੰਧ ਪੁਲਿਸ ਪ੍ਰਸ਼ਾਸਨ ਦੇ ਹਵਾਲੇ ਕਰ ਦਿੱਤਾ ਗਿਆ ਹੈ। ਸਿਵਲ ਪ੍ਰਸ਼ਾਸਨ ਤੇ ਸਮਾਜਿਕ ਸੰਗਠਨਾਂ ਦੀ ਜਵਾਬਦੇਹੀ ਖ਼ਤਮ ਕਰ ਦਿੱਤੀ ਗਈ ਹੈ।

ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਪਹਿਲਾਂ ਸੂਬੇ ’ਚ ਨਸ਼ਿਆਂ ਕਾਰਨ ਹੁੰਦੀਆਂ ਮੌਤਾਂ ਦੀ ਚੁਣੌਤੀ ਸੀ। ਹੁਣ ਤਾਂ ਫਿਰੌਤੀਆਂ ਦੇ ਨਾਂਅ ’ਤੇ ਕਤਲਾਂ ਦੀ ਨਵੀਂ ਚੁਣੌਤੀ ਉੱਭਰ ਆਈ ਹੈ।

ਬਾਕੀ ਹਿਸਾ ਸਫਾ 44 ਤੇ ਪੜ੍ਹੋ →

**ਮਾਮਲਾ ਪੰਜਾਬ ਵਿਚ ਮੁਫਤ ਸਿਆਸੀ ਰਿਉੜੀਆਂ ਵੰਡਣ ਦਾ**

## 28 ਹਜ਼ਾਰ ਕਰੋੜ ਦੀ ਸਬਸਿਡੀ ਦੇ ਬੋਝ ਹੇਠ ਦੱਬਿਆ ਪੰਜਾਬ: ਕੀ ਵੋਟ ਬੈਂਕ ਦੀ ਰਾਜਨੀਤੀ ਵਿਕਾਸ ਦੀ ਦੁਸ਼ਮਣ ਹੈ ?

ਜੇਕਰ ਸਰਕਾਰਾਂ ਲੋਕਾਂ ਨੂੰ ਸਭ ਕੁਝ ਮੁਫ਼ਤ ਵਿੱਚ ਦੇਣ ਲੱਗ ਜਾਣ, ਤਾਂ ਫਿਰ ਕੰਮ ਕੌਣ ਕਰੇਗਾ ? ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ ਦੀ ਇਹ ਟਿੱਪਣੀ ਅੱਜ ਪੰਜਾਬ ਦੀ ਸਿਆਸੀ ਅਤੇ ਵਿੱਤੀ ਹਕੀਕਤ ਦਾ ਸਭ ਤੋਂ ਵੱਡਾ ਸ਼ੀਸ਼ਾ ਹੈ। ਚੋਣ ਸਾਲ ਦੇ ਦਸਤਕ ਦਿੰਦਿਆਂ ਹੀ ਪੰਜਾਬ ਵਿੱਚ ਮੁਫ਼ਤ ਦੀਆਂ ‘ਰਿਉੜੀਆਂ’ ਵੰਡਣ ਦਾ ਦੌਰ ਇੱਕ ਵਾਰ ਫਿਰ ਸ਼ੁਰੂ ਹੋ ਚੁੱਕਾ ਹੈ, ਪਰ ਇਸ ਚਮਕ-ਦਮਕ ਦੇ ਪਿੱਛੇ ਪੰਜਾਬ ਦਾ ਖਜ਼ਾਨਾ ਕਰਜ਼ੇ ਦੀ ਡੂੰਘੀ ਖਾਈ ਵਿੱਚ ਡਿੱਗ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ: ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੱਤਾ ਵਿੱਚ ਆਉਣ ’ਤੇ ਬੁਢਾਪਾ ਪੈਨਸ਼ਨ 1500 ਤੋਂ ਵਧਾ ਕੇ 3100 ਰੁਪਏ ਅਤੇ ਸ਼ਗਨ ਸਕੀਮ ਤਹਿਤ ਇੱਕ ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਹੈ।

ਆਮ ਆਦਮੀ ਪਾਰਟੀ: ਸਰਕਾਰ ਆਪਣੇ ਕਾਰਜਕਾਲ ਦੇ ਆਖਰੀ ਪੜਾਅ ਵਿੱਚ ਔਰਤਾਂ ਨੂੰ 1000-1000 ਰੁਪਏ ਪ੍ਰਤੀ ਮਹੀਨਾ ਦੇਣ ਦੀ ਯੋਜਨਾ ’ਤੇ ਕੰਮ ਕਰ ਰਹੀ ਹੈ। ਜੇਕਰ ਇਹ ਸਕੀਮ ਲਾਗੂ ਹੁੰਦੀ ਹੈ, ਤਾਂ ਰਾਜ ਦੇ ਖਜ਼ਾਨੇ ’ਤੇ ਲਗਪਗ 12,000 ਕਰੋੜ ਰੁਪਏ ਦਾ ਵਾਧੂ ਬੋਝ ਪੈ ਜਾਵੇਗਾ।

ਪੰਜਾਬ ਵਿੱਚ ਸਬਸਿਡੀ ਦਾ ਇਹ ਰੁਝਾਨ 1997 ਵਿੱਚ ਸ਼ੁਰੂ ਹੋਇਆ ਸੀ, ਜੋ ਅੱਜ ਇੱਕ ਬੇਕਾਬੂ ਦਰਿਆ ਬਣ ਚੁੱਕਿਆ ਹੈ। ਅੱਜ ਸਥਿਤੀ ਇਹ ਹੈ ਕਿ ਜੀਐੱਸਟੀ ਤੋਂ ਸਰਕਾਰ ਨੂੰ ਸਾਲਾਨਾ ਸਿਰਫ਼ 24 ਤੋਂ 25 ਹਜ਼ਾਰ ਕਰੋੜ ਰੁਪਏ ਹੀ ਮਿਲਦੇ ਹਨ, ਜਦਕਿ ਸਬਸਿਡੀਆਂ ’ਤੇ ਖਰਚਾ 28,000 ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। ਮਤਲਬ, ਸਰਕਾਰ ਦੀ ਕੁੱਲ ਕਮਾਈ ਤੋਂ ਵੱਧ ਪੈਸਾ ਤਾਂ ਮੁਫ਼ਤ ਸਹੂਲਤਾਂ ਵੰਡਣ ਵਿੱਚ ਹੀ ਖਰਚ ਹੋ ਰਿਹਾ ਹੈ। ਇਸ ਸਬਸਿਡੀ ਕਲਚਰ ਕਾਰਨ ਪੰਜਾਬ ਦੇ ਵਿਕਾਸ ਦੀ ਰਫ਼ਤਾਰ ਮੱਠੀ ਪੈ ਗਈ ਹੈ। ਇਸ ਦੇ ਦੋ ਮੁੱਖ ਨੁਕਸਾਨ ਦੇਖਣ ਨੂੰ ਮਿਲ ਰਹੇ ਹਨ। ਜਦੋਂ ਸਾਰਾ ਪੈਸਾ ਰੈਵੇਨਿਊ ਖਰਚਿਆਂ (ਸਬਸਿਡੀਆਂ) ਵਿੱਚ ਚਲਾ ਜਾਂਦਾ ਹੈ, ਤਾਂ ਨਵੀਆਂ ਸੜਕਾਂ, ਹਸਪਤਾਲ, ਅਤੇ ਸਕੂਲਾਂ ਵਰਗੇ ਵਿਕਾਸ ਕਾਰਜਾਂ ਲਈ ਪੈਸਾ ਨਹੀਂ ਬਚਦਾ। ਸਰਕਾਰੀ ਵਿਭਾਗਾਂ ਵਿੱਚ ਨਵੀਂ ਭਰਤੀ ਕਰਨ ਵਿੱਚ ਦਿੱਕਤ ਆ ਰਹੀ ਹੈ, ਕਿਉਂਕਿ ਮੌਜੂਦਾ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਦਾ ਬੋਝ ਪਹਿਲਾਂ ਹੀ ਖਜ਼ਾਨੇ ਨੂੰ ਖਾਲੀ ਕਰ ਰਿਹਾ ਹੈ।

ਸਵਾਲ ਇਹ ਹੈ ਕਿ ਕੋਈ ਵੀ ਸਰਕਾਰ ਇਸ ਸਬਸਿਡੀ ਨੂੰ ਬੰਦ ਕਿਉਂ ਨਹੀਂ ਕਰਦੀ ? ਜਵਾਬ ਸਾਫ਼ ਹੈ-‘ਵੋਟ ਬੈਂਕ’। ਕਿਸੇ ਵੀ ਸਿਆਸੀ ਪਾਰਟੀ ਲਈ ਇਹ ਜੋਖਮ ਉਠਾਉਣਾ ਔਖਾ ਹੈ ਕਿ ਉਹ ਮੁਫ਼ਤ ਦੀ ਸਹੂਲਤ ਬੰਦ ਕਰਕੇ ਲੋਕਾਂ ਦੀ ਨਾਰਾਜ਼ਗੀ ਮੁੱਲ ਲਵੇ। ਸੁਪਰੀਮ ਕੋਰਟ ਦੀ ਟਿੱਪਣੀ ਦੇ ਬਾਵਜੂਦ, ਪੰਜਾਬ ਦੀ ਸਿਆਸਤ ਵਿੱਚ ਵਿਕਾਸ ਦੇ ਮੁੱਦਿਆਂ ਦੀ ਥਾਂ ‘ਮੁਫ਼ਤ ਦੇ ਵਾਅਦਿਆਂ’ ਨੇ ਲੈ ਲਈ ਹੈ। ਜੇਕਰ ਆਉਣ ਵਾਲੇ ਸਮੇਂ ਵਿੱਚ ਸਰਕਾਰਾਂ ਨੇ ‘ਮੁਫ਼ਤ’ ਦੀ ਬਜਾਏ ‘ਨਿਵੇਸ਼’ ਅਤੇ ‘ਰੁਜ਼ਗਾਰ’ ਨੂੰ ਤਰਜੀਹ ਨਾ ਦਿੱਤੀ, ਤਾਂ ਪੰਜਾਬ ਦਾ ਵਿੱਤੀ ਸੰਕਟ ਹੋਰ ਡੂੰਘਾ ਹੋ ਜਾਵੇਗਾ।

## ਪੰਜਾਬ ਦੀਆਂ ਜੇਲ੍ਹਾਂ ਲਈ ਸਿਰਦਰਦੀ ਬਣੇ ‘ਭਗੌੜੇ ਕੈਦੀ’

ਪੰਜਾਬ ਦੀਆਂ ਜੇਲ੍ਹਾਂ ਸਿਰਫ਼ ਅਪਰਾਧੀਆਂ ਨੂੰ ਸੁਧਾਰਨ ਦਾ ਮਾਧਿਅਮ ਨਹੀਂ ਰਹੀਆਂ, ਸਗੋਂ ਹੁਣ ਇਹ ‘ਸੁਰੱਖਿਅਤ ਪਨਾਹਗਾਹਾਂ’ ਅਤੇ ‘ਭਗੌੜੇ ਕੈਦੀਆਂ ਦੇ ਅੱਡੇ’ ਵਜੋਂ ਉੱਭਰ ਰਹੀਆਂ ਹਨ। ਕੌਮੀ ਪੱਧਰ ’ਤੇ ਜਾਰੀ ਹੋਏ ਤਾਜ਼ਾ ਅੰਕੜਿਆਂ ਮੁਤਾਬਕ, ਪੰਜਾਬ ਦੀਆਂ ਜੇਲ੍ਹਾਂ ਵਿੱਚੋਂ 154 ਕੈਦੀ ਅਜਿਹੇ ਹਨ ਜੋ ਪੈਰੋਲ ਲੈ ਕੇ ਗਏ ਸਨ ਪਰ ਮੁੜ ਵਾਪਸ ਨਹੀਂ ਆਏ। ਜੇਲ੍ਹ ਨਿਯਮਾਂ ਅਨੁਸਾਰ, ਇੱਕ ਕੈਦੀ 4 ਮਹੀਨੇ ਦੀ ਸਜ਼ਾ ਭੁਗਤਣ ਤੋਂ ਬਾਅਦ ਪੈਰੋਲ ਦਾ ਹੱਕਦਾਰ ਹੋ ਜਾਂਦਾ ਹੈ। ਇੱਕ ਸਾਲ ਵਿੱਚ ਦੋ ਵਾਰ 56-56 ਦਿਨਾਂ ਦੀ ਪੈਰੋਲ ਮਿਲ ਸਕਦੀ ਹੈ। ਪਰ ਪ੍ਰਸ਼ਾਸਨ ਦੀ ਕਮਜ਼ੋਰ ਨਿਗਰਾਨੀ ਨੇ ਇਸ ਸੁਵਿਧਾ ਨੂੰ ਇੱਕ ‘ਭੱਜਣ ਦੇ ਰਸਤੇ’ ਵਿੱਚ ਬਦਲ ਦਿੱਤਾ ਹੈ। ਜਦੋਂ ਕੈਦੀ ਵਾਪਸ ਨਹੀਂ ਮੁੜਦਾ, ਤਾਂ ਕੇਵਲ ਜ਼ਮਾਨਤ ਜ਼ਬਤ ਕਰਨ ਦੀ ਰਸਮੀ ਕਾਰਵਾਈ ਕੀਤੀ ਜਾਂਦੀ ਹੈ, ਪਰ ਅਸਲ ਵਿੱਚ ਉਹ ਮੁੜ ਗ੍ਰਿਫਤਾਰੀ ਤੋਂ ਬਚ ਜਾਂਦੇ ਹਨ। ਹਾਲ ਹੀ ਵਿੱਚ 14 ਕੈਦੀ ਪੁਲੀਸ ਦੀ ਨਿਗਰਾਨੀ ਹੇਠ ਅਦਾਲਤ ਵਿੱਚ ਪੇਸ਼ੀ ਦੌਰਾਨ ਫਰਾਰ ਹੋ ਗਏ। ਕਪੂਰਥਲਾ ਅਤੇ ਗੁਰਦਾਸਪੁਰ ਜੇਲ੍ਹ ਦੇ ਕੈਦੀਆਂ ਦਾ ਹਸਪਤਾਲਾਂ ’ਚੋਂ ਫਰਾਰ ਹੋਣਾ ਸੁਰੱਖਿਆ ਪ੍ਰਬੰਧਾਂ ’ਤੇ ਸਿੱਧਾ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਪੰਜਾਬ ਵਿੱਚ ਇਸ ਸਮੇਂ 36,268 ਬੰਦੀ ਹਨ। ਜੇਕਰ ਇਨ੍ਹਾਂ ਵਿੱਚੋਂ ਇੱਕ ਵੱਡਾ ਹਿੱਸਾ ਇੰਨੀ ਆਸਾਨੀ ਨਾਲ ਫਰਾਰ ਹੋ ਰਿਹਾ ਹੈ, ਤਾਂ ਇਹ ਆਮ ਲੋਕਾਂ ਦੀ ਸੁਰੱਖਿਆ ਲਈ ਖਤਰਾ ਹੈ। ਵਿਰੋਧੀ ਧਿਰਾਂ ਲਈ ਇਹ ਸਾਬਤ ਕਰਨ ਦਾ ਵੱਡਾ ਮੌਕਾ ਹੈ ਕਿ ਮੌਜੂਦਾ ਸਰਕਾਰ ਜੇਲ੍ਹਾਂ ਵਰਗੀਆਂ ਸੰਵੇਦਨਸ਼ੀਲ ਥਾਵਾਂ ’ਤੇ ਵੀ ਆਪਣਾ ਕੰਟਰੋਲ ਗੁਆ ਚੁੱਕੀ ਹੈ।

# ਪੁਲਿਸ ਖੁਦ ਬਣੀ 'ਜੱਜ ਤੇ ਜਲਾਦ': ਰਣਜੀਤ ਸਿੰਘ ਫਰਜ਼ੀ ਐਨਕਾਊਂਟਰ ਵਿਚ ਘਿਰੀ ਆਪ ਸਰਕਾਰ

## ✪ ਕੋਰਟ ਦਾ ਸਖ਼ਤ ਐਕਸ਼ਨ-ਪੰਥਕ ਜਥੇਬੰਦੀਆਂ ਵਲੋਂ ਸੀਬੀਆਈ ਜਾਂਚ ਦੀ ਮੰਗ ਤੇਜ਼, ਮਾਮਲਾ ਹਾਈਕੋਰਟ ਜਾਵੇਗਾ ✪ 90ਵਿਆਂ ਵੱਲ ਵਾਪਸੀ ਦਾ ਡਰ !

### ਨਿਊਜ਼ ਵਿਸ਼ਲੇਸ਼ਣ

ਪੰਜਾਬ ਦੀ ਧਰਤੀ ਇੱਕ ਵਾਰ ਫਿਰ ਉਸੀ ਖ਼ੂਨੀ ਅਤੇ ਹਨੇਰੀ ਰਾਤ ਵੱਲ ਵਧ ਰਹੀ ਹੈ ਜਿਸ ਨੇ 1980-90 ਦੇ ਦਹਾਕੇ ਵਿੱਚ ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਨਹਿਰਾਂ ਵਿੱਚ ਵਹਾਇਆ ਸੀ ਤੇ ਬੇਗੁਨਾਹ ਸਿੱਖਾਂ ਨੂੰ, ਲਵਾਰਸ ਲਾਸ਼ਾਂ ਬਣਾ ਦਿਤਾ ਸੀ। ਗੁਰਦਾਸਪੁਰ ਦੇ ਪਿੰਡ ਆਦੀਆਂ ਨੇੜੇ 25 ਫਰਵਰੀ 2026 ਨੂੰ 19 ਸਾਲਾ ਨੌਜਵਾਨ ਰਣਜੀਤ ਸਿੰਘ ਦੀ ਕਥਿਤ ਪੁਲਿਸ ਮੁਕਾਬਲੇ ਵਿੱਚ ਮੌਤ ਨੇ ਪੂਰੇ ਸੂਬੇ ਨੂੰ ਹਿਲਾ ਦਿੱਤਾ ਹੈ। ਪੁਲਿਸ ਦਾ ਦਾਅਵਾ ਹੈ ਕਿ ਰਣਜੀਤ ਸਿੰਘ ਆਈਐੱਸਆਈ ਏਜੰਟ ਸੀ, ਉਸ ਨੇ ਦੋ ਪੁਲਿਸ ਮੁਲਾਜ਼ਮਾਂ ਦੀ ਹੱਤਿਆ ਕੀਤੀ ਅਤੇ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਪਰ ਪਰਿਵਾਰ, ਅਦਾਲਤ ਅਤੇ ਪੰਥਕ ਜਥੇਬੰਦੀਆਂ ਇਸ ਨੂੰ ਖੁਲ੍ਹਾ ਫਰਜ਼ੀ ਐਨਕਾਊਂਟਰ ਦੱਸ ਰਹੀਆਂ ਹਨ। ਗੁਰਦਾਸਪੁਰ ਦੀ ਸੀਜੀਐੱਮ ਅਦਾਲਤ ਨੇ ਪੁਲਿਸ ਦੀ ਕਹਾਣੀ ਉੱਤੇ ਗੰਭੀਰ ਸਵਾਲ ਉਠਾਉਂਦਿਆਂ ਐੱਸਐੱਸਪੀ, ਸੀਆਈਏ ਇੰਚਾਰਜ ਗੁਰਮੀਤ ਸਿੰਘ ਅਤੇ ਹੋਰ ਅਧਿਕਾਰੀਆਂ ਦੇ ਫੋਨ ਰਿਕਾਰਡ, ਜੀਪੀਐੱਸ ਲੋਕੇਸ਼ਨ, ਸੀਸੀਟੀਵੀ ਫੁਟੇਜ ਅਤੇ ਡਾਕਟਰੀ ਬੋਰਡ ਬਣਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਹ ਆਦੇਸ਼ ਆਪ ਸਰਕਾਰ ਲਈ ਗਲੇ ਦੀ ਹੱਡੀ ਬਣ ਗਏ ਹਨ ਅਤੇ ਹੁਣ ਹਾਈਕੋਰਟ ਤੱਕ ਮਾਮਲਾ ਪਹੁੰਚਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਪਿਛਲੇ ਤਿੰਨ ਮਹੀਨਿਆਂ ਵਿੱਚ ਪੰਜਾਬ ਵਿੱਚ 35 ਸਿੱਖ ਨੌਜਵਾਨਾਂ ਦੇ ਹਿਰਾਸਤੀ ਕਤਲ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਇਹ ਅੰਕੜਾ ਭਗਵੰਤ ਮਾਨ ਸਰਕਾਰ ਲਈ ਇੱਕ ਨਵਾਂ ਰਿਕਾਰਡ ਹੈ। ਲੋਕ ਪੁੱਛ ਰਹੇ ਹਨ - ਕੀ ਆਪ ਸਰਕਾਰ ਪੁਲਿਸ ਨੂੰ ਖੁਲ੍ਹੀ ਛੁੱਟੀ ਦੇ ਕੇ ਫਿਰ ਉਹੀ 90ਵਿਆਂ ਵਾਲਾ 'ਪੁਲਿਸ ਰਾਜ' ਵਾਪਸ ਲਿਆ ਰਹੀ ਹੈ? ਰਣਜੀਤ ਸਿੰਘ ਮਾਮਲਾ ਇਸ ਵਰਤਾਰੇ ਦਾ ਸਭ ਤੋਂ ਤਾਜ਼ਾ ਅਤੇ



ਸਭ ਤੋਂ ਖਤਰਨਾਕ ਉਦਾਹਰਣ ਬਣ ਗਿਆ ਹੈ। ਇਥੇ ਜ਼ਿਕਰਯੋਗ ਹੈ ਕਿ 21-22 ਫਰਵਰੀ ਦੀ ਰਾਤ ਨੂੰ ਆਦੀਆਂ ਪੁਲਿਸ ਚੌਂਕੀ ਉੱਤੇ ਏਐੱਸਆਈ ਗੁਰਨਾਮ ਸਿੰਘ ਅਤੇ ਹੋਮ ਗਾਰਡ ਅਸ਼ੋਕ ਕੁਮਾਰ ਦੀ ਹੱਤਿਆ ਹੋਈ ਸੀ। ਪੁਲਿਸ ਨੇ ਤਿੰਨ ਨੌਜਵਾਨਾਂ - ਰਣਜੀਤ ਸਿੰਘ, ਇੰਦਰਜੀਤ ਸਿੰਘ ਅਤੇ ਦਿਲਾਵਰ ਸਿੰਘ - ਨੂੰ ਮੁਲਜ਼ਮ ਠਹਿਰਾਇਆ ਸੀ। ਪੁਲਿਸ ਨੇ ਇਸ ਕੇਸ ਵਿੱਚ ਕੁੱਲ ਤਿੰਨ ਮੁੱਖ ਮੁਲਜ਼ਮਾਂ ਦੀ ਪਛਾਣ ਹੇਠ ਲਿਖੇ ਅਨੁਸਾਰ ਸੀ:

ਦਿਲਾਵਰ ਸਿੰਘ: ਪੁਲਿਸ ਨੇ ਇਸ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਰਣਜੀਤ ਸਿੰਘ: ਪੁਲਿਸ ਦੇ ਦਾਅਵੇ ਅਨੁਸਾਰ ਉਸਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਬਾਅਦ ਵਿੱਚ ਪੁਲਿਸ ਮੁਕਾਬਲੇ ਦੌਰਾਨ ਉਸਦੀ ਮੌਤ ਹੋ ਗਈ ਸੀ।

ਇੰਦਰਜੀਤ ਸਿੰਘ: ਇਹ ਤੀਜਾ ਮੁਲਜ਼ਮ ਸੀ ਜਿਸਦੀ ਭਾਲ ਕੀਤੀ ਜਾ ਰਹੀ ਸੀ। ਇਨ੍ਹਾਂ ਤਿੰਨਾਂ ਤੋਂ ਇਲਾਵਾ, ਪੁਲਿਸ ਨੇ ਮੁਲਜ਼ਮ ਇੰਦਰਜੀਤ ਸਿੰਘ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਉਸਦੀਆਂ ਦੋ ਭੈਣਾਂ ਅਤੇ ਭਾਬੀ ਨੂੰ ਵੀ ਹਿਰਾਸਤ ਵਿੱਚ ਲਿਆ ਸੀ। ਇਸ ਕਾਰਵਾਈ ਦਾ ਕਾਫੀ ਵਿਰੋਧ ਹੋਇਆ ਸੀ, ਜਿਸ ਤੋਂ ਬਾਅਦ ਲੋਕਾਂ ਦੇ ਦਬਾਅ ਅਤੇ ਧਰਨੇ ਦੇ ਚੱਲਦਿਆਂ ਇਨ੍ਹਾਂ ਔਰਤਾਂ ਨੂੰ ਰਿਹਾਅ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਡੀਆਈਜੀ ਸੰਦੀਪ ਗੋਇਲ ਨੇ ਪ੍ਰੈੱਸ ਕਾਨਫਰੰਸ ਵਿੱਚ ਦਾਅਵਾ ਕੀਤਾ ਸੀ ਕਿ ਇਹ ਤਿੰਨੋਂ ਆਈਐੱਸਆਈ ਏਜੰਟ ਸਨ ਅਤੇ ਲਾਰੈਂਸ ਬਿਸਨੋਈ ਗੈਂਗ ਨਾਲ ਜੁੜੇ ਹੋ ਸਕਦੇ ਹਨ। ਉਨ੍ਹਾਂ ਕਿਹਾ ਸੀ ਕਿ 25 ਫਰਵਰੀ ਨੂੰ ਰਣਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਹਥਿਆਰ ਬਰਾਮਦ ਕਰਨ ਲਈ ਲਿਜਾਇਆ ਗਿਆ ਸੀ ਤਾਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਗੱਡੀ ਪਲਟਣ ਤੋਂ ਬਾਅਦ ਰਣਜੀਤ ਧੁੰਦ ਦਾ ਫਾਇਦਾ ਉਠਾਕੇ ਭੱਜ ਗਿਆ ਸੀ ਅਤੇ ਫਿਰ ਸਵੇਰੇ 3 ਵਜੇ ਪੁਰਾਣਾ ਸ਼ਾਲਾ ਇਲਾਕੇ ਵਿੱਚ ਉਸ ਨੇ ਪੁਲਿਸ ਉੱਤੇ ਫਾਇਰਿੰਗ ਕੀਤੀ। ਜਵਾਬੀ ਕਾਰਵਾਈ ਵਿੱਚ ਉਹ ਮਾਰਿਆ ਗਿਆ ਸੀ। ਸੀਆਈਏ ਇੰਚਾਰਜ ਗੁਰਮੀਤ ਸਿੰਘ ਵੀ ਇਸ ਮੁਕਾਬਲੇ ਵਿੱਚ ਜ਼ਖ਼ਮੀ ਹੋ ਗਿਆ ਸੀ।

ਪਰ ਪਰਿਵਾਰ ਇਸ ਕਹਾਣੀ ਨੂੰ ਪੂਰੀ ਤਰ੍ਹਾਂ ਝੂਠਾ ਦੱਸ ਰਿਹਾ ਹੈ। ਰਣਜੀਤ ਸਿੰਘ ਦੀ ਮਾਤਾ ਸੁਖਜਿੰਦਰ ਕੌਰ ਨੇ ਅਦਾਲਤ ਵਿੱਚ ਅਰਜ਼ੀ ਦਾਖਲ ਕਰਦਿਆਂ ਕਿਹਾ ਕਿ 24 ਫਰਵਰੀ ਨੂੰ ਦੁਪਹਿਰ 4 ਵਜੇ ਪੁਲਿਸ ਘਰ ਆਈ ਸੀ ਅਤੇ ਰਣਜੀਤ ਨੂੰ ਚੁੱਕ ਕੇ ਲੈ ਗਈ। ਅੱਧੀ ਰਾਤ ਦੌਰਾਨ ਚਾਚਾ ਚੰਦਨਜੀਤ ਸਿੰਘ ਨੂੰ ਫੋਨ ਆਇਆ ਸੀ ਕਿ ਰਣਜੀਤ ਥਾਣੇ ਵਿੱਚ ਹੈ ਅਤੇ ਸਵੇਰੇ ਆ ਕੇ ਲੈ ਜਾਉ। ਪਰ ਉਸ ਤੋਂ ਪਹਿਲਾਂ ਹੀ ਸੋਸ਼ਲ ਮੀਡੀਆ ਉੱਤੇ ਐਨਕਾਊਂਟਰ ਦੀ ਖ਼ਬਰ ਆ ਗਈ। ਪਰਿਵਾਰ ਨੇ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਜਦੋਂ ਤੱਕ ਪੀਜੀਆਈ ਚੰਡੀਗੜ੍ਹ ਤੋਂ ਨਵਾਂ ਪੋਸਟਮਾਰਟਮ ਅਤੇ ਸੀਬੀਆਈ ਜਾਂਚ ਨਾ ਹੋਵੇ, ਸਸਕਾਰ ਨਹੀਂ ਹੋਵੇਗਾ। ਰਣਜੀਤ ਦਾ ਚਾਚਾ ਹਰਵਿੰਦਰ ਸਿੰਘ ਦਾ ਮੰਨਣਾ ਹੈ ਕਿ "ਪੁਲਿਸ ਨੇ ਪਿੰਡ ਦੇ ਸਾਰੇ ਸੀਸੀਟੀਵੀ ਡੀਵੀਆਰ ਕਬਜ਼ੇ ਵਿੱਚ ਲੈ ਲਏ। ਇਹ ਸਬੂਤ ਮਿਟਾਉਣ ਦੀ ਕੋਸ਼ਿਸ਼ ਹੈ।"

ਅਦਾਲਤ ਨੇ ਪੁਲਿਸ ਉੱਤੇ ਕੀਤਾ ਸ਼ਿਕੰਜਾ-ਗੁਰਦਾਸਪੁਰ ਦੀ ਸੀਜੀਐੱਮ ਜੱਜ ਸੁਰੇਖਾ ਡਡਵਾਲ ਨੇ ਰਣਜੀਤ ਦੀ ਮਾਤਾ ਦੀ ਅਰਜ਼ੀ ਉੱਤੇ ਸੁਣਵਾਈ ਕਰਦਿਆਂ ਇਤਿਹਾਸਕ ਆਦੇਸ਼ ਜਾਰੀ ਕੀਤੇ ਹਨ। ਅਦਾਲਤ ਨੇ ਪੁਲਿਸ ਦੀ ਉਸ ਦਲੀਲ ਨੂੰ ਰੱਦ ਕਰ ਦਿੱਤਾ ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਐੱਸਐੱਸਪੀ ਆਦਿਤਿਆ ਸ਼ਰਮਾ, ਸੀਆਈਏ ਇੰਚਾਰਜ ਗੁਰਮੀਤ ਸਿੰਘ ਅਤੇ ਹੋਰ ਅਧਿਕਾਰੀਆਂ ਦੇ 20 ਤੋਂ 28 ਫਰਵਰੀ ਤੱਕ ਦੇ ਕਾਲ ਡਿਟੇਲ ਰਿਕਾਰਡ (ਸੀਡੀਆਰ) ਅਤੇ ਜੀਪੀਐੱਸ ਲੋਕੇਸ਼ਨ ਦੇਣ ਨਾਲ ਉਨ੍ਹਾਂ ਦੀ ਸੁਰੱਖਿਆ ਖਤਰੇ ਵਿੱਚ ਪੈ ਸਕਦੀ ਹੈ। ਜੱਜ ਨੇ ਸਪੱਸ਼ਟ ਕਿਹਾ ਕਿ ਆਰਟੀਕਲ 21 ਤਹਿਤ ਸੱਚਾਈ ਸਾਹਮਣੇ ਲਿਆਉਣਾ ਅਤੇ ਨਿਰਪੱਖ ਜਾਂਚ ਵਧੇਰੇ ਮਹੱਤਵਪੂਰਨ ਹੈ।

ਅਦਾਲਤ ਨੇ ਤਿੰਨ ਡਾਕਟਰਾਂ ਦਾ ਬੋਰਡ ਬਣਾਉਣ ਦੇ ਹੁਕਮ ਦਿੱਤੇ ਹਨ ਤਾਂ ਜੋ ਗੁਰਮੀਤ ਸਿੰਘ ਦੀ ਬਾਂਹ ਵਾਲੀ ਗੋਲੀ ਖੁਦ ਲੱਗੀ ਜਾਂ ਮਾਰੀ ਗਈ ਇਸ ਦੀ ਜਾਂਚ ਹੋ ਸਕੇ। ਘਟਨਾ ਸਥਾਨ ਆਲੇ-ਦੁਆਲੇ ਦੀਆਂ ਸਾਰੀਆਂ ਸੀਸੀਟੀਵੀ ਫੁਟੇਜ ਕਬਜ਼ੇ ਵਿੱਚ ਲੈਣ ਅਤੇ ਰਣਜੀਤ ਸਿੰਘ ਦੇ ਫੋਨ ਰਿਕਾਰਡ ਵੀ ਸੁਰੱਖਿਅਤ ਰੱਖਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਪੁਲਿਸ ਵੱਲੋਂ ਗਠਿਤ ਕੀਤੀ ਐੱਸਆਈਟੀ 'ਹਿੱਤਾਂ ਦਾ ਟਕਰਾਅ' ਵਾਲੀ ਹੈ ਅਤੇ ਇਸ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿੱਚ ਡਾਕਟਰਾਂ ਦਾ ਬੋਰਡ ਬਣਾਉਣ ਅਤੇ ਵੀਡੀਓਗ੍ਰਾਫੀ ਕਰਨ ਦੇ ਹੁਕਮ ਵੀ ਜਾਰੀ ਹੋ ਚੁੱਕੇ ਹਨ।

ਬਾਕੀ ਹਿਸਾ ਸਫਾ 43 ਤੇ ਪੜ੍ਹੋ

### ਪੰਥਕ ਜਥੇਬੰਦੀਆਂ ਕੀ ਕਰਨ

ਸਿਆਸੀ ਧਰਨਿਆਂ ਦੇ ਮੁਕਾਬਲੇ ਅਦਾਲਤੀ ਲੜਾਈ ਵਧੇਰੇ ਨਤੀਜਾ-ਮੁਖੀ ਹੁੰਦੀ ਹੈ, ਕਿਉਂਕਿ ਅਦਾਲਤ ਕੋਲ ਪੁਲਿਸ ਨੂੰ ਸਖ਼ਤ ਹੁਕਮ ਦੇਣ ਦੀ ਸ਼ਕਤੀ ਹੁੰਦੀ ਹੈ। ਮੋਰਚੇ ਨੂੰ ਹੁਣ ਆਪਣੀ ਸਾਰੀ ਊਰਜਾ ਹਾਈਕੋਰਟ ਵਿੱਚ ਦਾਇਰ ਕੀਤੀ ਜਾ ਰਹੀ ਪਟੀਸ਼ਨ 'ਤੇ ਲਗਾਉਣੀ ਚਾਹੀਦੀ ਹੈ। ਵਕੀਲਾਂ ਦੀ ਟੀਮ ਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਪੁਲੀਸ ਮੁਕਾਬਲੇ ਦੀ ਜਾਂਚ ਕਿਸੇ ਸੁਤੰਤਰ ਜਾਂਚ ਏਜੰਸੀ ਜਾਂ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਜਾਂਚ ਹੋਵੇ। ਅਦਾਲਤੀ ਹੁਕਮਾਂ ਰਾਹੀਂ ਸੀਸੀਟੀਵੀ ਫੁਟੇਜ, ਡੀਵੀਆਰ, ਅਤੇ ਪੁਲਿਸ ਅਧਿਕਾਰੀਆਂ ਦੇ ਕਾਲ ਡਿਟੇਲ ਨੂੰ ਸੀਲ ਕਰਵਾ ਕੇ ਰੱਖਣਾ ਸਭ ਤੋਂ ਵੱਡਾ ਕਦਮ ਹੈ। ਇਹ ਸਬੂਤ ਹੀ ਆਉਣ ਵਾਲੇ ਸਮੇਂ ਵਿੱਚ ਦੋਸ਼ੀਆਂ ਨੂੰ ਸਜ਼ਾ ਦਿਵਾਉਣਗੇ। ਜੋ ਵੀ ਅਦਾਲਤੀ ਆਦੇਸ਼ ਆ ਰਹੇ ਹਨ, ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਵੇ ਤਾਂ ਜੋ ਪੁਲਿਸ ਦੇ ਝੂਠ ਨੂੰ ਜਨਤਕ ਕੀਤਾ ਜਾ ਸਕੇ।

### 'ਆਪ' ਸਰਕਾਰ ਦੀ ਗੋਲੀ ਬਦਲੇ ਗੋਲੀ ਨੀਤੀ ਦਾ ਸਿਆਸੀ ਨੁਕਸਾਨ ਹੋਣ ਦੀ ਸੰਭਾਵਨਾ

'ਆਪ' ਸਰਕਾਰ ਲਈ ਗੁਰਦਾਸਪੁਰ ਵਿੱਚ ਰਣਜੀਤ ਸਿੰਘ ਦਾ ਮਾਮਲਾ ਇੱਕ ਵੱਡੀ ਰਾਜਨੀਤਿਕ ਚੁਣੌਤੀ ਬਣ ਕੇ ਉਭਰਿਆ ਹੈ। ਕਿਸੇ ਵੀ ਸਰਕਾਰ ਲਈ 'ਸਿਆਸੀ ਨੁਕਸਾਨ' ਦਾ ਮਤਲਬ ਸਿਰਫ਼ ਵੋਟਾਂ ਦਾ ਘਟਣਾ ਨਹੀਂ ਹੁੰਦਾ, ਸਗੋਂ ਉਸ ਦੀ 'ਨੈਤਿਕ ਸੱਤਾ' ਦਾ ਖੁਰਨਾ ਹੁੰਦਾ ਹੈ। 'ਗੋਲੀ ਬਦਲੇ ਗੋਲੀ' ਦੀ ਨੀਤੀ ਸਿਆਸੀ ਤੌਰ 'ਤੇ ਇੱਕ 'ਦੋਧਾਰੀ ਤਲਵਾਰ' ਹੁੰਦੀ ਹੈ। ਭਾਵੇਂ ਇਹ ਸ਼ੁਰੂਆਤ ਵਿੱਚ ਸਰਕਾਰ ਨੂੰ 'ਸਖ਼ਤ' ਅਤੇ 'ਅਪਰਾਧ-ਵਿਰੋਧੀ' ਵਿਖਾਉਣ ਲਈ ਵਰਤੀ ਜਾਂਦੀ ਹੈ, ਪਰ ਜਦੋਂ ਅਜਿਹੇ ਮਾਮਲੇ ਅਦਾਲਤਾਂ ਅਤੇ ਜਨਤਕ ਘੇਰੇ ਵਿੱਚ ਆਉਂਦੇ ਹਨ, ਤਾਂ ਇਨ੍ਹਾਂ ਦਾ ਸਿਆਸੀ ਨੁਕਸਾਨ ਬਹੁਤ ਡੂੰਘਾ ਹੋ ਸਕਦਾ ਹੈ। ਜਦੋਂ ਸਰਕਾਰ ਉੱਤੇ 90ਵਿਆਂ ਦੇ ਪੁਲਿਸ-ਰਾਜ ਵਰਗੇ ਦੋਸ਼ ਲੱਗਦੇ ਹਨ, ਤਾਂ ਪਾਰਟੀ ਦਾ ਉਹ 'ਬ੍ਰਾਂਡ ਇਮੇਜ' ਖਰਾਬ ਹੁੰਦਾ ਹੈ ਜੋ ਉਸਨੇ ਸਾਲਾਂ ਵਿੱਚ ਬਣਾਇਆ ਸੀ। ਜੇਕਰ ਸਰਕਾਰ ਪੁਰਾਣੇ ਸਿਸਟਮ ਵਾਂਗ ਹੀ 'ਐਨਕਾਊਂਟਰਾਂ' ਦਾ ਸਹਾਰਾ ਲੈਂਦੀ ਦਿਖਾਈ ਦਿੰਦੀ ਹੈ, ਤਾਂ ਉਹ ਵੋਟਰ, ਜੋ ਆਪ ਤੋਂ ਉਮੀਦ ਰੱਖਦੇ ਸਨ, ਨਿਰਾਸ਼ ਹੋ ਸਕਦੇ ਹਨ। ਆਮ ਆਦਮੀ ਪਾਰਟੀ ਦਾ ਪੂਰਾ ਸਿਆਸੀ ਨੀਂਹ-ਪੱਥਰ 'ਬਦਲਾਅ' ਅਤੇ 'ਮਨੁੱਖੀ ਅਧਿਕਾਰਾਂ' ਦੇ ਦਾਅਵਿਆਂ 'ਤੇ ਖੜ੍ਹਾ ਸੀ। ਜਦੋਂ ਇੱਕ ਸਰਕਾਰ, ਜੋ ਖੁਦ ਨੂੰ ਰਵਾਇਤੀ ਪਾਰਟੀਆਂ (ਕਾਂਗਰਸ-ਅਕਾਲੀ) ਤੋਂ ਵੱਖਰੀ ਦੱਸਦੀ ਸੀ, ਉਹੀ ਪੁਰਾਣੇ 'ਪੁਲਿਸ ਰਾਜ' ਵਾਲੇ ਤਰੀਕੇ ਅਪਣਾਉਂਦੀ ਹੈ, ਤਾਂ ਇਸ ਨਾਲ ਪਾਰਟੀ ਦੇ ਕੋਰ ਵੋਟਰ (ਮੱਧ-ਵਰਗ, ਬੁੱਧੀਜੀਵੀ ਅਤੇ ਨੌਜਵਾਨ) ਵਿੱਚ ਬੇਭਰੋਸਗੀ ਪੈਦਾ ਹੁੰਦੀ ਹੈ। ਪੰਜਾਬ ਦੇ ਸਿਆਸੀ ਇਤਿਹਾਸ ਵਿੱਚ, ਜਦੋਂ ਵੀ ਪੁਲਿਸ ਦੀਆਂ ਕਾਰਵਾਈਆਂ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ, ਤਾਂ ਇਹ ਮੁੱਦਾ ਸਿਰਫ਼ 'ਕਾਨੂੰਨ-ਵਿਵਸਥਾ' ਦਾ ਨਹੀਂ ਰਹਿੰਦਾ, ਸਗੋਂ 'ਪੰਥਕ' ਮੁੱਦਾ ਬਣ ਜਾਂਦਾ ਹੈ। ਰਣਜੀਤ ਸਿੰਘ ਦੇ ਮਾਮਲੇ ਵਿੱਚ ਜਿਸ ਤਰ੍ਹਾਂ ਅਕਾਲ ਤਖ਼ਤ ਅਤੇ ਪੰਥਕ ਜਥੇਬੰਦੀਆਂ ਨੇ ਸਖ਼ਤ ਰੁਖ ਅਖਤਿਆਰ ਕੀਤਾ ਹੈ, ਇਹ ਸਰਕਾਰ ਲਈ ਇੱਕ ਵੱਡਾ ਸਿਆਸੀ ਜੋਖਮ ਹੈ। ਪੰਜਾਬ ਵਿੱਚ ਪੰਥਕ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਨ ਵਾਲੀਆਂ ਸਰਕਾਰਾਂ ਨੂੰ ਅਤੀਤ ਵਿੱਚ ਵੀ ਵੱਡਾ ਨੁਕਸਾਨ ਉਠਾਉਣਾ ਪਿਆ ਹੈ। ਇਸ ਸਮੇਂ ਸਾਰੀਆਂ ਵਿਰੋਧੀ ਪਾਰਟੀਆਂ (ਅਕਾਲੀ ਦਲ, ਕਾਂਗਰਸ, ਭਾਜਪਾ) ਇਸ ਇੱਕ ਮੁੱਦੇ 'ਤੇ ਇੱਕਜੁੱਟ ਹਨ। ਇਹ ਮੁੱਦਾ ਵਿਰੋਧੀ ਧਿਰ ਨੂੰ ਸਰਕਾਰ ਖਿਲਾਫ ਇੱਕ ਮਜ਼ਬੂਤ ਅਤੇ ਸਾਂਝਾ ਬਿਰਤਾਂਤ ਦੇ ਰਿਹਾ ਹੈ। ਜੇਕਰ ਸਰਕਾਰ ਆਪਣੀ ਨੀਤੀ 'ਤੇ ਕਾਇਮ ਰਹਿੰਦੀ ਹੈ, ਤਾਂ ਵਿਰੋਧੀ ਪਾਰਟੀਆਂ ਇਸ ਨੂੰ 'ਸਰਕਾਰੀ ਅੱਤਿਆਚਾਰ' ਵਜੋਂ ਪ੍ਰਚਾਰ ਕੇ ਵੋਟਰਾਂ ਨੂੰ ਲਾਮਬੰਦ ਕਰਨ ਵਿੱਚ ਸਫਲ ਹੋ ਸਕਦੀਆਂ ਹਨ। ਇਹ ਮੁੱਦਾ ਭਵਿੱਖ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ 'ਸਰਕਾਰੀ ਅੱਤਿਆਚਾਰ' ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ, ਜੋ ਕਿ ਇੱਕ ਨਕਾਰਾਤਮਕ ਪ੍ਰਚਾਰ ਸਾਬਤ ਹੁੰਦਾ ਹੈ। ਜਦੋਂ ਮਾਮਲਾ ਅਦਾਲਤ ਵਿੱਚ ਜਾਂਦਾ ਹੈ ਅਤੇ ਅਦਾਲਤ ਪੁਲਿਸ ਦੇ ਕੰਮਕਾਜ ਉੱਤੇ ਸਵਾਲ ਚੁੱਕਦੀ ਹੈ (ਜਿਵੇਂ ਕਿ ਇਸ ਮਾਮਲੇ ਵਿੱਚ ਸੀਡੀਆਰ ਅਤੇ ਜੀਪੀਐਸ ਡੇਟਾ ਮੰਗਣਾ), ਤਾਂ ਸਰਕਾਰ ਦੀ ਪ੍ਰਸ਼ਾਸਨਿਕ ਕਾਬਲੀਅਤ 'ਤੇ ਸਵਾਲ ਉੱਠਦੇ ਹਨ।

# ਸ਼੍ਰੋਮਣੀ ਕਮੇਟੀ ਉਪਰ ਬਿਨਾਂ ਪਰੂਫ ਭ੍ਰਿਸ਼ਟਾਚਾਰ ਦੇ ਲਾਏ ਇਲਜ਼ਾਮ

## ✪ ਸਾਬਕਾ ਜਥੇਦਾਰ ਨੇ ਸੰਸਥਾ ਦੀ ਸ਼ਾਖ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਕਿਉਂ ਕੀਤੀ ✪ ਕੀ ਹੈ ਇਸ ਮਾਮਲੇ ਦੀ ਅਸਲ ਸੱਚਾਈ

ਸਿੱਖ ਪੰਥ ਦੀ ਸਭ ਤੋਂ ਪ੍ਰਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਰਹੇ ਗਿਆਨੀ ਰਘਬੀਰ ਸਿੰਘ ਵਿਚਕਾਰ ਚੱਲ ਰਿਹਾ ਵਿਵਾਦ ਇਸ ਸਮੇਂ ਪੰਥਕ ਗਲਿਆਰਿਆਂ ਵਿੱਚ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਮਾਮਲਾ ਕੇਵਲ ਇੱਕ ਸੇਵਾਮੁਕਤੀ ਤੱਕ ਸੀਮਤ ਨਹੀਂ, ਸਗੋਂ ਇਸਦੇ ਤਾਰ ਸੰਸਥਾ ਦੇ ਪ੍ਰਬੰਧਨ, ਵਿੱਤੀ ਪਾਰਦਰਸ਼ਤਾ ਅਤੇ ਸਿਆਸੀ ਦਖਲਅੰਦਾਜ਼ੀ ਨਾਲ ਜੁੜੇ ਹੋਏ ਹਨ।

ਗਿਆਨੀ ਰਘਬੀਰ ਸਿੰਘ ਨੇ ਆਪਣੀ ਸੇਵਾਮੁਕਤੀ ਤੋਂ ਬਾਅਦ ਅਤੇ ਉਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ 'ਤੇ ਗੰਭੀਰ ਸਵਾਲ ਚੁੱਕੇ ਹਨ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਸ਼ਹੀਦਾਂ ਦੀ ਜਥੇਬੰਦੀ ਮੰਨੀ ਜਾਣ ਵਾਲੀ ਇਸ ਸੰਸਥਾ 'ਤੇ ਇੱਕ ਖਾਸ ਪਰਿਵਾਰ ਦਾ ਕਬਜ਼ਾ ਹੋ ਚੁੱਕਾ ਹੈ।

ਸੰਸਥਾ ਦੇ ਉੱਚ ਅਹੁਦਿਆਂ 'ਤੇ ਕਾਬਜ਼ ਅਧਿਕਾਰੀਆਂ ਨੂੰ ਭ੍ਰਿਸ਼ਟ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਮਿਹਰਬਾਨੀ ਵਜੋਂ ਤਰੱਕੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਸਭ ਤੋਂ ਵੱਡਾ ਖੁਲਾਸਾ ਇਹ ਕੀਤਾ ਗਿਆ ਹੈ ਕਿ ਸਾਲ 2023 ਤੋਂ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਨ ਕਰਨ ਵਾਲੇ ਚੈਨਲ ਤੋਂ ਕਰੀਬ 7 ਤੋਂ 8 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਵਸੂਲ ਨਹੀਂ ਕੀਤੀ ਜਾ ਰਹੀ। ਜ਼ਮੀਨਾਂ ਦੀ ਖਰੀਦ-ਵੇਚ ਅਤੇ ਲੰਗਰ ਵਿੱਚ ਵਰਤੀ ਜਾਣ ਵਾਲੀ ਸਮੱਗਰੀ (ਸੁੱਕੀਆਂ ਰੋਟੀਆਂ ਸਮੇਤ) ਵਿੱਚ ਵੱਡੇ ਘਪਲਿਆਂ ਦੇ ਦੋਸ਼ ਲਗਾਏ ਗਏ ਹਨ।

ਨੋਟ: ਗਿਆਨੀ ਰਘਬੀਰ ਸਿੰਘ ਨੇ ਕਿਸੇ ਖਾਸ ਅਧਿਕਾਰੀ ਦਾ ਨਾਮ ਲੈਣ ਦੀ ਬਜਾਏ ਸੰਸਥਾ ਦੇ ਪ੍ਰਬੰਧਕੀ ਢਾਂਚੇ ਵਿੱਚ ਭ੍ਰਿਸ਼ਟਾਚਾਰ ਹੋਣ ਦੇ ਆਮ ਦੋਸ਼ ਲਗਾਏ ਹਨ।

ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ



ਕਮੇਟੀ ਨੇ ਗਿਆਨੀ ਰਘਬੀਰ ਸਿੰਘ ਨੂੰ ਸੇਵਾਮੁਕਤ ਕਰਨ ਦਾ ਫੈਸਲਾ ਲਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਨੁਸਾਰ, ਗਿਆਨੀ ਰਘਬੀਰ ਸਿੰਘ ਨੂੰ 72 ਘੰਟਿਆਂ ਦਾ ਨੋਟਿਸ ਦਿੱਤਾ ਗਿਆ ਸੀ ਤਾਂ ਜੋ ਉਹ ਆਪਣੇ ਦੋਸ਼ਾਂ ਦੇ ਸਬੂਤ ਪੇਸ਼ ਕਰ ਸਕਣ। ਉਹ ਨਿਰਧਾਰਿਤ ਸਮੇਂ ਵਿੱਚ ਕੋਈ ਵੀ ਠੋਸ ਸਬੂਤ ਪੇਸ਼ ਨਹੀਂ ਕਰ ਸਕੇ। ਪ੍ਰਬੰਧਕਾਂ ਦਾ ਮੰਨਣਾ ਹੈ ਕਿ ਬਿਨਾਂ ਸਬੂਤਾਂ ਦੇ ਪ੍ਰੈੱਸ ਕਾਨਫਰੰਸ ਕਰਕੇ ਸੰਸਥਾ ਦੇ ਅਕਸ ਨੂੰ ਢਾਹ ਲਾਈ ਗਈ ਹੈ, ਜਿਸ ਨਾਲ ਮੁੱਖ ਗ੍ਰੰਥੀ ਦੇ ਅਹੁਦੇ ਦੀ ਮਾਣ-ਮਰਿਆਦਾ ਵੀ ਪ੍ਰਭਾਵਿਤ ਹੋਈ ਹੈ। ਪ੍ਰਧਾਨ ਧਾਮੀ ਨੇ ਇਹ ਵੀ ਦੋਸ਼ ਲਗਾਇਆ ਕਿ ਗਿਆਨੀ ਰਘਬੀਰ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀ ਸਵੇਰ-ਸ਼ਾਮ ਦੀ ਸੇਵਾ ਵੀ ਪੂਰੀ ਤਰ੍ਹਾਂ ਨਹੀਂ ਨਿਭਾ ਰਹੇ ਸਨ।

ਗਿਆਨੀ ਰਘਬੀਰ ਸਿੰਘ ਨੇ ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਉਹ ਸਬੂਤਾਂ ਦਾ ਰਿਕਾਰਡ ਆਪਣੇ ਕੋਲ ਰੱਖਦੇ ਹਨ ਅਤੇ ਸਮਾਂ ਆਉਣ 'ਤੇ ਸੰਗਤ ਦੇ ਸਾਹਮਣੇ ਜ਼ਰੂਰ ਰੱਖਣਗੇ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਹ ਸਾਰੀ ਕਾਰਵਾਈ 2 ਦਸੰਬਰ, 2024 ਨੂੰ ਲਏ ਗਏ ਕੁਝ ਫੈਸਲਿਆਂ ਦਾ ਨਤੀਜਾ ਹੈ, ਜੋ ਕਿਸੇ ਖਾਸ ਪਰਿਵਾਰ ਨੂੰ ਰਾਸ ਨਹੀਂ ਆਏ ਸਨ। ਸ਼੍ਰੋਮਣੀ ਕਮੇਟੀ ਨੇ ਆਪਣੀ ਵਿੱਤੀ ਪਾਰਦਰਸ਼ਤਾ ਦਿਖਾਉਣ ਲਈ ਪਿਛਲੇ ਕੁਝ ਸਾਲਾਂ ਦੇ ਅੰਕੜੇ ਜਾਰੀ ਕੀਤੇ ਹਨ, ਜੋ ਉਨ੍ਹਾਂ ਦੇ ਵਿਕਾਸ ਕਾਰਜਾਂ ਨੂੰ ਦਰਸਾਉਂਦੇ ਹਨ:

ਗੁਰਦੁਆਰਾ ਬਜਟ 2020-21 ਤੋਂ 2025-26 ਤਕ 577 ਕਰੋੜ ਤੋਂ 1120 ਕਰੋੜ ਰੁਪਏ ਤੱਕ ਵਾਧਾ ਹੋਇਆ। ਗੁਰਦੁਆਰਾ ਐਫ.ਡੀ.ਆਰ. 2020-21 ਤੋਂ 2025-26 ਤਕ 600 ਕਰੋੜ ਰੁਪਏ ਦਾ ਵਾਧਾ ਹੋਇਆ। ਸ਼੍ਰੋਮਣੀ ਕਮੇਟੀ ਐਫ.ਡੀ.ਆਰ. 2020-21 ਤੋਂ 2025-26 ਤਕ 273.60 ਕਰੋੜ ਰੁਪਏ ਦਾ ਵਾਧਾ ਹੋਇਆ। ਧਰਮ ਪ੍ਰਚਾਰ ਕਮੇਟੀ ਐਫ.ਡੀ.ਆਰ. 2020-21 ਤੋਂ 2025-26 ਤਕ 121.45 ਕਰੋੜ ਰੁਪਏ ਦਾ ਵਾਧਾ ਹੋਇਆ। ਜਾਇਦਾਦ ਖਰੀਦ 2020-21 ਤੋਂ 2025-26 ਤਕਕਰੀਬ 111 ਕਰੋੜ ਰੁਪਏ ਦੀ ਨਵੀਂ ਜਾਇਦਾਦ ਬਣੀ। ਸ਼੍ਰੋਮਣੀ ਕਮੇਟੀ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੱਡੀ ਗਿਣਤੀ ਵਿੱਚ ਸਕੂਲ, ਕਾਲਜ ਅਤੇ ਹਸਪਤਾਲ ਚਲਾ ਰਹੀ ਹੈ, ਜਿਨ੍ਹਾਂ ਲਈ ਇਸ ਅਰਸੇ ਦੌਰਾਨ 182 ਕਰੋੜ ਰੁਪਏ ਦੀ ਵਿਸ਼ੇਸ਼ ਰਾਸ਼ੀ ਜਾਰੀ ਕੀਤੀ ਗਈ ਹੈ।

ਪੰਥਕ ਆਗੂਆਂ ਅਤੇ ਹੋਰਾਂ ਦਾ ਨਜ਼ਰੀਆ-ਗਿਆਨੀ ਰਣਜੀਤ ਸਿੰਘ ਗੌਹਰ ਨੇ ਗਿਆਨੀ ਰਘਬੀਰ ਸਿੰਘ 'ਤੇ ਕਈ ਦੋਸ਼ ਲਗਾਏ ਹਨ, ਜਿਸ ਕਾਰਨ ਇਹ ਮਾਮਲਾ ਹੋਰ ਵੀ ਗੁੰਝਲਦਾਰ ਹੋ ਗਿਆ ਹੈ।

ਜਥੇਦਾਰ ਅਕਾਲ ਤਖ਼ਤ ਸਾਹਿਬ: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਮਾਮਲਾ ਗੰਭੀਰ ਹੈ ਅਤੇ ਸੱਚ ਹਰ ਪੱਖੋਂ ਸੰਗਤ ਦੇ ਸਾਹਮਣੇ ਆਉਣਾ ਚਾਹੀਦਾ ਹੈ। ਬਹੁਤੇ ਪੰਥਕ ਆਗੂਆਂ ਦਾ ਮੰਨਣਾ ਹੈ ਕਿ ਇਸ ਵਿਵਾਦ ਨਾਲ ਸੰਸਥਾ ਦੇ ਅਕਸ ਨੂੰ ਨੁਕਸਾਨ ਪਹੁੰਚ ਰਿਹਾ ਹੈ। ਉਹ ਮੰਗ ਕਰ ਰਹੇ ਹਨ ਕਿ ਜਾਂ ਤਾਂ ਦੋਸ਼ਾਂ ਦੀ ਨਿਰਪੱਖ ਜਾਂਚ ਹੋਵੇ ਜਾਂ ਫਿਰ ਜੇਕਰ ਦੋਸ਼ ਝੂਠੇ ਹਨ ਤਾਂ ਉਹ ਸਾਬਤ ਕੀਤਾ ਜਾਵੇ। ਇਸ ਸਮੇਂ ਸਥਿਤੀ ਇਹ ਹੈ ਕਿ ਗਿਆਨੀ ਰਘਬੀਰ ਸਿੰਘ ਆਪਣੀ ਸੇਵਾਮੁਕਤੀ ਨੂੰ ਸਵੀਕਾਰ ਕਰ ਚੁੱਕੇ ਹਨ ਪਰ ਉਹਨਾਂ ਨੇ ਆਪਣੇ ਦੋਸ਼ਾਂ 'ਤੇ ਕਾਇਮ ਰਹਿੰਦਿਆਂ ਭਵਿੱਖ ਵਿੱਚ ਸਬੂਤ ਪੇਸ਼ ਕਰਨ ਦੀ ਗੱਲ ਕਹੀ ਹੈ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਪ੍ਰਬੰਧਨ ਇਸਨੂੰ ਅਨੁਸ਼ਾਸਨੀ ਕਾਰਵਾਈ ਕਰਾਰ ਦੇ ਰਿਹਾ ਹੈ। ਇਸ ਸਾਰੇ ਵਰਤਾਰੇ ਵਿੱਚ ਸੰਗਤਾਂ ਵਿੱਚ ਭਰਮ ਦੀ ਸਥਿਤੀ ਬਣੀ ਹੋਈ ਹੈ। ਸਿੱਖ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਇੱਕ ਜ਼ਿੰਮੇਵਾਰ ਅਹੁਦੇ 'ਤੇ ਬੈਠੇ ਗਿਆਨੀ ਰਘਬੀਰ ਸਿੰਘ ਵਰਗੀ ਸ਼ਖ਼ਸੀਅਤ ਨੂੰ ਅਜਿਹੇ ਗੰਭੀਰ ਦੋਸ਼ ਲਗਾਉਣ ਤੋਂ ਪਹਿਲਾਂ ਅੰਦਰੂਨੀ ਪੱਧਰ 'ਤੇ ਜਾਂਚ ਕਰਵਾਉਣੀ ਚਾਹੀਦੀ ਸੀ ਜਾਂ ਸਿੱਧੇ ਸਬੂਤ ਪੇਸ਼ ਕਰਨੇ ਚਾਹੀਦੇ ਸਨ।

ਮੀਡੀਆ ਵਿੱਚ ਜਾਣ ਨੂੰ ਸਿਖ ਬੁਧੀਜੀਵੀ 'ਸੰਸਥਾ ਦੀ ਬਦਨਾਮੀ' ਮੰਨਦੇ ਹਨ। ਜਦੋਂ 19 ਫਰਵਰੀ ਨੂੰ ਅੰਤ੍ਰਿੰਗ ਕਮੇਟੀ ਨੇ ਉਨ੍ਹਾਂ ਨੂੰ 72 ਘੰਟਿਆਂ ਦਾ ਨੋਟਿਸ ਦਿੱਤਾ, ਤਾਂ ਇਹ ਇੱਕ ਅਧਿਕਾਰਤ ਮੌਕਾ ਸੀ। ਜੇਕਰ ਉਨ੍ਹਾਂ ਕੋਲ ਸੱਚਮੁੱਚ ਸਬੂਤ ਸਨ, ਤਾਂ ਉਹ ਉਸ ਨੋਟਿਸ ਦੇ ਜਵਾਬ ਵਿੱਚ ਪੇਸ਼ ਕੀਤੇ ਜਾਣੇ ਚਾਹੀਦੇ ਸਨ।

## ਜਵਾਬਦੇਹੀ ਦੇ ਤਿੰਨ ਮੁੱਖ ਥੰਮ੍ਹ

ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ: ਇਹ ਐਕਟ ਤਹਿਤ ਸਭ ਤੋਂ ਮਜ਼ਬੂਤ ਸੰਦ ਹੈ। ਜੇਕਰ ਕਿਸੇ ਉੱਤੇ ਭ੍ਰਿਸ਼ਟਾਚਾਰ ਦੇ ਪੁਖ਼ਤਾ ਸਬੂਤ ਹਨ, ਤਾਂ ਇਹ ਕਮਿਸ਼ਨ ਸਬੂਤਾਂ ਦੇ ਆਧਾਰ 'ਤੇ ਜਾਂਚ ਕਰ ਸਕਦਾ ਹੈ ਅਤੇ ਫੈਸਲਾ ਸੁਣਾ ਸਕਦਾ ਹੈ। ਇਹ ਸਿਵਲ ਕੋਰਟ ਵਾਂਗ ਕੰਮ ਕਰਦਾ ਹੈ।

ਸਾਲਾਨਾ ਬਜਟ ਇਜਲਾਸ: ਸ਼੍ਰੋਮਣੀ ਕਮੇਟੀ ਦਾ ਜਨਰਲ ਹਾਊਸ ਹਰ ਸਾਲ ਬਜਟ ਪਾਸ ਕਰਦਾ ਹੈ। ਜੇਕਰ ਚੁਣੇ ਹੋਏ ਮੈਂਬਰ ਚਾਹੁਣ, ਤਾਂ ਉਹ ਇਸ ਇਜਲਾਸ ਦੌਰਾਨ ਵਿੱਤੀ ਖਰਚਿਆਂ 'ਤੇ ਸਵਾਲ ਉਠਾ ਸਕਦੇ ਹਨ ਅਤੇ ਜਵਾਬਤਲਬੀ ਕਰ ਸਕਦੇ ਹਨ।

ਸਰਕਾਰੀ ਆਡਿਟ: ਐਕਟ ਦੇ ਨਿਯਮਾਂ ਅਨੁਸਾਰ, ਗੁਰਦੁਆਰਾ ਫੰਡਾਂ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਆਡਿਟ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ, ਜੋ ਕਿ ਪਾਰਦਰਸ਼ਤਾ ਲਈ ਜ਼ਰੂਰੀ ਹਨ।

## ਇਸ ਮਾਮਲੇ ਦੀ ਕੌਣ ਜਾਂਚ ਕਰ ਸਕਦਾ ਹੈ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੱਕ ਵਿਧਾਨਕ ਸੰਸਥਾ ਹੈ ਜੋ 'ਸਿੱਖ ਗੁਰਦੁਆਰਾ ਐਕਟ, 1925' ਤਹਿਤ ਕੰਮ ਕਰਦੀ ਹੈ। ਇਸ ਲਈ, ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਂਚ ਦੀ ਪ੍ਰਕਿਰਿਆ ਆਮ ਪ੍ਰਾਈਵੇਟ ਕੰਪਨੀਆਂ ਨਾਲੋਂ ਵੱਖਰੀ ਹੁੰਦੀ ਹੈ। ਇਸ ਮਾਮਲੇ ਦੀ ਜਾਂਚ ਦੇ ਮੁੱਖ ਤੌਰ 'ਤੇ ਤਿੰਨ ਪੱਖ ਹੋ ਸਕਦੇ ਹਨ:

ਧਾਰਮਿਕ ਅਤੇ ਸੰਸਥਾਗਤ ਪੱਧਰ-ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਜਾਂ ਜਨਰਲ ਹਾਊਸ ਖੁਦ ਇੱਕ ਉੱਚ-ਪੱਧਰੀ ਜਾਂਚ ਕਮੇਟੀ ਬਣਾ ਸਕਦੇ ਹਨ। ਆਮ ਤੌਰ 'ਤੇ ਅਜਿਹੇ ਮਾਮਲਿਆਂ ਵਿੱਚ ਮਾਣਯੋਗ ਮੈਂਬਰਾਂ ਜਾਂ ਸੇਵਾ-ਮੁਕਤ ਜੱਜਾਂ ਦੀ ਇੱਕ ਕਮੇਟੀ ਬਣਾਈ ਜਾਂਦੀ ਹੈ ਜੋ ਸਬੂਤਾਂ ਦੀ ਪੜਤਾਲ ਕਰਦੀ ਹੈ।


ਜੇਕਰ ਸੰਸਥਾ ਦੇ ਅੰਦਰੂਨੀ ਪ੍ਰਬੰਧ ਜਾਂ ਅਹੁਦੇਦਾਰਾਂ ਦੀ ਨੈਤਿਕਤਾ 'ਤੇ ਸਵਾਲ ਉੱਠਦੇ ਹਨ, ਤਾਂ ਸਿੱਖ ਸੰਗਤ ਅਤੇ ਸੰਸਥਾ ਦੀ ਆਖਰੀ ਅਥਾਰਟੀ ਸ੍ਰੀ ਅਕਾਲ ਤਖ਼ਤ ਸਾਹਿਬ ਹੈ। ਜਥੇਦਾਰ ਸਾਹਿਬ ਇਸ ਮਾਮਲੇ ਦਾ ਨੋਟਿਸ ਲੈ ਕੇ ਜਾਂਚ ਲਈ ਪੰਜ ਸਿੰਘ ਸਾਹਿਬਾਨ ਦੀ ਕਮੇਟੀ ਜਾਂ ਕੋਈ ਹੋਰ ਵਿਸ਼ੇਸ਼ ਕਮੇਟੀ ਗਠਿਤ ਕਰ ਸਕਦੇ ਹਨ।

ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਸਿੱਖ ਗੁਰਦੁਆਰਾ ਐਕਟ ਤਹਿਤ ਇੱਕ ਨਿਰਧਾਰਤ ਅਦਾਲਤੀ ਸੰਸਥਾ ਹੈ। ਜੇਕਰ ਮਾਮਲਾ ਵਿੱਤੀ ਬੇਨਿਯਮੀਆਂ ਜਾਂ ਐਕਟ ਦੀ ਉਲੰਘਣਾ ਨਾਲ ਜੁੜਿਆ ਹੋਇਆ ਹੈ, ਤਾਂ ਕੋਈ ਵੀ ਸਬੰਧਤ ਧਿਰ ਜਾਂ ਮੈਂਬਰ ਇਸ ਕਮਿਸ਼ਨ ਕੋਲ ਪਹੁੰਚ ਕਰ ਸਕਦਾ ਹੈ। ਇਹ ਕਮਿਸ਼ਨ ਇੱਕ ਅਦਾਲਤ ਵਾਂਗ ਕੰਮ ਕਰਦਾ ਹੈ ਅਤੇ ਮਾਮਲੇ ਦੀ ਕਾਨੂੰਨੀ ਜਾਂਚ ਕਰਵਾ ਸਕਦਾ ਹੈ। ਜੇਕਰ ਭ੍ਰਿਸ਼ਟਾਚਾਰ ਦੇ ਪੁਖ਼ਤਾ ਸਬੂਤ ਹੋਣ ਅਤੇ ਅੰਦਰੂਨੀ ਜਾਂਚ 'ਤੇ ਭਰੋਸਾ ਨਾ ਹੋਵੇ, ਤਾਂ ਕੋਈ ਵੀ ਵਿਅਕਤੀ ਜਾਂ ਸੰਸਥਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਸਕਦੀ ਹੈ। ਅਦਾਲਤ ਨਿਰਪੱਖ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਜਾਂ ਕਿਸੇ ਬਾਹਰੀ ਏਜੰਸੀ ਨੂੰ ਜਾਂਚ ਦੇ ਹੁਕਮ ਦੇ ਸਕਦੀ ਹੈ।

ਸ਼੍ਰੋਮਣੀ ਕਮੇਟੀ ਦੇ ਆਪਣੇ ਵਿੱਤੀ ਆਡਿਟ ਵਿਭਾਗ ਹੁੰਦੇ ਹਨ। ਜੇਕਰ ਸਵਾਲ ਵਿੱਤੀ ਘਪਲਿਆਂ ਬਾਰੇ ਹਨ, ਤਾਂ ਕਮੇਟੀ ਦੇ ਅੰਦਰੂਨੀ ਆਡਿਟ ਤੋਂ ਇਲਾਵਾ ਇੱਕ ਸੁਤੰਤਰ ਆਡਿਟ ਫਰਮ ਤੋਂ ਜਾਂਚ ਕਰਵਾਈ ਜਾ ਸਕਦੀ ਹੈ, ਜਿਸ ਦੀ ਰਿਪੋਰਟ ਜਨਤਕ ਕੀਤੀ ਜਾ ਸਕਦੀ ਹੈ।

### ਕੌਣ ਜਾਂਚ ਕਰਵਾ ਸਕਦਾ ਹੈ ?

ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੇ ਮੈਂਬਰ ਇਕੱਠੇ ਹੋ ਕੇ ਜਾਂਚ ਦੀ ਮੰਗ ਕਰ ਸਕਦੇ ਹਨ। ਜੇਕਰ ਸੰਗਤਾਂ ਵਿੱਚ ਵਿਆਪਕ ਰੋਸ ਹੋਵੇ, ਤਾਂ ਦਬਾਅ ਬਣਾ ਕੇ ਜਾਂਚ ਲਈ ਮਜਬੂਰ ਕੀਤਾ ਜਾ ਸਕਦਾ ਹੈ। ਜੇਕਰ ਕਿਸੇ ਨੇ ਆਈ.ਪੀ.ਸੀ. ਤਹਿਤ ਅਪਰਾਧਿਕ ਸ਼ਿਕਾਇਤ ਦਰਜ ਕਰਵਾਈ ਹੋਵੇ, ਤਾਂ ਪੁਲਿਸ ਜਾਂਚ ਵੀ ਇੱਕ ਰਸਤਾ ਹੋ ਸਕਦਾ ਹੈ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** ਵਿਚਾਰ :– ਇਕ ਅਮੀਰ ਵਿਅਕਤੀ ਉਹ ਹੁੰਦਾ ਹੈ ਜੋ ਘੱਟ ਤੋਂ ਘੱਟ ਚੀਜਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਰੱਖਦਾ ਹੈ ।

# 'ਆਪ' ਸਰਕਾਰ ਦੀ ਮੇਰੀ ਰਸੋਈ' ਅਤੇ ਪੰਜਾਬ ਦਾ ਡੁੱਬਦਾ ਵਿੱਤੀ ਜਹਾਜ਼ : ਇੱਕ ਤਿੱਖੀ ਸਮੀਖਿਆ

ਪੰਜਾਬ ਦੀ ਰਾਜਨੀਤੀ ਵਿੱਚ 'ਮੇਰੀ ਰਸੋਈ' ਯੋਜਨਾ ਦਾ ਐਲਾਨ ਕੋਈ ਨਵੀਂ ਕ੍ਰਾਂਤੀ ਨਹੀਂ, ਸਗੋਂ ਉਸੇ ਪੁਰਾਣੀ, ਖੋਖਲੀ ਰਾਜਨੀਤੀ ਦਾ ਇੱਕ ਹੋਰ ਅਧਿਆਇ ਹੈ, ਜਿਸਨੇ ਪੰਜਾਬ ਨੂੰ ਪਿਛਲੇ ਦੋ ਦਹਾਕਿਆਂ ਵਿੱਚ ਆਰਥਿਕ ਤਬਾਹੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਆਮ ਆਦਮੀ ਪਾਰਟੀ ਜਿਸਨੇ ਸੱਤਾ ਵਿੱਚ ਆਉਣ ਵੇਲੇ 'ਬਦਲਾਅ' ਦਾ ਨਾਅਰਾ ਦਿੱਤਾ ਸੀ, ਅੱਜ ਉਹੀ 'ਆਟਾ-ਦਾਲ' ਵਾਲੀ ਪੁਰਾਣੀ ਸਕ੍ਰਿਪਟ 'ਤੇ ਨਵੇਂ ਮਸਾਲੇ ਛਿੜਕ ਕੇ ਆਪਣੀ ਸਿਆਸੀ ਕਿਸ਼ਤੀ ਪਾਰ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਸਵਾਲ ਇਹ ਨਹੀਂ ਹੈ ਕਿ ਗਰੀਬਾਂ ਨੂੰ ਰਾਸ਼ਨ ਕਿਉਂ ਦਿੱਤਾ ਜਾ ਰਿਹਾ ਹੈ; ਸਵਾਲ ਇਹ ਹੈ ਕਿ ਕੀ ਇਹ ਯੋਜਨਾ ਇੱਕ ਸੁਚਾਰੂ ਵਿਕਾਸ ਮਾਡਲ ਹੈ ਜਾਂ ਸਿਰਫ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਨੂੰ ਸਾਹਮਣੇ ਰੱਖ ਕੇ ਖੇਡੀ ਗਈ ਇੱਕ ਸਿਆਸੀ ਚਾਲ ? ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਇਹੀ 'ਆਟਾ-ਦਾਲ' ਸਕੀਮ ਵੋਟ ਬੈਂਕ ਦਾ ਮੁੱਖ ਹਥਿਆਰ ਸੀ। ਅੱਜ, 'ਮੇਰੀ ਰਸੋਈ' ਦਾ ਨਾਮ ਦੇ ਕੇ ਇਸਨੂੰ 'ਨਵੀਂ ਪਹਿਲ' ਦੱਸਣਾ, ਜਨਤਾ ਦੀ ਸੂਝਬੂਝ ਦਾ ਮਜ਼ਾਕ ਉਡਾਉਣ ਵਰਗਾ ਹੈ। ਇਹ ਸਾਬਤ ਕਰਦਾ ਹੈ ਕਿ ਸਰਕਾਰ ਕੋਲ ਰੁਜ਼ਗਾਰ, ਸਿੱਖਿਆ ਅਤੇ ਉਦਯੋਗੀਕਰਨ ਦੇ ਖੇਤਰ ਵਿੱਚ ਦਿਖਾਉਣ ਲਈ ਕੋਈ ਠੋਸ ਪ੍ਰਾਪਤੀ ਨਹੀਂ ਹੈ।

ਪੰਜਾਬ ਦਾ ਕਰਜ਼ਾ 4.17 ਲੱਖ ਕਰੋੜ ਰੁਪਏ ਨੂੰ ਪਾਰ ਕਰ ਚੁੱਕਾ ਹੈ। ਸੂਬੇ ਦੇ ਬਜਟ ਦਾ ਇੱਕ ਵੱਡਾ ਹਿੱਸਾ ਸਿਰਫ਼ ਪੁਰਾਣੇ ਕਰਜ਼ਿਆਂ ਦਾ ਵਿਆਜ ਚੁਕਾਉਣ ਵਿੱਚ ਹੀ ਖ਼ਤਮ ਹੋ ਜਾਂਦਾ ਹੈ। ਅਜਿਹੇ ਗੰਭੀਰ ਵਿੱਤੀ ਸੰਕਟ ਵਿੱਚ, 1,000 ਕਰੋੜ ਰੁਪਏ ਦਾ ਹੋਰ ਵਾਧੂ ਬੋਝ ਪਾਉਣਾ ਕਿੱਥੋਂ ਤੱਕ ਜਾਇਜ਼ ਹੈ ?

ਜਦੋਂ ਸਰਕਾਰ ਕੋਲ ਆਪਣੇ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਅਤੇ ਬੁਨਿਆਦੀ ਢਾਂਚੇ ਲਈ ਪੈਸੇ ਦੀ ਕਿੱਲਤ ਹੈ, ਤਾਂ ਇਹ ਮੁਫਤ ਰਾਸ਼ਨ ਦਾ ਐਲਾਨ ਕਿਸ ਬਲਬੂਤੇ 'ਤੇ ਕੀਤਾ ਜਾ ਰਿਹਾ ਹੈ ? ਸਾਫ਼ ਹੈ, ਇਸ ਲਈ ਵੀ ਹੋਰ ਕਰਜ਼ਾ ਹੀ ਲਿਆ ਜਾਵੇਗਾ।

ਇਹ ਸਕੀਮ 'ਖਪਤ' ਵਧਾਉਂਦੀ ਹੈ, 'ਉਤਪਾਦਨ' ਨਹੀਂ। ਜੇਕਰ ਇਹੀ 1,000 ਕਰੋੜ ਰੁਪਏ ਪੰਜਾਬ ਦੇ ਖੇਤੀਬਾੜੀ-ਆਧਾਰਿਤ ਉਦਯੋਗਾਂ ਵਿੱਚ ਲਗਾਏ ਜਾਂਦੇ, ਤਾਂ ਨਾ ਸਿਰਫ਼ ਨੌਜਵਾਨਾਂ ਨੂੰ ਰੁਜ਼ਗਾਰ ਮਿਲਦਾ, ਸਗੋਂ ਰਾਜ ਦੀ ਆਮਦਨ ਵਿੱਚ ਵੀ ਵਾਧਾ ਹੁੰਦਾ। ਮੁਫਤ ਦੀਆਂ ਸਕੀਮਾਂ ਸਿਰਫ਼ ਚੋਣਾਂ ਜਿੱਤਣ ਦਾ ਜ਼ਰੀਆ ਹਨ, ਨਾ ਕਿ ਸਮਾਜਿਕ ਉਥਾਨ ਦਾ। ਇਹ ਇੱਕ ਅਜਿਹਾ 'ਡਰੱਗ' ਹੈ ਜਿਸਦੀ ਆਦਤ ਪੈ ਜਾਣ ਤੋਂ ਬਾਅਦ ਜਨਤਾ ਨੂੰ ਹਰ ਵਾਰ ਚੋਣਾਂ ਤੋਂ ਪਹਿਲਾਂ ਇਹੀ ਉਮੀਦ ਰਹਿੰਦੀ ਹੈ।

ਸਰਕਾਰ ਨੇ ਮਾਰਕਫੈਡ ਨੂੰ ਸਿਰਫ਼ ਰਾਸ਼ਨ ਵੰਡਣ ਵਾਲੀ ਏਜੰਸੀ ਬਣਾ ਕੇ ਰੱਖ ਦਿੱਤਾ ਹੈ। ਇੱਕ ਕੋਆਪਰੇਟਿਵ ਮਾਰਕੀਟਿੰਗ ਸੰਸਥਾ ਦਾ ਅਸਲ ਕੰਮ ਉਤਪਾਦਾਂ ਦੀ ਪ੍ਰੋਸੈਸਿੰਗ ਅਤੇ ਬ੍ਰਾਂਡਿੰਗ ਕਰਕੇ ਕਿਸਾਨਾਂ ਨੂੰ ਵੱਧ ਮੁਨਾਫਾ ਦਿਵਾਉਣਾ ਸੀ, ਨਾ ਕਿ ਕਿੱਟਾਂ ਪੈਕ ਕਰਕੇ ਵੰਡਣਾ।

ਰਾਸ਼ਨ ਦੇਣ ਨਾਲ ਗਰੀਬੀ ਦੂਰ ਨਹੀਂ ਹੁੰਦੀ। ਗਰੀਬੀ ਦੂਰ ਕਰਨ ਲਈ ਮਿਆਰੀ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਲੋੜ ਹੈ। ਸਰਕਾਰ 'ਮੁਫਤ ਖਾਣਾ' ਦੇ ਕੇ ਇਹ ਜਤਾ ਰਹੀ ਹੈ ਕਿ 'ਅਸੀਂ ਤੁਹਾਨੂੰ ਭੁੱਖੇ ਨਹੀਂ ਮਰਨ ਦਿਆਂਗੇ', ਪਰ ਇਹ ਕੋਈ ਰਾਜਨੀਤਿਕ ਵਿਜ਼ਨ ਨਹੀਂ ਹੈ, ਇਹ ਤਾਂ ਸਿਰਫ਼ ਇੱਕ ਚੋਣਾਂ ਜਿੱਤਣ ਦਾ ਘਟੀਆ ਨੁਸਖਾ ਹੈ।

ਜੇਕਰ ਅਸੀਂ ਇਸ ਸਥਿਤੀ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰੀਏ, ਤਾਂ ਇਹ ਸਾਫ਼ ਹੈ ਕਿ ਇਹ ਯੋਜਨਾ ਪੰਜਾਬ ਦੀ ਆਰਥਿਕਤਾ ਲਈ ਇੱਕ 'ਸਲੋ ਪੋਇਜ਼ਨ' (ਹੌਲੀ ਜ਼ਹਿਰ) ਵਾਂਗ ਹੈ। ਸਰਕਾਰਾਂ ਬਦਲਦੀਆਂ ਹਨ, ਪਾਰਟੀਆਂ ਬਦਲਦੀਆਂ ਹਨ, ਪਰ ਪੰਜਾਬ ਦੇ ਵਿੱਤੀ ਸੰਕਟ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਉਹੀ ਰਹਿੰਦੀ ਹੈ। ਮੁਫਤ ਦੀਆਂ ਸਕੀਮਾਂ ਦੇ ਚੱਕਰ ਵਿੱਚ, ਅਸਲ ਵਿਕਾਸ ਦੇ ਮੁੱਦੇ ਪਿੱਛੇ ਧੱਕ ਦਿੱਤੇ ਜਾਂਦੇ ਹਨ।

ਅੰਤ ਵਿੱਚ, ਇਹ ਸਿਰਫ਼ 'ਮਸਾਲੇ' ਜੋੜਨ ਦੀ ਗੱਲ ਨਹੀਂ ਹੈ, ਸਗੋਂ ਪੰਜਾਬ ਦੇ ਭਵਿੱਖ ਨਾਲ ਖੇਡਣ ਦੀ ਗੱਲ ਹੈ। ਜਦੋਂ ਤੱਕ ਸਰਕਾਰ 'ਮੁਫਤਖੋਰੀ' ਦੀ ਰਾਜਨੀਤੀ ਛੱਡ ਕੇ 'ਰੁਜ਼ਗਾਰ' ਅਤੇ 'ਉਤਪਾਦਨ' ਦੀ ਰਾਜਨੀਤੀ ਨਹੀਂ ਅਪਣਾਏਗੀ, ਉਦੋਂ ਤੱਕ ਪੰਜਾਬ ਦਾ ਡੁੱਬਦਾ ਵਿੱਤੀ ਜਹਾਜ਼ ਕਦੇ ਸੁਰੱਖਿਅਤ ਕਿਨਾਰੇ ਨਹੀਂ ਲੱਗੇਗਾ।

-ਰਜਿੰਦਰ ਸਿੰਘ ਪੁਰੇਵਾਲ

# ਈਰਾਨ ਨੂੰ ਮਿਲਿਆ ਨਵਾਂ ਸੁਪਰੀਮ ਲੀਡਰ, ਮੋਜਤਬਾ ਖ਼ਾਮੇਨੇਈ ਦੇ ਨਾਂਅ 'ਤੇ ਲੱਗੀ ਮੋਹਰ



ਤਹਿਰਾਨ : ਈਰਾਨ ਵਿੱਚ ਜਾਰੀ ਭਾਰੀ ਸਿਆਸੀ ਉਥਲ-ਪੁਥਲ ਅਤੇ ਅਮਰੀਕਾ-ਇਜ਼ਰਾਈਲ ਨਾਲ ਵਧਦੇ ਤਣਾਅ ਦੇ ਵਿਚਕਾਰ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਰਿਪੋਰਟਾਂ ਮੁਤਾਬਕ, ਅਯਾਤੁੱਲਾ ਅਲੀ ਖ਼ਾਮੇਨੇਈ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਬੇਟੇ ਮੋਜਤਬਾ ਖ਼ਾਮੇਨੇਈ ਨੂੰ ਈਰਾਨ ਦਾ ਨਵਾਂ ਸਰਵਉੱਚ ਨੇਤਾ ਚੁਣ ਲਿਆ ਗਿਆ ਹੈ। ਦੇਸ਼ ਦੀ ਪ੍ਰਭਾਵਸ਼ਾਲੀ ਸੰਸਥਾ 'ਅਸੈਂਬਲੀ ਆਫ਼ ਐਕਸਪਰਟਸ', ਜਿਸ ਵਿੱਚ 88 ਸੀਨੀਅਰ ਮੌਲਵੀ ਸ਼ਾਮਲ ਹਨ, ਨੇ 56 ਸਾਲਾ ਮੋਜਤਬਾ ਦੇ ਨਾਂਅ 'ਤੇ ਆਪਣੀ ਮੋਹਰ ਲਗਾ ਦਿੱਤੀ ਹੈ।

**NEWS & VIEWS**

# IRAN WAR AND TRANSNATIONAL ISLAMIC *JIHAD*


Gurmukh Singh OBE

US-led invasion of Iran, prompts us to re-visit the Islamic concept of *jihad*, *holy war* in the name of Islam. Late S. Gurbachan Singh Sidhu and I explored this topic in our joint study of *Sikh Religion and Islam* in 2001(electronic link at footnote).

Some Muslims believe that all true Muslims should join jihad as their religious duty, to *promote a global Islamic revolution.* From the Islamic viewpoint, *Jihad* is like *dharam yudh* in Sikhi, a religious war for the righteous cause. It means *striving or struggling in the way of God.* It refers to the inner spiritual struggle against sin and outer struggle to defend Islam.

Converting non-Muslims to Islam is one aspect of Jihad where Sikhi and Islam part company. In fact, Sikhs actively oppose conversions by force, or by direct or indirect incentives. Starting with Guru Tegh Bahadur, Sikhs have made many sacrifices for religious freedom of all.

Regarding forced conversions and cruelty inflicted in the name of Islam, Guru Arjan Sahib reminded Muslim rulers of His day:

ਮੁਸਲਮਾਣੁ ਮੋਮ ਦਿਲਿ ਹੋਵੈ ॥ ll To be Muslim is to be kind-hearted (SGGS Ang 1084).

Guru Nanak Sahib reminds us that the True Guru, or, as is the Islamic belief, the one chosen by God, unites humanity:

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥

O Nanak, know Him as the True Guru, who unites all with the Lord. ||10|| (SGGS Ang 72)

Regrettably, extreme interpretation of Islamic concept of *Jihad* continues to drive the world towards transnational global conflict. According to sources, terrorist networks driven by *violent jihad*, are operating across the Middle East, Africa, Asia, and Europe. Western countries led by the US, regard them as a global threat to international peace and security and continue to take military action against countries like Iran.

It should be understood that there are different interpretations of the Holy Quran among Muslims themselves on what is a religious war or jihad. The Islamic stance needs to be understood from the Islamic world-view. The Islamic belief is that Islam is the one and only correct path to the ultimate goal of this life. Followers of other religious ideologies (including the Sikhs) would hold similar, albeit, subjective views about their own chosen paths. The difficulty arises when religious codes legislate for open discrimination against other systems.

Sikhism is opposed to spreading religion through war. The nearest concept to Jihad is *dharam yudh* (fight for justice or the righteous cause). Use of force for propagating religion runs contrary to Sikh belief and practice. The divinely inspired compositions of Muslim and Hindu saints have been included in Sri Guru Granth Sahib and given the same status as the hymns of the Sikh Gurus. Sikhism, therefore, demonstrably preaches that no single ideology has the monopoly of access to God or the Ultimate Truth. The Sikh Gurus went further when Guru Tegh Bahadhur (Nanak IX) gave His life to uphold the right of another religion, Hinduism at the time, to follow own path.

However, Sikhism is not opposed to the use of force per se (albeit strictly as a last resort) for defending freedom to practise religion or civil rights against an aggressor.

According to analysts, *the violent jihadist movement poses a complex, evolving, and dangerous threat to global stability, necessitating a combination of security, political, and ideological responses.* Outdated religious ideologies, Western or Eastern, need re-interpretation under universal human rights.

Further reading:
sikh-religion-and-islam-a-comparative-study-gurbachan-singh-sidhu-gurmukh-singh.pdf

Gurmukh Singh OBE, Ret'd Principal Civil Servant (UK) sewauk2005@yahoo.co.uk

# ਕਾਂਗਰਸ ਦੀ ਨਵੀਂ ਚੋਣ ਰਣਨੀਤੀ: ਬਿਨਾਂ ਸੀਐੱਮ ਚਿਹਰੇ ਮੈਦਾਨ ਵਿਚ ਉਤਰੇਗੀ ਪਾਰਟੀ

## ✪ ਕੀ 'ਟੀਮ ਪਲੇਅਰ' ਫਾਰਮੂਲਾ ਬਚਾਏਗਾ ਕਾਂਗਰਸ ਦੀ ਡੁਬਦੀ ਬੇੜੀ ?

## ✪ 'ਟੀਮ ਪਲੇਅਰ ਬਣੋ ਜਾਂ ਬਾਹਰ ਜਾਓ': ਰਾਹੁਲ ਗਾਂਧੀ ਦੀ ਸਖ਼ਤ ਚੇਤਾਵਨੀ

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜਣ ਤੋਂ ਪਹਿਲਾਂ ਹੀ ਕਾਂਗਰਸ ਨੇ ਇੱਕ ਅਹਿਮ ਨੀਤੀਗਤ ਫ਼ੈਸਲਾ ਲਿਆ ਹੈ। ਡੇਢ ਦਹਾਕੇ ਤੋਂ ਚੱਲੀ ਆ ਰਹੀ 'ਮੁੱਖ ਮੰਤਰੀ ਦੇ ਚਿਹਰੇ' ਵਾਲੀ ਸਿਆਸਤ ਨੂੰ ਤਿਆਗ ਕੇ, ਪਾਰਟੀ ਹੁਣ 'ਸਮੂਹਿਕ ਲੀਡਰਸ਼ਿਪ' ਦੇ ਫਾਰਮੂਲੇ 'ਤੇ ਅੱਗੇ ਵਧ ਰਹੀ ਹੈ। ਪਾਰਟੀ ਹਾਈਕਮਾਂਡ ਦਾ ਇਹ ਫ਼ੈਸਲਾ ਸਿਰਫ਼ ਇੱਕ ਚੋਣ ਰਣਨੀਤੀ ਨਹੀਂ, ਸਗੋਂ ਪਿਛਲੇ ਸਾਲਾਂ ਦੀਆਂ ਗ਼ਲਤੀਆਂ ਤੋਂ ਸਿੱਖਿਆ ਗਿਆ ਇੱਕ ਸਬਕ ਹੈ। ਬਰਨਾਲਾ ਰੈਲੀ ਵਿੱਚ ਰਾਹੁਲ ਗਾਂਧੀ ਦੇ ਸਪੱਸ਼ਟ ਸੰਦੇਸ਼ ਤੋਂ ਬਾਅਦ ਇਹ ਸਾਫ਼ ਹੋ ਗਿਆ ਹੈ ਕਿ ਕਾਂਗਰਸ ਇਸ ਵਾਰ ਵਿਅਕਤੀ-ਕੇਂਦਰਿਤ ਸਿਆਸਤ ਦੀ ਬਜਾਏ, ਸਮੂਹਿਕ ਤਾਕਤ ਨਾਲ ਮੈਦਾਨ ਵਿੱਚ ਉਤਰੇਗੀ।

ਕਾਂਗਰਸ ਨੇ 2012, 2017 ਅਤੇ 2022 ਦੀਆਂ ਚੋਣਾਂ ਵਿੱਚ ਵੱਖੋ-ਵੱਖਰੇ ਤਜ਼ਰਬੇ ਕੀਤੇ ਸਨ। 2022 ਵਿੱਚ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣਾ ਪਾਰਟੀ ਲਈ ਇੱਕ ਵੱਡਾ ਪ੍ਰਯੋਗ ਸੀ, ਜੋ ਅੰਦਰੂਨੀ ਕਲੇਸ਼ ਅਤੇ ਧੜੇਬਾਜ਼ੀ ਕਾਰਨ ਉਲਟਾ ਪੈ ਗਿਆ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਨਾਲ ਪਾਰਟੀ ਦੇ ਬਾਕੀ ਦਿੱਗਜ ਆਗੂਆਂ ਵਿੱਚ ਅਸੰਤੁਸ਼ਟੀ ਵਧ ਜਾਂਦੀ ਹੈ, ਜਿਸ ਨਾਲ ਪਾਰਟੀ ਦਾ ਕਾਡਰ ਵੀ ਵੰਡਿਆ ਜਾਂਦਾ ਹੈ।

ਇਸ ਵਾਰ ਪਾਰਟੀ ਦੇ ਸੂਬਾ ਇੰਚਾਰਜ ਭੁਪੇਸ਼ ਬਘੇਲ ਅਤੇ ਹਾਈਕਮਾਂਡ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਚੋਣਾਂ 'ਸਮੂਹਿਕ ਲੀਡਰਸ਼ਿਪ' ਹੇਠ ਲੜੀਆਂ ਜਾਣਗੀਆਂ। ਇਸ ਦੇ ਪਿੱਛੇ ਮੁੱਖ ਕਾਰਨ ਹਨ:


* ਕੋਈ ਇੱਕ ਚਿਹਰਾ ਨਾ ਹੋਣ ਕਾਰਨ, ਸਾਰੇ ਸੀਨੀਅਰ ਆਗੂਆਂ ਨੂੰ ਆਪਣੀ ਤਾਕਤ ਸਾਬਿਤ ਕਰਨ ਲਈ ਸਖ਼ਤ ਮਿਹਨਤ ਕਰਨੀ ਪਵੇਗੀ।

* ਹਰ ਆਗੂ ਨੂੰ ਆਪਣੇ ਹਲਕੇ ਅਤੇ ਪ੍ਰਭਾਵ ਵਾਲੇ ਖੇਤਰ ਵਿੱਚ ਉਮੀਦਵਾਰਾਂ ਨੂੰ ਜਿਤਾਉਣ ਦੀ ਜ਼ਿੰਮੇਵਾਰੀ ਲੈਣੀ ਹੋਵੇਗੀ।

* ਚੰਨੀ, ਰਾਜਾ ਵੜਿੰਗ, ਸੁਖਜਿੰਦਰ ਰੰਧਾਵਾ ਅਤੇ ਰਾਣਾ ਗੁਰਜੀਤ ਸਿੰਘ ਵਰਗੇ ਕਈ ਦਾਅਵੇਦਾਰਾਂ ਨੂੰ ਇੱਕੋ ਪੱਧਰ 'ਤੇ ਰੱਖ ਕੇ ਪਾਰਟੀ ਕਿਸੇ ਇੱਕ ਆਗੂ ਨੂੰ ਅਸੰਤੁਸ਼ਟ ਨਹੀਂ ਕਰਨਾ ਚਾਹੁੰਦੀ।

ਪੰਜਾਬ ਕਾਂਗਰਸ ਦੀ ਲੀਡਰਸ਼ਿਪ ਨੂੰ ਲੈ ਕੇ ਹਾਈਕਮਾਂਡ ਨੇ ਹੁਣ ਤੱਕ ਜੋ ਸੰਕੇਤ ਦਿੱਤੇ ਹਨ, ਉਹ ਸਪੱਸ਼ਟ ਹਨ-ਪਾਰਟੀ ਨੂੰ ਅਜਿਹੇ ਆਗੂਆਂ ਦੀ ਲੋੜ ਹੈ ਜੋ 'ਟੀਮ ਪਲੇਅਰ' ਹੋਣ। ਹਾਈਕਮਾਂਡ ਨੇ ਮਹਿਸੂਸ ਕੀਤਾ ਹੈ ਕਿ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਲੀਡਰਸ਼ਿਪ ਦਾ ਸੰਕਟ ਗਹਿਰਾ ਹੋਇਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਜਾਣ ਤੋਂ ਬਾਅਦ, ਕੋਈ ਵੀ ਅਜਿਹਾ ਆਗੂ ਨਹੀਂ ਉੱਭਰਿਆ ਜਿਸਦਾ ਕੱਦ ਸਾਰਿਆਂ ਨੂੰ ਇੱਕਜੁੱਟ ਕਰ ਸਕੇ।

ਹਾਈਕਮਾਂਡ ਹੁਣ ਵਿਅਕਤੀਗਤ ਮਹੱਤਵਕਾਂਖਿਆਵਾਂ ਦੀ ਬਜਾਏ ਸੰਗਠਨਾਤਮਕ ਮਜ਼ਬੂਤੀ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਦੀ ਭਾਲ ਅਜਿਹੇ ਲੀਡਰਾਂ ਦੀ ਹੈ ਜੋ ਕਾਂਗਰਸ ਦੇ ਪਰੰਪਰਾਗਤ ਵੋਟ ਬੈਂਕ ਨੂੰ ਮੁੜ ਲਾਮਬੰਦ ਕਰ ਸਕਣ ਅਤੇ ਸੂਬੇ ਦੇ ਕਿਸਾਨਾਂ-ਮਜ਼ਦੂਰਾਂ ਨਾਲ ਜੁੜੇ ਮੁੱਦਿਆਂ 'ਤੇ ਸਰਕਾਰ ਨੂੰ ਘੇਰ ਸਕਣ।



ਅਮਰਿੰਦਰ ਸਿੰਘ ਰਾਜਾ ਵੜਿੰਗ ਲਈ ਸੂਬਾ ਪ੍ਰਧਾਨ ਵਜੋਂ ਕਾਰਜਕਾਲ ਇੱਕ ਵੱਡੀ ਪ੍ਰੀਖਿਆ ਰਿਹਾ ਹੈ। ਪਾਰਟੀ ਅੰਦਰ ਉਨ੍ਹਾਂ ਦੀ ਲੀਡਰਸ਼ਿਪ ਨੂੰ ਲੈ ਕੇ ਕਈ ਵਾਰ ਸਵਾਲ ਉੱਠੇ ਹਨ। ਉਨ੍ਹਾਂ ਦੀ ਮੁੱਖ ਚੁਣੌਤੀ ਸੀਨੀਅਰ ਆਗੂਆਂ ਅਤੇ ਪੁਰਾਣੇ ਵਫ਼ਾਦਾਰਾਂ ਵਿਚਕਾਰ ਤਾਲਮੇਲ ਬਿਠਾਉਣਾ ਰਹੀ ਹੈ। ਜਦੋਂ ਲਗਭਗ 30 ਦੇ ਕਰੀਬ ਨੇਤਾਵਾਂ ਨੇ ਹਾਈਕਮਾਂਡ ਤੱਕ ਆਪਣੀ ਨਾਰਾਜ਼ਗੀ ਪਹੁੰਚਾਈ, ਤਾਂ ਇਹ ਸਾਫ਼ ਹੋ ਗਿਆ ਕਿ ਵੜਿੰਗ ਪਾਰਟੀ ਦੇ ਸਾਰੇ ਧੜਿਆਂ ਨੂੰ ਇੱਕਜੁੱਟ ਕਰਨ ਵਿੱਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕੇ ਹਨ। ਉਨ੍ਹਾਂ ਦੀ ਕਮਜ਼ੋਰੀ ਇਹ ਰਹੀ ਹੈ ਕਿ ਉਹ ਪਾਰਟੀ ਦੇ ਅੰਦਰ ਚੱਲ ਰਹੀ ਫੁਟ ਨੂੰ ਰੋਕਣ ਦੀ ਬਜਾਏ, ਕਈ ਵਾਰ ਵਿਵਾਦਾਂ ਵਿੱਚ ਘਿਰੇ ਰਹੇ ਹਨ। ਇੱਕ ਪ੍ਰਧਾਨ ਵਜੋਂ, ਜਿੱਥੇ ਉਨ੍ਹਾਂ ਨੇ ਸੜਕਾਂ 'ਤੇ ਸੰਘਰਸ਼ ਕੀਤਾ ਹੈ, ਉੱਥੇ ਹੀ ਸੰਗਠਨਾਤਮਕ ਪੱਧਰ 'ਤੇ ਉਹ ਪੁਰਾਣੇ ਮਹਾਂਰਥੀਆਂ ਦਾ ਭਰੋਸਾ ਜਿੱਤਣ ਵਿੱਚ ਓਨੀ ਸਫ਼ਲਤਾ ਨਹੀਂ ਦਿਖਾ ਸਕੇ, ਜਿਸਦੀ ਪਾਰਟੀ ਨੂੰ ਲੋੜ ਸੀ।

ਬਰਨਾਲਾ ਵਿੱਚ ਰਾਹੁਲ ਗਾਂਧੀ ਦੀ ਫੇਰੀ ਨੇ ਪੰਜਾਬ ਕਾਂਗਰਸ ਨੂੰ ਨਵੀਂ ਦਿਸ਼ਾ ਦਿੱਤੀ ਹੈ। ਰਾਹੁਲ ਗਾਂਧੀ ਨੇ ਬਹੁਤ ਹੀ ਸਪੱਸ਼ਟ ਸ਼ਬਦਾਂ ਵਿੱਚ ਕਿਹਾ, "ਟੀਮ ਪਲੇਅਰ ਬਣੋ, ਨਹੀਂ ਤਾਂ ਰਿਜ਼ਰਵ ਸੀਟ 'ਤੇ ਬਿਠਾ ਦਿਆਂਗੇ।" ਇਹ ਬਿਆਨ ਸਿੱਧਾ ਉਨ੍ਹਾਂ ਆਗੂਆਂ ਲਈ ਸੀ ਜੋ ਮੁੱਖ ਮੰਤਰੀ ਬਣਨ ਦੇ ਸੁਪਨੇ ਦੇਖ ਕੇ ਪਾਰਟੀ ਦੀ ਏਕਤਾ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਪੰਜਾਬ ਕਾਂਗਰਸ ਦੇ ਆਗੂਆਂ ਨੂੰ ਸਮਝ ਆ ਗਈ ਹੈ ਕਿ ਹਾਈਕਮਾਂਡ ਹੁਣ ਬਿਆਨਬਾਜ਼ੀ ਬਰਦਾਸ਼ਤ ਨਹੀਂ ਕਰੇਗੀ।

ਰਾਹੁਲ ਨੇ ਕੇਂਦਰ ਦੀਆਂ ਨੀਤੀਆਂ ਅਤੇ ਮਜ਼ਦੂਰ-ਕਿਸਾਨ ਮੁੱਦਿਆਂ 'ਤੇ ਜ਼ੋਰ ਦੇ ਕੇ ਪਾਰਟੀ ਨੂੰ ਮੁੜ ਤੋਂ ਲੋਕਾਂ ਦੇ ਮੁੱਦਿਆਂ ਨਾਲ ਜੋੜਿਆ ਹੈ।

ਹੁਣੇ ਜਿਹੇ ਹੋਈ ਰੈਲੀ ਨੇ ਕਾਂਗਰਸੀ ਵਰਕਰਾਂ ਵਿੱਚ ਇੱਕ ਨਵੀਂ ਊਰਜਾ ਭਰੀ ਹੈ, ਜੋ ਪਿਛਲੇ ਕੁਝ ਸਮੇਂ ਤੋਂ ਖਿੰਡੇ ਹੋਏ ਸਨ।

ਕਾਂਗਰਸ ਨੇ ਡੇਢ ਦਹਾਕੇ ਬਾਅਦ ਆਪਣੀ ਰਣਨੀਤੀ ਬਦਲੀ ਹੈ। ਇਹ ਰਣਨੀਤੀ ਸਫ਼ਲ ਹੋਵੇਗੀ ਜਾਂ ਨਹੀਂ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਇਹ ਤੈਅ ਹੈ ਕਿ ਕਾਂਗਰਸ ਹੁਣ 'ਇੱਕ ਬੰਦੇ' ਦੀ ਪਾਰਟੀ ਬਣਨ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਹੈ।

# ਕੈਨੇਡਾ-ਭਾਰਤ ਕੂਟਨੀਤੀ: ਵਪਾਰਕ ਲਾਲਸਾ ਜਾਂ ਸੁਰੱਖਿਆ ਨਾਲ ਸਮਝੌਤਾ ?

## ✪ ਖੁਫੀਆ ਏਜੰਸੀ ਦੀ ਚੇਤਾਵਨੀ ਬਨਾਮ ਸਰਕਾਰੀ ਚੁੱਪ: 'ਦੋਹਰੀ ਨੀਤੀ' ਦਾ ਖੁਲਾਸਾ

ਇਸ ਸਮੇਂ ਕੈਨੇਡਾ ਅਤੇ ਭਾਰਤ ਦੇ ਸਬੰਧ ਇੱਕ ਅਜਿਹੇ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਹੇ ਹਨ, ਜਿੱਥੇ ਕੂਟਨੀਤੀ ਅਤੇ ਕੌਮੀ ਸੁਰੱਖਿਆ ਦੇ ਦੋ ਵੱਖੋ-ਵੱਖਰੇ ਪਾਸੇ ਇੱਕ-ਦੂਜੇ ਦੇ ਸਾਹਮਣੇ ਖੜ੍ਹੇ ਨਜ਼ਰ ਆ ਰਹੇ ਹਨ। ਸਭ ਤੋਂ ਵੱਡੀ ਦੁਵਿਧਾ ਉੱਥੇ ਪੈਦਾ ਹੁੰਦੀ ਹੈ ਜਿੱਥੇ ਕੈਨੇਡਾ ਦੀਆਂ ਖੁਫੀਆ ਏਜੰਸੀਆਂ ਅਤੇ ਸਿਆਸੀ ਆਗੂਆਂ ਦੇ ਬਿਆਨਾਂ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਕੈਨੇਡੀਅਨ ਸਿਕਿਉਰਟੀ ਇੰਟੈਲੀਜੈਂਸ ਸਰਵਿਸ ਆਪਣੀ ਗੱਲ 'ਤੇ ਅੜਿੱਗ ਹੈ।

ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਭਾਰਤ ਅਜੇ ਵੀ ਕੈਨੇਡਾ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ, ਜਾਸੂਸੀ ਅਤੇ ਸਰਹੱਦ ਪਾਰ ਦਬਾਅ ਬਣਾਉਣ ਵਾਲੇ ਮੁੱਖ ਦੇਸ਼ਾਂ ਵਿੱਚੋਂ ਇੱਕ ਹੈ। ਕੈਨੇਡੀਅਨ ਸਿਕਿਉਰਟੀ ਇੰਟੈਲੀਜੈਂਸ ਸਰਵਿਸ ਦੇ ਬੁਲਾਰੇ ਐਰਿਕ ਬਾਲਸਮ ਵੱਲੋਂ ਨੈਸ਼ਨਲ ਪੋਸਟ ਨੂੰ ਦਿੱਤੀ ਗਈ ਈਮੇਲ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਏਜੰਸੀ ਦੇ ਮੁਲਾਂਕਣ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ। ਇਸ ਦੇ ਉਲਟ, ਜਦੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਦੇ ਦੌਰੇ 'ਤੇ ਗਏ, ਤਾਂ ਉੱਥੇ ਸੁਰੱਖਿਆ ਮੁੱਦਿਆਂ ਤੋਂ ਜ਼ਿਆਦਾ ਜ਼ੋਰ 'ਵਿਕਾਸ, ਨਿਵੇਸ਼ ਅਤੇ ਵਪਾਰਕ ਭਾਈਵਾਲੀ' 'ਤੇ ਸੀ। ਦਿੱਲੀ ਵਿਖੇ ਹੈਦਰਾਬਾਦ ਹਾਊਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਰਨੀ ਵਿਚਕਾਰ ਹੋਈ ਮੁਲਾਕਾਤ ਦੇ ਮੁੱਖ ਨਤੀਜੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਸੀ। ਗੱਲਬਾਤ ਦੇ ਪ੍ਰਮੁੱਖ ਅੰਸ਼:

ਵਪਾਰਕ ਟੀਚਾ: 2030 ਤੱਕ ਦੁਵੱਲੇ ਸਾਲਾਨਾ ਵਪਾਰ ਨੂੰ 70 ਅਰਬ ਡਾਲਰ ਤੱਕ ਲਿਜਾਣ ਦਾ ਵਾਅਦਾ।

ਊਰਜਾ ਸਮਝੌਤੇ: ਕੈਨੇਡਾ 2.6 ਅਰਬ ਡਾਲਰ ਦੇ ਯੂਰੇਨੀਅਮ ਸਪਲਾਈ ਸਮਝੌਤੇ ਤਹਿਤ ਭਾਰਤ ਦੇ ਸਿਵਲ ਪ੍ਰਮਾਣੂ ਊਰਜਾ ਖੇਤਰ ਦਾ ਸਮਰਥਨ ਕਰੇਗਾ।

ਤਕਨੀਕੀ ਸਹਿਯੋਗ: ਮਸਨੂਈ ਬੁੱਧੀ (ਏ.ਆਈ.), ਕੁਆਂਟਮ ਕੰਪਿਊਟਿੰਗ ਅਤੇ ਰੱਖਿਆ ਖੇਤਰ ਵਿੱਚ 5 ਨਵੇਂ ਸਮਝੌਤੇ।

ਨਿਵੇਸ਼: ਕੈਨੇਡਾ ਦੇ ਪੈਨਸ਼ਨ ਫੰਡਾਂ ਵੱਲੋਂ ਭਾਰਤ 'ਚ 100 ਅਰਬ ਡਾਲਰ ਦਾ ਨਿਵੇਸ਼।

ਦੋਵਾਂ ਨੇਤਾਵਾਂ ਨੇ ਮਹਿਸੂਸ ਕੀਤਾ ਕਿ ਕੈਨੇਡਾ ਦੀ ਆਰਥਿਕਤਾ ਨੂੰ ਵਿਕਾਸ ਲਈ ਨਵੇਂ ਬਾਜ਼ਾਰਾਂ ਦੀ ਲੋੜ ਹੈ, ਜੋ ਕਿ ਟਰੰਪ ਪ੍ਰਸ਼ਾਸਨ ਨਾਲ ਕੈਨੇਡਾ ਦੇ ਵਧਦੇ ਠੰਢੇ ਆਰਥਿਕ ਸੰਬੰਧਾਂ ਦਰਮਿਆਨ ਇੱਕ ਮਹੱਤਵਪੂਰਨ ਕਦਮ ਹੈ। ਵਪਾਰਕ ਮੀਟਿੰਗਾਂ ਦੇ ਪਿੱਛੇ ਇੱਕ ਗੰਭੀਰ ਸੁਰੱਖਿਆ ਚੇਤਾਵਨੀ ਵੀ ਲੁਕੀ ਹੋਈ ਸੀ। ਕੈਨੇਡਾ ਤੋਂ ਭਾਰਤ ਪਹੁੰਚਣ ਤੋਂ ਪਹਿਲਾਂ, ਪ੍ਰਧਾਨ ਮੰਤਰੀ ਕਾਰਨੀ ਦੇ ਵਫ਼ਦ ਅਤੇ ਪੱਤਰਕਾਰਾਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਸਨ:

ਡਿਜੀਟਲ ਸੁਰੱਖਿਆ: ਸਮਾਰਟ ਫੋਨ, ਘੜੀਆਂ ਅਤੇ ਲੈਪਟਾਪਾਂ ਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਨੂੰ ਵਾਰ-ਵਾਰ ਰੀ-ਸਟਾਰਟ ਕਰਨ ਦੀ ਸਲਾਹ ਦਿੱਤੀ ਗਈ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਚੀਨ ਤੋਂ ਬਾਅਦ, ਕੈਨੇਡਾ ਨੂੰ ਸਭ ਤੋਂ ਵੱਧ ਖ਼ਤਰਾ ਭਾਰਤ ਤੋਂ ਰਹਿੰਦਾ ਹੈ।

ਪ੍ਰੋਟੋਕੋਲ: ਵਫ਼ਦ ਨੂੰ ਜਨਤਕ ਵਾਈਫਾਈ ਵਰਤਣ ਅਤੇ ਦੂਤਘਰਾਂ ਵਿੱਚ ਫੋਨ ਲਿਜਾਣ ਤੋਂ ਵਰਜਿਆ ਗਿਆ ਸੀ, ਕਿਉਂਕਿ ਸਮਾਗਮਾਂ ਦੌਰਾਨ ਡਾਟਾ ਚੋਰੀ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਹ ਸਾਰੀ ਸਥਿਤੀ ਕੈਨੇਡਾ ਦੇ ਸਿੱਖ ਭਾਈਚਾਰੇ ਵਿੱਚ ਵੱਡੇ ਪੱਧਰ 'ਤੇ ਅਸੰਤੋਸ਼ ਦਾ ਕਾਰਨ ਬਣ ਰਹੀ ਹੈ। ਰੂਬੀ ਸਹੋਤਾ ਅਤੇ ਸੁੱਖ ਧਾਲੀਵਾਲ ਵਰਗੇ ਸੰਸਦ ਮੈਂਬਰਾਂ ਦਾ ਸਰਕਾਰੀ ਰੁਖ਼ 'ਤੇ ਸਵਾਲ ਚੁੱਕਣਾ ਇਹ ਦਰਸਾਉਂਦਾ ਹੈ ਕਿ ਸਰਕਾਰ ਅੰਦਰ ਵੀ ਇਸ ਮਾਮਲੇ ਨੂੰ ਲੈ ਕੇ ਇੱਕਮਤ ਨਹੀਂ ਹੈ। ਸਿੱਖ ਭਾਈਚਾਰਾ ਮਹਿਸੂਸ ਕਰਦਾ ਹੈ ਕਿ ਉਨ੍ਹਾਂ ਦੀ ਸੁਰੱਖਿਆ ਨੂੰ ਵਪਾਰਕ ਸੌਦਿਆਂ ਦੀ ਭੇਟ ਚੜ੍ਹਾਇਆ ਜਾ ਰਿਹਾ ਹੈ। ਕੈਨੇਡਾ ਦੀ ਮੌਜੂਦਾ ਸਰਕਾਰ ਇੱਕ 'ਤੰਗ ਰੱਸੀ' 'ਤੇ ਚੱਲ ਰਹੀ ਹੈ। ਇੱਕ ਪਾਸੇ ਉਨ੍ਹਾਂ ਨੂੰ ਭਾਰਤ ਨਾਲ ਵਪਾਰਕ ਸਬੰਧਾਂ ਨੂੰ ਬਚਾਉਣਾ ਹੈ ਅਤੇ ਦੂਜੇ ਪਾਸੇ ਆਪਣੇ ਦੇਸ਼ ਵਿੱਚ ਵਸਦੇ ਸਿੱਖ ਭਾਈਚਾਰੇ ਦੇ ਸੁਰੱਖਿਆ ਅਧਿਕਾਰਾਂ ਅਤੇ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਅਗਲੇ ਦਿਨਾਂ ਵਿੱਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਇਹ ਆਰਥਿਕ ਭਾਈਵਾਲੀ ਦੋਵਾਂ ਦੇਸ਼ਾਂ ਵਿਚਾਲੇ ਵਿਸ਼ਵਾਸ ਦੀ ਖਾਈ ਨੂੰ ਪੂਰ ਸਕਦੀ ਹੈ ਜਾਂ ਨਹੀਂ।

# ਧਰਮ ਦੀ ਆੜ ਵਿੱਚ ਹਵਸ ਦਾ ਖੇਡ: ਆਸਾਰਾਮ ਤੇ ਰਾਮ ਰਹੀਮ ਦੇ ਰਾਹ 'ਤੇ ਚਲਿਆ ਉੱਤਮ ਸਵਾਮੀ

## ✪ ਕਥਾਵਾਚਕ ਤੋਂ ਬਲਾਤਕਾਰ ਦੇ ਦੋਸ਼ਾਂ ਤੱਕ ਦਾ ਸਫ਼ਰ: ਕਿਵੇਂ ਸਿਆਸੀ ਸਰਪ੍ਰਸਤੀ ਨੇ ਉੱਤਮ ਸਵਾਮੀ ਨੂੰ ਬਣਾਇਆ ਬੇਖ਼ੌਫ਼ ? ✪ ਜਬਲਪੁਰ ਤੋਂ ਦਿੱਲੀ ਤੱਕ ਹੜਕੰਪ : ਭਾਗਵਤ ਕਥਾ ਛੱਡ ਕੇ ਫਰਾਰ ਹੋਇਆ

// ਖਾਸ ਖਬਰ //

ਭਾਰਤ ਵਿੱਚ ਜਿੱਥੇ ਇੱਕ ਪਾਸੇ ਵਿਗਿਆਨ ਅਤੇ ਤਰੱਕੀ ਦੀਆਂ ਗੱਲਾਂ ਹੋ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ 'ਅਧਿਆਤਮਿਕ ਸ਼ਕਤੀਆਂ' ਦੇ ਨਾਮ 'ਤੇ ਮਾਸੂਮ ਔਰਤਾਂ ਅਤੇ ਕੁੜੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਵਾਲੇ ਕਥਿਤ ਬਾਬਿਆਂ ਦੀ ਫ਼ੌਜ ਲਗਾਤਾਰ ਵਧਦੀ ਜਾ ਰਹੀ ਹੈ। ਬਲਾਤਕਾਰੀ ਸਾਧ ਆਸਾਰਾਮ ਅਤੇ ਗੁਰਮੀਤ ਰਾਮ ਰਹੀਮ ਵਰਗੇ ਨਾਮੀ ਅਪਰਾਧੀਆਂ ਦੇ ਜੇਲ੍ਹ ਜਾਣ ਤੋਂ ਬਾਅਦ ਵੀ ਸਮਾਜ ਨੇ ਸ਼ਾਇਦ ਕੋਈ ਸਬਕ ਨਹੀਂ ਸਿੱਖਿਆ। ਹੁਣ ਇਸੇ ਲੜੀ ਵਿੱਚ ਇੱਕ ਨਵਾਂ ਨਾਮ ਜੁੜ ਗਿਆ ਹੈ- ਪੰਚਗਨੀ ਅਖਾੜੇ ਦੇ ਮਹਾਮੰਡਲੇਸ਼ਵਰ ਉੱਤਮ ਸਵਾਮੀ।



### ਕੌਣ ਹੈ ਉੱਤਮ ਸਵਾਮੀ ਅਤੇ ਕੀ ਹੈ ਤਾਜ਼ਾ ਸਕੈਂਡਲ ?

ਉੱਤਮ ਸਵਾਮੀ ਮੱਧ ਪ੍ਰਦੇਸ਼ ਵਿੱਚ ਇੱਕ ਪ੍ਰਭਾਵਸ਼ਾਲੀ ਕਥਾਵਾਚਕ ਵਜੋਂ ਜਾਣਿਆ ਜਾਂਦਾ ਹੈ। ਜਬਲਪੁਰ ਦੇ ਹੀਰਾਪੁਰ ਵਿੱਚ ਸਥਿਤ ਉਸ ਦਾ ਆਲੀਸ਼ਾਨ ਆਸ਼ਰਮ 10 ਏਕੜ ਵਿੱਚ ਫੈਲਿਆ ਹੋਇਆ ਹੈ, ਜਿੱਥੇ ਪੰਜ ਏਕੜ ਵਿੱਚ ਸਿਰਫ਼ ਪ੍ਰਵਚਨਾਂ ਲਈ ਪੰਡਾਲ ਸਜਾਇਆ ਜਾਂਦਾ ਹੈ। ਸੱਤਾਧਾਰੀ ਪਾਰਟੀ ਦੇ ਨੇਤਾਵਾਂ ਅਤੇ ਵੱਡੇ ਅਧਿਕਾਰੀਆਂ ਨਾਲ ਨਜ਼ਦੀਕੀਆਂ ਕਾਰਨ ਉਸ ਦਾ ਰਸੂਖ ਇੰਨਾ ਸੀ ਕਿ ਉਸ ਵਿਰੁੱਧ ਬੋਲਣ ਦੀ ਹਿੰਮਤ ਕੋਈ ਨਹੀਂ ਕਰਦਾ ਸੀ।

ਪਰ ਪਾਪ ਦਾ ਘੜਾ ਉਦੋਂ ਭਰਿਆ ਜਦੋਂ ਰਾਜਸਥਾਨ ਦੀ ਇੱਕ ਬਹਾਦਰ ਮੁਟਿਆਰ ਨੇ ਦਿੱਲੀ ਪੁਲਿਸ ਕਮਿਸ਼ਨਰ ਨੂੰ ਈਮੇਲ ਰਾਹੀਂ ਆਪਣੀ ਹੱਡਬੀਤੀ ਸੁਣਾਈ। ਲੜਕੀ ਨੇ ਦੋਸ਼ ਲਾਇਆ ਹੈ ਕਿ ਜਦੋਂ ਉਹ ਨਾਬਾਲਗ ਸੀ, ਉਦੋਂ ਤੋਂ ਲੈ ਕੇ ਹੁਣ ਤੱਕ ਉੱਤਮ ਸਵਾਮੀ ਉਸ ਦਾ ਲਗਾਤਾਰ ਜਿਨਸੀ ਸ਼ੋਸ਼ਣ ਕਰਦਾ ਆ ਰਿਹਾ ਹੈ।

ਜਿਵੇਂ ਹੀ ਜਬਲਪੁਰ ਵਿੱਚ ਉੱਤਮ ਸਵਾਮੀ ਵਿਰੁੱਧ ਸ਼ਿਕਾਇਤ ਦੀ ਖ਼ਬਰ ਪਹੁੰਚੀ, ਸਵਾਮੀ ਨੇ ਆਪਣਾ ਅਸਲੀ ਰੰਗ ਦਿਖਾ ਦਿੱਤਾ। 15 ਫਰਵਰੀ ਤੱਕ ਚੱਲਣ ਵਾਲੀ ਭਾਗਵਤ ਕਥਾ ਨੂੰ ਅੱਧ ਵਿਚਾਲੇ ਛੱਡ ਕੇ, ਉਸ ਨੇ ਪਹਿਲਾਂ ਆਪਣੇ ਆਪ ਨੂੰ ਕਮਰੇ ਵਿੱਚ ਬੰਦ ਕਰ ਲਿਆ ਅਤੇ ਬਾਹਰ 'ਬਿਮਾਰ' ਹੋਣ ਦੀ ਅਫ਼ਵਾਹ ਫੈਲਾ ਦਿੱਤੀ। ਪਰ ਸੱਚਾਈ ਇਹ ਸੀ ਕਿ ਉਹ ਕਾਨੂੰਨ ਦੀ ਗ੍ਰਿਫ਼ਤ ਤੋਂ ਬਚਣ ਲਈ ਫਰਾਰ ਹੋ ਗਿਆ ਸੀ। ਜੇਕਰ ਉਹ ਬੇਗੁਨਾਹ ਸੀ, ਤਾਂ ਕਥਾ ਛੱਡ ਕੇ ਭੱਜਣ ਦੀ ਕੀ ਲੋੜ ਸੀ ? ਇਹ ਸਵਾਲ ਅੱਜ ਹਰ ਸ਼ਰਧਾਲੂ ਦੇ ਮਨ ਵਿੱਚ ਹੈ।

### ਸਿਆਸੀ ਸਰਪ੍ਰਸਤੀ ਅਤੇ ਸਿਸਟਮ 'ਤੇ ਸਵਾਲ

ਇਹ ਮਾਮਲਾ ਸਿਰਫ ਇੱਕ ਬਲਾਤਕਾਰ ਦਾ ਨਹੀਂ, ਸਗੋਂ ਧਰਮ, ਰਾਜਨੀਤੀ ਅਤੇ ਅਪਰਾਧ ਦੇ ਖ਼ਤਰਨਾਕ ਗਠਜੋੜ ਦਾ ਹੈ। ਦੋਸ਼ ਲੱਗ ਰਹੇ ਹਨ ਕਿ: ਕਥਿਤ ਸਨਾਤਨੀ ਸੰਗਠਨਾਂ ਅਤੇ ਸੱਤਾਧਾਰੀ ਨੇਤਾਵਾਂ ਦਾ 'ਥਾਪੜਾ' ਇਨ੍ਹਾਂ ਬਾਬਿਆਂ ਨੂੰ ਮਿਲਦਾ ਹੈ, ਕਿਉਂਕਿ ਇਨ੍ਹਾਂ ਕੋਲ ਅੰਧ-ਭਗਤਾਂ ਦੀ ਵੱਡੀ ਭੀੜ ਹੁੰਦੀ ਹੈ, ਜੋ ਵੋਟਾਂ ਵਿੱਚ ਬਦਲਦੀ ਹੈ।

ਪੀੜਤ ਕੁੜੀ ਕੋਲ ਸਵਾਮੀ ਵਿਰੁੱਧ ਪੁਖ਼ਤਾ ਸਬੂਤ ਹਨ। ਇਹੀ ਕਾਰਨ ਹੈ ਕਿ ਸਵਾਮੀ ਦਾ 'ਬਲਾਤਕਾਰੀ ਗੈਂਗ' ਉਨ੍ਹਾਂ ਸਬੂਤਾਂ ਨੂੰ ਨਸ਼ਟ ਕਰਨ ਲਈ ਕੁੜੀ ਦੇ ਘਰ ਤੱਕ ਪਹੁੰਚ ਗਿਆ ਹੈ। ਪੀੜਤ ਦੀ ਜਾਨ ਨੂੰ ਗੰਭੀਰ ਖ਼ਤਰਾ ਹੈ। ਖ਼ਬਰਾਂ ਮੁਤਾਬਕ, ਸ਼ਿਕਾਇਤ ਤੋਂ ਬਾਅਦ ਸਵਾਮੀ ਦੇ ਗੁਰਗਿਆਂ ਨੇ ਕੁੜੀ 'ਤੇ ਸਮਝੌਤਾ ਕਰਨ ਲਈ ਦਬਾਅ ਪਾਇਆ ਹੈ, ਪਰ ਕੁੜੀ ਨਿਆਂ ਦੀ ਮੰਗ 'ਤੇ ਅੜੀ ਹੋਈ ਹੈ।

### ਧੀਰੇਂਦਰ ਸ਼ਾਸਤਰੀ ਤੋਂ ਉੱਤਮ ਸਵਾਮੀ ਤੱਕ: ਇੱਕੋ ਪੈਟਰਨ

ਪਾਠਕਾਂ ਨੂੰ ਯਾਦ ਹੋਵੇਗਾ ਕਿ ਕੁਝ ਸਮਾਂ ਪਹਿਲਾਂ ਪ੍ਰਸਿੱਧ ਕਥਾਵਾਚਕ ਧੀਰੇਂਦਰ ਸ਼ਾਸਤਰੀ 'ਤੇ ਵੀ ਗੰਭੀਰ ਦੋਸ਼ ਲੱਗੇ ਸਨ, ਪਰ ਸਿਆਸੀ ਦਬਾਅ ਹੇਠ ਉਹ ਮਾਮਲੇ ਠੰਡੇ ਬਸਤੇ ਵਿੱਚ ਪਾ ਦਿੱਤੇ ਗਏ। ਇਹ 'ਛੋਟੇ-ਛੋਟੇ ਐਪਸਟੀਨ' ਭਾਰਤ ਦੀਆਂ ਔਰਤਾਂ ਲਈ ਵੱਡਾ ਖ਼ਤਰਾ ਹਨ। ਇਹ ਲੋਕ ਆਪਣੇ ਦਬਦਬੇ ਅਤੇ 'ਚਮਤਕਾਰਾਂ' ਦੇ ਜਾਲ ਵਿੱਚ ਉਲਝਾ ਕੇ ਨੌਜਵਾਨ ਕੁੜੀਆਂ ਦਾ ਸ਼ਿਕਾਰ ਕਰਦੇ ਹਨ।

### ਸਮਾਜਿਕ ਜ਼ਿੰਮੇਵਾਰੀ ਅਤੇ ਜਾਗਰੂਕਤਾ ਦੀ ਲੋੜ

ਇਸ ਹਨੇਰੇ ਵਿੱਚੋਂ ਨਿਕਲਣ ਦਾ ਇੱਕੋ ਇੱਕ ਰਸਤਾ ਵਿਗਿਆਨਕ ਸੋਚ ਅਤੇ ਸਿੱਖਿਆ ਹੈ। ਸਕੂਲੀ ਵਿਦਿਆਰਥਣਾਂ ਨੂੰ ਇਨ੍ਹਾਂ ਅਖੌਤੀ ਧਰਮ ਗੁਰੂਆਂ ਦੀ ਜੀਵਨ ਸ਼ੈਲੀ ਅਤੇ ਉਨ੍ਹਾਂ ਦੇ ਅਸਲੀ ਚਿਹਰਿਆਂ ਬਾਰੇ ਜਾਗਰੂਕ ਕਰਨਾ ਹੋਵੇਗਾ। ਜਦੋਂ ਸਤਾ ਖੁਦ ਇਨ੍ਹਾਂ ਲੋਕਾਂ ਨੂੰ ਸਰਪ੍ਰਸਤੀ ਦੇ ਰਹੀ ਹੋਵੇ, ਤਾਂ ਸਮਾਜ ਦੇ ਸੂਝਵਾਨ ਵਰਗ ਨੂੰ ਅੱਗੇ ਆਉਣਾ ਪਵੇਗਾ।

ਜਨ ਅੰਦੋਲਨ ਸਿਰਫ਼ ਸਿਆਸੀ ਮੁੱਦਿਆਂ 'ਤੇ ਹੀ ਨਹੀਂ, ਸਗੋਂ ਇਨ੍ਹਾਂ ਅਧਿਆਤਮਿਕ ਠੱਗਾਂ ਵਿਰੁੱਧ ਵੀ ਇੱਕ ਦੇਸ਼ ਵਿਆਪੀ ਅੰਦੋਲਨ ਦੀ ਲੋੜ ਹੈ।

ਉੱਤਮ ਸਵਾਮੀ ਦਾ ਮਾਮਲਾ ਇੱਕ ਟੈਸਟ ਕੇਸ ਹੈ। ਕੀ ਦਿੱਲੀ ਪੁਲਿਸ ਕਮਿਸ਼ਨਰ ਸੱਤਾ ਦੇ ਦਬਾਅ ਤੋਂ ਮੁਕਤ ਹੋ ਕੇ ਪੀੜਤ ਕੁੜੀ ਨੂੰ ਇਨਸਾਫ਼ ਦਿਵਾਉਣਗੇ ? ਕੀ ਇਹ ਫਰਾਰ ਸਵਾਮੀ ਜਲਦੀ ਸਲਾਖਾਂ ਪਿੱਛੇ ਹੋਵੇਗਾ ? ਜੇਕਰ ਅੱਜ ਅਸੀਂ ਇਨ੍ਹਾਂ ਸਵਾਲਾਂ 'ਤੇ ਚੁੱਪ ਰਹੇ, ਤਾਂ ਇਸਤਰੀ ਦਮਨ ਅਤੇ ਸ਼ੋਸ਼ਣ ਦਾ ਇਹ ਸਿਲਸਿਲਾ ਕਦੇ ਨਹੀਂ ਰੁਕੇਗਾ।

ਅੰਧ-ਭਗਤੀ ਨੂੰ ਤਿਆਗ ਕੇ ਸੱਚ ਦਾ ਸਾਥ ਦੇਣ ਦਾ ਵੇਲਾ ਆ ਗਿਆ ਹੈ। ਜਬਲਪੁਰ ਦੇ ਇਸ 'ਕਥਿਤ ਮਹਾਤਮਾ' ਦਾ ਅਸਲੀ ਚਿਹਰਾ ਸਾਹਮਣੇ ਲਿਆਉਣਾ ਹਰ ਇਨਸਾਨ ਦਾ ਫਰਜ਼ ਹੈ।

# ਜਲਾਲਾਬਾਦ ਵਿਖੇ ਹੋਟਲਾਂ ਵਿੱਚ ਚੱਲ ਰਹੇ ਗੈਰ-ਕਾਨੂੰਨੀ ਸੈਕਸ ਰੈਕੇਟ 'ਤੇ ਲੋਕਾਂ ਦਾ ਰੋਸ

## ✪ ਪੁਲਿਸ ਦੀ ਕਾਰਗੁਜ਼ਾਰੀ 'ਤੇ ਉੱਠੇ ਸਵਾਲ

ਜਲਾਲਾਬਾਦ-ਸ਼ਹਿਰ ਦੇ ਵੱਖ-ਵੱਖ ਹੋਟਲਾਂ ਅਤੇ ਸਲੱਮ ਬਸਤੀਆਂ ਵਿੱਚ ਚੱਲ ਰਹੇ ਜਿਸਮਫਰੋਸ਼ੀ ਦੇ ਗੈਰ-ਕਾਨੂੰਨੀ ਅੱਡਿਆਂ ਨੇ ਸਥਾਨਕ ਲੋਕਾਂ ਵਿੱਚ ਭਾਰੀ ਚਿੰਤਾ ਪੈਦਾ ਕਰ ਦਿੱਤੀ ਹੈ। ਲੋਕਾਂ ਦਾ ਦੋਸ਼ ਹੈ ਕਿ ਇਹ ਧੰਦਾ ਸਿਆਸੀ ਸਰਪ੍ਰਸਤੀ ਅਤੇ ਪੁਲਿਸ ਦੀ ਕਥਿਤ ਮਿਲੀਭੁਗਤ ਨਾਲ ਬੇਖੌਫ ਚੱਲ ਰਿਹਾ ਹੈ, ਜਿਸ ਵਿੱਚ ਨਾਬਾਲਗ ਬੱਚੀਆਂ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ। ਸਥਾਨਕ ਲੋਕਾਂ ਦਾ ਦਾਅਵਾ ਹੈ ਕਿ ਥਾਣਾ ਸਿਟੀ ਜਲਾਲਾਬਾਦ ਦੀ ਪੁਲਿਸ ਇਸ 'ਸੈਕਸ ਰੈਕੇਟ ਮਾਫੀਆ' ਤੋਂ ਮਹੀਨਾਵਾਰ ਰਿਸ਼ਵਤ ਵਸੂਲ ਰਹੀ ਹੈ।

ਦੋਸ਼ ਇਹ ਵੀ ਹੈ ਕਿ ਪੁਲਿਸ ਮੁਲਾਜ਼ਮ ਇਨ੍ਹਾਂ ਹੋਟਲਾਂ ਦੀ ਵਰਤੋਂ ਅਧਿਕਾਰੀਆਂ ਦੀ 'ਆਓ-ਭਗਤ' ਲਈ ਕਰਦੇ ਹਨ। ਹੋਟਲਾਂ ਵਿੱਚ ਬਿਨਾਂ ਕਿਸੇ ਰਜਿਸਟ੍ਰੇਸ਼ਨ ਐਂਟਰੀ ਦੇ ਕਮਰੇ ਦਿੱਤੇ ਜਾ ਰਹੇ ਹਨ, ਜਿੱਥੇ ਨਾਬਾਲਗ ਕੁੜੀਆਂ-ਮੁੰਡਿਆਂ ਦੀ ਲਗਾਤਾਰ ਆਵਾਜਾਈ ਦੇਖੀ ਜਾ ਸਕਦੀ ਹੈ। ਇਹ ਸਥਿਤੀ ਕਿਸੇ ਵੀ ਵੱਡੀ ਵਾਰਦਾਤ ਲਈ ਗੰਭੀਰ ਖਤਰਾ ਬਣੀ ਹੋਈ ਹੈ। ਹੋਟਲ ਮਾਲਕ ਮਨਮਰਜ਼ੀ ਦੇ ਪੈਸੇ ਵਸੂਲ ਰਹੇ ਹਨ ਅਤੇ ਕੋਈ ਵੀ ਰਿਕਾਰਡ ਨਹੀਂ ਰੱਖਿਆ ਜਾ ਰਿਹਾ, ਜੋ ਕਿ ਸਿੱਧੇ ਤੌਰ 'ਤੇ ਕਾਨੂੰਨ ਦੀ ਉਲੰਘਣਾ ਹੈ। ਜਦੋਂ ਇਸ ਸਬੰਧੀ ਜ਼ਿਲ੍ਹਾ ਫਾਜ਼ਿਲਕਾ ਦੇ ਐੱਸ.ਐੱਸ.ਪੀ. ਗੁਰਮੀਤ ਸਿੰਘ ਨਾਲ ਗੱਲ ਕੀਤੀ ਗਈ, ਤਾਂ ਉਨ੍ਹਾਂ ਭਰੋਸਾ ਦਿੱਤਾ ਕਿ ਸੂਚਨਾ ਮਿਲਣ 'ਤੇ ਦੋਸ਼ੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ, ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸ਼ਿਕਾਇਤਾਂ ਦੇ ਬਾਵਜੂਦ ਪੁਲਿਸ ਪ੍ਰਸ਼ਾਸਨ ਦੀ ਕਾਰਵਾਈ 'ਕੁੰਭਕਰਨੀ ਨੀਂਦ' ਸੁੱਤੀ ਪਈ ਹੈ ਅਤੇ ਇਹ ਗੈਰ-ਕਾਨੂੰਨੀ ਧੰਦਾ ਬਿਨਾਂ ਕਿਸੇ ਡਰ ਦੇ ਜਾਰੀ ਹੈ। ਇਲਾਕਾ ਨਿਵਾਸੀਆਂ ਨੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਅੱਡਿਆਂ ਨੂੰ ਤੁਰੰਤ ਬੰਦ ਕਰਵਾਇਆ ਜਾਵੇ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਗਲਤ ਰਾਹ ਤੋਂ ਬਚਾਇਆ ਜਾ ਸਕੇ।

# ਚੰਡੀਗੜ੍ਹ ਵਿਚ ਤਿੰਨ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ



ਚੰਡੀਗੜ੍ਹ-ਚੰਡੀਗੜ੍ਹ ਦੇ ਤਿੰਨ ਸਕੂਲਾਂ - ਵਿਵੇਕ ਹਾਈ ਸਕੂਲ ਸੈਕਟਰ 38, ਕਾਰਮਲ ਕਾਨਵੈਂਟ ਅਤੇ ਸੇਂਟ ਜੌਹਨ ਸਕੂਲ - ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਐਗਜ਼ਾਮ ਚੱਲ ਰਹੇ ਸਨ ਤਾਂ ਵਿਦਿਆਰਥੀ ਘਰ ਘਰ ਭੇਜ ਦਿਤੇ ਗਏ। ਪੁਲਸ, ਬੰਬ ਨਿਰੋਧਕ ਤੇ ਡੌਗ ਸਕੁਐਡ ਤਲਾਸ਼ੀ ਲੈ ਰਹੇ ਹਨ। ਈਮੇਲ ਜਾਂਚ ਚੱਲ ਰਹੀ

# ਨਵੇਂ ਅਕਾਲੀ ਦਲ ਦੀ ਸਿਆਸਤ ਵਿੱਚ ਆਪਸੀ ਫੁਟ ਕਾਰਣ ਵੱਡੀ ਉਥਲ-ਪੁਥਲ

## ✪ 'ਪੁਨਰ ਸੁਰਜੀਤ' ਤੋਂ ਇਆਲੀ ਧੜੇ ਤੇ ਹੋਰਨਾਂ ਦੀ ਦੂਰੀ ਅਤੇ ਆਗੂਆਂ ਦੀ 'ਘਰ ਵਾਪਸੀ' ਨਾਲ ਬਦਲਦੇ ਸਮੀਕਰਨ





ਚੰਡੀਗੜ੍ਹ/ਹੁਸ਼ਿਆਰਪੁਰ-ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਨੂੰ ਲੈ ਕੇ ਵੱਡੀ ਹਲਚਲ ਚੱਲ ਰਹੀ ਹੈ। ਜਿੱਥੇ ਇੱਕ ਪਾਸੇ 'ਅਕਾਲੀ ਦਲ ਪੁਨਰ ਸੁਰਜੀਤ' ਪੰਥਕ ਏਜੰਡੇ ਅਤੇ ਦਿੱਲੀ-ਕੇਂਦਰਿਤ ਪਾਰਟੀਆਂ ਦੇ ਵਿਰੋਧ ਵਿੱਚ ਖੜ੍ਹੀ ਹੋਣ ਦੀ ਕੋਸ਼ਿਸ਼ ਕਰ ਰਹੀ ਹੈ, ਉੱਥੇ ਹੀ ਦੂਜੇ ਪਾਸੇ ਇਸ ਮੰਚ ਨਾਲ ਜੁੜੇ ਸੀਨੀਅਰ ਆਗੂਆਂ ਦੀ 'ਘਰ ਵਾਪਸੀ' ਤੇ ਇਆਲੀ ਧੜੇ ਤੇ ਹੋਰਨਾਂ ਆਗੂਆਂ ਦੀ ਦੂਰੀ ਨੇ ਇਸ ਨਵੀਂ ਲਹਿਰ ਦੀ ਮਜ਼ਬੂਤੀ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ। ਇਹ ਗੈਰ-ਹਾਜ਼ਰੀ ਸੰਕੇਤ ਦਿੰਦੀ ਹੈ ਕਿ ਅਕਾਲੀ ਦਲ ਦੇ ਅੰਦਰ ਅਜੇ ਵੀ ਤਾਲਮੇਲ ਦੀ ਕਮੀ ਹੈ। ਕੁਝ ਆਗੂ ਸ਼ਾਇਦ ਇਸ ਗੱਲ ਦਾ ਇੰਤਜ਼ਾਰ ਕਰ ਰਹੇ ਹਨ ਕਿ ਇਹ 'ਪੁਨਰ ਸੁਰਜੀਤ' ਲਹਿਰ ਕਿੰਨੀ ਕੁ ਮਜ਼ਬੂਤ ਹੁੰਦੀ ਹੈ। ਆਉਣ ਵਾਲੇ ਦਿਨਾਂ ਵਿੱਚ ਦੇਖਣਾ ਹੋਵੇਗਾ ਕਿ ਕੀ ਇਹ 'ਪੁਨਰ ਸੁਰਜੀਤ' ਮੰਚ ਇੱਕ ਰਸਮੀ ਰਾਜਨੀਤਕ ਪਾਰਟੀ ਵਜੋਂ ਉਭਰੇਗਾ ਜਾਂ ਇਹ ਸਿਰਫ਼ ਇੱਕ ਦਬਾਅ ਸਮੂਹ ਬਣ ਕੇ ਰਹਿ ਜਾਵੇਗਾ।

### ਪੁਨਰ ਸੁਰਜੀਤ ਕਾਨਫਰੰਸ: ਦਾਅਵੇ ਅਤੇ ਅੰਦਰੂਨੀ ਦਰਾਰ

ਹੋਲੇ ਮਹੱਲੇ ਦੇ ਮੌਕੇ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈ 'ਪੁਨਰ ਸੁਰਜੀਤ' ਕਾਨਫਰੰਸ ਵਿੱਚ ਗਿਆਨੀ ਹਰਪ੍ਰੀਤ ਸਿੰਘ ਅਤੇ ਹੋਰ ਆਗੂਆਂ ਨੇ ਦਿੱਲੀ-ਕੇਂਦਰਿਤ ਪਾਰਟੀਆਂ ਨੂੰ ਪੰਜਾਬ ਦੇ ਹਿੱਤਾਂ ਲਈ ਅਸਮਰੱਥ ਦੱਸਦਿਆਂ ਪੰਥਕ ਏਕਤਾ ਦਾ ਹੋਕਾ ਦਿੱਤਾ। ਪਾਰਟੀ ਨੇ 1978 ਦੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਆਪਣਾ ਮੁੱਖ 'ਵਿਜ਼ਨ ਡਾਕੂਮੈਂਟ' ਬਣਾਇਆ ਹੈ। ਇਸ ਵਿੱਚ ਰਾਜਾਂ ਨੂੰ ਵਧੇਰੇ ਅਧਿਕਾਰ ਅਤੇ ਖ਼ੁਦਮੁਖਤਿਆਰੀ ਦੇਣ 'ਤੇ ਜ਼ੋਰ ਦਿੱਤਾ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮੁੱਖ ਮੰਤਰੀ ਨੂੰ ਪੰਜਾਬ ਦੇ ਲੋਕਾਂ ਨੇ ਰਾਖਾ ਬਣਾਇਆ ਸੀ, ਨਾ ਕਿ ਦਿੱਲੀ ਵਾਲਿਆਂ ਦਾ। ਉਨ੍ਹਾਂ ਪੰਥ ਨੂੰ ਬਚਾਉਣ ਲਈ ਪਾਰਟੀ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਗਿਆਨੀ ਹਰਪ੍ਰੀਤ ਸਿੰਘ ਦਾ ਪਾਰਟੀ ਦੀ ਫੁਟ ਬਾਰੇ ਇਹ ਬਿਆਨ ਕਿ "ਅਸੀਂ ਫੈਸਲਾ ਲੈ ਚੁੱਕੇ ਹਾਂ... ਜੇ ਕੋਈ ਆਉਣਾ ਚਾਹੁੰਦਾ ਹੈ ਤਾਂ ਠੀਕ ਹੈ," ਇਹ ਦਰਸਾਉਂਦਾ ਹੈ ਕਿ ਇਸ ਮੰਚ ਦੇ ਆਗੂ ਹੁਣ ਕਿਸੇ ਵੀ ਕੀਮਤ 'ਤੇ ਸਮਝੌਤਾ ਕਰਨ ਦੇ ਮੂਡ ਵਿੱਚ ਨਹੀਂ ਹਨ। ਉਹ ਸਪੱਸ਼ਟਤਾ ਚਾਹੁੰਦੇ ਹਨ, ਭਾਵੇਂ ਇਸ ਲਈ ਉਨ੍ਹਾਂ ਨੂੰ ਇਕੱਲੇ ਕਿਉਂ ਨਾ ਚੱਲਣਾ ਪਵੇ।

ਹਾਲਾਂਕਿ, ਇਸ ਕਾਨਫਰੰਸ ਵਿੱਚ ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਇਕਬਾਲ ਸਿੰਘ ਹੁੰਦਾ, ਸੁਰਜੀਤ ਸਿੰਘ ਰੱਖੜਾ, ਬੀਬੀ ਜਗੀਰ ਕੌਰ ਵਰਗੇ ਅਹਿਮ ਆਗੂਆਂ ਦੀ ਗੈਰ-ਹਾਜ਼ਰੀ ਨੇ ਜਥੇਬੰਦੀ ਦੇ ਅੰਦਰ ਚੱਲ ਰਹੀ ਫੁੱਟ ਨੂੰ ਸਪੱਸ਼ਟ ਕਰ ਦਿੱਤਾ। ਗਿਆਨੀ ਹਰਪ੍ਰੀਤ ਸਿੰਘ ਦਾ ਇਹ ਬਿਆਨ ਕਿ "ਜੇ ਕੋਈ ਆਉਣਾ ਚਾਹੁੰਦਾ ਹੈ ਤਾਂ ਠੀਕ ਹੈ, ਜੇ ਨਹੀਂ ਤਾਂ ਵੀ ਠੀਕ ਹੈ," ਇਹ ਦਰਸਾਉਂਦਾ ਹੈ ਕਿ ਅੰਦਰੂਨੀ ਤੌਰ 'ਤੇ ਸਭ ਕੁਝ ਸੁਖਾਵਾਂ ਨਹੀਂ ਹੈ।

ਇਸ ਹੋਲਾ ਮਹੱਲਾ ਅਨੰਦਪੁਰ ਵਿਖੇ ਕਾਨਫਰੰਸ ਦੌਰਾਨ ਗਿਆਨੀ ਰਘਬੀਰ ਸਿੰਘ ਵੱਲੋਂ ਪਿਛਲੇ ਸਮਿਆਂ ਵਿੱਚ ਪੰਥਕ ਸੰਸਥਾਵਾਂ ਨੂੰ ਪਹੁੰਚਾਏ ਗਏ ਨੁਕਸਾਨ ਦੀ ਗੱਲ ਕਰਨਾ ਇਹ ਦਰਸਾਉਂਦਾ ਹੈ ਕਿ ਇਹ ਨਵੀਂ ਲਹਿਰ ਮੌਜੂਦਾ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸਿੱਧੀ ਚੁਣੌਤੀ ਦੇ ਰਹੀ ਹੈ। ਉਨ੍ਹਾਂ ਦਾ ਮੁੱਖ ਜ਼ੋਰ ਸ਼੍ਰੋਮਣੀ ਕਮੇਟੀ ਵਿੱਚ ਫੈਲੇ ਭ੍ਰਿਸ਼ਟਾਚਾਰ 'ਤੇ ਸੀ। ਉਨ੍ਹਾਂ ਕਿਹਾ ਕਿ ਪੁਰਾਣੇ ਸਮੇਂ ਵਿੱਚ ਆਗੂ ਕੁਰਬਾਨੀਆਂ ਲਈ ਤਿਆਰ ਰਹਿੰਦੇ ਸਨ, ਪਰ ਅੱਜ "ਕੁਰਸੀ ਬਚਾਉਣ" ਦੀ ਸੋਚ ਨੇ ਸੰਸਥਾਵਾਂ ਦਾ ਵੱਕਾਰ ਘਟਾਇਆ ਹੈ।

ਗਿਆਨੀ ਰਘਬੀਰ ਸਿੰਘ ਦਾ ਚੋਣਾਂ ਨਾ ਲੜਨ ਦਾ ਬਿਆਨ ਅਤੇ ਗਿਆਨੀ ਹਰਪ੍ਰੀਤ ਸਿੰਘ ਦਾ ਉਨ੍ਹਾਂ ਨੂੰ ਨਾਮਜ਼ਦ ਕਰਨ ਦਾ ਸੰਕੇਤ, ਇਹ ਦੱਸਦਾ ਹੈ ਕਿ ਇਹ ਲੋਕ ਇੱਕ 'ਚਿਹਰੇ' ਦੀ ਭਾਲ ਵਿੱਚ ਹਨ ਜੋ ਪੰਥਕ ਭਰੋਸੇ ਨੂੰ ਮੁੜ ਬਹਾਲ ਕਰ ਸਕੇ।

ਪ੍ਰੇਮ ਸਿੰਘ ਚੰਦੂਮਾਜਰਾ ਅਤੇ ਪਰਮਿੰਦਰ ਸਿੰਘ ਢੀਂਡਸਾ ਆਗੂਆਂ ਨੇ ਪੰਜਾਬ ਦੇ ਅਹੁਦਿਆਂ 'ਤੇ ਬਾਹਰੀ ਲੋਕਾਂ ਦੇ ਕਬਜ਼ੇ ਅਤੇ ਸੂਬੇ ਦੇ ਸਾਧਨਾਂ ਦੇ ਉਜਾੜੇ 'ਤੇ ਚਿੰਤਾ ਜਤਾਈ। ਸਕੱਤਰ ਜਨਰਲ ਗੁਰਪ੍ਰਤਾਪ ਸਿੰਘ ਵਡਾਲਾ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮਸਲਿਆਂ ਨੂੰ ਹੱਲ ਕਰਨ ਲਈ ਨਵੀਂ ਲਾਮਬੰਦੀ 'ਤੇ ਜ਼ੋਰ ਦਿੱਤਾ।

### ਹੁਸ਼ਿਆਰਪੁਰ ਤੋਂ ਵੱਡਾ ਝਟਕਾ: ਆਗੂਆਂ ਦੀ 'ਘਰ ਵਾਪਸੀ'

'ਪੁਨਰ ਸੁਰਜੀਤ' ਮੰਚ ਨੂੰ ਉਦੋਂ ਵੱਡਾ ਝਟਕਾ ਲੱਗਿਆ ਜਦੋਂ ਹੁਸ਼ਿਆਰਪੁਰ ਤੋਂ ਖ਼ਬਰ ਆਈ ਕਿ ਸਾਬਕਾ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਅਤੇ ਸਤਵਿੰਦਰ ਪਾਲ ਸਿੰਘ ਢੱਟ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਵਾਪਸੀ ਕਰਨ ਜਾ ਰਹੇ ਹਨ।

ਇਨ੍ਹਾਂ ਆਗੂਆਂ ਦੀ ਵਾਪਸੀ ਸੁਖਬੀਰ ਸਿੰਘ ਬਾਦਲ ਦੀ ਹੁਸ਼ਿਆਰਪੁਰ ਫੇਰੀ ਦੌਰਾਨ ਹੋਣ ਦੀ ਸੰਭਾਵਨਾ ਹੈ। ਭੁੱਲੇਵਾਲ ਰਾਠਾਂ, ਜੋ ਪਹਿਲਾਂ ਗੜ੍ਹਸ਼ੰਕਰ ਤੋਂ ਵਿਧਾਇਕ ਰਹੇ ਹਨ, ਅਤੇ ਢੱਟ, ਜੋ ਪਾਰਟੀ ਵਿੱਚ ਅਹਿਮ ਅਹੁਦਿਆਂ 'ਤੇ ਸਨ, ਦਾ ਵਾਪਸ ਮੁੜਨਾ ਇਹ ਸੰਕੇਤ ਦਿੰਦਾ ਹੈ ਕਿ:

ਸਿਆਸੀ ਅਸਥਿਰਤਾ: ਨਵੇਂ ਬਣੇ ਮੰਚ 'ਤੇ ਆਗੂਆਂ ਦਾ ਭਰੋਸਾ ਘੱਟ ਰਿਹਾ ਹੈ। ਭਾਵੇਂ ਪਾਰਟੀ ਵਿੱਚ ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਰੋਸ ਸੀ, ਪਰ ਆਗੂਆਂ ਨੂੰ ਲੱਗਦਾ ਹੈ ਕਿ ਮੁੱਖ ਧਾਰਾ ਦੀ ਪਾਰਟੀ ਵਿੱਚ ਰਹਿ ਕੇ ਹੀ ਉਹ ਆਪਣਾ ਰਸੂਖ ਅਤੇ ਸਿਆਸੀ ਭਵਿੱਖ ਸੁਰੱਖਿਅਤ ਰੱਖ ਸਕਦੇ ਹਨ।

### ਕੀ ਅਕਾਲੀ ਦਲ ਪੁਨਰ ਸੁਰਜੀਤ ਦਾ ਭਵਿੱਖ ਖਤਰੇ ਵਿੱਚ ਹੈ ?

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਿਖੇ ਹੋਈ ਸੂਬਾਈ ਮੀਟਿੰਗ ਵਿੱਚ ਭੁੱਲੇਵਾਲ ਰਾਠਾਂ ਅਤੇ ਬੀਬੀ ਜਗੀਰ ਕੌਰ ਦੀ ਗੈਰ-ਹਾਜ਼ਰੀ ਪਹਿਲਾਂ ਹੀ ਸਿਆਸੀ ਗਲਿਆਰਿਆਂ ਵਿੱਚ ਚਰਚਾ ਦਾ ਵਿਸ਼ਾ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਹਿਮ ਆਗੂ ਇਸ ਤਰ੍ਹਾਂ ਪਾਰਟੀ ਛੱਡ ਕੇ ਵਾਪਸ ਮੁੱਖ ਧਾਰਾ ਵਿੱਚ ਜਾਂਦੇ ਰਹੇ, ਤਾਂ 'ਪੁਨਰ ਸੁਰਜੀਤ' ਦਾ ਨਾਅਰਾ ਕੇਵਲ ਇੱਕ ਰਸਮੀ ਗੱਲਬਾਤ ਤੱਕ ਹੀ ਸੀਮਤ ਰਹਿ ਜਾਵੇਗਾ। ਅਕਾਲੀ ਸਿਆਸਤ ਦੇ ਇਸ ਨਵੇਂ ਮੋੜ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਆਉਣ ਵਾਲਾ ਸਮਾਂ ਪੰਥਕ ਰਾਜਨੀਤੀ ਲਈ ਬਹੁਤ ਨਾਜ਼ੁਕ ਹੈ, ਜਿੱਥੇ ਆਗੂਆਂ ਦਾ ਝੁਕਾਅ ਇੱਕ ਵਾਰ ਫਿਰ ਸਥਾਪਿਤ ਪਾਰਟੀਆਂ ਵੱਲ ਵਧ ਰਿਹਾ ਹੈ।

ਸੰਖੇਪ ਵਿੱਚ, ਇਹ ਕਾਨਫਰੰਸ ਇੱਕ ਵੱਡੇ ਸਿਆਸੀ ਵਿਛੋੜੇ ਦੀ ਸ਼ੁਰੂਆਤ ਹੈ। ਜੋ ਆਗੂ ਹੁਣ ਨਾਲ ਨਹੀਂ ਜੁੜੇ, ਉਹ ਭਵਿੱਖ ਵਿੱਚ ਇਸ ਲਹਿਰ ਦੀ ਕਾਮਯਾਬੀ ਜਾਂ ਅਸਫਲਤਾ ਨੂੰ ਵੇਖ ਕੇ ਹੀ ਆਪਣਾ ਅਗਲਾ ਕਦਮ ਚੁੱਕਣਗੇ।


# ਪੰਜਾਬ 'ਚ 460 ਕਰੋੜ ਦਾ ਵੱਡਾ ਨਿਵੇਸ਼ !

## ✪ ਐੱਸਐੱਸਬੀ ਤੇ ਮਹਿੰਦਰਾ ਗਰੁੱਪ ਖੋਲ੍ਹਣਗੇ ਰਿਜ਼ੌਰਟ-ਹੋਟਲ, 700 ਨੌਕਰੀਆਂ ਸਿਰਜਣਗੀਆਂ

ਚੰਡੀਗੜ੍ਹ-ਉਦਯੋਗ ਮੰਤਰੀ ਸੰਜੀਵ ਅਰੋੜਾ ਨੇ ਐੱਸਐੱਸਬੀ ਗਰੁੱਪ ਅਤੇ ਮਹਿੰਦਰਾ ਗਰੁੱਪ ਵੱਲੋਂ ਪੰਜਾਬ ਵਿੱਚ 460 ਕਰੋੜ ਰੁਪਏ ਦਾ ਨਿਵੇਸ਼ ਐਲਾਨਿਆ ਹੈ। ਅੰਮ੍ਰਿਤਸਰ ਦੇ ਵਾਹਗਾ ਰੋਡ 'ਤੇ ਪ੍ਰੀਮੀਅਮ ਰਿਜ਼ੌਰਟ, ਵੱਡਾ ਕਨਵੈਨਸ਼ਨ ਸੈਂਟਰ ਅਤੇ ਹੋਟਲ ਬਣਾਏ ਜਾਣਗੇ। ਇਸ ਤੋਂ ਲਗਭਗ 700 ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਇਹ ਮਹਿੰਦਰਾ ਦਾ ਸੂਬੇ ਵਿਚ ਪਹਿਲਾ ਨਿਵੇਸ਼ ਹੈ।

# ਅਮਰੀਕਾ ਦਾ ਹਥਿਆਰ ਭੰਡਾਰ ਖ਼ਤਮ !

## ✪ ਟਰੰਪ ਨੇ ਪੈਂਟਾਗਨ ਲੀਕ ਰਿਪੋਟ 'ਤੇ ਦਿੱਤੀ ਸਫ਼ਾਈ



ਨਵੀਂ ਦਿੱਲੀ-ਅਮਰੀਕੀ ਮੀਡੀਆ ਅਨੁਸਾਰ ਪੈਂਟਾਗਨ ਤੋਂ ਲੀਕ ਹੋਈ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਈਰਾਨ 'ਤੇ ਹਮਲੇ 10 ਦਿਨਾਂ ਤੋਂ ਵੱਧ ਚੱਲਣ ਤੇ ਅਮਰੀਕਾ ਦੇ ਕੁਝ ਅਹਿਮ ਮਿਜ਼ਾਈਲ ਭੰਡਾਰ ਵਿੱਚ ਘਾਟ ਆ ਸਕਦੀ ਹੈ। ਇਸ ਤੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਰੁਥ ਸੋਸ਼ਲ ਤੇ ਪੋਸਟ ਕਰਕੇ ਸਫ਼ਾਈ ਦਿੱਤੀ। ਉਨ੍ਹਾਂ ਲਿਖਿਆ, "ਸਾਡੇ ਕੋਲ ਹਥਿਆਰਾਂ ਦਾ ਅਸੀਮਤ ਭੰਡਾਰ ਹੈ। ਇਸ ਨਾਲ ਅਨੰਤ ਕਾਲ ਤੱਕ ਜੰਗ ਲੜੀ ਜਾ ਸਕਦੀ ਹੈ।

# ਪਾਕਿਸਤਾਨ ਵਿਚ ਸਿੱਖ ਵਿਰਾਸਤ ਨਾਲ ਕੋਝਾ ਮਜ਼ਾਕ

# ਇਤਿਹਾਸਕ ਗੁਰਦੁਆਰਾ ਸਾਹਿਬ ਵੇਚ ਕੇ ਬਣੇਗਾ 'ਲੇਡੀਜ਼ ਬੁਟੀਕ'

## ✪ 1 ਕਰੋੜ ਦੀ ਰਿਸ਼ਵਤ ਨੇ ਖੋਲ੍ਹੇ ਕਾਲੇ ਚਿੱਠੇ



ਐਬਟਾਬਾਦ-ਪਾਕਿਸਤਾਨ ਤੋਂ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਇੱਕ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਖੈਬਰ ਪਖਤੂਨਖਵਾ ਸੂਬੇ ਦੇ ਐਬਟਾਬਾਦ ਵਿੱਚ ਸਥਿਤ 19ਵੀਂ ਸਦੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨੂੰ ਕਥਿਤ ਤੌਰ 'ਤੇ ਰਿਸ਼ਵਤ ਲੈਕੇ ਵੇਚ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਇਸ ਇਤਿਹਾਸਕ ਅਸਥਾਨ ਨੂੰ ਢਾਹ ਕੇ ਉੱਥੇ ਇੱਕ 'ਲੇਡੀਜ਼ ਬੁਟੀਕ' ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਇਹ ਮਾਮਲਾ ਸਿੱਧੇ ਤੌਰ 'ਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੀ ਕਾਰਜਪ੍ਰਣਾਲੀ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ। ਦੱਸਿਆ ਜਾ ਰਿਹਾ ਹੈ ਕਿ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਇੱਕ ਭ੍ਰਿਸ਼ਟ ਅਧਿਕਾਰੀ ਨੇ ਮਾਮੂਲੀ ਲਾਲਚ ਵੱਸ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਿਆਂ ਇਸ ਇਤਿਹਾਸਕ ਇਮਾਰਤ ਨੂੰ ਕਬਜ਼ੇ ਵਿੱਚੋਂ ਕੱਢ ਕੇ ਵੇਚ ਦਿੱਤਾ। ਰਿਪੋਰਟਾਂ ਮੁਤਾਬਕ, 1 ਕਰੋੜ ਪਾਕਿਸਤਾਨੀ ਰੁਪਏ ਦੀ ਭਾਰੀ ਰਿਸ਼ਵਤ ਲੈ ਕੇ ਇਸ ਇਮਾਰਤ ਦਾ ਸੌਦਾ ਕੀਤਾ ਗਿਆ। ਗੁਰਦੁਆਰਾ ਸਾਹਿਬ ਦਾ ਕਬਜ਼ਾ ਵਾਹਿਦ ਬਾਲਾ ਨਾਮ ਦੇ ਇੱਕ ਵਿਅਕਤੀ ਨੂੰ ਸੌਂਪ ਦਿੱਤਾ ਗਿਆ, ਜਿਸ ਨੇ ਤੁਰੰਤ ਇਸ ਜ਼ਮੀਨ ਨੂੰ ਆਪਣੀਆਂ ਦੋ ਪਤਨੀਆਂ ਦੇ ਨਾਮ 'ਤੇ ਰਜਿਸਟਰ ਕਰਵਾ ਕੇ ਉੱਥੇ ਵਪਾਰਕ ਗਤੀਵਿਧੀਆਂ ਸ਼ੁਰੂ ਕਰਨ ਦਾ ਰਾਹ ਪੱਧਰਾ ਕਰ ਲਿਆ। ਇਹ ਇਮਾਰਤ ਸਿਰਫ਼ ਇੱਟਾਂ-ਪੱਥਰਾਂ ਦਾ ਢਾਂਚਾ ਨਹੀਂ, ਸਗੋਂ ਸਿੱਖ ਇਤਿਹਾਸ ਦਾ ਅਨਮੋਲ ਹਿੱਸਾ ਹੈ:

ਸਿੱਖ ਰਾਜ ਦੀ ਨਿਸ਼ਾਨੀ: ਇਹ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਸੁਨਹਿਰੀ ਰਾਜ (1818-1849) ਦੌਰਾਨ ਉਸਾਰਿਆ ਗਿਆ ਸੀ।

ਗੁਰਮੁਖੀ ਚਿੰਨ੍ਹ: ਅੱਜ ਵੀ ਇਮਾਰਤ ਦੇ ਮੁੱਖ ਗੇਟ 'ਤੇ "ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ" ਤੇ ਦੀਵਾਨ ਹਾਲ ਦੇ ਬਾਹਰ "ਸੱਚਖੰਡ ਵਸਾਈ ਨਿਰੰਕਾਰ" ਦੇ ਉੱਕਰੇ ਹੋਏ ਸ਼ਬਦ ਸਿੱਖੀ ਦੀ ਹੋਂਦ ਦੀ ਗਵਾਹੀ ਭਰ ਰਹੇ ਹਨ।

ਇਲਾਕੇ ਦੀ ਪਛਾਣ: ਜਿਸ ਬਾਜ਼ਾਰ ਵਿੱਚ ਇਹ ਸਥਿਤ ਹੈ, ਉਸ ਨੂੰ ਅੱਜ ਵੀ ਲੋਕ 'ਗੁਰਦੁਆਰਾ ਬਾਜ਼ਾਰ' ਅਤੇ ਗਲੀ ਨੂੰ 'ਗੁਰਦੁਆਰਾ ਵਾਲੀ ਗਲੀ' ਕਹਿੰਦੇ ਹਨ, ਜੋ ਇਸ ਦੀ ਇਤਿਹਾਸਕਤਾ ਨੂੰ ਸਾਬਤ ਕਰਦਾ ਹੈ।

### ਪੰਥਕ ਜਥੇਬੰਦੀਆਂ ਤੇ ਸ਼੍ਰੋਮਣੀ ਕਮੇਟੀ ਦਾ ਸਖ਼ਤ ਪ੍ਰਤੀਕਰਮ

ਇਸ ਘਟਨਾ ਨੇ ਦੁਨੀਆ ਭਰ ਦੀਆਂ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਪੰਥਕ ਜਥੇਬੰਦੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਾਮਲੇ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ:

ਤੁਰੰਤ ਰੱਦ ਹੋਵੇ ਸੌਦਾ: ਸਿੱਖ ਜਥੇਬੰਦੀਆਂ ਨੇ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਗੈਰ-ਕਾਨੂੰਨੀ ਸੌਦੇ ਨੂੰ ਤੁਰੰਤ ਰੱਦ ਕੀਤਾ ਜਾਵੇ।

ਅਧਿਕਾਰੀ 'ਤੇ ਕਾਰਵਾਈ: ਇਸ ਘਪਲੇ ਵਿੱਚ ਸ਼ਾਮਲ ਈਟੀਪੀਬੀ ਦੇ ਅਧਿਕਾਰੀਆਂ ਨੂੰ ਬਰਖਾਸਤ ਕਰਕੇ ਉਨ੍ਹਾਂ ਵਿਰੁੱਧ ਫੌਜਦਾਰੀ ਮੁਕੱਦਮੇ ਦਰਜ ਕੀਤੇ ਜਾਣ।

ਸੁਰੱਖਿਆ ਦੀ ਮੰਗ: ਸਿੱਖਾਂ ਦਾ ਕਹਿਣਾ ਹੈ ਕਿ ਈਟੀਪੀਬੀ ਜੋ ਕਿ ਇਮਾਰਤਾਂ ਦਾ ਕਿਰਾਇਆ ਵਸੂਲ ਰਿਹਾ ਸੀ, ਉਹ ਇਸ ਦੀ ਸਾਂਭ-ਸੰਭਾਲ ਕਰਨ ਦੀ ਬਜਾਏ ਇਸ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਹੈ, ਜੋ ਕਿ ਬਰਦਾਸ਼ਤਯੋਗ ਨਹੀਂ ਹੈ।

### ਪ੍ਰਸ਼ਾਸਨ ਦਾ ਮੌਨ: ਕੀ ਹੋਵੇਗਾ ਅਗਲਾ ਕਦਮ?

ਹੁਣ ਤੱਕ ਪਾਕਿਸਤਾਨ ਸਰਕਾਰ ਵੱਲੋਂ ਇਸ ਮਾਮਲੇ 'ਤੇ ਕੋਈ ਠੋਸ ਕਾਰਵਾਈ ਜਾਂ ਸਪੱਸ਼ਟੀਕਰਨ ਸਾਹਮਣੇ ਨਹੀਂ ਆਇਆ ਹੈ। ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਦਾ ਦਾਅਵਾ ਕਰਨ ਵਾਲੀ ਪਾਕਿਸਤਾਨੀ ਪ੍ਰਸ਼ਾਸਨਿਕ ਮਸ਼ੀਨਰੀ ਇਸ ਵਾਰ ਰਿਸ਼ਵਤਖੋਰੀ ਦੇ ਦੋਸ਼ਾਂ ਹੇਠ ਨੰਗੀ ਹੁੰਦੀ ਨਜ਼ਰ ਆ ਰਹੀ ਹੈ। ਜੇਕਰ ਸਮਾਂ ਰਹਿੰਦੇ ਕਦਮ ਨਾ ਚੁੱਕੇ ਗਏ, ਤਾਂ ਇਹ ਇਤਿਹਾਸਕ ਵਿਰਾਸਤ ਸਦਾ ਲਈ ਖ਼ਤਮ ਹੋ ਜਾਵੇਗੀ।

# ਦਿੱਲੀ ਗੁਰਦੁਆਰਾ ਚੋਣਾਂ 30 ਸਤੰਬਰ ਤੱਕ ਹੋਣਗੀਆਂ

## ✪ ਦਿੱਲੀ ਹਾਈ ਕੋਰਟ ਨੇ ਹੁਕਮ ਸੁਣਾਇਆ



ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ 30 ਸਤੰਬਰ 2026 ਤੱਕ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਆਮ ਚੋਣਾਂ ਕਰਵਾਏ ਜਾਣ ਦਾ ਹੁਕਮ ਸੁਣਾਇਆ ਹੈ। ਅਦਾਲਤ ਨੇ ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ ਨੂੰ ਆਦੇਸ਼ ਦਿੱਤਾ ਹੈ ਕਿ ਗੁਰਦੁਆਰਾ ਚੋਣਾਂ ਲਈ ਬਣਾਈ ਜਾ ਰਹੀ ਨਵੀਂ ਵੋਟਰ ਸੂਚੀ ਤੇ ਚੋਣ ਹਲਕਿਆਂ ਦੀ ਹੱਦਬੰਦੀ ਦੀ ਪ੍ਰਕਿਰਿਆ ਬੇਸ਼ੱਕ ਕਿਸੇ ਵੀ ਸਥਿਤੀ ਵਿਚ ਹੋਵੇ, ਪਰ ਗੁਰਦੁਆਰਾ ਚੋਣਾਂ ਹਰ ਹਾਲਤ ਵਿਚ 30 ਸਤੰਬਰ ਤੱਕ ਕਰਵਾ ਲਈਆਂ ਜਾਣੀਆਂ ਚਾਹੀਦੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਪ੍ਰਧਾਨ ਪਰਮਜੀਤ ਸਿੰਘ ਸਰਨਾ, ਸਾਬਕਾ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਐਡਵੋਕੇਟ ਰਾਜਿੰਦਰ ਛਾਬੜਾ ਤੇ ਹੋਰਾਂ ਦੀ ਮੌਜੂਦਗੀ ਵਿਚ ਇਸ ਮਾਮਲੇ ਦੇ ਪਟੀਸ਼ਨਰ ਗੁਰਮੀਤ ਸਿੰਘ ਸ਼ੰਟੀ (ਕੌਮੀ ਜਨਰਲ ਸਕੱਤਰ) ਨੇ ਦੱਸਿਆ ਕਿ 30 ਸਤੰਬਰ ਤੱਕ ਚੋਣਾਂ ਕਰਵਾਏ ਜਾਣ ਦੇ ਨਾਲ ਹੀ ਅਦਾਲਤ ਨੇ ਦਿੱਲੀ ਗੁਰਦੁਆਰਾ ਡਾਇਰੈਕਟੋਰੇਟ ਕੋਲੋਂ ਚੋਣ ਪ੍ਰਕਿਰਿਆ ਦੀ ਸਾਰੀ ਕਾਰਵਾਈ ਬਾਰੇ 27 ਅਪ੍ਰੈਲ ਤੱਕ ਸਥਿਤੀ ਰਿਪੋਰਟ ਦਾਖ਼ਲ ਕਰਨ ਦਾ ਵੀ ਹੁਕਮ ਸੁਣਾਇਆ ਹੈ।

ਸ਼ੰਟੀ ਨੇ ਕਿਹਾ ਕਿ ਦਿੱਲੀ ਕਮੇਟੀ 'ਤੇ ਕਾਬਜ਼ ਧਿਰ ਵਲੋਂ ਇਹ ਚੋਣਾਂ ਲਮਕਾਉਣ ਲਈ ਕਈ ਹੱਥਕੰਡੇ ਵਰਤੇ ਜਾ ਰਹੇ ਸਨ ਤੇ ਸਰਕਾਰ 'ਚ ਆਪਣੀ ਪਹੁੰਚ ਦਾ ਹਵਾਲਾ ਦੇ ਕੇ ਇਹ ਚੋਣਾਂ 2030 ਤੱਕ ਨਾ ਹੋਣ ਦੇਣ ਦੇ ਕਥਿਤ ਦਾਅਵੇ ਕੀਤੇ ਜਾ ਰਹੇ ਸਨ। ਸਰਨਾ ਤੇ ਜੀ.ਕੇ. ਨੇ ਕਿਹਾ ਕਿ ਮੌਜੂਦਾ ਪ੍ਰਬੰਧਕਾਂ ਨੂੰ ਇਹ ਅਹਿਸਾਸ ਹੋ ਚੁੱਕਾ ਹੈ ਕਿ ਹੁਣ ਚੋਣਾਂ 'ਚ ਸੰਗਤ ਵਲੋਂ ਉਨ੍ਹਾਂ ਨੂੰ ਕਰਾਰਾ ਸਬਕ ਸਿਖਾਇਆ ਜਾਵੇਗਾ।

# ਐਨਕਾਊਂਟਰ ਤੋਂ 6 ਦਿਨ ਬਾਅਦ ਹੋਇਆ ਰਣਜੀਤ ਸਿੰਘ ਦਾ ਪੋਸਟਮਾਰਟਮ, ਅਜੇ ਨਾ ਹੋਇਆ ਸਸਕਾਰ

ਗੁਰਦਾਸਪੁਰ-ਪੁਲਸ ਮੁਲਾਜ਼ਮਾਂ ਦੇ ਕਤਲ ਮਾਮਲੇ ਵਿਚ ਐਨਕਾਊਂਟਰ 'ਚ ਮਾਰੇ ਗਏ ਰਣਜੀਤ ਸਿੰਘ ਦਾ 6 ਦਿਨ ਬਾਅਦ ਸੀਜੇਐੱਮ ਦੀ ਨਿਗਰਾਨੀ ਹੇਠ ਪੋਸਟਮਾਰਟਮ ਹੋ ਗਿਆ। ਅੰਤਿਮ ਸਸਕਾਰ ਅਜੇ ਨਹੀਂ ਹੋਇਆ, ਪਰਿਵਾਰ ਤੇ ਜਥੇਬੰਦੀਆਂ ਨਾਲ ਸਲਾਹ ਤੋਂ ਬਾਅਦ ਫੈਸਲਾ ਲਿਆ ਜਾਵੇਗਾ।

## ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਦੀ ਵੱਡੀ ਸਫਲਤਾ

# 2.5 ਕਿੱਲੋ ਆਰ.ਡੀ.ਐਕਸ ਸਮੇਤ ਆਈਈਡੀ ਬਰਾਮਦ, ਸਾਜ਼ਿਸ਼ ਬੇਨਕਾਬ

ਮੁਹਾਲੀ-ਐਸ.ਐਸ.ਓ.ਸੀ. ਮੁਹਾਲੀ ਨੇ ਪੰਜਾਬ ਵਿੱਚ ਇੱਕ ਵੱਡੀ ਸਾਜਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਏ.ਆਈ.ਜੀ. ਦੀਪਕ ਪਾਰਿਕ ਦੀ ਨਿਗਰਾਨੀ ਹੇਠ ਚਲਾਈ ਗਈ ਇਸ ਮੁਹਿੰਮ ਦੌਰਾਨ 2.5 ਕਿੱਲੋ ਆਰ.ਡੀ.ਐਕਸ ਨਾਲ ਲੈਸ ਇੱਕ ਆਈ.ਈ.ਡੀ. ਪੁਲਿਸ ਨੇ 27 ਫਰਵਰੀ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਇਲਾਕੇ ਤੋਂ ਇਹ ਬਰਾਮਦ ਕੀਤੀ।ਇਸ ਮਾਮਲੇ ਵਿੱਚ ਪੁਲਿਸ ਨੇ 22 ਫਰਵਰੀ ਨੂੰ ਮਹਾਂਵੀਰ ਕੁਮਾਰ ਕਾਕਾ ਅਤੇ ਉਸਦੇ ਸਾਥੀ ਮਨਪ੍ਰੀਤ ਸਿੰਘ ਉਰਫ਼ ਮਨੀ ਨੂੰ ਗ੍ਰਿਫਤਾਰ ਕੀਤਾ ਸੀ। ਗ੍ਰਿਫਤਾਰੀ ਸਮੇਂ ਮਹਾਂਵੀਰ ਕੋਲੋਂ ਇੱਕ ਗਲੌਕ ਪਿਸਤੌਲ ਅਤੇ 4 ਜ਼ਿੰਦਾ ਕਾਰਤੂਸ ਵੀ ਬਰਾਮਦ ਹੋਏ ਸਨ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਇਹ ਆਈ.ਈ.ਡੀ. ਨੂੰ ਸ਼ਹੀਦ ਭਗਤ ਸਿੰਘ ਨਗਰ ਬਾਈਪਾਸ ਨੇੜੇ ਮਿੱਟੀ ਹੇਠ ਛੁਪਾਇਆ ਗਿਆ ਸੀ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇਹ ਮਡਿਊਲ ਵਿਦੇਸ਼ ਬੈਠੇ ਹੈਂਡਲਰਾਂ ਗੋਪੀ ਨਵਾਂਸ਼ਹਿਰੀਆ, ਸੁਸ਼ਾਂਤ ਚੋਪੜਾ (ਅਮਰੀਕਾ ਸਥਿਤ) ਅਤੇ ਜਸਪ੍ਰੀਤ ਸਿੰਘ ਉਰਫ਼ ਜੱਸੀ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਸੀ: ਇਹ ਮੁਲਜ਼ਮ 'ਬੱਬਰ ਖ਼ਾਲਸਾ ਇੰਟਰਨੈਸ਼ਨਲ' ਨਾਲ ਜੁੜੇ ਹੋਏ ਹਨ। ਵਰਤਮਾਨ ਵਿੱਚ, ਦੋਵੇਂ ਮੁਲਜ਼ਮ ਐਸ.ਐਸ.ਓ.ਸੀ. ਦੀ ਹਿਰਾਸਤ ਵਿੱਚ ਹਨ ਅਤੇ ਪੁਲਿਸ ਰਿਮਾਂਡ ਦੌਰਾਨ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਈਰਾਨ ਵਿਚ ਗੁਰੂਘਰ ਨੇੜੇ ਬੰਬਾਰੀ, 90 ਸਿੱਖਾਂ ਨਾਲ ਸੰਪਰਕ ਟੁੱਟਿਆ!



ਤਹਿਰਾਨ-ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਗਏ ਹਮਲਿਆਂ ਵਿਚ ਰਾਜਧਾਨੀ ਤਹਿਰਾਨ ਦੇ ਗੁਰਦੁਆਰਾ ਭਾਈ ਗੰਗਾ ਸਿੰਘ ਸਭਾ ਨੇੜੇ ਬੰਬਾਰੀ ਹੋਈ। ਇਸ ਤੋਂ ਬਾਅਦ ਉੱਥੇ ਮੌਜੂਦ ਲਗਭਗ 90 ਸਿੱਖਾਂ ਨਾਲ ਸੰਪਰਕ ਪੂਰੀ ਤਰ੍ਹਾਂ ਟੁੱਟ ਗਿਆ ਹੈ। ਸਿੱਖ ਕਾਰੋਬਾਰੀ ਅਮਰਦੀਪ ਸਿੰਘ ਆਨੰਦ ਅਨੁਸਾਰ ਜੰਗ ਦੇ ਪਹਿਲੇ ਦਿਨ ਭਾਈਚਾਰੇ ਨਾਲ ਰਾਬਤਾ ਹੋਇਆ ਸੀ, ਉਸ ਤੋਂ ਬਾਅਦ ਕੋਈ ਖ਼ਬਰ ਨਹੀਂ ਮਿਲੀ। ਹਾਲਾਂਕਿ ਕੁਝ ਰਿਪੋਰਟਾਂ ਵਿਚ ਗੁਰੂਘਰ ਨੇੜੇ ਬੰਬਾਰੀ ਤੋਂ ਇਨਕਾਰ ਵੀ ਕੀਤਾ ਗਿਆ ਹੈ ਪਰ ਲੋਕ ਸੁਰੱਖਿਅਤ ਟਿਕਾਣੇ ਵੱਲ ਚਲੇ ਗਏ ਹੋਣ ਦੀ ਸੰਭਾਵਨਾ ਹੈ। ਈਰਾਨ ਵਿਚ ਲਗਭਗ 10,000 ਭਾਰਤੀ ਫਸੇ ਹੋਏ ਹਨ, ਜਿਨ੍ਹਾਂ ਵਿਚ 1,200 ਕਸ਼ਮੀਰੀ ਵਿਦਿਆਰਥੀ ਵੀ ਸ਼ਾਮਲ ਹਨ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਤੁਰੰਤ ਵਾਪਸ ਆਉਣ ਲਈ ਐਡਵਾਈਜ਼ਰੀ ਜਾਰੀ ਕੀਤੀ ਹੈ।

# ਲੰਡਨ ਦੇ ਪਾਰਲੀਮੈਂਟ ਸੁਕੇਅਰ ਸਥਿਤ ਸਾਬਕਾ ਪ੍ਰਧਾਨ ਮੰਤਰੀ ਚਰਚਿਲ ਦੇ ਬੁੱਤ ਨਾਲ ਛੇੜ ਛਾੜ ਕਰਨ ਵਾਲਾ ਗ੍ਰਿਫਤਾਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀ ਸੰਸਦ ਦੇ ਸਾਹਮਣੇ ਪਾਰਲੀਮੈਂਟ ਸੁਕੇਅਰ ਵਿੱਚ ਸਥਿਤ ਸਾਬਕਾ ਪ੍ਰਧਾਨ ਮੰਤਰੀ ਸਰ ਵਿੰਸਟਨ ਚਰਚਿਲ ਦੇ ਬੁੱਤ 'ਤੇ ਨਾਹਰੇ ਲਿਖ ਕੇ ਛੇੜ ਛਾੜ ਕਰਨ ਵਾਲਾ 38 ਸਾਲਾ ਵਿਅਕਤੀ ਨੂੰ ਮੈਟਰੋਪੋਲੀਟਨ ਪੁਲਿਸ ਨੇ ਕਿਹਾ ਕਿ ਸ਼ੁੱਕਰਵਾਰ ਸਵੇਰੇ ਨਸਲੀ ਅਪਰਾਧ ਦੇ ਸ਼ੱਕ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ ।**

ਪਾਰਲੀਮੈਂਟ ਸਕੁਏਅਰ ਵਿੱਚ ਕਾਂਸੀ ਦੀ ਮੂਰਤੀ 'ਤੇ ਲਾਲ ਰੰਗ ਨਾਲ ਛਿੜਕਾਅ ਕਰਕੇ ਫਲਸਤੀਨ ਵਿੱਚ ਚੱਲ ਰਹੀ ਹਿੰਸਾ ਬਾਰੇ ਲਿਖਿਆ ਗਿਆ ਹੈ ਜਿਸ ਵਿੱਚ "ਨਸਲਕੁਸ਼ੀ ਬੰਦ ਕਰੋ" ਅਤੇ "ਫਰੀ ਫਲਸਤੀਨ" ਵਰਗੇ ਨਾਹਰੇ ਲਿਖੇ ਗਏ। ਇੱਕ ਮੈਟਰੋਪੋਲੀਟਨ ਬੁਲਾਰੇ ਨੇ ਕਿਹਾ ਕਿ ਸ਼ੁੱਕਰਵਾਰ 27 ਫਰਵਰੀ ਨੂੰ ਸਵੇਰੇ 4 ਵਜੇ ਤੋਂ ਥੋੜ੍ਹੀ ਦੇਰ ਬਾਅਦ ਇੱਕ ਵਿਅਕਤੀ ਨੂੰ ਪਾਰਲੀਮੈਂਟ ਸਕੁਏਅਰ ਵਿੱਚ ਵਿੰਸਟਨ ਚਰਚਿਲ ਦੀ ਮੂਰਤੀ 'ਤੇ ਰੰਗ ਛਿੜਕਦੇ ਦੇਖਿਆ ਗਿਆ। ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ 38 ਸਾਲਾ ਵਿਅਕਤੀ ਨੂੰ ਨਸਲੀ ਅਪਰਾਧ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕੀਤਾ ਗਿਆ।

ਉਪਰੰਤ ਮੂਰਤੀ ਨੂੰ ਸਾਫ਼ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਗ੍ਰੇਟਰ ਲੰਡਨ ਅਥਾਰਟੀ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਸਰ ਵਿੰਸਟਨ ਚਰਚਿਲ ਦੇ ਬੁੱਤ ਨਾਲ ਹੋਈ ਇਸ ਭੰਨਤੋੜ ਤੋਂ ਹੈਰਾਨ ਹਾਂ ਅਤੇ ਰੰਗਾਂ ਨੂੰ ਜਲਦੀ ਤੋਂ ਜਲਦੀ ਹਟਾਉਣ ਦਾ ਕੰਮ ਚੱਲ ਰਿਹਾ ਹੈ। ਜਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਦੇ ਬੁੱਤ ਦੀ ਪਹਿਲਾਂ ਵੀ ਕਈ ਵਾਰ ਭੰਨਤੋੜ ਕੀਤੀ ਜਾ ਚੁੱਕੀ ਹੈ।



ਸਾਬਕਾ ਪ੍ਰਧਾਨ ਮੰਤਰੀ ਸਰ ਵਿੰਸਟਨ ਚਰਚਿਲ ਦੇ ਬੁੱਤ 'ਤੇ ਲਿਖੇ ਨਾਹਰੇ

ਜਿਕਰਯੋਗ ਹੈ ਕਿ ਇਹ ਪਾਰਲੀਮੈਂਟ ਸਕੁਏਅਰ ਵਿੱਚ ਜਾਂ ਇਸਦੇ ਆਲੇ-ਦੁਆਲੇ 12 ਮੂਰਤੀਆਂ ਹਨ ਜਿਹਨਾਂ ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਅਬ੍ਰਾਹਮ ਲਿੰਕਨ, ਨੈਲਸਨ ਮੰਡੇਲਾ ਅਤੇ ਮਹਾਤਮਾ ਗਾਂਧੀ ਵਰਗੇ ਮਸ਼ਹੂਰ ਨੇਤਾ ਸ਼ਾਮਿਲ ਹਨ।

# ਬੰਗਲਾਦੇਸ਼ ਦੀ ਅਦਾਲਤ ਨੇ ਯੂ ਕੇ ਦੀ ਲੇਬਰ ਸੰਸਦ ਮੈਂਬਰ ਟਿਊਲਿਪ ਸਿੱਦੀਕ ਦੀ ਹਵਾਲਗੀ ਲਈ ਰੈਡ ਕਾਰਨਰ ਜਾਰੀ ਕਰਨ ਦੇ ਹੁਕਮ ਦਿੱਤੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੰਗਲਾਦੇਸ਼ ਦੀ ਅਦਾਲਤ ਨੇ ਬਰਤਾਨੀਆਂ ਦੀ ਲੇਬਰ ਪਾਰਟੀ ਦੀ ਸੰਸਦ ਮੈਂਬਰ ਟਿਊਲਿਪ ਸਿੱਦੀਕ ਦੀ ਹਵਾਲਗੀ ਲਈ ਅਧਿਕਾਰੀਆਂ ਨੂੰ ਇੰਟਰਪੋਲ ਰੈਡ ਕਾਰਨਰ ਨੋਟਿਸ ਜਾਰੀ ਕਰਨ ਲਈ ਚਾਰਾਜੋਈ ਕਰਨ ਦੇ ਹੁਕਮ ਦਿੱਤੇ ਹਨ।


ਲੰਡਨ ਦੇ ਹੈਂਪਸਟੇਡ ਅਤੇ ਹਾਈਗੇਟ ਤੋਂ ਸੰਸਦ ਮੈਂਬਰ ਟਿਊਲਿਪ ਸਿੱਦੀਕ

ਬਰਤਾਨੀਆਂ ਦੀ ਸਾਬਕਾ ਮੰਤਰੀ ਅਤੇ ਲੰਡਨ ਦੇ ਹੈਂਪਸਟੇਡ ਅਤੇ ਹਾਈਗੇਟ ਤੋਂ ਸੰਸਦ ਮੈਂਬਰ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਬੰਗਲਾਦੇਸ਼ ਦੀ ਇੱਕ ਅਦਾਲਤ ਨੇ ਦੋ ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਜਦ ਕਿ ਹੋਰ ਮਾਮਲਿਆਂ ਵਿੱਚ 6 ਸਾਲ ਕੈਦ ਦੀ ਸਜ਼ਾ ਦਿੱਤੀ ਗਈ ਸੀ। ਐਮ ਪੀ ਸਿੱਦੀਕ ਨੂੰ ਉਸਦੀ ਰਿਸ਼ਤੇਦਾਰ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਉਨ੍ਹਾਂ ਦੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿੱਚ ਜ਼ਮੀਨ ਦੇ ਇੱਕ ਪਲਾਟ ਨੂੰ ਪ੍ਰਾਪਤ ਕਰਨ ਦੇ ਸੌਦੇ 'ਚ ਦੋਸ਼ੀ ਠਹਿਰਾਇਆ ਗਿਆ ਸੀ। ਪਰ ਸਿੱਦਿਕੀ ਨੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕਰਦਿਆਂ ਉਕਤ ਦਾਅਵੇ ਨੂੰ ਅਧਾਰਹੀਣ ਅਤੇ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਹੈ।

ਪਰ ਯੂ ਕੇ ਦੀ ਬੰਗਲਾਦੇਸ਼ ਨਾਲ ਕੋਈ ਹਵਾਲਗੀ ਸੰਧੀ ਨਹੀਂ ਹੈ, ਜਿਸ ਕਾਰਨ ਇਹ ਬਹੁਤ ਘੱਟ ਸੰਭਾਵਨਾ ਹੈ ਕਿ ਐਮ ਪੀ ਸਿੱਦੀਕ ਨੂੰ ਕੋਈ ਸਜ਼ਾ ਭੁਗਤਣ ਲਈ ਬੰਗਲਾਦੇਸ਼ ਭੇਜਿਆ ਜਾਵੇਗਾ। ਲੇਬਰ ਪਾਰਟੀ ਨੇ ਉਕਤ ਕਾਨੂੰਨੀ ਪ੍ਰਕਿਰਿਆ ਦੀ ਵੀ ਸਖ਼ਤ ਆਲੋਚਨਾ ਕੀਤੀ ਸੀ ਜਿਸ ਦੇ ਤਹਿਤ ਐਮ ਪੀ ਸਿੱਦੀਕ ਨੂੰ ਦੋਸ਼ੀ ਪਾਇਆ ਗਿਆ ਸੀ, ਲੇਬਰ ਸਰਕਾਰ ਨੇ ਕਿਹਾ ਸੀ ਕਿ ਉਹ ਇਸ ਫੈਸਲੇ ਨੂੰ ਮਾਨਤਾ ਨਹੀਂ ਦੇ ਸਕਦੀ।

# ਲੇਬਰ ਪਾਰਟੀ ਦੇ ਗੜ੍ਹ ਤੇ ਗਰੀਨ ਪਾਰਟੀ ਨੂੰ ਦਾ ਹੋਇਆ ਕਬਜ਼ਾ


ਹਾਨਾਹ ਸਪੈਂਸਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 1931 ਤੋਂ ਲੇਬਰ ਪਾਰਟੀ ਦਾ ਗੜ੍ਹ ਰਹੀ ਗੋਰਟਨ ਐਂਡ ਡੈਨਟਨ ਹਲਕੇ ਤੋਂ ਜਿਮਨੀ ਚੋਣ ਵਿੱਚ ਗੀਰਨ ਪਾਰਟੀ ਦੀ ਇਤਿਹਾਸਕ ਜਿੱਤ ਨੇ ਇੰਗਲੈਂਡ ਦੀ ਸਿਆਸਤ ਵਿੱਚ ਨਵਾਂ ਇਤਿਹਾਸ ਲਿਖਿਆ ਹੈ। ਇਥੋਂ 34 ਸਾਲਾ ਹਾਨਾਹ ਸਪੈਂਸਰ ਨੇ 14980 ਵੋਟਾਂ ਪ੍ਰਾਪਤ ਕਰਕੇ ਜਿੱਤ ਦਰਜ਼ ਕੀਤੀ, ਜਦ ਕਿ ਦੂਜੇ ਸਥਾਨ ਤੇ ਰੀਫੌਰਮ ਪਾਰਟੀ ਜਿਸ ਨੇ 10578 ਅਤੇ ਲੇਬਰ ਪਾਰਟੀ ਦੇ ਉਮੀਦਵਾਰ ਨੇ 9364 ਵੋਟਾਂ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਐਮ ਪੀ ਹਾਨਾਹ ਸਪੈਂਸਰ ਨੇ ਕਿਹਾ ਕਿ ਲੋਕਾਂ ਨੇ ਨਫਰਤ ਨੂੰ ਨਿਕਾਰਿਆ ਹੈ, ਸਪੈਂਸਰ ਨੇ ਕਿਹਾ ਕਿ ਉਸ ਦੀ ਪਹਿਲ ਕਿਰਾਏ ਤੇ ਕਾਬੂ ਪਾਉਣਾ ਅਤੇ ਸਥਾਨਿਕ ਫਲਾਈ ਟਿੱਪਿੰਗ (ਥਾਂ ਥਾਂ ਗੰਦਗੀ ਸੁੱਟਣ ਵਾਲੇ) ਤੇ ਕਾਬੂ ਪਾਉਣਾ ਹੈ। ਲੇਬਰ ਪਾਰਟੀ ਦੀ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਐਂਜ਼ਲਾ ਰੇਨਰ ਨੇ ਕਿਹਾ ਕਿ ਜਿਮਨੀ ਚੋਣ ਨੀਤਜੇ ਲੇਬਰ ਪਾਰਟੀ ਲਈ ਜਾਗਣ ਦਾ ਸੁਨੇਹਾ ਹੈ।

# ਅਪ੍ਰੈਲ 2026 ਤੋਂ ਬਰਤਾਨੀਆ ਦੇ ਸੰਸਦ ਮੈਂਬਰਾਂ ਦੀ ਤਨਖਾਹ 'ਚ 5% ਵਾਧਾ

## *ਹੁਣ 98,599 ਪੌਂਡ ਪ੍ਰਤੀ ਸਾਲ ਤਨਖਾਹ ਹੋਵੇਗੀ*

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੈਸਟਮਿੰਸਟਰ ਦੇ ਖਰਚਿਆਂ ਦੀ ਨਿਗਰਾਨੀ ਕਰਨ ਵਾਲੀ ਇਪਸਾ ਨੇ ਕਿਹਾ ਹੈ ਕਿ ਅਪ੍ਰੈਲ ਤੋਂ ਸੰਸਦ ਮੈਂਬਰਾਂ ਦੀ ਮੂਲ ਤਨਖਾਹ 5% ਵਧ ਕੇ 98,599 ਪੌਂਡ ਪ੍ਰਤੀ ਸਾਲ ਹੋ ਜਾਵੇਗੀ। ਇੰਡੀਪੈਂਡੈਂਟ ਪਾਰਲੀਮੈਂਟਰੀ ਸਟੈਂਡਰਡਜ਼ ਅਥਾਰਟੀ (ਇਪਸਾ) ਨੇ ਕਿਹਾ ਕਿ ਉਹ 2029 ਵਿੱਚ ਤੱਕ ਲਗਭਗ 110,000 ਪੌਂਡ ਤਨਖਾਹ ਕਰਨ ਦਾ ਟੀਚਾ ਹੈ। ਇਪਸਾ ਦੇ ਚੇਅਰਮੈਨ ਰਿਚਰਡ ਲੋਇਡ ਨੇ ਕਿਹਾ ਕਿ ਇੱਕ ਸੰਸਦ ਮੈਂਬਰ ਦੀ ਭੂਮਿਕਾ ਬਹੁਤ ਵਿਕਸਤ ਹੋ ਗਈ ਹੈ, ਸੰਸਦ ਮੈਂਬਰ ਉੱਚ ਪੱਧਰ ਦੇ ਗੁੰਝਲਦਾਰ ਕੇਸਵਰਕ, ਦੁਰਵਿਵਹਾਰ ਅਤੇ ਡਰਾਉਣ-ਧਮਕਾਉਣ ਆਦਿ ਕੇਸਾਂ ਨੂੰ ਨਜਿੱਠ ਰਹੇ ਹਨ। ਪਰ ਟੈਕਸਪੇਅਰਜ਼ ਅਲਾਇੰਸ ਨੇ ਕਿਹਾ ਕਿ ਰਾਜਨੀਤਕਾਂ ਦੀਆਂ ਤਨਖਾਹਾਂ ਵਿੱਚ ਵਾਧਾ ਹੋ ਰਿਹਾ ਹੈ ਜਦੋਂ ਕਿ ਲੋਕ ਮੰਦੀ ਦਾ ਸਾਹਮਣਾ ਕਰ ਰਹੇ ਹਨ। ਸਮੂਹ ਦੇ ਮੁੱਖ ਕਾਰਜਕਾਰੀ ਜੌਨ ਓ'ਕੌਨੇਲ ਨੇ ਕਿਹਾ ਕਿ ਸਿਆਸਤਦਾਨਾਂ ਨੂੰ ਅਸਫਲਤਾ ਦਾ ਇਨਾਮ ਦਿੱਤਾ ਜਾ ਰਿਹਾ ਹੈ। ਜੋ ਨਾ ਤਾਂ ਵਾਅਦਿਆਂ ਨੂੰ ਪੂਰਾ ਕਰ ਸਕੇ ਹਨ ਅਤੇ ਨਾ ਹੀ ਡਿੱਗਦੇ ਜੀਵਨ ਪੱਧਰ ਅਤੇ ਵਿਗੜਦੀਆਂ ਜਨਤਕ ਸੇਵਾਵਾਂ ਨੂੰ ਸੁਧਾਰ ਸਕੇ ਹਨ। ਜਨਵਰੀ ਦੇ ਤਾਜ਼ਾ ਅੰਕੜਿਆਂ ਅਨੁਸਾਰ, ਮਹਿੰਗਾਈ ਦਰਾਂ ਵਧ ਰਹੀਆਂ ਹਨ, ਜੋ ਵਰਤਮਾਨ ਵਿੱਚ 3% ਹੈ। ਸੰਸਦ ਮੈਂਬਰਾਂ ਨੂੰ ਕਈ ਤਰ੍ਹਾਂ ਦੇ ਵਿੱਤੀ ਲਾਭ ਦਿੱਤੇ ਜਾਂਦੇ ਹਨ ਪਰ ਫਿਰ ਵੀ ਮਹਿੰਗਾਈ ਵਿੱਚ ਹੋ ਰਿਹਾ ਇਹ ਵਾਧਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਵਲੋਂ ਰਣਜੀਤ ਸਿੰਘ ਦੇ ਕਤਲ ਦੀ ਨਿਖੇਧੀ



ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਪਰਿਵਾਰਾਂ ਦੇ ਨੌਜਵਾਨ ਪੁੱਤਰਾਂ ਦੇ ਸਰਕਾਰੀ ਧਿਰ ਵਲੋਂ ਕੀਤੇ ਜਾ ਰਹੇ ਕਤਲ ਬਹੁਤ ਚਿੰਤਾਜਨਕ ਵਰਤਾਰਾ ਹੈ। ਗੈਂਗਸਟਰਾਂ, ਨਸ਼ਾ ਤਸਕਰਾਂ, ਖਾੜਕੂਵਾਦ ਵਰਗੇ ਨਾਵਾਂ ਹੇਠ ਆਏ ਦਿਨ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਕਤਲ ਕੀਤਾ ਜਾ ਰਿਹਾ ਹੈ। ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਵਲੋਂ ਭਾਈ ਰਣਜੀਤ ਸਿੰਘ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਖਤਮ ਕਰਨ ਦੀ ਸਖਤ ਨਿਖੇਧੀ ਕੀਤੀ ਗਈ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਆਖਿਆ ਕਿ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਸਥਾਈ ਸੁਰੱਖਿਆ ਸਿੱਖ ਕੌਮ ਦੀ ਅਜ਼ਾਦੀ ਨਾਲ ਹੀ ਸੰਭਵ ਹੈ। ਗੁਰਦਾਸਪੁਰ ਦੇ ਪਿੰਡ ਕੋਟਲੀ ਸੂਰਤ ਮੱਲੀ ਵਿਖੇ ਪੰਜਾਬ ਪੁਲਿਸ ਵੱਲੋਂ ਨਿਰਦੋਸ਼ ਸਿੱਖ ਨੌਜਵਾਨ ਰਣਜੀਤ ਸਿੰਘ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਕਤਲ ਕੀਤੇ ਜਾਣ ਦੀ ਘਟਨਾ ਸਾਬਤ ਕਰਦੀ ਹੈ ਕਿ ਪੰਜਾਬ ਵਿੱਚ ਕਾਨੂੰਨ ਦਾ ਰਾਜ ਨਹੀਂ, ਸਗੋਂ ਪੁਲਿਸ ਦੀ -ਗੁੰਡਾਗਰਦੀ ਅਤੇ ਸਰਕਾਰੀ ਦਹਿਸ਼ਤਗਰਦੀ ਦਾ ਨੰਗਾ ਨਾਚ ਚੱਲ ਰਿਹਾ ਹੈ। ਪੰਜਾਬ ਪੁਲਿਸ ਅਤੇ ਮੌਜੂਦਾ ਸਰਕਾਰ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਅਤੇ ਸਿੱਖ ਕੌਮ ਨੂੰ ਵਿਸ਼ਵ ਪੱਧਰ 'ਤੇ ਬਦਨਾਮ ਕਰਨ ਲਈ ਆਈ.ਐਸ.ਆਈ' ਵਰਗੀਆਂ ਖੁਫੀਆ ਏਜੰਸੀਆਂ ਦੇ ਨਾਮ ਤੇ ਨੌਜਵਾਨਾਂ ਨੂੰ ਮਾਰ ਕੇ ਉਨ੍ਹਾਂ 'ਤੇ ਵਿਦੇਸ਼ੀ ਏਜੰਸੀਆਂ ਦੇ ਏਜੰਟ ਹੋਣ ਦਾ ਲੇਬਲ ਲਗਾ ਰਹੀ ਹੈ।

ਸਿੱਖ ਹਿਤੈਸ਼ੀਆਂ ਨੂੰ ਸਿੱਖ ਨੌਜਵਾਨੀ ਦੇ ਹੋ ਰਹੇ ਕਤਲੇਆਮ ਅਤੇ ਇਸ ਸਰਕਾਰੀ ਜਬਰ ਵਿਰੁੱਧ ਆਵਾਜ਼ ਉਠਾਉਣ ਦੀ ਅਪੀਲ ਕਰਦਿਆਂ, ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਵਲੋਂ ਨੌਜਵਾਨ ਰਣਜੀਤ ਸਿੰਘ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਐਮ ਪੀ ਢੇਸੀ ਨੇ ਬਰਤਾਨੀਆ ਦੀ ਸੰਸਦ ਵਿੱਚ ਇਰਾਨ ਯੁੱਧ 'ਚ ਫਸੇ ਬਰਤਾਨੀਆ ਦੀ ਸੁਰੱਖਿਅਤ ਵਾਪਸੀ ਦਾ ਮੁੱਦਾ ਚੁੱਕਿਆ



ਐਮ ਪੀ ਤਨਮਨਜੀਤ ਸਿੰਘ ਢੇਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਸੰਸਦ ਵਿੱਚ ਈਰਾਨ ਵੱਲੋਂ ਕੀਤੇ ਗਏ ਹਮਲੇ ਦਾ ਮੁੱਦੇ ਤੇ ਬੀਤੇ ਕੱਲ ਹੋਈ ਚਰਚਾ ਦੌਰਾਨ ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਯੁੱਧ ਵਿੱਚ ਫਸੇ ਬਰਤਾਨਵੀ ਲੋਕਾਂ ਦੀ ਸੁਰੱਖਿਅਤ ਵਾਪਸੀ ਦਾ ਮੁੱਦਾ ਚੁੱਕਿਆ। ਸੰਸਦ ਵਿੱਚ ਬੋਲਦਿਆਂ ਐਮ ਪੀ ਢੇਸੀ ਨੇ ਪ੍ਰਧਾਨ ਮੰਤਰੀ ਦਾ ਯੁੱਧ ਵਿੱਚ ਸਿੱਧੀ ਭੂਮਿਕਾ ਨਾ ਹੋਣ ਦੀ ਪੁਸ਼ਟੀ ਕਰਨ ਤੇ ਧੰਨਵਾਦ ਕਰਦਿਆਂ ਕਿਹਾ ਕਿ ਯੁੱਧ ਵਿੱਚ ਮਾਰੇ ਗਏ ਲੋਕਾਂ ਦੇ ਪ੍ਰੀਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ। ਉਹਨਾਂ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਦੀ ਸੁਰੱਖਿਆ ਤੇ ਚਿੰਤਾ ਪ੍ਰਗਟ ਕੀਤੀ ਅਤੇ ਪੁੱਛਿਆ ਕਿ ਬਹੁਤ ਸਾਰੇ ਬਰਤਾਨਵੀ ਜੰਗ ਦੇ ਪ੍ਰਭਾਵਿਤ ਖੇਤਰਾਂ ਵਿੱਚ ਫਸੇ ਹੋਏ ਹਨ ਉਹਨਾਂ ਦੀ ਸੁਰੱਖਿਅਤ ਵਾਪਸੀ ਲਈ ਕੀ ਪ੍ਰਬੰਧ ਕੀਤੇ ਜਾ ਰਹੇ ਹਨ? ਇੱਕ ਪਾਸੜ ਡਰੋਨ ਹਮਲਿਆਂ ਨੂੰ ਰੋਕਣ ਲਈ ਅਤੇ ਭਾਈਵਾਲ਼ਾਂ ਦੇ ਸਹਿਯੋਗ ਨਾਲ ਯੁੱਧ ਖਤਮ ਕਰਨ ਲਈ ਕੀ ਕਰ ਰਹੇ ਹਨ?

ਇਸ ਦੌਰਾਨ ਸ਼੍ਰੀ ਢੇਸੀ ਵੱਲੋਂ ਉਠਾਏ ਗਏ ਸਵਾਲਾਂ ਦਾ ਜਵਾਬ ਦਿੰਦਿਆਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਦਨ ਵਿੱਚ ਇਸ ਹਮਲੇ ਦੇ ਸਬੰਧ ਵਿੱਚ ਆਪਣਾ ਪੱਖ ਰੱਖਿਆ ਅਤੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਮੁੜ ਦੁਹਰਾਇਆ ਕਿ ਅਮਰੀਕਾ ਨੂੰ ਹਵਾਈ ਫੌਜੀ ਅੱਡੇ ਵਰਤਣ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਬਰਤਾਨਵੀ ਲੋਕਾਂ ਦੀ ਸੁਰੱਖਿਆ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

## ਬਰਤਾਨੀਆ ਵਿੱਚ ਹਿੰਦੂ ਮੰਦਰ ਬੰਦ ਹੋਣ ਦਾ ਖ਼ਤਰਾ ਹੈ ਕਿਉਂਕਿ ਕੌਂਸਲ ਨੇ ਇਮਾਰਤ ਵੇਚਣ ਦਾ ਫੈਸਲਾ ਕੀਤਾ ਹੈ



*ਪੀਟਰਬਰੋ ਦੇ ਨਿਊ ਇੰਗਲੈਂਡ ਕੰਪਲੈਕਸ ਵਿੱਚ ਸਥਾਪਿਤ ਮੰਦਰ*

ਲੰਡਨ -(ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਸ਼ਹਿਰ ਪੀਟਰਬਰੋ ਦੇ ਇੱਕ ਕੰਪਲੈਕਸ ਵਿੱਚ ਸਥਿਤ ਇੱਕ 40 ਸਾਲ ਪੁਰਾਣਾ ਹਿੰਦੂ ਮੰਦਰ ਅਤੇ ਕਮਿਊਨਿਟੀ ਸੈਂਟਰ ਸਥਾਨਕ ਅਧਿਕਾਰੀਆਂ ਦੁਆਰਾ ਇਮਾਰਤ ਨੂੰ ਵੇਚਣ ਦੇ ਫੈਸਲੇ ਕਾਰਨ ਬੰਦ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ। ਇਹ ਸਥਾਨ ਮੰਦਰ ਨੂੰ ਕਿਰਾਏ 'ਤੇ ਦਿੱਤਾ ਹੋਇਆ ਸੀ।

ਭਾਰਤ ਹਿੰਦੂ ਸਮਾਜ ਮੰਦਰ 1986 ਵਿੱਚ ਸ਼ਹਿਰ ਦੇ ਨਿਊ ਇੰਗਲੈਂਡ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਕੈਂਬਰਿਜਸ਼ਾਇਰ, ਨੌਰਫੋਕ ਅਤੇ ਲਿੰਕਨਸ਼ਾਇਰ ਤੋਂ 13,000 ਤੋਂ ਵੱਧ ਹਿੰਦੂ ਇੱਥੋਂ ਦੇ ਸ਼ਰਧਾਲੂ ਹਨ।ਮੰਦਰ ਪ੍ਰਸ਼ਾਸਨ ਨੇ ਪੀਟਰਬਰੋ ਸਿਟੀ ਕੌਂਸਲ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਬੇਨਤੀ ਕੀਤੀ ਹੈ। ਮੰਦਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਸੀਂ ਭਾਰਤ ਹਿੰਦੂ ਸਮਾਜ ਨਾਲ ਜੁੜੀ ਇਮਾਰਤ ਦੀ ਵਿਕਰੀ ਦੀ ਸਖ਼ਤ ਨਿੰਦਾ ਕਰਦੇ ਹਾਂ। ਭਾਈਚਾਰੇ ਦੁਆਰਾ ਸਥਾਪਿਤ ਸੰਸਥਾ ਨੂੰ ਪਾਰਦਰਸ਼ਤਾ ਜਾਂ ਸਹਿਮਤੀ ਤੋਂ ਬਿਨਾਂ ਵੇਚਿਆ ਨਹੀਂ ਜਾਣਾ ਚਾਹੀਦਾ।"

ਮੰਦਰ ਪ੍ਰਬੰਧਕਾਂ ਨੇ ਕਿਹਾ ਕਿ ਇਹ ਸਿਰਫ਼ ਜਾਇਦਾਦ ਨਹੀਂ ਹੈ, ਸਗੋਂ ਵਿਰਾਸਤ, ਵਿਸ਼ਵਾਸ ਬਾਰੇ ਹੈ। ਭਾਈਚਾਰਾ ਜਵਾਬਾਂ ਦਾ ਹੱਕਦਾਰ ਹੈ। ਇਸ ਫੈਸਲੇ 'ਤੇ ਸਵਾਲ ਉਠਾਏ ਜਾਣੇ ਚਾਹੀਦੇ ਹਨ ਅਤੇ ਵਿਰੋਧ ਕੀਤਾ ਜਾਣਾ ਚਾਹੀਦਾ ਹੈ।ਬ੍ਰਿਟਿਸ਼ ਹਿੰਦੂਆਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ ਹਿੰਦੂ ਕੌਂਸਲ ਯੂ ਕੇ ਨੇ ਲੇਬਰ ਪਾਰਟੀ ਦੀ ਅਗਵਾਈ ਵਾਲੀ ਪੀਟਰਬਰੋ ਸਿਟੀ ਕੌਂਸਲ (ਪੀ ਸੀ ਸੀ) ਦੇ ਨਵੇਂ ਪ੍ਰਸ਼ਾਸਨ 'ਤੇ ਮੰਦਰ ਦੇ "ਸਮਾਜਿਕ ਪ੍ਰਭਾਵ ਮੁੱਲ" ਨੂੰ ਮਾਨਤਾ ਦੇਣ ਅਤੇ ਇਸਦੀ ਮਾਲਕੀ ਭਾਰਤ ਹਿੰਦੂ ਸਮਾਜ ਨੂੰ ਤਬਦੀਲ ਕਰਨ ਦੀ ਆਪਣੀ ਪਹਿਲਾਂ ਦੀ ਵਚਨਬੱਧਤਾ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ ਹੈ।

## ਯੂ ਕੇ ਵਿੱਚ ਵੀਜ਼ਾ ਵਧਾਉਣ ਵਾਲਿਆਂ ਵਿੱਚ ਭਾਰਤੀ ਵਿਦਿਆਰਥੀ ਅਤੇ ਹੁਨਰਮੰਦ ਕਾਮੇ ਸਭ ਤੋਂ ਵੱਧ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਵੀਜ਼ਾ ਵਧਾਉਣ ਵਾਲਿਆਂ ਵਿੱਚ ਭਾਰਤੀ ਵਿਦਿਆਰਥੀ ਅਤੇ ਹੁਨਰਮੰਦ ਕਾਮੇ ਸਭ ਤੋਂ ਵੱਧ ਹਨ। ਇਹ ਜਾਣਕਾਰੀ ਬੀਤੇ ਕੱਲ ਵੀਰਵਾਰ ਨੂੰ ਯੂ ਕੇ ਦੇ ਗ੍ਰਹਿ ਦਫ਼ਤਰ ਦੁਆਰਾ ਜਾਰੀ ਕੀਤੇ ਗਏ ਅਧਿਕਾਰਤ ਮਾਈਗ੍ਰੇਸ਼ਨ ਅੰਕੜਿਆਂ ਵਿੱਚ ਦਿੱਤੀ ਗਈ ਹੈ। ਸਿਹਤ ਖੇਤਰ ਸਮੇਤ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ ਵਾਲੇ ਹੁਨਰਮੰਦ ਕਾਮਿਆਂ ਅਤੇ ਭਾਰਤੀ ਵਿਦਿਆਰਥੀਆਂ ਨੇ ਯੂ ਕੇ ਵਿੱਚ ਹੋਰਨਾਂ ਨਾਲੋਂ ਵੱਧ ਵੀਜ਼ਾ ਵਧਾਇਆ ਹੈ।

ਅੰਕੜਿਆਂ ਦੇ ਅਨੁਸਾਰ ਹਾਲ ਹੀ ਵਿੱਚ ਗਿਰਾਵਟ ਦੇ ਰੁਝਾਨ ਤੋਂ ਬਾਅਦ ਵਿਦੇਸ਼ੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਪਾਂਸਰਡ ਸਟੱਡੀ ਵੀਜ਼ਿਆਂ ਦੀ ਗਿਣਤੀ ਵਿੱਚ ਪਿਛਲੇ ਸਾਲ ਨਾਲੋਂ ਤਿੰਨ ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਦਸੰਬਰ 2025 ਨੂੰ ਖਤਮ ਹੋਏ ਸਾਲ ਵਿੱਚ ਭਾਰਤੀਆਂ ਨੂੰ 95,231 ਵੀਜ਼ੇ ਦਿੱਤੇ ਗਏ।

ਇਸੇ ਸਮੇਂ ਦੌਰਾਨ ਹੁਨਰਮੰਦ ਵਰਕਰ ਵੀਜ਼ਾ ਵਾਧੇ ਦੀ ਸਭ ਤੋਂ ਵੱਧ ਗਿਣਤੀ ਵੀ ਭਾਰਤੀਆਂ ਦੀ ਹੀ ਸੀ। ਗ੍ਰਹਿ ਦਫ਼ਤਰ ਨੇ ਕਿਹਾ ਕਿ ਦਸੰਬਰ 2025 ਨੂੰ ਖਤਮ ਹੋਏ ਸਾਲ ਵਿੱਚ ਸਿਹਤ ਅਤੇ ਦੇਖਭਾਲ ਕਰਮਚਾਰੀਆਂ ਲਈ ਵੀਜ਼ਾ ਵਾਧੇ (ਐਕਸਟੈਂਸ਼ਨ) ਦੀ ਸੂਚੀ ਵਿੱਚ ਭਾਰਤੀ ਸਭ ਤੋਂ ਉੱਪਰ ਸਨ, ਜਿਸ ਵਿੱਚ 104,555 ਵੀਜ਼ੇ ਵਧਾਏ ਗਏ ਸਨ।

# 'ਆਪ' ਵਿਚ ਬਗਾਵਤ ਦਾ ਖ਼ਤਰਾ ! ਕਿੰਨ੍ਹਾਂ ਵਿਧਾਇਕਾਂ ਦੀ ਕੱਟੀ ਜਾਵੇਗੀ ਟਿਕਟ ?

ਨਿਊਜ਼ ਵਿਸ਼ਲੇਸ਼ਣ

## ✪ ਸਿਆਸੀ ਗਲਿਆਰਿਆਂ ਵਿਚ ਚਰਚਾ: ਪੰਜਾਬ 'ਆਪ' ਕਿਉਂ ਹੈ ਅਸੁਰੱਖਿਅਤ ?
## ✪ ਕੀ 'ਆਪ' ਦੇ ਵਿਧਾਇਕ ਬਦਲਣਗੇ ਰਾਹ ? ਪੰਜਾਬ ਦੀ ਸਿਆਸਤ 'ਚ ਭੱਖਿਆ ਮਾਹੌਲ

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵਿਚ ਬਗਾਵਤ ਦਾ ਖ਼ਤਰਾ ਮੰਡਰਾ ਰਿਹਾ ਹੈ, ਜਿਸ ਦੇ ਸੰਕੇਤ ਸਿਆਸੀ ਸੂਤਰਾਂ ਤੋਂ ਮਿਲੇ ਹਨ, ਜਿਸ ਵਿਚ ਵਿਧਾਇਕਾਂ ਨੂੰ ਨਜ਼ਰਅੰਦਾਜ਼ ਕਰ ਕੇ ਦਿੱਲੀ ਟੀਮ ਜ਼ਰੀਏ ਡਿਟੇਲ ਜੁਟਾਈ ਜਾ ਰਹੀ ਹੈ। ਜੇਕਰ ਪੰਜਾਬ ਦੇ ਸਿਆਸੀ ਮਾਹੌਲ ਦੀ ਗੱਲ ਕਰੀਏ ਤਾਂ ਕਿਸੇ ਵੀ ਚੋਣਾਂ ਤੋਂ ਪਹਿਲਾਂ ਨੇਤਾਵਾਂ ਦੇ ਵੱਡੇ ਪੱਧਰ 'ਤੇ ਪਾਰਟੀਆਂ ਬਦਲਣ ਦੀ ਰਵਾਇਤ ਚੱਲ ਰਹੀ ਹੈ। ਇਹੀ ਹਾਲਾਤ 2027 ਦੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਕ ਵਾਰ ਫ਼ਿਰ ਆਮ ਆਦਮੀ ਪਾਰਟੀ ਦੇ ਸਾਹਮਣੇ ਪੈਦਾ ਹੋਣ ਵਾਲੇ ਹਨ, ਕਿਉਂਕਿ ਆਮ ਆਦਮੀ ਪਾਰਟੀ ਦੀ ਪਤਲੀ ਹਾਲਤ ਨੂੰ ਧਿਆਨ ਰੱਖਦੇ ਹੋਏ ਕਈ ਵਿਧਾਇਕ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਵਾਂ ਰਾਹ ਲੱਭ ਰਹੇ ਹਨ।

ਪੰਜਾਬ ਦੀ ਸਿਆਸਤ ਵਿਚ ਇਸ ਵੇਲੇ ਵੱਡੀ ਹਲਚਲ ਮਚੀ ਹੋਈ ਹੈ। 2022 ਵਿਚ ਭਰਵੀਂ ਜਿੱਤ ਤੋਂ ਬਾਅਦ ਆਪ ਨੇ ਭਗਵੰਤ ਮਾਨ ਦੀ ਅਗਵਾਈ ਵਿਚ ਸਰਕਾਰ ਬਣਾਈ ਸੀ ਅਤੇ 92 ਸੀਟਾਂ ਨਾਲ ਇਤਿਹਾਸ ਰਚਿਆ ਸੀ। ਪਰ ਹੁਣ ਪੰਜਾਬੀਆਂ ਵਿਚ ਆਪ ਤੋਂ ਨਿਰਾਸ਼ਾ ਵਧਦੀ ਜਾ ਰਹੀ ਹੈ। ਦਿੱਲੀ ਵਿਚ ਫਰਵਰੀ 2025 ਵਿਚ ਹੋਈ ਹਾਰ ਤੋਂ ਬਾਅਦ ਪੰਜਾਬ ਵਿਚ ਵੀ ਬਗਾਵਤ ਦੀਆਂ ਅਫਵਾਹਾਂ ਫੈਲ ਰਹੀਆਂ ਹਨ। ਬੀਤੇ ਸਮੇਂ ਦੌਰਾਨ ਕਾਂਗਰਸ ਦੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਦਾਅਵਾ ਕੀਤਾ ਸੀ ਕਿ ਲਗਭਗ 30 ਤੋਂ ਵੱਧ ਆਪ ਵਿਧਾਇਕ ਉਨ੍ਹਾਂ ਨਾਲ ਸੰਪਰਕ ਵਿਚ ਹਨ ਅਤੇ ਪਾਰਟੀ ਬਦਲਣ ਲਈ ਤਿਆਰ ਹਨ। ਭਗਵੰਤ ਮਾਨ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਆਪ ਵਿਚ ਕੋਈ ਬਗਾਵਤ ਨਹੀਂ, ਬਲਕਿ ਇਹ ਵਿਰੋਧੀਆਂ ਦੀ ਬੇਬੁਨਿਆਦ ਚਾਲ ਹੈ। ਪਰ ਹਕੀਕਤ ਇਹ ਹੈ ਕਿ ਪਾਰਟੀ ਅੰਦਰ ਅਸੰਤੋਸ਼ ਵਧ ਰਿਹਾ ਹੈ।

ਇਸ ਅਸੰਤੋਸ਼ ਦੀਆਂ ਕਈ ਵਜ੍ਹਾਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਵਿਧਾਇਕਾਂ ਨੂੰ ਆਪਣੀ ਹਲਕੇ ਵਿਚ ਕੰਮ ਕਰਨ ਦੀ ਆਜ਼ਾਦੀ ਨਹੀਂ ਮਿਲ ਰਹੀ। ਇੱਕ ਵਿਧਾਇਕ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ, "ਦਿੱਲੀ ਤੋਂ ਆਉਂਦੇ ਹੁਕਮਾਂ ਤੋਂ ਬਿਨਾਂ ਇੱਕ ਫਾਈਲ ਵੀ ਨਹੀਂ ਹਿਲਦੀ। ਮੁੱਖ ਮੰਤਰੀ ਭਗਵੰਤ ਮਾਨ ਖੁਦ ਦਿੱਲੀ ਟੀਮ ਦੇ ਅਧੀਨ ਹਨ।" ਇਸੇ ਲਈ ਪਾਰਟੀ ਵੱਲੋਂ ਵਿਧਾਇਕਾਂ ਨੂੰ ਸਾਈਡਲਾਈਨ ਕਰਕੇ ਦਿੱਲੀ ਟੀਮ, ਖਾਸ ਕਰਕੇ ਮਨੀਸ਼ ਸਿਸੋਦੀਆ ਅਤੇ ਸਤਿੰਦਰ ਜੈਨ ਨੂੰ ਪੰਜਾਬ ਵਿਚ ਭੇਜਿਆ ਗਿਆ ਹੈ। ਉਨ੍ਹਾਂ ਵੱਲੋਂ ਹਰ ਹਲਕੇ ਵਿਚ ਐਕਟਿਵ ਵਰਕਰਾਂ, ਲੋਕਲ ਆਗੂਆਂ ਅਤੇ ਜਨਤਾ ਤੋਂ ਫੀਡਬੈਕ ਲਿਆ ਜਾ ਰਿਹਾ ਹੈ। ਇਸ ਨੂੰ ਲੈ ਕੇ ਵਿਧਾਇਕਾਂ ਵਿਚ ਰੋਸ ਹੈ ਕਿ ਉਨ੍ਹਾਂ ਨੂੰ ਬਾਈਪਾਸ ਕੀਤਾ ਜਾ ਰਿਹਾ ਹੈ।


ਲੁਧਿਆਣਾ ਦੇ ਦੋ ਸ਼ਹਿਰੀ ਵਿਧਾਇਕਾਂ ਦੇ ਨਾਂ ਦੀ ਚਰਚਾ ਸਭ ਤੋਂ ਜ਼ਿਆਦਾ ਹੋ ਰਹੀ ਹੈ। ਇਸ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਵੱਲੋਂ ਵੀ ਬਗਾਵਤ ਨਾਲ ਨਜਿੱਠਣ ਲਈ ਦੂਜੇ ਬਦਲਾਂ 'ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਤਹਿਤ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਐਕਟਿਵ ਵਰਕਰਾਂ ਦੀ ਲਿਸਟ ਤਿਆਰ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਟਿਕਟ ਦੇਣ ਦੀ ਤਿਆਰੀ ਹੈ।

ਕਈਆਂ ਵਿਧਾਇਕਾਂ ਦੀ ਟਿਕਟ ਬਦਲਣ ਤੋਂ ਲੈ ਕੇ ਕੱਟਣ ਤੱਕ ਦੀ ਚਰਚਾ ਤੇਜ਼ ਹੈ। ਆਪ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਈ ਵਿਧਾਇਕਾਂ ਦੀ ਟਿਕਟ ਬਦਲਣ ਤੋਂ ਲੈ ਕੇ ਕੱਟਣ ਤੱਕ ਦੀ ਚਰਚਾ ਹੋ ਰਹੀ ਹੈ। ਇਨ੍ਹਾਂ ਵਿਚ ਮੁੱਖ ਤੌਰ 'ਤੇ ਉਹ ਵਿਧਾਇਕ ਸ਼ਾਮਲ ਹਨ, ਜਿਨ੍ਹਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ ਜਾਂ ਉਨ੍ਹਾਂ ਨਾਲ ਜੁੜੇ ਵਿਵਾਦ ਸਾਹਮਣੇ ਆਏ ਹਨ। ਇਸ ਸਬੰਧੀ ਫੀਡਬੈਕ ਆਮ ਆਦਮੀ ਪਾਰਟੀ ਕੋਲ ਪਹੁੰਚਿਆ ਹੈ ਤੇ ਵੱਖਰਾ ਸਰਵੇ ਵੀ ਕਰਵਾਇਆ ਜਾ ਰਿਹਾ ਹੈ। ਜਿਸ ਦੇ ਅਧਾਰ 'ਤੇ ਪਬਲਿਕ ਦੇ ਨੈਗੇਟਿਵ ਰਿਸਪਾਂਸ ਵਾਲੇ ਵਿਧਾਇਕਾਂ ਦੀ ਛੁੱਟੀ ਕਰਨ ਦਾ ਫ਼ੈਸਲਾ ਕੀਤਾ ਜਾ ਸਕਦਾ ਹੈ। ਰਾਜਨੀਤਕ ਵਿਸ਼ਲੇਸ਼ਕਾਂ ਅਨੁਸਾਰ ਇਸ ਤਰ੍ਹਾਂ ਦੇ 15 ਤੋਂ 20 ਵਿਧਾਇਕਾਂ 'ਤੇ ਟਿਕਟ ਕੱਟਣ ਦਾ ਖ਼ਤਰਾ ਮੰਡਰਾ ਰਿਹਾ ਹੈ।

### ਪੰਜਾਬੀਆਂ ਨੂੰ ਆਪ ਤੋਂ ਨਿਰਾਸ਼ਾ ਕਿਉਂ ਹੋ ਰਹੀ ਹੈ ?

ਪਹਿਲੀ ਵੱਡੀ ਵਜ੍ਹਾ ਡਰੱਗਸ ਦਾ ਮਸਲਾ ਹੈ। ਭਗਵੰਤ ਮਾਨ ਨੇ ਚੋਣਾਂ ਵਿਚ ਵਾਅਦਾ ਕੀਤਾ ਸੀ ਕਿ ਤਿੰਨ ਮਹੀਨਿਆਂ ਵਿਚ ਪੰਜਾਬ ਨੂੰ ਡਰੱਗ-ਫ੍ਰੀ ਬਣਾ ਦੇਣਗੇ, ਪਰ ਚਾਰ ਸਾਲ ਬੀਤ ਗਏ ਅਤੇ ਡਰੱਗਸ ਅਜੇ ਵੀ ਯੂਥ ਨੂੰ ਖੋਖਲਾ ਕਰ ਰਹੀ ਹੈ। ਫਾਰਮਰਾਂ ਨਾਲ ਵਾਅਦੇ ਵੀ ਪੂਰੇ ਨਹੀਂ ਹੋਏ। ਐੱਮਐੱਸਪੀ ਦੀ ਗਾਰੰਟੀ ਨਹੀਂ ਮਿਲੀ। ਲੈਂਡ ਪੂਲਿੰਗ ਪਾਲਿਸੀ ਫਾਰਮਰਾਂ ਦੇ ਵਿਰੋਧ ਤੋਂ ਬਾਅਦ ਵਾਪਸ ਲੈਣੀ ਪਈ ਸੀ। ਯੂਥ ਬੇਰੁਜ਼ਗਾਰੀ ਤੋਂ ਤੰਗ ਹਨ। ਮਹਿਲਾਵਾਂ ਲਈ 1000 ਰੁਪਏ ਮਹੀਨਾਵਾਰੀ ਸਕੀਮ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋਈ। ਇਸ ਤੋਂ ਇਲਾਵਾ ਦਿੱਲੀ ਟੀਮ ਦਾ ਹਕੂਮਤ ਵਿਚ ਦਖ਼ਲ ਪੰਜਾਬੀਆਂ ਨੂੰ ਨਾਪਸੰਦ ਹੈ। ਲੋਕ ਕਹਿੰਦੇ ਹਨ ਕਿ ਭਗਵੰਤ ਮਾਨ ਸਰਕਾਰ ਨਹੀਂ, ਦਿੱਲੀ ਚਲਾਉਂਦੀ ਹੈ।

ਰਾਜਨੀਤੀ ਵਿਸ਼ਲੇਸ਼ਕਾਂ ਅਨੁਸਾਰ ਇਸ ਵਾਰ ਬਹੁਤ ਮੁਸ਼ਕਲ ਹੋਵੇਗਾ। ਇੰਸਟੀਚਿਊਟ ਆਫ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ (ਆਈਡੀਸੀ) ਦੇ ਡਾਇਰੈਕਟਰ ਡਾ. ਪ੍ਰਮੋਦ ਕੁਮਾਰ ਕਹਿੰਦੇ ਹਨ, "ਦਿੱਲੀ ਹਾਰ ਤੋਂ ਬਾਅਦ



ਆਪ ਨੂੰ ਪੰਜਾਬ ਵਿਚ ਐਂਟੀ-ਇੰਕੰਬੈਂਸੀ ਦਾ ਸਾਹਮਣਾ ਕਰਨਾ ਪਵੇਗਾ। ਜੇਕਰ ਉਹ ਆਪਣੀ ਰਣਨੀਤੀ ਬਦਲਣ ਵਿਚ ਅਸਫਲ ਰਹੇ ਤਾਂ 2027 ਵਿਚ ਹਾਰ ਤੈਅ ਹੈ। ਲੋਕ ਬਦਲਾਅ ਚਾਹੁੰਦੇ ਹਨ।"

ਇੱਕ ਹੋਰ ਵਿਸ਼ਲੇਸ਼ਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ, "ਪੰਜਾਬ ਦਾ ਕਰਜ਼ਾ 3.53 ਲੱਖ ਕਰੋੜ ਤੱਕ ਪਹੁੰਚ ਰਿਹਾ ਹੈ। ਆਰਥਿਕ ਫੇਲ੍ਹੀਅਰ ਅਤੇ ਵਾਅਦਿਆਂ ਦੀ ਪੂਰਤੀ ਨਾ ਹੋਣਾ ਆਪ ਲਈ ਭਾਰੀ ਪਵੇਗਾ। ਭਾਜਪਾ ਅਤੇ ਕਾਂਗਰਸ ਵੱਧ ਐਕਟਿਵ ਹੋ ਰਹੇ ਹਨ।" ਡਾਕਟਰ ਖ਼ੁਸ਼ਹਾਲ ਸਿੰਘ ਚੰਡੀਗੜ੍ਹ ਕਹਿੰਦੇ ਹਨ, "ਆਪ ਨੇ ਲੋਕਾਂ ਨੂੰ ਸੁਪਨੇ ਵਿਖਾਏ ਸਨ, ਪਰ ਗ੍ਰਾਊਂਡ ਰਿਐਲਿਟੀ ਵੱਖਰੀ ਹੈ। ਯੂਥ ਰੁਜ਼ਗਾਰ ਲਈ ਬਾਹਰ ਜਾ ਰਿਹਾ ਹੈ, ਖੇਤੀ ਡੂੰਘੀ ਸੰਕਟ ਵਿਚ ਹੈ। ਇਸ ਨਾਲ ਲੋਕਾਂ ਵਿਚ ਗੁੱਸਾ ਹੈ।"

### ਕੌਣ ਹੋ ਸਕਦੇ ਹਨ ਬਗਾਵਤ ਕਰਨ ਵਾਲੇ ?

ਉਹ ਵਿਧਾਇਕ ਜਿਨ੍ਹਾਂ ਨੂੰ ਟਿਕਟ ਮਿਲਣ ਦੀ ਉਮੀਦ ਘੱਟ ਹੈ ਜਾਂ ਜਿਨ੍ਹਾਂ ਨਾਲ ਦਿੱਲੀ ਟੀਮ ਦੇ ਰਿਸ਼ਤੇ ਖਰਾਬ ਹਨ। ਇਸ ਲਿਸਟ ਵਿਚ ਅੰਮ੍ਰਿਤਸਰ, ਲੁਧਿਆਣਾ, ਸੰਗਰੂਰ ਅਤੇ ਮਾਲਵਾ ਖੇਤਰ ਦੇ ਕਈ ਨਾਮ ਆ ਰਹੇ ਹਨ। ਇਨ੍ਹਾਂ ਵਿਚ ਉਹ ਵੀ ਸ਼ਾਮਲ ਹਨ ਜਿਨ੍ਹਾਂ ਨੇ ਰਾਜ ਸਭਾ ਉਮੀਦਵਾਰ ਨੂੰ ਸਮਰਥਨ ਦਿੱਤਾ ਸੀ ਜਾਂ ਜਿਨ੍ਹਾਂ ਉੱਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਹਨ। ਇੱਕ ਆਗੂ ਨੇ ਕਿਹਾ, "ਜੇ ਟਿਕਟ ਨਾ ਮਿਲੀ ਤਾਂ ਅਸੀਂ ਚੁੱਪ ਨਹੀਂ ਰਹਿਣਾ।"

ਆਪ ਵੱਲੋਂ ਇਸ ਬਗਾਵਤ ਨਾਲ ਨਜਿੱਠਣ ਲਈ ਕਈ ਕਦਮ ਚੁੱਕੇ ਗਏ ਹਨ। ਜੂਨ 2025 ਵਿਚ ਪੰਜਾਬ ਯੂਨਿਟ ਵਿਚ ਵੱਡੀ ਤਬਦੀਲੀ ਹੋਈ ਹੈ। ਪੰਜ ਵਿਧਾਇਕਾਂ ਨੂੰ ਵਾਈਸ ਪ੍ਰੈਜ਼ੀਡੈਂਟ ਬਣਾਇਆ ਗਿਆ। ਸਾਰੀਆਂ 13 ਲੋਕ ਸਭਾ ਅਤੇ 23 ਜ਼ਿਲ੍ਹਾ ਇੰਚਾਰਜ ਬਦਲੇ ਗਏ ਹਨ। ਇਹ 'ਮਿਸ਼ਨ 2027' ਦੀ ਸ਼ੁਰੂਆਤ ਮੰਨੀ ਜਾ ਰਹੀ ਹੈ।

ਸਿਆਸੀ ਮਾਹਿਰ ਅਸ਼ੁਤੋਸ਼ ਕੁਮਾਰ ਕਹਿੰਦੇ ਹਨ, "ਆਪ ਲਈ ਇਹ ਸਰਵਾਈਵਲ ਦੀ ਲੜਾਈ ਹੈ। ਜੇਕਰ ਉਹ ਆਪਣੀ ਗਵਰਨੈਂਸ ਮਾਡਲ ਨੂੰ ਬਦਲਣ ਵਿਚ ਅਸਫਲ ਰਹੇ ਤਾਂ ਪੰਜਾਬ ਵੀ ਦਿੱਲੀ ਵਾਂਗ ਗਵਾ ਸਕਦੀ ਹੈ। ਲੋਕ ਡਰੱਗ-ਫ੍ਰੀ ਪੰਜਾਬ, ਰੁਜ਼ਗਾਰ ਅਤੇ ਖੇਤੀ ਸੰਕਟ ਦਾ ਹੱਲ ਚਾਹੁੰਦੇ ਹਨ।" ਪ੍ਰਸਿੱਧ ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਕਹਿੰਦੇ ਹਨ, "ਆਪ ਨੇ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਤੋਂ ਸ਼ੁਰੂਆਤ ਕੀਤੀ ਸੀ, ਪਰ ਹੁਣ ਉਸੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਉਨ੍ਹਾਂ ਉੱਤੇ ਲੱਗ ਰਹੇ ਹਨ। ਇਹ ਲੋਕਾਂ ਵਿਚ ਨਿਰਾਸ਼ਾ ਪੈਦਾ ਕਰ ਰਿਹਾ ਹੈ।"

ਪੰਜਾਬ ਵਿਚ ਸਿਆਸੀ ਹਲਚਲ ਵਧ ਰਹੀ ਹੈ। ਭਾਜਪਾ ਵੱਖਰੇ ਤੌਰ 'ਤੇ ਚੋਣ ਲੜਨ ਦਾ ਐਲਾਨ ਕਰ ਚੁੱਕੀ ਹੈ ਅਤੇ ਆਪ ਤੋਂ ਵਿਧਾਇਕਾਂ ਨੂੰ ਆਕਰਸ਼ਿਤ ਕਰ ਰਹੀ ਹੈ। ਕਾਂਗਰਸ ਵੀ ਆਪਣੀਆਂ ਤਾਕਤਾਂ ਇਕੱਠੀਆਂ ਕਰ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵੀ 'ਪੰਜਾਬ ਬਚਾਓ' ਰੈਲੀਆਂ ਰਾਹੀਂ ਵਾਅਦੇ ਕਰ ਰਿਹਾ ਹੈ। ਅਕਾਲੀ ਦਲ ਵਾਰਸ ਪੰਜਾਬ ਦੇ ਸਰਗਰਮ ਹਨ। ਇਸ ਮਾਹੌਲ ਵਿਚ ਆਪ ਲਈ ਚੁਣੌਤੀ ਵੱਡੀ ਹੈ। ਜੇਕਰ ਉਹ ਵਿਧਾਇਕਾਂ ਦੀ ਬਗਾਵਤ ਨੂੰ ਰੋਕ ਲਈ ਅਤੇ ਲੋਕਾਂ ਦੀਆਂ ਉਮੀਦਾਂ ਪੂਰੀਆਂ ਕਰ ਲਈ ਤਾਂ ਸੱਤਾ ਵਿਚ ਵਾਪਸੀ ਆਸਾਨ ਹੋ ਸਕਦੀ ਹੈ, ਨਹੀਂ ਤਾਂ 2027 ਉਨ੍ਹਾਂ ਲਈ ਔਖਾ ਹੋਵੇਗਾ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਕਹਿੰਦੇ ਹਨ ਕਿ ਪੰਜਾਬੀ ਲੋਕ ਇੱਕ ਵਾਰ ਫਿਰ ਬਦਲਾਅ ਚਾਹੁੰਦੇ ਹਨ। ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਆਪ ਸਰਕਾਰ ਵੀ ਪੁਰਾਣੀਆਂ ਪਾਰਟੀਆਂ ਵਾਂਗ ਹੀ ਚੱਲ ਰਹੀ ਹੈ। ਟੋਲ ਪਲਾਜ਼ਾ ਬੰਦ ਕਰਨਾ, ਫ੍ਰੀ ਬਿਜਲੀ ਵਰਗੀਆਂ ਯੋਜਨਾਵਾਂ ਚੰਗੀਆਂ ਹਨ, ਪਰ ਬੁਨਿਆਦੀ ਮਸਲੇ ਜਿਵੇਂ ਬੇਰੁਜ਼ਗਾਰੀ, ਡਰੱਗਸ ਅਤੇ ਖੇਤੀ ਸੰਕਟ ਅਜੇ ਹੱਲ ਨਹੀਂ ਹੋਏ। ਇਸ ਲਈ ਵਿਧਾਇਕਾਂ ਵਿਚ ਬਗਾਵਤ ਅਤੇ ਟਿਕਟ ਬਦਲਾਅ ਦੀਆਂ ਚਰਚਾਵਾਂ ਲਗਾਤਾਰ ਜਾਰੀ ਹਨ। ਲੁਧਿਆਣਾ ਵਰਗੇ ਸ਼ਹਿਰੀ ਹਲਕਿਆਂ ਵਿਚ ਇਹ ਚਰਚਾ ਹੋਰ ਤੇਜ਼ ਹੈ ਕਿਉਂਕਿ ਇੱਥੇ ਲੋਕਾਂ ਦੀਆਂ ਉਮੀਦਾਂ ਵੱਧ ਸਨ।

ਆਪ ਲੀਡਰਸ਼ਿਪ ਇਸ ਨੂੰ ਰੱਦ ਕਰਦੀ ਆ ਰਹੀ ਹੈ ਅਤੇ ਕਹਿ ਰਹੀ ਹੈ ਕਿ ਇਹ ਵਿਰੋਧੀਆਂ ਦੀ ਚਾਲ ਹੈ। ਪਰ ਗ੍ਰਾਊਂਡ ਰਿਪੋਰਟਾਂ ਤੋਂ ਲੱਗਦਾ ਹੈ ਕਿ ਅੰਦਰੂਨੀ ਅਸੰਤੋਸ਼ ਅਸਲ ਹੈ। ਜੇਕਰ ਆਪ ਨੇ ਇਸ ਨੂੰ ਠੀਕ ਸਮੇਂ ਤੇ ਸੰਭਾਲਿਆ ਤਾਂ ਠੀਕ, ਨਹੀਂ ਤਾਂ 2027 ਵਿਚ ਵੱਡਾ ਝਟਕਾ ਲੱਗ ਸਕਦਾ ਹੈ। ਆਪ ਵਿਚ ਬਗਾਵਤ ਹੋਵੇਗੀ ਜਾਂ ਨਹੀਂ, ਇਹ ਆਉਣ ਵਾਲੇ ਮਹੀਨਿਆਂ ਵਿਚ ਸਾਹਮਣੇ ਆਵੇਗਾ। ਪਰ ਇੱਕ ਗੱਲ ਤੈਅ ਹੈ - ਜੇਕਰ ਵਿਧਾਇਕਾਂ ਦੀ ਛੁੱਟੀ ਹੋਈ ਤਾਂ ਇਹ ਪਾਰਟੀ ਲਈ ਵੱਡਾ ਝਟਕਾ ਹੋਵੇਗਾ ਅਤੇ ਵਿਰੋਧੀਆਂ ਲਈ ਮੌਕਾ।

# ਭਾਈ ਨਿੱਝਰ ਕਤਲ ਮਾਮਲੇ 'ਚ ਵੈਨਕੂਵਰ ਸ਼ਰਾਫ਼ਤਖਾਨੇ ਦੇ ਭਾਰਤੀ ਅਧਿਕਾਰੀਆਂ ਨਾਲ ਸਬੰਧਾਂ ਦੇ ਦਿੱਤੇ ਗਏ ਸਨ ਸਬੂਤ

ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਕੈਨੇਡਾ ਦੀ ਇਕ ਪ੍ਰਮੁੱਖ ਅਖ਼ਬਾਰ ਨੂੰ ਦੋ ਸੂਤਰਾਂ ਨੇ ਦੱਸਿਆ ਕਿ ਕੈਨੇਡੀਅਨ ਰਾਸ਼ਟਰੀ ਸੁਰੱਖਿਆ ਅਧਿਕਾਰੀਆਂ ਨੂੰ ਸਬੂਤ ਪੇਸ਼ ਕੀਤੇ ਗਏ ਸਨ ਕਿ ਵੈਨਕੂਵਰ ਵਿੱਚ ਕੰਮ ਕਰ ਰਹੇ ਭਾਰਤੀ ਕੌਂਸਲਰ ਸਟਾਫ ਕੰਵਲਜੀਤ ਸਿੰਘ ਨੇ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਸਹਾਇਤਾ ਲਈ ਜਾਣਕਾਰੀ ਸਪਲਾਈ ਕੀਤੀ ਸੀ। ਸੂਤਰਾਂ ਨੇ ਦੱਸਿਆ ਕਿ ਇੱਕ ਭਾਰਤੀ ਅਧਿਕਾਰੀ ਕੌਂਸਲੇਟ ਵਿੱਚ ਵੀਜ਼ਾ ਅਧਿਕਾਰੀ ਵਜੋਂ ਕੰਮ ਕਰਦਾ ਸੀ, ਜਿਸਨੇ ਆਪਣੇ ਅਹੁਦੇ ਦੀ ਵਰਤੋਂ ਕਰਦਿਆਂ ਸਰੀ, ਬੀਸੀ ਵਿੱਚ ਭਾਰਤੀ ਡਾਇਸਪੋਰਾ ਦੇ ਮੈਂਬਰਾਂ ਤੋਂ ਸ਼੍ਰੀ ਨਿੱਝਰ ਬਾਰੇ ਜਾਣਕਾਰੀ ਇਕੱਠੀ ਕੀਤੀ, ਜਿਨ੍ਹਾਂ ਵਿੱਚੋਂ ਇੱਕ ਕਾਨੂੰਨ ਲਾਗੂ ਕਰਨ ਵਾਲੇ ਅਤੇ ਇੱਕ ਰਾਸ਼ਟਰੀ ਸੁਰੱਖਿਆ ਵਿੱਚ ਹੈ। ਕਾਨੂੰਨ ਲਾਗੂ ਕਰਨ ਵਾਲੇ ਸੂਤਰ ਨੇ ਕਿਹਾ ਕਿ ਕੰਵਲਜੀਤ ਸਿੰਘ ਨਾਮ ਦਾ ਇਹ ਵਿਅਕਤੀ ਭਾਰਤ ਦੀ ਬਾਹਰੀ ਖੁਫੀਆ ਏਜੰਸੀ ਜਾਂ ਰਾਅ ਦਾ ਇੱਕ ਖੁਫੀਆ ਅਧਿਕਾਰੀ ਵੀ ਸੀ। ਦੋਵਾਂ ਸੂਤਰਾਂ ਨੇ ਦੱਸਿਆ ਕਿ ਕੰਵਲਜੀਤ ਸਿੰਘ ਨੇ ਉਸ ਸਮੇਂ ਵੈਨਕੂਵਰ ਦੇ ਕੌਂਸਲ-ਜਨਰਲ ਮਨੀਸ਼ ਨਾਲ ਕੰਮ ਕੀਤਾ ਸੀ । ਜਦੋਂ ਓਟਾਵਾ ਨੇ ਭਾਰਤ ਦੇ ਏਜੰਟਾਂ 'ਤੇ ਇਸ ਕਤਲ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ, ਪਰ ਨਿੱਝਰ ਸਾਜ਼ਿਸ਼ ਵਿੱਚ ਕੌਂਸਲਰ ਅਧਿਕਾਰੀਆਂ ਦੀ ਪਛਾਣ ਅਤੇ ਉਨ੍ਹਾਂ ਦੀਆਂ ਕਥਿਤ ਭੂਮਿਕਾਵਾਂ ਦਾ ਕਦੇ ਵੀ ਜਨਤਕ ਤੌਰ 'ਤੇ ਖੁਲਾਸਾ ਨਹੀਂ ਕੀਤਾ ਗਿਆ। ਸੰਘੀ ਸਰਕਾਰ ਨੇ ਅਕਤੂਬਰ, 2024 ਵਿੱਚ ਛੇ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ ਅਤੇ ਜਨਤਕ ਤੌਰ 'ਤੇ ਸਿਰਫ਼ ਉਸ ਸਮੇਂ ਦੇ ਹਾਈ ਕਮਿਸ਼ਨਰ ਸੰਜੇ ਵਰਮਾ ਦਾ ਨਾਮ ਲਿਆ ਗਿਆ ਸੀ। ਉਸ ਸਮੇਂ ਦ ਕੈਨੇਡੀਅਨ ਪ੍ਰੈਸ ਨੇ ਰਿਪੋਰਟ ਦਿੱਤੀ ਸੀ ਕਿ ਕੰਵਲਜੀਤ ਸਿੰਘ ਪਹਿਲਾਂ ਕੈਨੇਡੀਅਨ ਸਰਕਾਰ ਦੀ ਮਾਨਤਾ ਪ੍ਰਾਪਤ ਡਿਪਲੋਮੈਟਾਂ ਦੀ ਸੂਚੀ ਵਿੱਚ ਸਨ, ਅਤੇ ਬਰਖਾਸਤਗੀ ਤੋਂ ਬਾਅਦ ਉਨ੍ਹਾਂ ਦਾ ਨਾਮ ਹਟਾ ਦਿੱਤਾ ਗਿਆ ਸੀ। ਭਾਈ ਹਰਦੀਪ ਸਿੰਘ ਨਿੱਝਰ ਨੂੰ 18 ਜੂਨ, 2023 ਨੂੰ ਸਰੀ, ਬੀਸੀ ਦੇ ਇੱਕ ਗੁਰਦੁਆਰੇ ਦੀ ਪਾਰਕਿੰਗ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਕੰਵਲਜੀਤ ਸਿੰਘ ਜਿਨ੍ਹਾਂ ਨੂੰ ਕੈਨੇਡਾ ਤੋਂ ਕੱਢੇ ਜਾਣ ਤੋਂ ਬਾਅਦ ਕਿੱਥੇ ਰੱਖਿਆ ਗਿਆ ਸੀ, ਇਸਦਾ ਪਤਾ ਨਹੀਂ ਲਗ ਸਕਿਆ ਹੈ ਅਤੇ ਮਨੀਸ਼ ਨੂੰ ਸਾਈਪ੍ਰਸ ਦਾ ਰਾਜਦੂਤ ਬਣਾ ਦਿੱਤਾ ਗਿਆ ਹੈ । ਦੋਵਾਂ ਸੂਤਰਾਂ ਨੇ ਦੱਸਿਆ ਕਿ ਭਾਈ ਨਿੱਝਰ ਬਾਰੇ ਜਾਣਕਾਰੀ ਨਵੀਂ ਦਿੱਲੀ ਵਿੱਚ ਇੱਕ ਹੋਰ ਰਾਅ ਅਧਿਕਾਰੀ ਨੂੰ ਦਿੱਤੀ ਗਈ ਸੀ ਅਤੇ ਉਸ ਅਧਿਕਾਰੀ ਨੇ ਲਾਰੈਂਸ ਬਿਸ਼ਨੋਈ ਸੰਗਠਿਤ- ਅਪਰਾਧ ਸਮੂਹ ਨਾਲ ਸੰਪਰਕ ਕੀਤਾ, ਜੋ ਕਿ ਇੱਕ ਪ੍ਰਮੁੱਖ ਭਾਰਤੀ ਗਿਰੋਹ ਹੈ ਜਿਹੜਾ ਕੈਨੇਡਾ ਵਿੱਚ ਜਬਰਦਸਤੀ ਅਤੇ ਹੋਰ ਅਪਰਾਧਾਂ ਲਈ ਜ਼ਿੰਮੇਵਾਰ ਹੈ। ਸੂਤਰਾਂ ਨੇ ਦੱਸਿਆ ਕਿ ਗਿਰੋਹ ਦੇ ਇੱਕ ਕੈਨੇਡਾ-ਅਧਾਰਤ ਮੈਂਬਰ ਨੇ ਫਿਰ ਸਪੱਸ਼ਟ ਸਿੱਖ ਕਾਰਕੁਨ ਦੀ ਹੱਤਿਆ ਦਾ ਪ੍ਰਬੰਧ ਕਰਨ ਵਿੱਚ ਮਦਦ ਕੀਤੀ ਸੀ । ਦੋ ਸੂਤਰਾਂ ਨੇ ਕਿਹਾ ਕਿ ਨਵੀਂ ਦਿੱਲੀ ਦਾ ਅਧਿਕਾਰੀ ਵਿਕਾਸ ਯਾਦਵ ਸੀ, ਜਿਸ ਨੂੰ ਅਮਰੀਕਾ ਦੇ ਇੱਕ ਦੋਸ਼ ਵਿੱਚ ਇੱਕ ਹੋਰ ਸਿੱਖ ਕਾਰਕੁਨ, ਜੋ ਕਿ ਸ਼੍ਰੀ ਨਿੱਝਰ ਦਾ ਸਾਥੀ ਸੀ, ਦੇ ਕਤਲ ਦੀ ਨਾਕਾਮ ਸਾਜ਼ਿਸ਼ ਦੇ ਪਿੱਛੇ ਮਾਸਟਰਮਾਈਂਡ ਵਜੋਂ ਨਾਮਜ਼ਦ ਕੀਤਾ ਗਿਆ ਹੈ। ਰਾਸ਼ਟਰੀ



ਸੁਰੱਖਿਆ ਸਰੋਤ ਦੇ ਅਨੁਸਾਰ, ਜੁਲਾਈ 2023 ਦੇ ਅਖੀਰ ਵਿੱਚ, ਕੈਨੇਡੀਅਨ ਅਧਿਕਾਰੀਆਂ ਨੂੰ ਇਸ ਕਤਲ ਵਿੱਚ ਭਾਰਤ ਸਰਕਾਰ ਦੀ ਕਥਿਤ ਭੂਮਿਕਾ ਬਾਰੇ ਸੁਚੇਤ ਕੀਤਾ ਗਿਆ ਸੀ। ਸੂਤਰ ਨੇ ਕਿਹਾ ਕਿ ਕੈਨੇਡਾ ਨੂੰ ਜਾਣਕਾਰੀ ਮਿਲੀ ਸੀ ਕਿ ਨਵੀਂ ਦਿੱਲੀ ਵਿੱਚ ਭਾਰਤੀ ਅਧਿਕਾਰੀਆਂ ਨੇ ਸ਼੍ਰੀ ਨਿੱਝਰ ਅਤੇ ਹੋਰ ਸਿੱਖ ਵੱਖਵਾਦੀਆਂ ਨੂੰ ਮਾਰਨ ਦੀ ਸਾਜ਼ਿਸ਼ ਰਚੀ ਹੈ। ਸੂਤਰ ਨੇ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਨੂੰ ਵਾਇਰਟੈਪ ਰਾਹੀਂ ਇਕੱਠੀ ਕੀਤੀ ਗਈ ਜਾਣਕਾਰੀ ਵੀ ਮਿਲੀ ਜਿਸ ਵਿੱਚ ਇੱਕ ਗੱਲਬਾਤ ਕੈਦ ਕੀਤੀ ਗਈ ਸੀ ਜਿਸ ਵਿੱਚ ਦੱਸਿਆ ਗਿਆ ਸੀ ਕਿ ਕਿਵੇਂ ਸ਼੍ਰੀ ਨਿੱਝਰ ਨੂੰ ਸਫਲਤਾਪੂਰਵਕ ਖਤਮ ਕੀਤਾ ਗਿਆ ਸੀ। ਸਤੰਬਰ, 2023 ਵਿੱਚ, ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਨੂੰ ਦੱਸਿਆ ਸੀ ਕਿ ਕੈਨੇਡੀਅਨ ਖੁਫੀਆ ਏਜੰਸੀਆਂ ਭਾਰਤੀ ਸਰਕਾਰੀ ਏਜੰਟਾਂ ਅਤੇ ਸ਼੍ਰੀ ਨਿੱਝਰ ਦੀ ਹੱਤਿਆ ਵਿਚਕਾਰ "ਸੰਭਾਵੀ ਸਬੰਧ ਦੇ ਭਰੋਸੇਯੋਗ ਦੋਸ਼ਾਂ ਦਾ ਪਿੱਛਾ" ਕਰ ਰਹੀਆਂ ਸਨ। ਉਸੇ ਦਿਨ, ਉਸ ਸਮੇਂ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਐਲਾਨ ਕੀਤਾ ਕਿ ਉਸਨੇ ਪਵਨ ਕੁਮਾਰ ਰਾਏ ਨੂੰ ਕੱਢ ਦਿੱਤਾ ਹੈ, ਜਿਸਨੂੰ ਸ਼੍ਰੀਮਤੀ ਜੋਲੀ ਨੇ ਕੈਨੇਡਾ ਵਿੱਚ ਭਾਰਤ ਦੀ ਵਿਦੇਸ਼ੀ ਖੁਫੀਆ ਏਜੰਸੀ ਦਾ ਮੁਖੀ ਦੱਸਿਆ ਸੀ। ਕਾਨੂੰਨ ਲਾਗੂ ਕਰਨ ਵਾਲੇ ਸੂਤਰ ਨੇ ਕਿਹਾ ਕਿ ਆਰਸੀਐਮਪੀ ਨੇ ਸਬੂਤ ਇਕੱਠੇ ਕੀਤੇ ਕਿ ਸ਼੍ਰੀ ਸਿੰਘ, ਕਈ ਵਾਰ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਪ੍ਰੌਕਸੀਆਂ ਨਾਲ ਕੰਮ ਕਰਦੇ ਹੋਏ, ਭਾਈ ਨਿੱਝਰ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਜ਼ਬਰਦਸਤੀ ਅਤੇ ਰਿਸ਼ਵਤਖੋਰੀ ਦੀ ਵਰਤੋਂ ਕਰਦੇ ਸਨ, ਅਤੇ ਭਾਰਤ ਵਿੱਚ ਪਰਿਵਾਰ ਨੂੰ ਮਿਲਣ ਜਾਣ ਦੇ ਚਾਹਵਾਨਾਂ ਨੂੰ ਭਾਰਤੀ ਯਾਤਰਾ ਵੀਜ਼ਾ ਜਾਰੀ ਕਰਨ ਲਈ ਆਪਣੇ ਅਧਿਕਾਰ ਦੀ ਵਰਤੋਂ ਕਰਦੇ ਸਨ। ਸੂਤਰ ਨੇ ਕਿਹਾ ਕਿ ਕੁਝ ਜਿਨ੍ਹਾਂ ਨੇ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ, ਉਨ੍ਹਾਂ ਨੂੰ ਭਾਰਤ ਵਿੱਚ ਉਨ੍ਹਾਂ ਦੇ ਰਿਸ਼ਤੇਦਾਰਾਂ ਲਈ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ ਸੀ । ਕਾਨੂੰਨ ਲਾਗੂ ਕਰਨ ਵਾਲੇ ਸੂਤਰ ਨੇ ਦੱਸਿਆ ਕਿ ਜਾਂਚਕਰਤਾਵਾਂ ਨੇ ਕੰਵਲਜੀਤ ਸਿੰਘ ਨੂੰ ਦੇਰ ਸ਼ਾਮ ਡਾਊਨਟਾਊਨ ਵੈਨਕੂਵਰ ਕੌਂਸਲੇਟ ਦਾ ਦੌਰਾ ਕਰਦੇ ਦੇਖਿਆ। ਰਾਸ਼ਟਰੀ ਸੁਰੱਖਿਆ ਸੂਤਰ ਨੇ ਕਿਹਾ ਕਿ ਇਸ ਗੱਲ ਦੇ ਵੀ ਸਬੂਤ ਇਕੱਠੇ ਕੀਤੇ ਗਏ ਹਨ ਕਿ ਕੰਵਲਜੀਤ ਸਿੰਘ ਨੇ ਭਾਈ ਨਿੱਝਰ ਬਾਰੇ ਜਾਣਕਾਰੀ ਨਵੀਂ ਦਿੱਲੀ ਵਾਪਸ ਭੇਜੀ ਸੀ। ਦੋਵਾਂ ਸੂਤਰਾਂ ਨੇ ਅਖ਼ਬਾਰ ਨੂੰ ਦੱਸਿਆ ਕਿ ਕੈਨੇਡੀਅਨ ਅਧਿਕਾਰੀਆਂ ਦਾ ਮੰਨਣਾ ਹੈ ਕਿ ਰਾਅ ਅਧਿਕਾਰੀ ਵਿਕਾਸ ਯਾਦਵ ਨੇ ਇਹ ਖੁਫੀਆ ਜਾਣਕਾਰੀ ਅਤੇ ਪੈਸਾ ਬਿਸ਼ਨੋਈ ਸਮੂਹ ਨੂੰ ਪਹੁੰਚਾਇਆ ਸੀ। ਅਮਰੀਕੀ ਵਕੀਲਾਂ ਨੇ ਅਦਾਲਤੀ ਦਸਤਾਵੇਜ਼ਾਂ ਵਿੱਚ ਦੋਸ਼ ਲਗਾਇਆ ਹੈ ਕਿ ਵਿਕਾਸ ਯਾਦਵ ਨੇ ਭਾਈ ਨਿੱਝਰ ਦੀ ਲਾਸ਼ ਦਾ ਇੱਕ ਨਿੱਜੀ ਵੀਡੀਓ ਇੱਕ ਅਜਿਹੇ ਵਿਅਕਤੀ ਨਾਲ ਸਾਂਝਾ ਕੀਤਾ ਸੀ ਜਿਸਨੂੰ ਉਸਨੇ ਗੁਰਪਤਵੰਤ ਪੰਨੂ ਨੂੰ ਮਾਰਨ ਲਈ ਕਿਹਾ ਸੀ। ਦੋਵਾਂ ਸੂਤਰਾਂ ਨੇ ਦੱਸਿਆ ਕਿ ਵਿਕਾਸ ਯਾਦਵ ਨੇ ਬਿਸ਼ਨੋਈ ਗੈਂਗ ਦੇ ਮੈਂਬਰਾਂ ਨੂੰ ਉਨ੍ਹਾਂ ਚਾਰ ਕਥਿਤ ਬੰਦੂਕਧਾਰੀਆਂ ਨੂੰ ਕਿਰਾਏ 'ਤੇ ਲੈਣ ਲਈ ਲਗਾਇਆ ਜਿਨ੍ਹਾਂ 'ਤੇ ਭਾਈ ਨਿੱਝਰ 'ਤੇ ਗੋਲੀਬਾਰੀ ਕਰਨ ਦਾ ਦੋਸ਼ ਸੀ ਜਦੋਂ ਉਹ ਸਰੀ ਦੇ ਗੁਰੂ ਨਾਨਕ ਗੁਰਦੁਆਰੇ ਤੋਂ ਆਪਣਾ ਪਿਕਅੱਪ ਟਰੱਕ ਵਿਚ ਬੈਠੇ ਹੋਏ ਸਨ । ਕਾਨੂੰਨ ਲਾਗੂ ਕਰਨ ਵਾਲੇ ਸੂਤਰ ਨੇ ਕਿਹਾ ਕਿ ਕੰਵਲਜੀਤ ਸਿੰਘ ਅਤੇ ਮਨੀਸ਼ ਨੂੰ ਇਸ ਲਈ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਕਿਉਂਕਿ ਉਨ੍ਹਾਂ ਦੀ ਕੂਟਨੀਤਕ ਛੋਟ ਕਾਰਨ ਉਨ੍ਹਾਂ 'ਤੇ ਮੁਕੱਦਮਾ ਚਲਾਉਣਾ ਅਸੰਭਵ ਹੁੰਦਾ। ਭਾਈ ਨਿੱਝਰ ਦੇ ਕਤਲ ਤੋਂ ਤਿੰਨ ਹਫ਼ਤੇ ਬਾਅਦ ਮਨੀਸ਼ ਨੂੰ ਜੁਲਾਈ, 2023 ਵਿੱਚ ਅਧਿਕਾਰਤ ਤੌਰ 'ਤੇ ਸਾਈਪ੍ਰਸ ਵਿੱਚ ਭਾਰਤ ਦਾ ਹਾਈ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ ਜਦਕਿ ਉਹ ਮਈ, 2024 ਵਿੱਚ ਕੈਨੇਡਾ ਛੱਡ ਗਿਆ ਸੀ । ਕਾਨੂੰਨ ਲਾਗੂ ਕਰਨ ਵਾਲੇ ਸੂਤਰ ਦੇ ਅਨੁਸਾਰ ਕੰਵਲਜੀਤ ਸਿੰਘ ਨੂੰ 2024 ਵਿੱਚ ਕੱਢ ਦਿੱਤਾ ਗਿਆ ਸੀ ਕਿਉਂਕਿ ਆਰ ਸੀ ਐਮ ਪੀ ਨੇ ਭਾਈ ਨਿੱਝਰ ਦੀ ਮੌਤ ਦੀ ਗਹਿਰਾਈ ਨਾਲ ਜਾਂਚ ਕਰ ਰਹੀ ਸੀ । ਸੀ ਐਸ ਆਈ ਐਸ ਦੇ ਸਾਬਕਾ ਖੁਫੀਆ ਅਧਿਕਾਰੀ ਡੈਨ ਸਟੈਨਟਨ ਨੇ ਕਿਹਾ ਕਿ ਜੇਕਰ ਕੈਨੇਡਾ ਕੋਲ ਭਾਰਤੀ ਅਧਿਕਾਰੀਆਂ ਵਿਰੁੱਧ ਸਬੂਤ ਵਜੋਂ ਵਰਤਣ ਲਈ ਕਾਫ਼ੀ ਭਰੋਸੇਯੋਗ ਖੁਫੀਆ ਜਾਣਕਾਰੀ ਹੈ, ਤਾਂ ਇਸਨੂੰ ਅਪਰਾਧਿਕ ਮਾਮਲੇ ਵਿੱਚ ਸ਼ਾਮਲ ਕਰਨ ਦੀ ਲੋੜ ਹੈ। ਇਹ ਉਹ ਥਾਂ ਹੈ ਜਿੱਥੇ ਖੁਫੀਆ ਜਾਣਕਾਰੀ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਮੈਨੂੰ ਲੱਗਦਾ ਹੈ ਕਿ ਇਹ ਮਾਮਲਾ ਭਾਰਤ ਸਰਕਾਰ ਤੱਕ ਫੈਲਣਾ ਚਾਹੀਦਾ ਹੈ। ਜੇਕਰ ਸਰਕਾਰ ਸਿਰਫ਼ ਉਨ੍ਹਾਂ ਲੋਕਾਂ 'ਤੇ ਮੁਕੱਦਮਾ ਚਲਾਉਣ ਦੀ ਚੋਣ ਕਰਦੀ ਹੈ ਜਿਨ੍ਹਾਂ ਨੇ ਹਮਲਾ ਕੀਤਾ ਅਤੇ ਉੱਥੇ ਹੀ ਰੁਕ ਗਏ, ਤਾਂ ਇਹ ਇੱਕ ਵਿਦੇਸ਼ੀ ਰਾਜ ਨੂੰ ਸਾਡੇ ਨਾਗਰਿਕਾਂ ਨੂੰ ਮਾਰਨ ਅਤੇ ਖੁੱਲ੍ਹੀ ਛੁੱਟੀ ਪ੍ਰਾਪਤ ਕਰਨ ਦੀ ਇਜਾਜ਼ਤ ਦੇਵੇਗਾ। ਭਾਈ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਚਾਰ ਭਾਰਤੀ ਨਾਗਰਿਕਾਂ 'ਤੇ ਦੋਸ਼ ਲਗਾਏ ਗਏ ਹਨ। ਕਰਨਪ੍ਰੀਤ ਸਿੰਘ, ਕਰਨ ਬਰਾੜ, ਕਮਲਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ, ਸਾਰੇ 20 ਸਾਲ ਦੇ ਹਨ, ਨੂੰ ਫਸਟ-ਡਿਗਰੀ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹ ਅਸਥਾਈ ਵੀਜ਼ੇ 'ਤੇ ਕੈਨੇਡਾ ਆਏ ਸਨ। ਕੈਨੇਡੀਅਨ ਸੰਘੀ ਨਿਆਂ ਵਿਭਾਗ ਆਪਣੇ ਆਉਣ ਵਾਲੇ ਕਤਲ ਮੁਕੱਦਮੇ ਵਿੱਚ "ਸੰਵੇਦਨਸ਼ੀਲ" ਰਾਸ਼ਟਰੀ- ਸੁਰੱਖਿਆ ਜਾਣਕਾਰੀ ਨੂੰ ਉਭਰਨ ਤੋਂ ਰੋਕਣ ਲਈ ਲੜ ਰਿਹਾ ਹੈ। ਫੈਡਰਲ ਅਦਾਲਤ ਨੂੰ ਦਿੱਤੀ ਗਈ ਇੱਕ ਅਰਜ਼ੀ ਵਿੱਚ, ਕੈਨੇਡਾ ਦੇ ਅਟਾਰਨੀ-ਜਨਰਲ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਕੁਝ ਸਬੂਤਾਂ ਨੂੰ ਰੋਕਣ ਦੀ ਇਜਾਜ਼ਤ ਮੰਗੀ, ਇਹ ਦਲੀਲ ਦਿੰਦੇ ਹੋਏ ਕਿ ਇਸਨੂੰ ਜਾਰੀ ਕਰਨਾ "ਅੰਤਰਰਾਸ਼ਟਰੀ ਸਬੰਧਾਂ ਅਤੇ ਰਾਸ਼ਟਰੀ ਸੁਰੱਖਿਆ ਲਈ ਨੁਕਸਾਨਦੇਹ ਹੋਵੇਗਾ।" ਜਾਂਚ ਦੇ ਨਤੀਜੇ ਵਜੋਂ ਕਿਸੇ ਵੀ ਡਿਪਲੋਮੈਟ ਜਾਂ ਕੌਂਸਲਰ ਸਟਾਫ 'ਤੇ ਦੋਸ਼ ਨਹੀਂ ਲਗਾਇਆ ਗਿਆ ਹੈ।

# ਮੱਧ ਪ੍ਰਦੇਸ਼ 'ਚ ਲੋਕ ਸੇਵਾ ਕਮਿਸ਼ਨ ਵੱਲੋਂ ਲਈ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਬੱਚੀ ਦੀ ਦਸਤਾਰ ਤੇ ਕਿਰਪਾਨ ਲੁਹਾਉਣਾ ਮੰਦਭਾਗਾ- ਐਡਵੋਕੇਟ ਧਾਮੀ

ਨਵੀਂ ਦਿੱਲੀ- (ਮਨਪ੍ਰੀਤ ਸਿੰਘ ਖਾਲਸਾ):- ਮੱਧ ਪ੍ਰਦੇਸ਼ ਦੇ ਰਤਲਾਮ ਵਿਖੇ ਬੀਤੇ ਕੱਲ੍ਹ ਲੋਕ ਸੇਵਾ ਕਮਿਸ਼ਨ ਵੱਲੋਂ ਲਈ ਗਈ ਪ੍ਰੀਖਿਆ ਦੌਰਾਨ ਅੰਮ੍ਰਿਤਧਾਰੀ ਸਿੱਖ ਪ੍ਰੀਖਿਆਰਥੀ ਬੱਚੀ ਦੀ ਦਸਤਾਰ ਅਤੇ ਕਿਰਪਾਨ ਲੁਹਾਉਣ ਦੇ ਮਾਮਲੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਧਰਮ ਦੇ ਸਿਧਾਂਤਾਂ ਅਤੇ ਰਵਾਇਤਾਂ ਤੋਂ ਸਾਰੇ ਦੇਸ਼ ਦੇ ਲੋਕ ਚੰਗੀ ਤਰ੍ਹਾਂ ਜਾਣੂ ਹਨ ਅਤੇ ਸਿੱਖ ਕਕਾਰਾਂ ਤੋਂ ਵੀ ਲੋਕਾਂ ਨੂੰ ਕਿਸੇ ਕਿਸਮ ਦੀ ਅਗਿਆਨਤਾ ਨਹੀਂ ਹੈ। ਪ੍ਰੰਤੂ ਇਸ ਦੇ ਬਾਵਜੂਦ ਵੀ ਕਕਾਰਾਂ 'ਤੇ ਸਵਾਲ ਚੁੱਕਣੇ ਦੁਖਦਾਈ ਹਨ। ਬਾਰ-ਬਾਰ ਸਿੱਖ ਬੱਚਿਆਂ ਨੂੰ ਪ੍ਰੀਖਿਆਵਾਂ ਵਿਚ ਕਕਾਰ ਪਹਿਨਣ ਤੋਂ ਰੋਕਣਾ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਹੈ ਅਤੇ ਸਿੱਖਾਂ ਨੂੰ ਆਪਣੇ ਹੀ ਦੇਸ਼ ਅੰਦਰ



ਬੇਗਾਨਗੀ ਦਾ ਅਹਿਸਾਸ ਕਰਾਉਣ ਵਾਂਗ ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਕਿ ਪ੍ਰੀਖਿਆ ਸਟਾਫ਼ ਵੱਲੋਂ ਮੁਆਫ਼ੀ ਮੰਗ ਲਈ ਗਈ ਹੈ, ਪ੍ਰੰਤੂ ਅਜਿਹਾ ਵਾਪਰਨ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਜਿਹੀਆਂ ਘਟਨਾਵਾਂ ਪ੍ਰਤੀ ਆਪਣੇ ਜਨਰਲ ਇਜਲਾਸ ਦੌਰਾਨ ਵਿਸ਼ੇਸ਼ ਮਤੇ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜੇ ਜਾਂਦੇ ਹਨ, ਜਿਸ 'ਤੇ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਹਰ ਸੂਬੇ ਦੀ ਸਰਕਾਰ ਨੂੰ ਸਿੱਖਾਂ ਦੇ ਕਕਾਰਾਂ ਅਤੇ ਧਾਰਮਿਕ ਚਿੰਨ੍ਹਾਂ ਬਾਰੇ ਇਹ ਆਦੇਸ਼ ਜਾਰੀ ਕਰੇ ਕਿ ਕਿਸੇ ਵੀ ਪ੍ਰੀਖਿਆ ਦੌਰਾਨ ਸਿੱਖ ਕਕਾਰਾਂ ਦਾ ਸਨਮਾਨ ਬਹਾਲ ਰੱਖਿਆ ਜਾਵੇ ਅਤੇ ਜੇ ਕੋਈ ਇਸ ਦੀ ਉਲੰਘਣਾ ਕਰੇ ਤਾਂ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

# ਅਮਰੀਕਾ ਨੂੰ ਯੂਕੇ ਹਵਾਈ ਅੱਡੇ ਵਰਤਣ ਦੀ ਮਨਜ਼ੂਰੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਮੱਧ ਪੂਰਬ ਵਿੱਚ ਵਧ ਰਹੇ ਜੰਗੀ ਤਣਾਅ ਦਰਮਿਆਨ ਬ੍ਰਿਟੇਨ ਨੇ ਅਮਰੀਕਾ ਨੂੰ ਇਰਾਨ ਵਿਰੁੱਧ ਰੱਖਿਆਤਮਕ ਕਾਰਵਾਈ ਲਈ ਆਪਣੇ ਫੌਜੀ ਹਵਾਈ ਅੱਡਿਆਂ ਦੀ ਵਰਤੋਂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਇਹ ਮਨਜ਼ੂਰੀ ਸੀਮਿਤ ਅਤੇ ਖਾਸ ਰੱਖਿਆਤਮਕ ਮਕਸਦਾਂ ਲਈ ਦਿੱਤੀ ਗਈ ਹੈ ਤਾਂ ਜੋ ਖਾੜੀ ਖੇਤਰ ਵਿੱਚ ਸਾਥੀ ਦੇਸ਼ਾਂ ਉੱਤੇ ਮੰਡਰਾ ਰਹੇ ਮਿਸਾਈਲ ਖ਼ਤਰੇ ਨੂੰ ਨਾਕਾਮ ਕੀਤਾ ਜਾ ਸਕੇ।

ਸਰਕਾਰ ਦੇ ਅਨੁਸਾਰ ਇਰਾਨ ਵੱਲੋਂ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਹਮਲਾਵਰ ਕਾਰਵਾਈਆਂ ਕਾਰਨ ਸੁਰੱਖਿਆ ਸਥਿਤੀ ਗੰਭੀਰ ਬਣ ਗਈ ਹੈ ਅਤੇ ਉੱਥੇ ਮੌਜੂਦ ਹਜ਼ਾਰਾਂ ਬ੍ਰਿਟਿਸ਼ ਨਾਗਰਿਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਹ ਕਦਮ ਚੁੱਕਿਆ ਗਿਆ ਹੈ। ਵਿਦੇਸ਼ ਮੰਤਰੀ ਇਵੈਟ ਕੂਪਰ ਨੇ ਕਿਹਾ ਕਿ ਬ੍ਰਿਟੇਨ ਸਿੱਧੇ ਤੌਰ 'ਤੇ ਜੰਗ ਵਿੱਚ ਸ਼ਾਮਲ ਨਹੀਂ ਹੈ ਪਰ ਆਪਣੇ



ਸਾਥੀ ਦੇਸ਼ਾਂ ਦੀ ਰੱਖਿਆ ਲਈ ਅੰਤਰਰਾਸ਼ਟਰੀ ਸਹਿਯੋਗ ਦੇ ਤਹਿਤ ਸਹਾਇਤਾ ਕਰ ਰਿਹਾ ਹੈ।

ਇਸ ਫੈਸਲੇ ਤੋਂ ਬਾਅਦ ਵਿਰੋਧੀ ਧਿਰਾਂ ਵੱਲੋਂ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ ਅਤੇ ਸੰਸਦ ਵਿੱਚ ਇਸ ਮਾਮਲੇ 'ਤੇ ਚਰਚਾ ਅਤੇ ਵੋਟਿੰਗ ਦੀ ਮੰਗ ਉੱਠ ਰਹੀ ਹੈ। ਲਿਬਰਲ ਡੈਮੋਕ੍ਰੈਟ ਆਗੂਆਂ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਤਰ੍ਹਾਂ ਦੇ ਫੈਸਲੇ ਬ੍ਰਿਟੇਨ ਨੂੰ ਲੰਬੇ ਮੱਧ ਪੂਰਬੀ ਸੰਘਰਸ਼ ਵਿੱਚ ਖਿੱਚ ਸਕਦੇ ਹਨ। ਇਸੇ ਦੌਰਾਨ ਸਾਇਪ੍ਰਸ ਸਥਿਤ ਬ੍ਰਿਟਿਸ਼ ਆਰਏਐਫ ਅਕਰੋਤੀਰੀ ਬੇਸ 'ਤੇ ਸੰਦੇਹੀ ਡਰੋਨ ਹਮਲੇ ਤੋਂ ਬਾਅਦ ਸੁਰੱਖਿਆ ਹੋਰ ਸਖ਼ਤ ਕਰ ਦਿੱਤੀ ਗਈ ਹੈ ਅਤੇ ਫੌਜੀ ਪਰਿਵਾਰਾਂ ਨੂੰ ਅਸਥਾਈ ਤੌਰ 'ਤੇ ਹੋਰ ਥਾਵਾਂ 'ਤੇ ਭੇਜਿਆ ਜਾ ਰਿਹਾ ਹੈ।

ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅਮਰੀਕਾ-ਇਰਾਨ ਟਕਰਾਅ ਦੇ ਵਧਣ ਨਾਲ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ, ਆਰਥਿਕ ਹਾਲਾਤ ਅਤੇ ਸੁਰੱਖਿਆ ਸਥਿਤੀ 'ਤੇ ਡੂੰਘਾ ਅਸਰ ਪੈ ਸਕਦਾ ਹੈ।

## ਟੋਰਾਂਟੋ ਅਤੇ ਵੈਨਕੂਵਰ ਵਿੱਚ ਫੀਫਾ ਵਿਸ਼ਵ ਕੱਪ ਦੀਆਂ ਤਿਆਰੀਆਂ ਨੂੰ ਦਿੱਤੀਆਂ ਜਾ ਰਹੀਆਂ ਨੇ ਅੰਤਿਮ ਛੋਹਾਂ!

ਵੈਨਕੂਵਰ-(ਮਲਕੀਤ ਸਿੰਘ) – ਫੀਫਾ ਵਿਸ਼ਵ ਕੱਪ ਦੀ ਸ਼ੁਰੂਆਤ ਨੂੰ ਹੁਣ ਸਿਰਫ਼ 100 ਦਿਨ ਬਾਕੀ ਰਹਿ ਗਏ ਹਨ ਅਤੇ ਕੈਨੇਡਾ ਦੇ ਮੇਜ਼ਬਾਨ ਸ਼ਹਿਰਾਂ ਟੋਰਾਂਟੋ ਅਤੇ ਵੈਨਕੂਵਰ ਵਿੱਚ ਤਿਆਰੀਆਂ ਜ਼ੋਰਾਂ 'ਤੇ ਹਨ। ਦੋਵਾਂ ਸ਼ਹਿਰਾਂ ਵਿੱਚ ਮੁਕਾਬਲਿਆਂ ਦੇ ਆਗਮਨ ਦੀਆਂ ਨਿਸ਼ਾਨੀਆਂ ਹੌਲੀ-ਹੌਲੀ ਸਪਸ਼ਟ ਹੋਣ ਲੱਗੀਆਂ ਹਨ। ਵੈਨਕੂਵਰ ਦੇ ਡਾਊਨਟਾਊਨ ਇਲਾਕੇ ਵਿੱਚ ਸਾਬਕਾ ਹਡਸਨ ਬੇ ਦੇ ਮੁੱਖ ਸਟੋਰ ਦੀਆਂ ਖਿੜਕੀਆਂ 'ਤੇ ਟੂਰਨਾਮੈਂਟ ਦਾ ਚਿੰਨ੍ਹ ਲਗਾਇਆ ਗਿਆ ਹੈ, ਜੋ ਹੋਣ ਵਾਲੇ ਖੇਡਾਂ ਦੇ ਇਸ ਮਹਾਂ ਕੁੰਭ ਦੀਆ ਤਿਆਰੀਆਂ ਦਾ ਸਪਸ਼ਟ ਸੰਕੇਤ ਹੈ। ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਸਜਾਵਟੀ ਕੰਮ ਅਤੇ ਢਾਂਚਾਗਤ ਪ੍ਰਬੰਧ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ।

ਇਸ ਵਿਸ਼ਵ ਪੱਧਰੀ ਖੇਡ ਸਮਾਰੋਹ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧ, ਆਵਾਜਾਈ ਸੁਵਿਧਾਵਾਂ ਅਤੇ ਸਵੈਸੇਵਕਾਂ ਦੀ ਭਰਤੀ ਸਮੇਤ ਕਈ ਪੱਖਾਂ 'ਤੇ ਕੰਮ ਜਾਰੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਮੇਂ ਸਿਰ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਜਾਣਗੀਆਂ। ਟੋਰਾਂਟੋ ਅਤੇ ਵੈਨਕੂਵਰ ਵਿੱਚ ਖੇਡ ਪ੍ਰੇਮੀਆਂ ਵਿੱਚ ਵੀ ਉਤਸ਼ਾਹ ਦਾ ਮਾਹੌਲ ਹੈ ਅਤੇ ਸਥਾਨਕ ਵਪਾਰੀਆਂ ਨੂੰ ਆਸ ਹੈ ਕਿ ਵਿਸ਼ਵ ਕੱਪ ਦੌਰਾਨ ਵੱਡੀ ਗਿਣਤੀ ਵਿੱਚ ਆਉਣ ਵਾਲੇ ਦਰਸ਼ਕਾਂ ਨਾਲ ਆਰਥਿਕ ਗਤੀਵਿਧੀਆਂ ਨੂੰ ਵੀ ਵਾਧਾ ਮਿਲੇਗਾ।

# ਏਅਰ ਐਂਬੂਲੈਂਸ ਲਈ ਪੰਜਾਬ ਗਰੁੱਪ ਵੱਲੋਂ ਚੈਰਿਟੀ ਸਮਾਗਮ

ਲੈਸਟਰ -(ਸੁਖਜਿੰਦਰ ਸਿੰਘ ਢੱਡੇ)- ਲੈਸਟਰ ਵਿਖੇ ਪੰਜਾਬੀ ਭਾਈਚਾਰੇ ਦੀਆਂ ਸਰਗਰਮ ਮਹਿਲਾਵਾਂ ਵੱਲੋਂ ਸਮਾਜ ਸੇਵਾ ਦੀ ਸ਼ਾਨਦਾਰ ਮਿਸਾਲ ਪੇਸ਼ ਕਰਦਿਆਂ ਏਅਰ ਐਂਬੂਲੈਂਸ ਸੇਵਾ ਲਈ ਚੈਰਿਟੀ ਫੰਡ ਇਕੱਠਾ ਕੀਤਾ ਗਿਆ। ਲੈਸਟਰ ਦੇ ਪੰਜਾਬ ਗਰੁੱਪ ਦੀਆਂ ਪ੍ਰਬੰਧਕਾ ਗੁਰਦੀਪ ਕੌਰ ਅਤੇ ਰਸਪਿੰਦਰ ਕੌਰ ਵੱਲੋਂ ਸਾਂਝੇ ਤੌਰ 'ਤੇ ਇਹ ਉਪਰਾਲਾ ਕੀਤਾ ਗਿਆ, ਜਿਸ ਅਧੀਨ ਇਕ ਵਿਸਾਲ ਚੈਰਿਟੀ ਸਮਾਗਮ ਆਯੋਜਿਤ ਕਰਕੇ ਇਕੱਠੀ ਕੀਤੀ ਗਈ ਰਕਮ ਓਡਬੀ ਵਿੰਗਸਟਨ ਦੇ ਪੰਜਾਬੀ ਮੇਅਰ ਜਸਵੀਰ ਕੌਰ ਚੌਹਾਨ ਨੂੰ ਭੇਟ ਕੀਤੀ ਗਈ।

ਸਮਾਗਮ ਦੌਰਾਨ ਪੰਜਾਬੀ ਭਾਈਚਾਰੇ ਦੀਆਂ ਮਹਿਲਾਵਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਸਮਾਜ ਭਲਾਈ ਲਈ ਖੁੱਲ੍ਹ ਕੇ ਯੋਗਦਾਨ ਪਾਇਆ। ਸਮਾਗਮ ਦਾ ਮਕਸਦ ਮਨੁੱਖਤਾ ਦੀਸੇਵਾ ਅਤੇ ਐਮਰਜੈਂਸੀ ਸਥਿਤੀਆਂ ਵਿੱਚ ਜ਼ਿੰਦਗੀਆਂ ਬਚਾਉਣ ਵਾਲੀ ਏਅਰ ਐਂਬੂਲੈਂਸ ਸੇਵਾ ਨੂੰ ਮਜ਼ਬੂਤ ਕਰਨਾ ਸੀ। ਹਾਜ਼ਰ ਸੰਗਤ ਵੱਲੋਂ ਚੈਰਿਟੀ ਲਈ ਖੁੱਲ੍ਹ ਦਿਲੀ ਨਾਲ ਫੰਡ ਭੇਟ ਕਰਕੇ ਸੇਵਾ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਗੁਰਦੀਪ ਕੌਰ ਅਤੇ ਰਸਪਿੰਦਰ ਕੌਰ ਨੇ ਕਿਹਾ ਕਿ ਪੰਜਾਬੀ ਭਾਈਚਾਰਾ ਹਮੇਸ਼ਾਂ ਹੀ ਮਨੁੱਖਤਾ ਦੀ ਸੇਵਾ ਲਈ ਅੱਗੇ ਆਉਂਦਾ ਰਿਹਾ ਹੈ ਅਤੇ ਅਜਿਹੇ



*ਏਅਰ ਐਂਬੂਲੈਂਸ ਲਈ ਚੈਰਿਟੀ ਇਕੱਤਰ ਕਰਕੇ ਓਡਬੀ ਵਿੰਗਸਟਨ ਦੇ ਪੰਜਾਬੀ ਮਹਿਲਾਂ ਮੇਅਰ ਜਸਵੀਰ ਕੌਰ ਚੌਹਾਨ ਨੂੰ ਸੌਂਪਦੀਆ ਹੋਈਆਂ ਪੰਜਾਬ ਗਰੁੱਪ ਦੀਆਂ ਪ੍ਰਬੰਧਕਾਂ*

ਉਪਰਾਲੇ ਸਮਾਜ ਵਿੱਚ ਇਕਤਾ ਅਤੇ ਸਹਿਯੋਗ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਕਿਹਾ ਕਿ ਏਅਰ ਐਂਬੂਲੈਂਸ ਵਰਗੀਆਂ ਸੇਵਾਵਾਂ ਐਮਰਜੈਂਸੀ ਹਾਲਾਤਾਂ ਵਿੱਚ ਅਣਮੋਲ ਸਾਬਤ ਹੁੰਦੀਆਂ ਹਨ, ਇਸ ਲਈ ਭਾਈਚਾਰੇ ਵੱਲੋਂ ਇਸ ਕਾਰਜ ਲਈ ਸਹਿਯੋਗ ਦੇਣਾ ਮਾਣ ਦੀ ਗੱਲ ਹੈ।

ਓਡਬੀ ਵਿੰਗਸਟਨ ਦੀ ਮੇਅਰ ਜਸਵੀਰ ਕੌਰ ਚੌਹਾਨ ਨੇ ਪੰਜਾਬ ਗਰੁੱਪ ਦੀਆਂ ਪ੍ਰਬੰਧਕਾਂ ਅਤੇ ਸਮੂਹ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਚੈਰਿਟੀ ਉਪਰਾਲੇ ਸਮਾਜਕ ਜ਼ਿੰਮੇਵਾਰੀ ਦੀ ਸ਼ਾਨਦਾਰ ਉਦਾਹਰਨ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਭਾਈਚਾਰਾ ਨਾ ਸਿਰਫ਼ ਆਪਣੀ ਸੰਸਕ੍ਰਿਤੀ ਨਾਲ ਜੁੜਿਆ ਹੋਇਆ ਹੈ ਬਲਕਿ ਲੋਕ ਭਲਾਈ ਦੇ ਕੰਮਾਂ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਚੈਰਿਟੀ ਸਮਾਗਮ ਦੌਰਾਨ ਵੱਖ-ਵੱਖ ਮੁਟਿਆਰਾਂ ਵੱਲੋਂ ਰੰਗਾਰੰਗ ਸੱਭਿਆਚਾਰਕ ਵਨਗੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਪੰਜਾਬੀ ਗਿੱਧਾ, ਲੋਕ ਨਾਚ ਅਤੇ ਸੱਭਿਆਚਾਰਕ ਪ੍ਰਸਤੁਤੀਆਂ ਨੇ ਸਮਾਗਮ ਨੂੰ ਖ਼ਾਸ ਰੰਗਤ ਬਖ਼ਸ਼ੀ। ਹਾਜ਼ਰ ਦਰਸ਼ਕਾਂ ਨੇ ਕਲਾਕਾਰਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਖੂਬ ਤਾਲੀਆਂ ਵਜਾਈਆਂ। ਸਮਾਗਮ ਦੌਰਾਨ ਭਾਈਚਾਰੇ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ, ਸਮਾਜ ਸੇਵੀ ਆਗੂਆਂ ਅਤੇ ਮਹਿਲਾ ਸੰਗਠਨਾਂ ਦੇ ਨੁਮਾਇੰਦਿਆਂ ਨੇ ਵੀ ਹਾਜ਼ਰੀ ਭਰੀ ਅਤੇ ਚੈਰਿਟੀ ਮੁਹਿੰਮ ਦੀ ਸ਼ਲਾਘਾ ਕੀਤੀ। ਆਖ਼ਰ ਵਿੱਚ ਪ੍ਰਬੰਧਕਾਂ ਵੱਲੋਂ ਸਮਾਗਮ ਨੂੰ ਸਫਲ ਬਣਾਉਣ ਲਈ ਸਾਰੇ ਸਹਿਯੋਗੀਆਂ ਅਤੇ ਭਾਗੀਦਾਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# 'ਆਪ' ਵਾਲਿਆਂ ਨੂੰ ਪਾਥੀਆਂ ਮਾਰਨਗੇ ਪੰਜਾਬ ਦੇ ਲੋਕ: ਪ੍ਰਤਾਪ ਸਿੰਘ ਬਾਜਵਾ

## ✪ ਕਿਹਾ ਕਿ ਭਗਵੰਤ ਮਾਨ 'ਕੰਪ੍ਰੋਮਾਈਜ਼ਡ ਸੀ.ਐੱਮ.' ਹੈ, ਕੇਂਦਰ ਬਲੈਕਮੇਲ ਕਰ ਰਿਹਾ

ਜਲੰਧਰ-ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਸਰਕਾਰ 'ਤੇ ਤਿਖਾ ਹਮਲਾ ਬੋਲਦਿਆਂ ਕਿਹਾ ਕਿ ਇਸ ਨੇ 99 ਫੀਸਦੀ ਵਾਅਦੇ ਪੂਰੇ ਨਹੀ ਕੀਤੇ ਹਨ ਤੇ ਪੰਜਾਬ ਦੇ ਲੋਕ ਛੇਤੀ ਹੀ ਆਪ ਵਾਲਿਆਂ ਨੂੰ ਪਾਥੀਆਂ ਮਾਰਨਗੇ।

ਬਾਜਵਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਆਉਣ ਤੋਂ ਬਾਅਦ ਗੁੰਡਾਗਰਦੀ ਵਧ ਗਈ ਹੈ। ਨਸ਼ਿਆਂ ਦੀ ਡਿਲੀਵਰੀ 'ਜ਼ੋਮੈਟੋ ਆਰਡਰ' ਵਾਂਗ ਹੋ ਰਹੀ ਹੈ। ਉਨ੍ਹਾਂ ਮਾਨ ਨੂੰ 'ਕੰਪ੍ਰੋਮਾਈਜ਼ਡ ਸੀ.ਐੱਮ.' ਕਰਾਰ ਦਿੰਦਿਆਂ ਇਲਜ਼ਾਮ ਲਾਇਆ ਕਿ ਉਸ ਨੇ ਮੈਲਬੌਰਨ, ਐਡਿਲੇਡ, ਲੰਡਨ ਤੇ ਬ੍ਰੈਂਪਟਨ ਵਿੱਚ ਭਾਰੀ ਜਾਇਦਾਦ ਬਣਾਈ ਹੈ ਤੇ ਕੇਂਦਰ ਇਸੇ ਰਾਹੀਂ




ਉਸ ਨੂੰ ਆਪਣੇ ਇਸ਼ਾਰਿਆਂ 'ਤੇ ਚਲਾ ਰਿਹਾ ਹੈ। ਬਾਜਵਾ ਨੇ ਕਿਹਾ ਕਿ ਮਾਨ ਚੋਣਾਂ ਤੋਂ ਬਾਅਦ ਵਿਦੇਸ਼ ਭੱਜਣ ਦੀ ਯੋਜਨਾ ਬਣਾ ਰਿਹਾ ਹੈ।

ਉਨ੍ਹਾਂ ਗੈਂਗਸਟਰਾਂ ਨੂੰ ਡੇਰਾ ਬਾਬਾ ਨਾਨਕ, ਜਲੰਧਰ ਵੈਸਟ ਤੇ ਤਰਨਤਾਰਨ ਚੋਣਾਂ ਵਿੱਚ ਵਰਤਣ, ਬਾਰਡਰ 'ਤੇ ਪੁਲਿਸ ਹਮਲਿਆਂ ਤੇ ਫਿਰੌਤੀਆਂ ਦੀਆਂ ਧਮਕੀਆਂ ਦਾ ਜ਼ਿਕਰ ਕੀਤਾ। 'ਆਪ੍ਰੇਸ਼ਨ ਪ੍ਰਹਾਰ' ਤੇ ਨਸ਼ਾ ਵਿਰੋਧੀ ਮੁਹਿੰਮ ਨੂੰ ਫੇਲ੍ਹ ਦੱਸਿਆ। ਖਹਿਰਾ ਘਰ ਢਾਹੁਣ ਵਾਲੀ ਕਾਰਵਾਈ ਨੂੰ ਗਲਤ ਠਹਿਰਾਇਆ ਤੇ ਕਿਹਾ ਕਿ ਲੋਕ ਸਹਿਮੇ ਹਨ ਪਰ ਅਖੀਰਲੇ ਸਾਲ ਵਿੱਚ ਵਿਰੋਧ ਵਧ ਰਿਹਾ ਹੈ। ਮੁਲਾਜ਼ਮ, ਕਿਸਾਨ ਤੇ ਮਜ਼ਦੂਰ ਵੀ ਸਾਹਮਣੇ ਆ ਰਹੇ ਹਨ।

ਬਾਜਵਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਸ ਤਰ੍ਹਾਂ ਚੱਲਦਾ ਰਿਹਾ ਤਾਂ ਪੰਜਾਬ ਮੁੜ ਅਸਥਿਰਤਾ ਵੱਲ ਧੱਕਿਆ ਜਾ ਰਿਹਾ ਹੈ।

# ਭਾਜਪਾ ਆਗੂ ਤੋਂ ਗੋਲਡੀ ਬਰਾੜ ਦੇ ਨਾਂ 'ਤੇ 5 ਕਰੋੜ ਦੀ ਫਿਰੌਤੀ ਦੀ ਮੰਗ

ਲੁਧਿਆਣਾ-ਲੁਧਿਆਣਾ ਦੇ ਭਾਜਪਾ ਆਗੂ ਅਤੇ ਪ੍ਰਾਪਰਟੀ ਡੀਲਰ ਗੁਰਬੀਰ ਸਿੰਘ ਗਰਚਾ ਨੂੰ ਗੈਂਗਸਟਰ ਗੋਲਡੀ ਬਰਾੜ ਦੇ ਨਾਂ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਗਰਚਾ ਮੁਤਾਬਕ ਉਨ੍ਹਾਂ ਨੂੰ 18 ਫਰਵਰੀ ਨੂੰ ਇੱਕ ਵਿਦੇਸ਼ੀ ਨੰਬਰ ਤੋਂ ਵੌਇਸ ਮੈਸੇਜ ਆਇਆ ਸੀ, ਜਿਸ



ਵਿੱਚ 5 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ। ਜਦੋਂ ਉਨ੍ਹਾਂ ਨੇ ਕਾਲਾਂ ਨੂੰ ਨਜ਼ਰਅੰਦਾਜ਼ ਕੀਤਾ, ਤਾਂ ਧਮਕੀ ਦੇਣ ਵਾਲੇ ਨੇ ਕਿਹਾ, "ਤੁਸੀਂ ਕਾਲਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹੋ, ਪਰ ਗੋਲੀਆਂ ਨੂੰ ਕਿਵੇਂ ਕਰੋਗੇ? ਹੁਣ ਸਿੱਧੇ ਮਿਲਾਂਗੇ।" ਇਸ ਤੋਂ ਬਾਅਦ ਗਰਚਾ ਦਾ ਪਰਿਵਾਰ ਪੂਰੀ ਤਰ੍ਹਾਂ ਦਹਿਸ਼ਤ ਵਿੱਚ ਹੈ। ਮਾਡਲ ਟਾਊਨ ਪੁਲਿਸ ਨੇ ਇਸ ਸਬੰਧੀ ਮਾਮਲਾ ਦਰਜ ਕਰ ਲਿਆ ਹੈ ਅਤੇ ਵਿਦੇਸ਼ੀ ਨੰਬਰਾਂ ਸਮੇਤ ਡਿਜੀਟਲ ਸਬੂਤਾਂ ਦੀ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ। ਆਪਣੀ ਜਾਨ ਨੂੰ ਖ਼ਤਰਾ ਦੇਖਦਿਆਂ, ਗੁਰਬੀਰ ਸਿੰਘ ਗਰਚਾ ਨੇ ਸੁਰੱਖਿਆ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿੱਚ ਪਟੀਸ਼ਨ ਵੀ ਦਾਇਰ ਕੀਤੀ ਹੈ।

# ਕੈਨੇਡਾ ਪੀਆਰ ਦੇ ਲਾਲਚ ਵਿਚ ਨੌਜਵਾਨ ਹਨੀ ਟ੍ਰੈਪ ਦੇ ਜਾਲ ਵਿਚ ਫਸਿਆ

## ✪ ਵਿਆਹ ਤੋਂ ਬਾਅਦ 60 ਲੱਖ ਮੰਗੇ, ਇਨਕਾਰ ਤੇ ਧਮਕੀਆਂ - ਲੜਕੀ ਤੇ ਮਾਪਿਆਂ ਉੱਤੇ ਕੇਸ



ਲੁਧਿਆਣਾ-ਪੀ.ਆਰ. ਦੇ ਲਾਲਚ ਵਿੱਚ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਇੱਕ ਨੌਜਵਾਨ ਨੂੰ ਹਨੀ ਟ੍ਰੈਪ ਵਿੱਚ ਫਸਾਉਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਲੁਧਿਆਣਾ ਪੁਲਸ ਨੇ ਰਮੇਸ਼ ਸ਼ਰਮਾ ਦੀ ਸ਼ਿਕਾਇਤ 'ਤੇ ਲੜਕੀ ਸਾਕਸ਼ੀ ਭਾਰਦਵਾਜ, ਉਸ ਦੀ ਮਾਂ ਸ਼ਿਖਾ ਭਾਰਦਵਾਜ ਤੇ ਪਿਤਾ ਰਮਨ ਭਾਰਦਵਾਜ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਪੀੜਤ ਨੇ ਦੱਸਿਆ ਕਿ ਮੁਲਜ਼ਮਾਂ ਨੇ ਆਪਣੀ ਧੀ ਸਾਕਸ਼ੀ ਨਾਲ ਉਸ ਦੇ ਬੇਟੇ ਪ੍ਰਜਵਲ ਸ਼ਰਮਾ ਦਾ ਵਿਆਹ ਕਰਵਾਇਆ ਤੇ ਕੈਨੇਡਾ ਵਿੱਚ ਪੀ.ਆਰ. ਕਰਵਾਉਣ ਦਾ ਵਾਅਦਾ ਕੀਤਾ ਸੀ। ਵਿਆਹ ਤੋਂ ਬਾਅਦ ਉਨ੍ਹਾਂ ਨੇ 60 ਲੱਖ ਰੁਪਏ ਫਿਰੌਤੀ ਵਜੋਂ ਮੰਗੇ। ਇਨਕਾਰ ਕਰਨ 'ਤੇ ਝੂਠੇ ਪੁਲਸ ਕੇਸਾਂ ਵਿੱਚ ਫਸਾਉਣ ਤੇ ਪਰਿਵਾਰ ਨੂੰ ਬਰਬਾਦ ਕਰਨ ਦੀਆਂ ਖੁਲ੍ਹੀਆਂ ਧਮਕੀਆਂ ਦਿੱਤੀਆਂ। ਪੁਲਸ ਫਰਾਰ ਮੁਲਜ਼ਮਾਂ ਦੀ ਭਾਲ ਵਿੱਚ ਜੁਟੀ ਹੋਈ ਹੈ।

# ਤਰਨ ਤਾਰਨ ਸਰਪੰਚ ਕਤਲ ਕਾਂਡ: ਫੰਡਿੰਗ ਕਰਨ ਵਾਲਾ ਮੁਲਜ਼ਮ ਰਾਜਾਸਾਂਸੀ ਹਵਾਈ ਅੱਡੇ ਤੋਂ ਕਾਬੂ

ਤਰਨ ਤਾਰਨ-ਤਰਨ ਤਾਰਨ ਦੇ ਸਿੱਧੂ ਫਾਰਮ ਵਿਖੇ ਬੀਤੇ ਦਿਨੀਂ ਪਿੰਡ ਠੱਠੀਆ ਮਹੰਤਾਂ ਦੇ






ਸਰਪੰਚ ਦੀ ਗੋਲੀ ਮਾਰ ਕੇ ਕੀਤੀ ਗਈ ਹੱਤਿਆ ਦੇ ਮਾਮਲੇ ਵਿੱਚ ਪੁਲਿਸ ਨੇ ਇੱਕ ਅਹਿਮ ਸਫਲਤਾ ਹਾਸਿਲ ਕੀਤੀ ਹੈ। ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪੁਲਿਸ ਇਸ ਮਾਮਲੇ ਨੂੰ ਸੁਲਝਾਉਣ ਦੇ ਬਹੁਤ ਨੇੜੇ ਹੈ। ਸ਼ੂਟਰਾਂ ਦੇ ਖਾਤੇ ਵਿੱਚ ਪੈਸੇ ਪਾਉਣ ਵਾਲੇ ਮੁਲਜ਼ਮ ਸੁਖਬੀਰ ਸਿੰਘ (ਵਾਸੀ ਜਹਾਂਗੀਰ) ਨੂੰ ਬੀਤੇ ਦਿਨੀਂ ਅੰਮ੍ਰਿਤਸਰ ਦੇ ਰਾਜਾਸਾਂਸੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆਸੀ। ਇਸ ਕੇਸ ਵਿੱਚ ਹੁਣ ਤੱਕ ਕੁੱਲ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਪੁਲਿਸ ਨੇ ਦੋਸ਼ੀਆਂ ਕੋਲੋਂ 4 ਪਿਸਟਲ ਅਤੇ 2 ਬਿਨਾਂ ਨੰਬਰੀ ਮੋਟਰਸਾਈਕਲ ਬਰਾਮਦ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚੋਂ 4 ਮੁਲਜ਼ਮ ਪੁਲਿਸ ਨਾਲ ਮੁਕਾਬਲੇ ਦੌਰਾਨ ਜ਼ਖ਼ਮੀ ਹੋ ਗਏ ਸਨ, ਜੋ ਕਿ ਹਾਲੇ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋ ਮੁੱਖ ਸ਼ੂਟਰ-ਮਨਪ੍ਰੀਤ ਸਿੰਘ (ਵਾਸੀ ਵਰਪਾਲ) ਅਤੇ ਗੁਰਦੇਵ ਸਿੰਘ ਉਰਫ਼ ਬਾਬਾ (ਵਾਸੀ ਖਡੂਰ ਸਾਹਿਬ)-ਅਜੇ ਵੀ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਸੁਖਬੀਰ ਸਿੰਘ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾ ਰਿਹਾ ਹੈ, ਤਾਂ ਜੋ ਉਸ ਤੋਂ ਪੁੱਛਗਿੱਛ ਕਰਕੇ ਫਰਾਰ ਮੁਲਜ਼ਮਾਂ ਬਾਰੇ ਸੁਰਾਗ ਲਗਾਏ ਜਾ ਸਕਣ।

# ਕੀ ਬੱਬੂ ਮਾਨ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨਗੇ?

## ✪ ਮਾਨ ਨੇ ਮੱਖਣ ਦੇ ਦਾਅਵੇ 'ਤੇ ਦਿੱਤੀ ਸਪੱਸ਼ਟ ਪ੍ਰਤੀਕਿਰਿਆ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਸੂਬੇ ਵਿੱਚ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਹਾਲ ਹੀ ਵਿੱਚ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਗਾਇਕ ਕੇ. ਐੱਸ. ਮੱਖਣ ਵੱਲੋਂ ਦਿੱਤੇ ਇੱਕ ਬਿਆਨ ਨੇ ਸਿਆਸੀ ਗਲਿਆਰਿਆਂ ਵਿੱਚ ਚਰਚਾ ਛੇੜ ਦਿੱਤੀ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਮਸ਼ਹੂਰ ਗਾਇਕ ਬੱਬੂ ਮਾਨ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜ ਸਕਦੇ ਹਨ। ਹੁਣ ਇਨ੍ਹਾਂ ਸਾਰੀਆਂ ਕਿਆਸਅਰਾਈਆਂ 'ਤੇ ਬੱਬੂ ਮਾਨ ਨੇ ਖੁਦ ਆਪਣੀ ਚੁੱਪੀ ਤੋੜੀ ਹੈ। ਕੇ. ਐੱਸ. ਮੱਖਣ ਦੇ ਦਾਅਵੇ ਨੂੰ ਨਕਾਰਦਿਆਂ ਬੱਬੂ ਮਾਨ ਨੇ ਬੇਬਾਕੀ ਨਾਲ ਆਪਣਾ ਪੱਖ ਰੱਖਿਆ ਹੈ। ਬੱਬੂ ਮਾਨ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਚੋਣ



ਲੜਨ ਦਾ ਕੋਈ ਇਰਾਦਾ ਨਹੀਂ ਹੈ। ਮਾਨ ਨੇ ਕੇ. ਐੱਸ. ਮੱਖਣ ਨੂੰ ਸਲਾਹ ਦਿੰਦਿਆਂ ਕਿਹਾ ਕਿ ਉਹ ਖੁਦ ਚੋਣ ਲੜਨ, ਅਤੇ ਬਾਕੀ ਕਲਾਕਾਰਾਂ ਨੂੰ ਵੀ ਵੱਖ-ਵੱਖ ਪਾਰਟੀਆਂ ਤੋਂ ਚੋਣ ਮੈਦਾਨ ਵਿੱਚ ਉਤਰਨ ਲਈ ਉਤਸ਼ਾਹਿਤ ਕਰਨ। ਬੱਬੂ ਮਾਨ ਨੇ ਸਿਆਸਤ ਵਿੱਚ ਆਉਣ ਵਾਲੇ ਕਲਾਕਾਰਾਂ ਲਈ ਇੱਕ ਸਿੱਧੀ ਚੁਣੌਤੀ ਪੇਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਕਲਾਕਾਰ ਚੋਣ ਜਿੱਤਦਾ ਹੈ, ਤਾਂ ਉਸ ਨੂੰ ਪੰਜਾਬ ਦੇ ਹੇਠ ਲਿਖੇ ਤਿੰਨ ਅਹਿਮ ਮੁੱਦਿਆਂ 'ਤੇ ਕੰਮ ਕਰਨਾ ਚਾਹੀਦਾ ਹੈ: ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਸਹੀ ਮੁੱਲ ਦਿਵਾਉਣਾ। ਲੰਬੇ ਸਮੇਂ ਤੋਂ ਕੈਦ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਹੱਲ ਕਰਨਾ। ਮਜ਼ਦੂਰ ਵਰਗ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਾ। ਬੱਬੂ ਮਾਨ ਦੇ ਇਸ ਬਿਆਨ ਤੋਂ ਬਾਅਦ ਸਿਆਸੀ ਹਲਕਿਆਂ ਵਿੱਚ ਚੱਲ ਰਹੀਆਂ ਚਰਚਾਵਾਂ 'ਤੇ ਫਿਲਹਾਲ ਵਿਰਾਮ ਲੱਗਦਾ ਨਜ਼ਰ ਆ ਰਿਹਾ ਹੈ।

# ਈ.ਡੀ ਵਲੋਂ ਅਨਿਲ ਅੰਬਾਨੀ ਦਾ 3,716 ਕਰੋੜ ਦਾ ਘਰ ਜ਼ਬਤ

ਮੁੰਬਈ-ਈਡੀ ਨੇ ਅਨਿਲ ਅੰਬਾਨੀ ਦੇ ਮੁੰਬਈ-ਪਾਲੀ ਹਿੱਲ ਵਾਲੇ 17 ਮੰਜ਼ਿਲਾ ਘਰ 'ਅਬੋਡ' ਨੂੰ ਰਿਲਾਇੰਸ ਕਮਿਊਨੀਕੇਸ਼ਨਜ਼ ਵਾਲੇ ਬੈਂਕ ਧੋਖਾਧੜੀ ਮਾਮਲੇ ਵਿਚ ਪੀਐੱਮਐੱਲਏ ਤਹਿਤ 3,716 ਕਰੋੜ ਰੁਪਏ ਵਿਚ ਜ਼ਬਤ ਕਰ ਲਿਆ ਹੈ। ਇਸ ਨਾਲ ਇਸ ਮਾਮਲੇ ਵਿਚ



ਕੁਰਕੀ ਦੀ ਕੁੱਲ ਰਾਸ਼ੀ ਲਗਭਗ 15,700 ਕਰੋੜ ਰੁਪਏ ਤੱਕ ਪਹੁੰਚ ਗਈ ਹੈ।

# ਸ਼੍ਰੋਮਣੀ ਕਮੇਟੀ ਦਾ ਵੱਡਾ ਆਦੇਸ਼ : ਸ੍ਰੀ ਦਰਬਾਰ ਸਾਹਿਬ ਵਿਚ ਪੈਂਟ-ਕਮੀਜ਼ ਬੰਦ, ਕੁੜਤਾ-ਪਜਾਮਾ ਲਾਜ਼ਮੀ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਰੇ ਮੁਲਾਜ਼ਮਾਂ ਲਈ ਨਵਾਂ ਡਰੈੱਸ ਕੋਡ ਲਾਗੂ ਕਰ ਦਿੱਤਾ ਹੈ। ਹੁਣ ਤੋਂ ਸੇਵਾਦਾਰ ਤੋਂ ਮੈਨੇਜਰ ਤੱਕ ਸਭ ਨੂੰ ਕੁੜਤਾ-ਪਜਾਮਾ ਅਤੇ ਮਨਜ਼ੂਰਸ਼ੁਦਾ ਰੰਗਾਂ ਦੀਆਂ ਦਸਤਾਰਾਂ ਪਹਿਨਣੀਆਂ ਲਾਜ਼ਮੀ ਹੋਣਗੀਆਂ। ਪੈਂਟ ਅਤੇ ਕਮੀਜ਼ 'ਤੇ ਰੋਕ ਲਗਾ ਦਿੱਤੀ ਗਈ ਹੈ। ਇਹ ਫੈਸਲਾ ਗੁਰੂ ਘਰ ਦੀ ਮਰਿਆਦਾ ਬਰਕਰਾਰ ਰੱਖਣ ਲਈ ਲਿਆ ਗਿਆ ਹੈ।

# ਫੀਫਾ ਵਿਸ਼ਵ ਕੱਪ ਦੇ ਨਾਂ 'ਤੇ ਵੱਡੀ ਠੱਗੀ: ਏਜੰਟਾਂ ਦੇ ਝਾਂਸੇ ਤੋਂ ਬਚੋ !

**ਖਾਸ ਖਬਰ**

## ✪ ਕੈਨੇਡਾ ਸਰਕਾਰ ਦਾ ਸਪੱਸ਼ਟ ਐਲਾਨ: ਕੋਈ ਵਿਸ਼ੇਸ਼ ਵੀਜ਼ਾ ਕੈਟਾਗਰੀ ਨਹੀਂ
## ✪ ਗਲਤ ਦਸਤਾਵੇਜ਼ ਵਰਤਣ ਵਾਲਿਆਂ ਉਪਰ ਲੱਗ ਸਕਦੀ ਹੈ 5 ਸਾਲ ਦੀ ਪਾਬੰਦੀ

ਆਉਣ ਵਾਲੇ ਸਮੇਂ ਵਿੱਚ ਫੁੱਟਬਾਲ ਦੇ ਦੀਵਾਨਿਆਂ ਲਈ ਇੱਕ ਵੱਡਾ ਖੇਡ ਮੇਲਾ ਆ ਰਿਹਾ ਹੈ-'ਫੀਫਾ ਵਿਸ਼ਵ ਕੱਪ 2026'। ਇਸ ਖੇਡ ਮਹਾਕੁੰਭ ਦਾ ਆਯੋਜਨ 11 ਜੂਨ ਤੋਂ 19 ਜੁਲਾਈ 2026 ਤੱਕ ਤਿੰਨ ਦੇਸ਼ਾਂ-ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਵਿੱਚ ਹੋਣ ਜਾ ਰਿਹਾ ਹੈ। ਕੈਨੇਡਾ ਦੇ ਟੋਰਾਂਟੋ ਅਤੇ ਵੈਨਕੂਵਰ ਸ਼ਹਿਰ ਵੀ ਇਸ ਅੰਤਰਰਾਸ਼ਟਰੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਨਗੇ। ਪਰ ਇਹ ਖੇਡ ਪ੍ਰੇਮੀਆਂ ਲਈ ਇੱਕ ਸੁਨਹਿਰਾ ਮੌਕਾ ਹੈ, ਉੱਥੇ ਹੀ ਕੁਝ ਠੱਗ ਏਜੰਟਾਂ ਨੇ ਇਸ ਨੂੰ ਆਪਣੀ ਕਮਾਈ ਦਾ ਜ਼ਰੀਆ ਬਣਾ ਲਿਆ ਹੈ। ਸੋਸ਼ਲ ਮੀਡੀਆ ਉੱਤੇ 'ਫੀਫਾ ਵਿਸ਼ਵ ਕੱਪ' ਦੇ ਬਹਾਨੇ ਕੈਨੇਡਾ ਦਾ ਵੀਜ਼ਾ ਦਿਵਾਉਣ ਦੇ ਦਾਅਵੇ ਕਰਕੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ, ਜਿਸ ਤੋਂ ਬਚਣ ਲਈ ਕੈਨੇਡਾ ਸਰਕਾਰ ਨੇ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ।

### ਸੋਸ਼ਲ ਮੀਡੀਆ 'ਤੇ ਏਜੰਟਾਂ ਦਾ ਜਾਲ

ਅੱਜਕਲ ਇੰਸਟਾਗ੍ਰਾਮ, ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਰੀਲਾਂ ਦੀ ਭਰਮਾਰ ਹੈ, ਜਿੱਥੇ ਕੈਨੇਡਾ ਜਾਣ ਦੇ ਚਾਹਵਾਨਾਂ ਨੂੰ ਲੁਭਾਉਣੇ ਸੁਪਨੇ ਦਿਖਾਏ ਜਾ ਰਹੇ ਹਨ। ਇਨ੍ਹਾਂ ਰੀਲਾਂ ਵਿੱਚ ਏਜੰਟ ਦਾਅਵਾ ਕਰਦੇ ਹਨ: "ਕੈਨੇਡਾ ਵਿੱਚ ਫ਼ੀਫ਼ਾ ਵਰਲਡ ਕੱਪ ਹੋਣ ਜਾ ਰਿਹਾ ਹੈ, ਤੁਹਾਡੇ ਲਈ ਇਹ ਸੁਨਹਿਰਾ ਮੌਕਾ ਹੈ। ਬਿਨਾਂ ਸਪਾਂਸਰਸ਼ਿਪ, ਸਿਰਫ਼ ਹੋਟਲ ਬੁਕਿੰਗ ਦੇ ਆਧਾਰ 'ਤੇ ਵੀਜ਼ਾ ਲਗਵਾਓ।"

ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਜਿਵੇਂ ਕਿ ਬਟਾਲਾ ਅਤੇ ਕੋਟਕਪੂਰਾ ਦੇ ਕੁਝ ਏਜੰਟਾਂ ਵੱਲੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਪਹਿਲਾਂ ਹੀ ਕਈ ਵੀਜ਼ੇ ਲਗਵਾ ਦਿੱਤੇ ਹਨ। ਇੱਕ ਏਜੰਟ ਦਾ ਦਾਅਵਾ ਹੈ ਕਿ ਉਹ 50,000 ਰੁਪਏ ਦੀ ਫੀਸ ਲੈ ਕੇ ਵੀਜ਼ਾ ਅਪਲਾਈ ਕਰਨ ਵਿੱਚ ਮਦਦ ਕਰੇਗਾ ਅਤੇ ਫੰਡ ਵੀ ਖੁਦ ਦਿਖਾਏਗਾ। ਇਹ ਸਭ ਸਿਰਫ਼ ਲੋਕਾਂ ਨੂੰ ਫਸਾਉਣ ਲਈ ਬਣਾਏ ਗਏ ਝੂਠੇ ਦਾਅਵੇ ਹਨ, ਜਿਨ੍ਹਾਂ ਦਾ ਅਸਲੀਅਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਪੰਜਾਬ ਪੁਲਿਸ ਦੀ ਸਾਈਬਰ ਕ੍ਰਾਈਮ ਯੂਨਿਟ ਵੀ ਇਨ੍ਹਾਂ ਟੈਲੀਗ੍ਰਾਮ ਚੈਨਲਾਂ ਅਤੇ ਰੀਲਾਂ 'ਤੇ ਨਜ਼ਰ ਰੱਖ ਰਹੀ ਹੈ। ਹਾਲਾਂਕਿ ਅਜੇ ਤੱਕ ਫੀਫਾ ਵੀਜ਼ਾ ਘੋਟਾਲੇ ਵਿੱਚ ਕੋਈ ਵੱਡੀ ਗ੍ਰਿਫ਼ਤਾਰੀ ਨਹੀਂ ਹੋਈ, ਪਰ ਚੰਡੀਗੜ੍ਹ ਪੁਲਿਸ ਨੇ ਇਮੀਗ੍ਰੇਸ਼ਨ ਫਰਮਾਂ ਖਿਲਾਫ਼ ਐਫਆਈਆਰਾਂ ਦਰਜ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

### ਇਮੀਗ੍ਰੇਸ਼ਨ ਵਿਭਾਗ ਦੀ ਸਪੱਸ਼ਟ ਚੇਤਾਵਨੀ

ਕੈਨੇਡਾ ਦੇ ਇਮੀਗ੍ਰੇਸ਼ਨ, ਰਿਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਅਜਿਹੀਆਂ ਗਤੀਵਿਧੀਆਂ ਦਾ ਸਖ਼ਤ ਨੋਟਿਸ ਲਿਆ ਹੈ। ਵਿਭਾਗ ਨੇ ਆਪਣੀ ਵੈੱਬਸਾਈਟ ਰਾਹੀਂ ਸਪੱਸ਼ਟ ਕੀਤਾ ਹੈ ਕਿ ਫੀਫਾ ਵਿਸ਼ਵ ਕੱਪ-2026 ਦੇ ਲਈ ਕੋਈ ਵੀ ਸਪੈਸ਼ਲ ਵੀਜ਼ਾ ਕੈਟਾਗਰੀ ਜਾਰੀ ਨਹੀਂ ਕੀਤੀ ਗਈ ਹੈ।

ਆਈ. ਆਰ. ਸੀ. ਸੀ ਨੇ ਕਿਹਾ ਹੈ ਕਿ ਜਿਹੜੇ ਲੋਕ ਫੁੱਟਬਾਲ ਮੈਚ ਦੇਖਣ ਲਈ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਆਮ 'ਵਿਜ਼ਟਰ ਵੀਜ਼ਾ' ਲਈ ਹੀ ਅਪਲਾਈ ਕਰਨਾ ਹੋਵੇਗਾ। ਕੋਈ ਵੀ ਖਾਸ ਵੀਜ਼ਾ ਅਜਿਹਾ ਨਹੀਂ ਹੈ ਜੋ ਤੁਹਾਨੂੰ ਕੈਨੇਡਾ ਵਿੱਚ ਕੰਮ ਕਰਨ ਜਾਂ ਉੱਥੇ ਰਹਿਣ ਦੀ ਇਜਾਜ਼ਤ ਦੇਵੇ। ਇੰਨਾ ਹੀ ਨਹੀਂ, ਫੀਫਾ ਮੈਚ ਦੀ ਟਿਕਟ ਹੋਣ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਤੁਹਾਡਾ ਵੀਜ਼ਾ ਮਨਜ਼ੂਰ ਹੋ ਜਾਵੇਗਾ। ਵੀਜ਼ਾ ਦੇਣਾ ਜਾਂ ਨਾ ਦੇਣਾ ਪੂਰੀ ਤਰ੍ਹਾਂ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਅਧਿਕਾਰ ਖੇਤਰ ਵਿੱਚ ਹੈ।

### 5 ਸਾਲ ਦੀ ਪਾਬੰਦੀ ਦਾ ਖਤਰਾ

ਕੈਨੇਡਾ ਸਰਕਾਰ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਤੁਸੀਂ ਕਿਸੇ ਏਜੰਟ ਦੇ ਰਾਹੀਂ ਕੋਈ ਗਲਤ ਜਾਣਕਾਰੀ ਜਾਂ ਫਰਜ਼ੀ ਦਸਤਾਵੇਜ਼ ਆਪਣੀ ਅਰਜ਼ੀ ਵਿੱਚ ਲਗਾਉਂਦੇ ਹੋ, ਤਾਂ ਇਸ ਦਾ ਖਮਿਆਜ਼ਾ ਤੁਹਾਨੂੰ ਭੁਗਤਣਾ ਪਵੇਗਾ। ਆਈ. ਆਰ. ਸੀ. ਸੀ ਦੇ ਨਿਯਮਾਂ ਮੁਤਾਬਕ, ਬਿਨੈਕਾਰ ਆਪਣੀ ਅਰਜ਼ੀ ਵਿੱਚ ਦਿੱਤੀ ਗਈ ਹਰ ਜਾਣਕਾਰੀ ਲਈ ਖੁਦ ਜ਼ਿੰਮੇਵਾਰ ਹੈ, ਭਾਵੇਂ ਉਹ ਅਰਜ਼ੀ ਕਿਸੇ ਏਜੰਟ ਜਾਂ ਪ੍ਰਤੀਨਿਧੀ ਨੇ ਹੀ ਕਿਉਂ ਨਾ ਭਰੀ ਹੋਵੇ।

ਜੇਕਰ ਅਰਜ਼ੀ ਵਿੱਚ ਕੋਈ ਵੀ ਗਲਤ ਦਸਤਾਵੇਜ਼ ਪਾਇਆ ਜਾਂਦਾ ਹੈ, ਤਾਂ ਬਿਨੈਕਾਰ 'ਤੇ 5 ਸਾਲ ਦੀ ਪਾਬੰਦੀ ਲੱਗ ਸਕਦੀ ਹੈ, ਜਿਸ ਨਾਲ ਉਸ ਦਾ ਕੈਨੇਡਾ ਜਾਣ ਦਾ ਸੁਪਨਾ ਹਮੇਸ਼ਾ ਲਈ ਖਤਮ ਹੋ ਸਕਦਾ ਹੈ।

ਇਮੀਗ੍ਰੇਸ਼ਨ ਮਾਮਲਿਆਂ ਦੇ ਮਾਹਿਰ ਰੁਪਿੰਦਰ ਸਿੰਘ ਦਾ ਕਹਿਣਾ ਹੈ ਕਿ ਏਜੰਟ ਅਕਸਰ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਜੋ ਸਰਕਾਰੀ ਨਿਯਮਾਂ ਦੀ ਖੁਦ ਜਾਂਚ-ਪੜਤਾਲ ਨਹੀਂ ਕਰਦੇ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਏਜੰਟ ਦੇ ਗੁੰਮਰਾਹਕੁੰਨ ਦਾਅਵਿਆਂ ਵਿੱਚ ਨਾ ਆਓ।

ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸਪੋਰਟਸ ਸਟਾਫ਼, ਮੀਡੀਆ ਅਤੇ ਵਾਲੰਟੀਅਰਾਂ ਲਈ ਵੀ ਕੁਝ ਖਾਸ ਨਿਯਮ ਹਨ, ਪਰ ਇੱਕ ਆਮ ਸੈਲਾਨੀ ਲਈ ਕੋਈ 'ਸ਼ਾਰਟਕੱਟ' ਨਹੀਂ ਹੈ। ਰੁਪਿੰਦਰ ਸਿੰਘ ਨੇ ਜ਼ੋਰ ਦਿੱਤਾ, "ਫ਼ੀਫ਼ਾ ਵਰਲਡ ਕੱਪ ਕੈਨੇਡਾ ਵਿੱਚ ਸ਼ਰਨ ਲੈਣ ਜਾਂ ਕੰਮ ਕਰਨ ਦਾ ਕੋਈ ਮੌਕਾ ਨਹੀਂ ਹੈ। ਜੋ ਵੀ ਵਿਜ਼ਟਰ ਆਵੇਗਾ, ਉਸ ਨੂੰ ਤੈਅ ਸਮਾਂ ਮੁਕੰਮਲ ਹੋਣ 'ਤੇ ਵਾਪਸ ਜਾਣਾ ਪਵੇਗਾ।"




ਫੀਫਾ ਵਿਸ਼ਵ ਕੱਪ ਦਾ ਨਾਮ ਵਰਤ ਕੇ ਲੋਕਾਂ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੀ ਕੈਨੇਡਾ ਜਾਣ ਦੀ ਇੱਛਾ ਦਾ ਫਾਇਦਾ ਚੁੱਕਣਾ ਇੱਕ ਗੰਭੀਰ ਅਪਰਾਧ ਹੈ। ਕੈਨੇਡਾ ਸਰਕਾਰ ਦੀਆਂ ਹਦਾਇਤਾਂ ਬਿਲਕੁਲ ਸਾਫ਼ ਹਨ:

ਕੋਈ ਵੀ ਵਿਅਕਤੀ ਤੁਹਾਨੂੰ ਵੀਜ਼ੇ ਦੀ 'ਗਾਰੰਟੀ' ਨਹੀਂ ਦੇ ਸਕਦਾ। ਫੀਫਾ ਵਿਸ਼ਵ ਕੱਪ ਲਈ ਕੋਈ ਵਿਸ਼ੇਸ਼ ਵੀਜ਼ਾ ਸ਼੍ਰੇਣੀ ਨਹੀਂ ਹੈ। ਆਪਣੇ ਦਸਤਾਵੇਜ਼ਾਂ ਦੀ ਜਾਂਚ ਖੁਦ ਕਰੋ ਅਤੇ ਅਧਿਕਾਰਤ ਆਈਆਰਸੀਸੀ ਵੈੱਬਸਾਈਟ ਤੋਂ ਹੀ ਜਾਣਕਾਰੀ ਲਓ।

ਇਸ ਲਈ ਸੋਸ਼ਲ ਮੀਡੀਆ 'ਤੇ ਮਿਲਣ ਵਾਲੇ "ਸੁਨਹਿਰੇ ਮੌਕਿਆਂ" ਤੋਂ ਸੁਚੇਤ ਰਹੋ ਅਤੇ ਕਿਸੇ ਵੀ ਅਜਿਹੇ ਏਜੰਟ 'ਤੇ ਭਰੋਸਾ ਨਾ ਕਰੋ ਜੋ ਸਰਕਾਰੀ ਨਿਯਮਾਂ ਦੇ ਉਲਟ ਜਾ ਕੇ ਵੀਜ਼ਾ ਲਗਵਾਉਣ ਦੇ ਦਾਅਵੇ ਕਰਦਾ ਹੈ। ਆਪਣੀ ਮਿਹਨਤ ਦੀ ਕਮਾਈ ਅਤੇ ਆਪਣੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਹਮੇਸ਼ਾ ਕਾਨੂੰਨੀ ਅਤੇ ਪਾਰਦਰਸ਼ੀ ਤਰੀਕੇ ਹੀ ਅਪਨਾਓ। ਵਿਸ਼ਵ ਕੱਪ ਦੀਆਂ ਟਿਕਟਾਂ ਸਿਰਫ ਫੀਫਾ ਦੀ ਅਧਿਕਾਰਤ ਵੈੱਬਸਾਈਟ ਰਾਹੀਂ ਹੀ ਜਾਰੀ ਕੀਤੀਆਂ ਜਾਂਦੀਆਂ ਹਨ। ਕਿਸੇ ਵੀ ਥਰਡ-ਪਾਰਟੀ ਏਜੰਟ ਜਾਂ ਗੈਰ-ਅਧਿਕਾਰਤ ਵੈੱਬਸਾਈਟ ਤੋਂ ਟਿਕਟਾਂ ਖਰੀਦਣ ਦਾ ਦਾਅਵਾ ਕਰਨ ਵਾਲਿਆਂ ਤੋਂ ਸਾਵਧਾਨ ਰਹੋ, ਕਿਉਂਕਿ ਇਹ ਧੋਖਾਧੜੀ ਦਾ ਕਾਰਨ ਬਣ ਸਕਦਾ ਹੈ ਅਤੇ ਅਜਿਹੀਆਂ ਟਿਕਟਾਂ ਮਾਨਤਾ ਪ੍ਰਾਪਤ ਨਹੀਂ ਹੁੰਦੀਆਂ।

## ਕੈਨੇਡਾ ਵਿੱਚ ਹੋਣ ਵਾਲੇ ਮੈਚਾਂ ਦਾ ਵੇਰਵਾ

ਫੀਫਾ ਵਿਸ਼ਵ ਕੱਪ 2026, ਜੋ 11 ਜੂਨ ਤੋਂ 19 ਜੁਲਾਈ 2026 ਤੱਕ ਚੱਲੇਗਾ, ਵਿੱਚ ਕੈਨੇਡਾ ਦੇ ਦੋ ਪ੍ਰਮੁੱਖ ਸ਼ਹਿਰ ਮੇਜ਼ਬਾਨੀ ਕਰ ਰਹੇ ਹਨ। ਇਨ੍ਹਾਂ ਸ਼ਹਿਰਾਂ ਵਿੱਚ ਕੁੱਲ 13 ਮੈਚ ਖੇਡੇ ਜਾਣਗੇ:

**ਟੋਰਾਂਟੋ :**

- ਸਟੇਡੀਅਮ: ਬੀਐਮਓ ਫੀਲਡ
- ਮੈਚਾਂ ਦੀ ਗਿਣਤੀ: 6 ਮੈਚ

**ਵੈਨਕੂਵਰ :**

- ਸਟੇਡੀਅਮ: ਬੀਜੀ ਪਲੇਸ
- ਮੈਚਾਂ ਦੀ ਗਿਣਤੀ: 7 ਮੈਚ

## ਫੀਫਾ ਵਿਸ਼ਵ ਕੱਪ ਕੀ ਹੈ ?

ਫੀਫਾ ਵਿਸ਼ਵ ਕੱਪ ਦੁਨੀਆ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਫੁੱਟਬਾਲ ਟੂਰਨਾਮੈਂਟ ਹੈ। ਇਹ ਖੇਡਾਂ ਦੇ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਮੁਕਾਬਲਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਦਾ ਆਯੋਜਨ 'ਫੀਫਾ' ਦੁਆਰਾ ਕੀਤਾ ਜਾਂਦਾ ਹੈ, ਜੋ ਕਿ ਫੁੱਟਬਾਲ ਦੀ ਗਲੋਬਲ ਗਵਰਨਿੰਗ ਬਾਡੀ ਹੈ।

ਇਹ ਟੂਰਨਾਮੈਂਟ ਹਰ ਚਾਰ ਸਾਲ ਬਾਅਦ ਕਰਵਾਇਆ ਜਾਂਦਾ ਹੈ, ਜਿਸ ਵਿੱਚ ਦੁਨੀਆ ਭਰ ਦੇ ਦੇਸ਼ਾਂ ਦੀਆਂ ਪੁਰਸ਼ ਕੌਮੀ ਟੀਮਾਂ ਹਿੱਸਾ ਲੈਂਦੀਆਂ ਹਨ।

ਵਿਸ਼ਵ ਕੱਪ ਸਿਰਫ਼ ਇੱਕ ਖੇਡ ਨਹੀਂ, ਸਗੋਂ ਇਹ ਵੱਖ-ਵੱਖ ਸੱਭਿਆਚਾਰਾਂ ਅਤੇ ਦੇਸ਼ਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਨ ਦਾ ਇੱਕ ਵੱਡਾ ਮਾਧਿਅਮ ਹੈ। ਇਸ ਨੂੰ ਅਰਬਾਂ ਲੋਕ ਟੀਵੀ ਅਤੇ ਸੋਸ਼ਲ ਮੀਡੀਆ ਰਾਹੀਂ ਦੇਖਦੇ ਹਨ। ਇਸ ਦੀ ਸ਼ੁਰੂਆਤ 1930 ਵਿੱਚ ਹੋਈ ਸੀ। ਉਦੋਂ ਤੋਂ ਇਹ ਦੁਨੀਆ ਦਾ ਸਭ ਤੋਂ ਵੱਡਾ ਖੇਡ ਉਤਸਵ ਬਣ ਗਿਆ ਹੈ।

ਇਹ ਪਹਿਲੀ ਵਾਰ ਹੈ 2026 ਦੌਰਾਨ ਜਦੋਂ ਤਿੰਨ ਦੇਸ਼ (ਕੈਨੇਡਾ, ਅਮਰੀਕਾ ਅਤੇ ਮੈਕਸੀਕੋ) ਮਿਲ ਕੇ ਇਸ ਦੀ ਮੇਜ਼ਬਾਨੀ ਕਰ ਰਹੇ ਹਨ।

ਕੈਨੇਡਾ ਦੇ ਟੋਰਾਂਟੋ ਅਤੇ ਵੈਨਕੂਵਰ ਸ਼ਹਿਰਾਂ ਵਿੱਚ ਮੈਚ ਹੋਣ ਕਾਰਨ, ਇਹ ਕੈਨੇਡਾ ਵਿੱਚ ਰਹਿਣ ਵਾਲੇ ਅਤੇ ਉੱਥੇ ਜਾਣ ਦੇ ਚਾਹਵਾਨ ਲੋਕਾਂ ਲਈ ਇੱਕ ਬਹੁਤ ਵੱਡਾ ਸੱਭਿਆਚਾਰਕ ਅਤੇ ਖੇਡ ਸਮਾਗਮ ਹੈ।

## ਖਰੜ ਵਿਚ ਕਾਰੋਬਾਰੀ ਨੂੰ ਗੈਂਗਸਟਰਾਂ ਵਲੋਂ ਮੌਤ ਦੀ ਧਮਕੀ, 4 ਕਰੋੜ ਫਿਰੌਤੀ ਮੰਗੀ

ਖਰੜ-ਖਰੜ ਥਾਣਾ ਸਿਟੀ ਇਲਾਕੇ ਦੇ ਇੱਕ ਕਾਰੋਬਾਰੀ ਨੂੰ ਯੂਕੇ ( ਨੰਬਰ ਤੋਂ ਵਟਸਐਪ ਰਾਹੀਂ 4 ਕਰੋੜ ਰੁਪਏ ਫਿਰੌਤੀ ਮੰਗੀ ਗਈ। ਮੁਲਜ਼ਮ ਨੇ ਰਾਣਾ ਬਲਾਚੌਰੀਆ ਕਤਲ ਦਾ ਹਵਾਲਾ ਦਿੰਦਿਆਂ ਜਾਨੋਂ ਮਾਰਨ ਦੀ ਧਮਕੀ ਦਿੱਤੀ। ਪੀੜਤ ਨੇ ਘਰ ਬਾਹਰ ਰੇਕੀ ਵਾਲੀ ਘਟਨਾ ਵੀ ਦੱਸੀ। ਪੁਲਿਸ ਨੇ ਭਾਰਤੀ ਨਿਆਂ ਸੰਹਿਤਾ ਤਹਿਤ ਮਾਮਲਾ ਦਰਜ ਕਰ ਤਕਨੀਕੀ ਜਾਂਚ ਸ਼ੁਰੂ ਕਰ ਦਿੱਤੀ।

# ਇਰਾਨ-ਇਜ਼ਰਾਈਲ ਸੰਘਰਸ਼: ਤਹਿਰਾਨ ਵਿੱਚ ਵਸਦੇ ਸਿੱਖਾਂ ਨਾਲ ਸੰਪਰਕ ਟੁੱਟਿਆ, ਪਰਿਵਾਰ ਚਿੰਤਤ

## ✪ ਭਾਈ ਗੰਗਾ ਸਿੰਘ ਗੁਰਦੁਆਰਾ ਜੰਗ ਦੇ ਮਾਹੌਲ ਵਿੱਚ ਸਿੱਖਾਂ ਲਈ ਆਸਥਾ ਅਤੇ ਪਨਾਹ ਦਾ ਬਣਿਆ ਸਹਾਰਾ








ਤਹਿਰਾਨ-ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ’ਤੇ ਕੀਤੇ ਜਾ ਰਹੇ ਹਮਲਿਆਂ ਕਾਰਨ ਇਰਾਨ ਵਿੱਚ ਰਹਿਣ ਵਾਲੇ ਭਾਰਤੀਆਂ, ਖਾਸ ਕਰਕੇ ਸਿੱਖ ਭਾਈਚਾਰੇ ਲਈ ਮੁਸ਼ਕਿਲਾਂ ਵਧ ਗਈਆਂ ਹਨ। ਤਹਿਰਾਨ ਵਿੱਚ ਸਿੱਖਾਂ ਦੀ ਗਿਣਤੀ ਬਹੁਤ ਘੱਟ (100 ਤੋਂ ਘੱਟ) ਹੈ, ਪਰ ਜੰਗ ਦੇ ਮਾਹੌਲ ਵਿੱਚ ਉਨ੍ਹਾਂ ਨਾਲ ਸੰਪਰਕ ਟੁੱਟਣ ਕਾਰਨ ਪਰਿਵਾਰਾਂ ਵਿੱਚ ਭਾਰੀ ਚਿੰਤਾ ਪਾਈ ਜਾ ਰਹੀ ਹੈ। ਜੰਗ ਸ਼ੁਰੂ ਹੋਣ ਤੋਂ ਬਾਅਦ ਤਹਿਰਾਨ ਵਿੱਚ ਰਹਿੰਦੇ ਸਿੱਖਾਂ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਨਹੀਂ ਹੋ ਸਕਿਆ ਹੈ। ਸਿੱਖ ਵਪਾਰੀ ਅਮਰਦੀਪ ਸਿੰਘ ਆਨੰਦ, ਜੋ ਇਸ ਸਮੇਂ ਭਾਰਤ ਵਿੱਚ ਹਨ, ਨੇ ਦੱਸਿਆ ਕਿ ਜੰਗ ਸ਼ੁਰੂ ਹੋਣ ਵਾਲੇ ਦਿਨ ਹੀ ਉਨ੍ਹਾਂ ਦੀ ਆਪਣੇ ਜਾਣਕਾਰਾਂ ਨਾਲ ਆਖਰੀ ਵਾਰ ਗੱਲ ਹੋਈ ਸੀ। ਉਨ੍ਹਾਂ ਨੂੰ ਉਮੀਦ ਹੈ ਕਿ ਸਿੱਖ ਭਾਈਚਾਰੇ ਦੇ ਲੋਕ ਸ਼ਾਇਦ ਗੁਰਦੁਆਰਾ ਸਾਹਿਬ ਵਿੱਚ ਸ਼ਰਨ ਲਈ ਬੈਠੇ ਹੋਣਗੇ ਜਾਂ ਸ਼ਹਿਰ ਤੋਂ ਬਾਹਰ ਚਲੇ ਗਏ ਹੋਣਗੇ, ਪਰ ਕੋਈ ਵੀ ਪੁਖਤਾ ਜਾਣਕਾਰੀ ਉਪਲਬਧ ਨਹੀਂ ਹੈ।

### ਗੁਰਦੁਆਰਾ ਭਾਈ ਗੰਗਾ ਸਿੰਘ ਸਭਾ: ਆਸਥਾ ਅਤੇ ਆਸਰੇ ਦਾ ਕੇਂਦਰ

1941 ਵਿੱਚ ਸਥਾਪਿਤ ’ਭਾਈ ਗੰਗਾ ਸਿੰਘ ਸਭਾ ਗੁਰਦੁਆਰਾ’ ਦਹਾਕਿਆਂ ਤੋਂ ਇਰਾਨ ਵਿੱਚ ਵਸਦੇ ਸਿੱਖਾਂ ਲਈ ਆਸਥਾ ਅਤੇ ਸੁਰੱਖਿਆ ਦਾ ਕੇਂਦਰ ਰਿਹਾ ਹੈ। ਇੱਥੇ ਦੇਸ਼-ਵਿਦੇਸ਼ ਦੀਆਂ ਕਈ ਵੱਡੀਆਂ ਹਸਤੀਆਂ, ਜਿਨ੍ਹਾਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸ਼ਾਮਲ ਹਨ, ਨਤਮਸਤਕ ਹੋ ਚੁੱਕੇ ਹਨ। ਅਜਿਹੇ ਮਾਹੌਲ ਵਿੱਚ ਇਹ ਗੁਰਦੁਆਰਾ ਸਾਹਿਬ ਭਾਈਚਾਰੇ ਲਈ ਸਭ ਤੋਂ ਵੱਡਾ ਸਹਾਰਾ ਬਣਿਆ ਹੋਇਆ ਹੈ।

ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇੱਥੇ ਸਥਿਤ ‘ਕੇਂਦਰੀ ਵਿਦਿਆਲਿਆ-ਤਹਿਰਾਨ’, ਜਿੱਥੇ ਸਿੱਖ ਅਤੇ ਹੋਰ ਭਾਰਤੀ ਬੱਚੇ ਪੜ੍ਹਦੇ ਹਨ, ਵਿੱਚ ਬੋਰਡ ਦੀਆਂ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

ਭਾਰਤੀ ਸਿੱਖਾਂ ਨੇ ਹਮੇਸ਼ਾ ਇਰਾਨ ਵਿੱਚ ਆਪਣੀ ਧਾਰਮਿਕ ਪਛਾਣ ਪ੍ਰਤੀ ਮਿਲੇ ਸਤਿਕਾਰ ਦੀ ਸ਼ਲਾਘਾ ਕੀਤੀ ਹੈ। ਇਰਾਨੀ ਪ੍ਰਸ਼ਾਸਨ ਨੇ ਸਿੱਖਾਂ ਨੂੰ ਦਸਤਾਰ ਸਮੇਤ ਸਰਕਾਰੀ ਦਸਤਾਵੇਜ਼ਾਂ ਅਤੇ ਫੋਟੋਆਂ ਖਿਚਵਾਉਣ ਦੀ ਇਜਾਜ਼ਤ ਦਿੱਤੀ ਸੀ, ਜਿਸ ਨੂੰ ਸਿੱਖ ਭਾਈਚਾਰਾ ਇੱਕ ਵੱਡਾ ਮਾਣ ਮੰਨਦਾ ਹੈ। ਇਰਾਨ ਵਿੱਚ ਸਿੱਖ ਭਾਈਚਾਰੇ ਦੀ ਆਰਥਿਕ ਸਥਿਤੀ ਇਤਿਹਾਸਕ ਤੌਰ ’ਤੇ ਵਪਾਰ ਨਾਲ ਜੁੜੀ ਰਹੀ ਹੈ:

ਇਦੇ ਜ਼ਿਕਰਯੋਗ ਹੈ ਕਿ ਇਹ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ ਇਤਿਹਾਸਕ ਰਿਕਾਰਡਾਂ ਅਨੁਸਾਰ, ਕਿਸੇ ਵੀ ਗੁਰੂ ਸਾਹਿਬ ਨੇ ਇਰਾਨ ਵਿੱਚ ਕੋਈ ਸਥਾਈ ਗੁਰਦੁਆਰਾ ਸਥਾਪਿਤ ਨਹੀਂ ਕੀਤਾ ਸੀ। ਹਾਲਾਂਕਿ, ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ (ਯਾਤਰਾਵਾਂ) ਦੌਰਾਨ ਬਗਦਾਦ (ਜੋ ਉਸ ਸਮੇਂ ਦੇ ਫਾਰਸੀ ਪ੍ਰਭਾਵ ਵਾਲੇ ਇਲਾਕੇ ਦੇ ਨੇੜੇ ਸੀ) ਦੀ ਯਾਤਰਾ ਜ਼ਰੂਰ ਕੀਤੀ ਸੀ।ਈਰਾਨ ਵਿੱਚ ਸਿੱਖਾਂ ਦੀ ਮੌਜੂਦਗੀ ਦਾ ਇਤਿਹਾਸ ਮੁੱਖ ਤੌਰ ’ਤੇ ਆਧੁਨਿਕ ਕਾਲ ਦੀ ਆਰਥਿਕ ਪ੍ਰਵਾਸ ਨਾਲ ਜੁੜਿਆ ਹੈ।

### ਸਿੱਖਾਂ ਦੇ ਈਰਾਨ ਪਹੁੰਚਣ ਦੀ ਸ਼ੁਰੂਆਤ

ਇਰਾਨ ਵਿੱਚ ਸਿੱਖਾਂ ਦੇ ਜੜ੍ਹਾਂ ਲਗਾਉਣ ਦਾ ਸਫ਼ਰ 20ਵੀਂ ਸਦੀ ਦੇ ਸ਼ੁਰੂ (ਲਗਭਗ 1900-1930 ਦੇ ਦਹਾਕੇ) ਵਿੱਚ ਸ਼ੁਰੂ ਹੋਇਆ:

ਵਪਾਰਕ ਮੌਕੇ: ਉਸ ਸਮੇਂ ਪੰਜਾਬੀ ਵਪਾਰੀ ਕਾਰੋਬਾਰ ਦੀ ਭਾਲ ਵਿੱਚ ਮੱਧ ਏਸ਼ੀਆ ਅਤੇ ਇਰਾਨ ਵੱਲ ਗਏ। ਇਹ ਉਹ ਦੌਰ ਸੀ ਜਦੋਂ ਈਰਾਨ ਵਿੱਚ ਤੇਲ ਉਦਯੋਗ ਦਾ ਵਿਕਾਸ ਹੋ ਰਿਹਾ ਸੀ ਅਤੇ ਵਪਾਰਕ ਰਸਤੇ ਖੁੱਲ੍ਹ ਰਹੇ ਸਨ।

ਜਾਹੇਦਾਨ ਤੋਂ ਸ਼ੁਰੂਆਤ: ਪਹਿਲਾਂ ਬਹੁਤ ਸਾਰੇ ਸਿੱਖ ਇਰਾਨ ਦੇ ਦੱਖਣ-ਪੂਰਬੀ ਸ਼ਹਿਰ ‘ਜਾਹੇਦਾਨ’ ਵਿੱਚ ਵਸੇ। ਇਹ ਸ਼ਹਿਰ ਪਾਕਿਸਤਾਨ-ਇਰਾਨ ਸਰਹੱਦ ਦੇ ਨੇੜੇ ਹੋਣ ਕਾਰਨ ਵਪਾਰ ਲਈ ਮੁੱਖ ਕੇਂਦਰ ਸੀ। ਇੱਥੇ ਸਿੱਖਾਂ ਨੇ ਆਪਣੀਆਂ ਦੁਕਾਨਾਂ ਅਤੇ ਕਾਰੋਬਾਰ ਸਥਾਪਿਤ ਕੀਤੇ।

ਤਹਿਰਾਨ ਵੱਲ ਪ੍ਰਵਾਸ: ਸਮੇਂ ਦੇ ਨਾਲ, ਜਿਵੇਂ-ਜਿਵੇਂ ਇਰਾਨ ਦੀ ਰਾਜਧਾਨੀ ਤਹਿਰਾਨ ਇੱਕ ਆਰਥਿਕ ਕੇਂਦਰ ਬਣਿਆ, ਸਿੱਖ ਪਰਿਵਾਰਾਂ ਨੇ ਉੱਥੇ ਰੁਖ ਕੀਤਾ। 1940 ਦੇ ਦਹਾਕੇ ਤੱਕ ਤਹਿਰਾਨ ਸਿੱਖ ਭਾਈਚਾਰੇ ਦਾ ਮੁੱਖ ਕੇਂਦਰ ਬਣ ਗਿਆ।

ਸਿੱਖ ਮੁੱਖ ਤੌਰ ’ਤੇ ਵਪਾਰੀ ਸਨ। ਉਹ ਆਟੋ ਪਾਰਟਸ, ਨਿਰਮਾਣ ਅਤੇ ਆਯਾਤ-ਨਿਰਯਾਤ ਦੇ ਕਾਰੋਬਾਰ ਵਿੱਚ ਬਹੁਤ ਸਫਲ ਰਹੇ। ਉਨ੍ਹਾਂ ਦੀ ਮਿਹਨਤ ਅਤੇ ਇਮਾਨਦਾਰੀ ਕਾਰਨ ਉਹ ਇਰਾਨੀ ਸਮਾਜ ਵਿੱਚ ਇੱਕ ਚੰਗੇ ਅਤੇ ਭਰੋਸੇਯੋਗ ਵਪਾਰੀ ਵਜੋਂ ਜਾਣੇ ਜਾਂਦੇ ਹਨ। ਸਿੱਖ ਉੱਥੇ ਇੱਕ ਬਹੁਤ ਹੀ ਛੋਟੀ ਘੱਟਗਿਣਤੀ ਹਨ ਅਤੇ ਇਰਾਨੀ ਸਰਕਾਰ ਦੁਆਰਾ ਉਨ੍ਹਾਂ ਨੂੰ ਇੱਕ ‘ਅਧਿਕਾਰਤ ਘੱਟਗਿਣਤੀ’ ਵਜੋਂ ਮਾਨਤਾ ਪ੍ਰਾਪਤ ਨਹੀਂ ਹੈ। ਉਹ ਇਰਾਨ ਦੇ ਨਾਗਰਿਕ ਹਨ, ਇਸ ਲਈ ਉਨ੍ਹਾਂ ਨੂੰ ਉੱਥੋਂ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ। ਉਨ੍ਹਾਂ ਦਾ ਮੁੱਖ ਧਿਆਨ ਆਪਣੇ ਕਾਰੋਬਾਰ ਅਤੇ ਧਾਰਮਿਕ ਅਭਿਆਸਾਂ ’ਤੇ ਹੀ ਕੇਂਦਰਿਤ ਰਹਿੰਦਾ ਹੈ। ਇਰਾਨੀ ਲੋਕਾਂ ਅਤੇ ਸਿੱਖ ਭਾਈਚਾਰੇ ਵਿਚਕਾਰ ਸਬੰਧ ਇਤਿਹਾਸਕ ਤੌਰ ’ਤੇ ਬਹੁਤ ਸੁਖਾਵੇਂ ਅਤੇ ਸਤਿਕਾਰਯੋਗ ਰਹੇ ਹਨ:

ਇਰਾਨੀਆਂ ਨੇ ਸਿੱਖਾਂ ਨੂੰ ਹਮੇਸ਼ਾ ਆਪਣਾ ਸਮਝਿਆ ਹੈ। ਸਿੱਖਾਂ ਨੂੰ ਆਪਣੀ ਦਸਤਾਰ ਸਜਾਉਣ ਅਤੇ ਆਪਣੀ ਧਾਰਮਿਕ ਪਛਾਣ ਬਰਕਰਾਰ ਰੱਖਣ ਦੀ ਪੂਰੀ ਆਜ਼ਾਦੀ ਰਹੀ ਹੈ, ਜਿਸ ਦੀ ਸਿੱਖ ਭਾਈਚਾਰਾ ਅਕਸਰ ਸ਼ਲਾਘਾ ਕਰਦਾ ਹੈ। ਇਰਾਨੀ ਸਰਕਾਰ ਅਤੇ ਲੋਕਾਂ ਨੇ ਸਿੱਖਾਂ ਨੂੰ ਉਨ੍ਹਾਂ ਦੀ ਵਫਾਦਾਰੀ ਅਤੇ ਸ਼ਾਂਤੀਪੂਰਨ ਸੁਭਾਅ ਕਾਰਨ ਪਸੰਦ ਕੀਤਾ ਹੈ। ਸਿੱਖ ਵੀ ਇਰਾਨ ਨੂੰ ਆਪਣਾ ਘਰ ਮੰਨਦੇ ਹਨ। ਕਈ ਇਰਾਨੀ ਆਪਣੇ ਕੰਮਕਾਜੀ ਜੀਵਨ ਵਿੱਚ ਸਿੱਖਾਂ ਨਾਲ ਮਿਲ ਕੇ ਕੰਮ ਕਰਦੇ ਹਨ ਅਤੇ ਆਪਸੀ ਭਾਈਚਾਰਕ ਸਾਂਝ ਬਣੀ ਹੋਈ ਹੈ।

ਆਮ ਤੌਰ ’ਤੇ, ਜਦੋਂ ਵੀ ਵਿਦੇਸ਼ ਵਿੱਚ ਭਾਰਤੀ ਨਾਗਰਿਕ ਕਿਸੇ ਸੰਕਟ ਵਿੱਚ ਹੁੰਦੇ ਹਨ, ਤਾਂ ਭਾਰਤ ਦਾ ਵਿਦੇਸ਼ ਮੰਤਰਾਲਾ ਅਤੇ ਉੱਥੇ ਸਥਿਤ ਭਾਰਤੀ ਦੂਤਾਵਾਸ ਸਥਿਤੀ ’ਤੇ ਨਜ਼ਰ ਰੱਖਦੇ ਹਨ। ਇਸ ਖਾਸ ਘਟਨਾ ਵਿੱਚ ਅਧਿਕਾਰਤ ਪੱਧਰ ’ਤੇ ਕੋਈ ਜਨਤਕ ਬਿਆਨ ਅਜੇ ਸਾਹਮਣੇ ਨਹੀਂ ਆਇਆ ਹੈ।

# ਪ੍ਰੀਖਿਆ ਕੇਂਦਰ ਵਿੱਚ ਅੰਮ੍ਰਿਤਧਾਰੀ ਸਿੱਖ ਬੀਬੀ ਦੀ ਦਸਤਾਰ ਉਤਰਵਾਉਣ ’ਤੇ ਵਿਵਾਦ ਹੋਇਆ

## ✪ ਅਧਿਕਾਰੀਆਂ ਨੂੰ ਮੰਗਣੀ ਪਈ ਮੁਆਫੀ ✪ ਪ੍ਰਸ਼ਾਸਨਿਕ ਅਸੰਵੇਦਨਸ਼ੀਲਤਾ ਕਿਉਂ, ਪ੍ਰੀਖਿਆ ਕੇਂਦਰਾਂ ਵਿੱਚ ਧਾਰਮਿਕ ਮਰਿਆਦਾ ਦੀ ਅਣਦੇਖੀ ਕਿਉਂ ?

ਖਾਸ ਖਬਰ

ਮੱਧ ਪ੍ਰਦੇਸ਼ ਦੇ ਰਤਲਾਮ ਜ਼ਿਲ੍ਹੇ ਵਿੱਚ ਇੱਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਅੰਮ੍ਰਿਤਧਾਰੀ ਸਿੱਖ ਬੀਬੀ ਗੁਰਲੀਨ ਕੌਰ, ਜੋ ਕਿ ਰਾਜਸਥਾਨ ਦੇ ਚਿਤੌੜਗੜ੍ਹ ਨੂੰ ਐਮ. ਪੀ. ਪੀ. ਐਸ. ਸੀ. ਦੀ ਪ੍ਰੀਖਿਆ ਦੌਰਾਨ ਸੁਰੱਖਿਆ ਜਾਂਚ ਦੇ ਨਾਂ ’ਤੇ ਆਪਣੀ ਦਸਤਾਰ (ਦੁਮਾਲਾ) ਉਤਾਰਨ ਲਈ ਕਿਹਾ ਗਿਆ। ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ। ਇਸ ਘਟਨਾ ਦਾ ਪਤਾ ਲੱਗਦਿਆਂ ਹੀ ਸਥਾਨਕ ਸਿੱਖ ਸੰਗਤਾਂ ਨੇ ਪ੍ਰੀਖਿਆ ਕੇਂਦਰ ਦੇ ਬਾਹਰ ਇਕੱਠੇ ਹੋ ਕੇ ਆਪਣਾ ਸਖ਼ਤ ਵਿਰੋਧ ਪ੍ਰਗਟ ਕੀਤਾ। ਸੰਗਤਾਂ ਵੱਲੋਂ ਸਬੰਧਤ ਮਹਿਲਾ ਕਰਮਚਾਰੀ ਤੋਂ ਮੁਆਫੀ ਮੰਗਣ ਦੀ ਮੰਗ ਕੀਤੀ ਗਈ।

ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਤੁਰੰਤ ਮੌਕੇ ’ਤੇ ਪਹੁੰਚੇ। ਪ੍ਰਸ਼ਾਸਨ ਅਤੇ ਸਿੱਖ ਨੁਮਾਇੰਦਿਆਂ ਵਿਚਕਾਰ ਲੰਬੀ ਗੱਲਬਾਤ ਤੋਂ ਬਾਅਦ, ਸਬ-ਡਵੀਜ਼ਨਲ ਮੈਜਿਸਟ੍ਰੇਟ ਪ੍ਰਤੀਕ ਸੋਨਕਰ ਅਤੇ ਸੈਂਟਰ ਸੁਪਰਡੈਂਟ ਸੁਭਾਸ਼ ਕੁਮਾਵਤ ਨੇ ਸਿੱਖ ਸੰਗਤਾਂ ਦੇ ਸਾਹਮਣੇ ਜਨਤਕ ਤੌਰ ’ਤੇ ਅਫਸੋਸ ਪ੍ਰਗਟ ਕੀਤਾ ਅਤੇ ਮੁਆਫੀ ਮੰਗੀ। ਮੁਆਫੀ ਤੋਂ ਬਾਅਦ ਇਹ ਮਾਮਲਾ ਸ਼ਾਂਤ ਹੋ ਗਿਆ। ਪਰ ਇਹ ਘਟਨਾ ਪ੍ਰਸ਼ਾਸਨਿਕ ਪ੍ਰਣਾਲੀ ਦੀ ਡੂੰਘੀ



ਅਸੰਵੇਦਨਸ਼ੀਲਤਾ ਅਤੇ ਅਗਿਆਨਤਾ ਵੱਲ ਇਸ਼ਾਰਾ ਕਰਦੀ ਹੈ।

ਸਿੱਖ ਧਰਮ ਵਿੱਚ ਦਸਤਾਰ ਕੇਵਲ ਕੱਪੜਾ ਨਹੀਂ, ਸਗੋਂ ਇਹ ਇੱਕ ਸਿੱਖ ਦੀ ਸ਼ਾਨ, ਉਸਦੀ ਪਛਾਣ ਅਤੇ ਅਧਿਆਤਮਿਕਤਾ ਦਾ ਪ੍ਰਤੀਕ ਹੈ। ਇੱਕ ਅੰਮ੍ਰਿਤਧਾਰੀ ਸਿੱਖ ਲਈ ਦਸਤਾਰ ਤੋਂ ਬਿਨਾਂ ਜਨਤਕ ਸਥਾਨ ’ਤੇ ਆਉਣਾ ਜਾਂ ਇਸ ਨੂੰ ਉਤਾਰਨ ਲਈ ਮਜਬੂਰ ਕੀਤਾ ਜਾਣਾ ਸਿੱਧੇ ਤੌਰ ’ਤੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ ਹੈ। ਪ੍ਰੀਖਿਆ ਕਰਵਾਉਣ ਵਾਲੇ ਅਧਿਕਾਰੀਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਦੇ ਸਮੇਂ ਮਨੁੱਖੀ ਮਰਿਆਦਾ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਹ ਕੋਈ ਪਹਿਲੀ ਵਾਰ ਨਹੀਂ ਹੈ ਜਦੋਂ ਅਜਿਹੀ ਘਟਨਾ ਵਾਪਰੀ ਹੈ। ਅਕਸਰ ਦੇਖਿਆ ਗਿਆ ਹੈ ਕਿ ਸੁਰੱਖਿਆ ਜਾਂਚ ਦੇ ਨਾਂ ’ਤੇ ਸਿੱਖਾਂ ਦੀ ਦਸਤਾਰ ਜਾਂ ਹੋਰ ਧਾਰਮਿਕ ਚਿੰਨ੍ਹਾਂ ਨੂੰ ਲੈ ਕੇ ਵਿਵਾਦ ਖੜ੍ਹੇ ਕੀਤੇ ਜਾਂਦੇ ਹਨ। ਇਹ ਸਪੱਸ਼ਟ ਕਰਦਾ ਹੈ ਕਿ ਪ੍ਰੀਖਿਆ ਕੇਂਦਰਾਂ ਦੇ ਕਰਮਚਾਰੀਆਂ ਨੂੰ ‘ਸੰਵੇਦਨਸ਼ੀਲਤਾ ਸਿਖਲਾਈ’ ਦੀ ਬਹੁਤ ਲੋੜ ਹੈ। ਜੇਕਰ ਅਧਿਕਾਰੀਆਂ ਨੂੰ ਭਾਰਤ ਦੇ ਵਿਭਿੰਨ ਸੱਭਿਆਚਾਰਾਂ ਅਤੇ ਧਾਰਮਿਕ ਮਾਨਤਾਵਾਂ ਬਾਰੇ ਮੁੱਢਲੀ ਜਾਣਕਾਰੀ ਹੋਵੇ, ਤਾਂ ਅਜਿਹੀਆਂ ਅਪਮਾਨਜਨਕ ਸਥਿਤੀਆਂ ਤੋਂ ਬਚਿਆ ਜਾ ਸਕਦਾ ਹੈ। ਪੰਥਕ ਆਗੂਆਂ ਦਾ ਮੰਨਣਾ ਹੈ ਕਿ ਸਿਰਫ਼ ਮੌਕੇ ’ਤੇ ਮੁਆਫੀ ਮੰਗ ਲੈਣਾ ਇਸ ਸਮੱਸਿਆ ਦਾ ਸਥਾਈ ਹੱਲ ਨਹੀਂ ਹੈ। ਪ੍ਰਸ਼ਾਸਨਿਕ ਸੰਸਥਾਵਾਂ ਨੂੰ ਅਜਿਹੇ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ ਜੋ: ਸੁਰੱਖਿਆ ਦੇ ਨਾਲ-ਨਾਲ ਧਾਰਮਿਕ ਮਰਿਆਦਾ ਦਾ ਵੀ ਸਤਿਕਾਰ ਕਰਨ। ਸਟਾਫ਼ ਨੂੰ ਸੱਭਿਆਚਾਰਕ ਵਿਭਿੰਨਤਾ ਬਾਰੇ ਜਾਗਰੂਕ ਕਰਨ। ਜਾਂਚ ਪ੍ਰਕਿਰਿਆਵਾਂ ਨੂੰ ਮਨੁੱਖੀ ਅਤੇ ਸਤਿਕਾਰਯੋਗ ਬਣਾਉਣ।

ਸਿੱਖ ਭਾਈਚਾਰੇ ਨੇ ਜਿਸ ਤਰ੍ਹਾਂ ਸ਼ਾਂਤਮਈ ਢੰਗ ਨਾਲ ਆਪਣਾ ਵਿਰੋਧ ਜਤਾਇਆ ਅਤੇ ਮਾਮਲੇ ਨੂੰ ਹੱਲ ਕੀਤਾ, ਉਹ ਪ੍ਰਸ਼ੰਸਾਯੋਗ ਹੈ। ਪਰ ਅਜਿਹੀ ਘਟਨਾ ਦੁਬਾਰਾ ਨਾ ਵਾਪਰੇ, ਇਹ ਯਕੀਨੀ ਬਣਾਉਣਾ ਹੁਣ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ। ਭਾਰਤ ਵਰਗੇ ਲੋਕਤੰਤਰ ਵਿੱਚ ਜਿੱਥੇ ਧਾਰਮਿਕ ਆਜ਼ਾਦੀ ਇੱਕ ਬੁਨਿਆਦੀ ਹੱਕ ਹੈ, ਉੱਥੇ ਅਜਿਹੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

## ਭੈਣ ਦੇ ਪ੍ਰੇਮ ਵਿਆਹ ਤੋਂ ਨਾਰਾਜ਼ ਭਰਾ ਨੇ ਸਾਥੀਆਂ ਨਾਲ ਮਿਲ ਕੇ ਕੀਤਾ ਜੀਜੇ ਦਾ ਕਤਲ

### ✪ ਪੁਲਿਸ ਵਲੋਂ ਮੁਖ ਦੋਸ਼ੀ ਸਮੇਤ ਸਾਰੇ ਗ੍ਰਿ੍ਫ਼ਤਾਰ

ਸੰਗਰੂਰ-ਸੰਗਰੂਰ ਪੁਲਿਸ ਨੇ ਪਿੰਡ ਲਹਿਲ ਕਲਾਂ ਵਿੱਚ ਵਾਪਰੇ ਗੁਰਪ੍ਰੀਤ ਸਿੰਘ ਦੇ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਂਦਿਆਂ ਮੁੱਖ ਮੁਲਜ਼ਮ ਸਮੇਤ ਪੂਰੀ ਗੈਂਗ ਨੂੰ ਕਾਬੂ ਕਰ ਲਿਆ ਹੈ। ਇਸ ਮਾਮਲੇ ਪਿੱਛੇ ਪਰਿਵਾਰਕ ਰੰਜਿਸ਼ ਅਤੇ ਪ੍ਰੇਮ ਵਿਆਹ ਦਾ ਕਾਰਨ ਸਾਹਮਣੇ ਆਇਆ ਹੈ। 17-18 ਫਰਵਰੀ ਦੀ ਰਾਤ ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਘਰ ਵਿੱਚ ਵੜ ਕੇ ਗੁਰਪ੍ਰੀਤ ਸਿੰਘ ਦਾ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਮ੍ਰਿਤਕ ਗੁਰਪ੍ਰੀਤ ਸਿੰਘ ਨੇ ਕਰੀਬ ਡੇਢ-ਦੋ ਸਾਲ ਪਹਿਲਾਂ ਰਮਨਦੀਪ ਸਿੰਘ ਦੀ ਭੈਣ ਨਾਲ ਪ੍ਰੇਮ ਵਿਆਹ ਕਰਵਾਇਆ ਸੀ। ਰਮਨਦੀਪ ਇਸ ਵਿਆਹ ਤੋਂ ਖੁਸ਼ ਨਹੀਂ ਸੀ, ਜਿਸ ਕਾਰਨ ਉਸਨੇ ਸਾਜ਼ਿਸ਼ ਰਚ ਕੇ ਜੀਜੇ ਨੂੰ ਖ਼ਤਮ ਕਰ ਦਿੱਤਾ।

ਐੱਸ. ਐੱਸ. ਪੀ. ਸਰਤਾਜ ਸਿੰਘ ਚਾਹਲ ਅਤੇ ਐੱਸ. ਪੀ. ਰਾਜੇਸ਼ ਛਿੱਬਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਦੀਆਂ ਟੀਮਾਂ ਨੇ ਤਕਨੀਕੀ ਜਾਂਚ ਦੇ ਆਧਾਰ ’ਤੇ ਇਸ ਕੇਸ ਨੂੰ ਹੱਲ ਕੀਤਾ ਹੈ। ਰਮਨਦੀਪ ਸਿੰਘ (ਜਿਸਨੂੰ ਪਹਿਲਾਂ ਗ੍ਰਿ੍ਫ਼ਤਾਰ ਕੀਤਾ ਗਿਆ ਸੀ। ਪੁੱਛਗਿੱਛ ਦੌਰਾਨ ਮਿਲੇ ਸੁਰਾਗਾਂ ਤੋਂ ਬਾਅਦ ਪੁਲਿਸ ਨੇ ਰਵੀ, ਮੰਜੀ ਅਤੇ ਹਰਪ੍ਰੀਤ ਨਾਮ ਦੇ ਸਾਥੀਆਂ ਨੂੰ ਵੀ ਗ੍ਰਿ੍ਫ਼ਤਾਰ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ ਵਾਰਦਾਤ ਵਿੱਚ ਵਰਤਿਆ ਗਿਆ ਇੱਕ .32 ਬੋਰ ਦਾ ਦੇਸੀ ਪਿਸਤੌਲ, ਇੱਕ ਦੇਸੀ ਕੱਟਾ, ਇੱਕ ਖੋਲ ਅਤੇ ਇੱਕ ਆਲਟੋ ਕਾਰ ਬਰਾਮਦ ਕੀਤੀ ਹੈ। ਫਿਲਹਾਲ, ਪੁਲਿਸ ਵੱਲੋਂ ਮੁਲਜ਼ਮਾਂ ਦਾ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

## ਉੱਘੇ ਸਿੱਖ ਵਿਦਵਾਨ ਭਾਈ ਹਰਸਿਮਰਨ ਸਿੰਘ ਦਾ ਦੇਹਾਂਤ ਹੋਇਆ



ਚੰਡੀਗੜ੍ਹ-ਭਾਈ ਗੁਰਦਾਸ ਇੰਸਟੀਚਿਊਟ ਆਫ ਐਡਵਾਂਸਡ ਸਿੱਖ ਸਟੱਡੀਜ਼ ਦੇ ਮੁਖੀ ਭਾਈ ਹਰਸਿਮਰਨ ਸਿੰਘ (75) ਦਾ ਦਿਲ ਦੀ ਧੜਕਣ ਰੁਕਣ ਨਾਲ ਬੀਤੇ ਦਿਨੀਂ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ ਸਿੱਖ ਧਰਮ ਨਾਲ ਸਬੰਧਤ ਲਗਭਗ 19 ਕਿਤਾਬਾਂ ਲਿਖੀਆਂ ਸਨ ਅਤੇ ਇਸ ਵੇਲੇ ਆਪਣੀ ਸਵੈਜੀਵਨੀ ਲਿਖ ਰਹੇ ਸਨ। ਸਿੱਖ ਬੁੱਧੀਜੀਵੀਆਂ ਨੇ ਇਸ ਭਾਰੀ ਘਾਟੇ ’ਤੇ ਡੂੰਘਾ ਦੁਖ ਪ੍ਰਗਟ ਕੀਤਾ ਹੈ।

## ਤਰਨਤਾਰਨ: 14 ਸਾਲਾ ਨਾਬਾਲਗ ਨਾਲ ਬਲਾਤਕਾਰ ਦੇ ਮਾਮਲੇ ਵਿੱਚ 2 ਔਰਤਾਂ ਗ੍ਰਿਫਤਾਰ, ਮੁੱਖ ਮੁਲਜ਼ਮ ਫਰਾਰ

ਪੱਟੀ (ਤਰਨਤਾਰਨ)-ਵਿਧਾਨ ਸਭਾ ਹਲਕਾ ਪੱਟੀ ਦੇ ਇੱਕ ਇਲਾਕੇ ਵਿੱਚ 14 ਸਾਲਾ ਨਾਬਾਲਗ ਲੜਕੀ ਨੂੰ ਵਰਗਲਾ ਕੇ ਉਸ ਨਾਲ ਜਬਰ-ਜ਼ਨਾਹ ਕਰਨ ਦਾ ਇੱਕ ਦਿਲ-ਦਹਿਲਾਉਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਦੋ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਮੁੱਖ ਮੁਲਜ਼ਮ ਅਜੇ ਦੀ ਭਾਲ ਜਾਰੀ ਹੈ। ਪੀੜਤ ਪਰਿਵਾਰ ਦੇ ਘਰ ਦੋ ਔਰਤਾਂ-ਗੁਰਮੀਤ ਕੌਰ ਸੁਨੇਹਾ ਅਤੇ ਕੁਲਵਿੰਦਰ ਕੌਰ ਕਿੰਦੂ ਕਿਰਾਏ ’ਤੇ ਰਹਿੰਦੀਆਂ ਸਨ। ਜਦੋਂ ਲੜਕੀ ਦੀ ਮਾਂ ਕਿਸੇ ਕੰਮ ਲਈ ਅੰਮ੍ਰਿਤਸਰ ਗਈ ਹੋਈ ਸੀ, ਉਦੋਂ ਇਹ ਘਟਨਾ ਵਾਪਰੀ। ਉਕਤ ਦੋਵੇਂ ਔਰਤਾਂ ਨਾਬਾਲਗ ਲੜਕੀ ਨੂੰ ਗੱਲਾਂ ਵਿੱਚ ਲੈ ਕੇ ਭਿੱਖੀਵਿੰਡ ਲੈ ਗਈਆਂ। ਉੱਥੇ ਇੱਕ ਕਮਰੇ ਵਿੱਚ ਅਜੇਦੀਪ ਸਿੰਘ ਅਜੇ ਨਾਮਕ ਵਿਅਕਤੀ ਨੇ ਲੜਕੀ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਏ। ਪੁਲਿਸ ਨੇ ਪੀੜਤ ਲੜਕੀ ਦੇ ਬਿਆਨਾਂ ਦੇ ਆਧਾਰ ’ਤੇ ਤਿੰਨਾਂ ਮੁਲਜ਼ਮਾਂ ਖਿਲਾਫ ਕੇਸ ਦਰਜ ਕੀਤਾ ਹੈ। ਦੋਵਾਂ ਔਰਤਾਂ (ਗੁਰਮੀਤ ਕੌਰ ਅਤੇ ਕੁਲਵਿੰਦਰ ਕੌਰ) ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਘਟਨਾ ਦਾ ਮੁੱਖ ਮੁਲਜ਼ਮ ਅਜੇਦੀਪ ਸਿੰਘ ਫਰਾਰ ਹੈ, ਜਿਸ ਦੀ ਗ੍ਰਿਫਤਾਰੀ ਲਈ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

## ਨਕੋਦਰ ਬੱਸ ਸਟੈਂਡ ’ਤੇ ਗੁੰਡਾਗਰਦੀ: ਗੋਲੀ ਚਲਾ ਕੇ ਲੁਟੇਰੇ ਮੋਟਰਸਾਈਕਲ ਖੋਹ ਕੇ ਫਰਾਰ, ਇਲਾਕੇ ਵਿਚ ਦਹਿਸ਼ਤ

ਨਕੋਦਰ-ਸ਼ਹਿਰ ਦੇ ਬੱਸ ਸਟੈਂਡ ’ਤੇ ਕਾਨੂੰਨ-ਵਿਵਸਥਾ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਬੇਖੌਫ਼ ਲੁਟੇਰਿਆਂ ਨੇ ਗੋਲੀ ਚਲਾ ਕੇ ਇੱਕ ਨੌਜਵਾਨ ਯੁਸ਼ਾਂਤ ਗੋਇਲ ਵਾਸੀ ਸਬਜ਼ੀ ਮੰਡੀ, ਨਕੋਦਰ ਤੋਂ ਮੋਟਰਸਾਈਕਲ ਖੋਹ ਲਿਆ। ਇਸ ਵਾਰਦਾਤ ਨਾਲ ਬੱਸ ਸਟੈਂਡ ’ਤੇ ਮੌਜੂਦ ਸਵਾਰੀਆਂ ਵਿੱਚ ਭਗਦੜ ਮਚ ਗਈ ਅਤੇ ਇਲਾਕੇ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਡੀ.ਐੱਸ.ਪੀ. ਬਰਾੜ ਨੇ ਜਾਣਕਾਰੀ ਦਿੱਤੀ ਕਿ ਘਟਨਾ ਦੇ ਆਸ-ਪਾਸ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ।

## ਦੋ ਅੰਤਰਰਾਸ਼ਟਰੀ ਡਰੱਗ-ਹਥਿਆਰ ਤਸਕਰੀ ਰਿੰਗਾਂ ਦਾ ਪਰਦਾਫਾਸ਼

ਅੰਮ੍ਰਿਤਸਰ-ਅੰਮ੍ਰਿਤਸਰ ਪੁਲਿਸ ਨੇ ਦੋ ਅੰਤਰਰਾਸ਼ਟਰੀ ਡਰੱਗ ਤੇ ਹਥਿਆਰ ਤਸਕਰੀ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਤੇ 10 ਮੁਲਜ਼ਮ ਗ੍ਰਿ੍ਫ਼ਤਾਰ ਕੀਤੇ। ਉਨ੍ਹਾਂ ਕੋਲੋਂ 5.438 ਕਿਲੋ ਹੈਰੋਇਨ, ਗਲਾਕ ਤੇ ਜ਼ਿਗਾਨਾ ਸਮੇਤ ਤਿੰਨ ਪਿਸਤੌਲ, 34 ਕਾਰਤੂਸ ਤੇ ਡਰੱਗ ਮਨੀ ਬਰਾਮਦ ਕੀਤੇ। ਮੁਲਜ਼ਮ ਪਾਕਿਸਤਾਨੀ ਤਸਕਰਾਂ ਨਾਲ ਸੋਸ਼ਲ ਮੀਡੀਆ ਰਾਹੀਂ ਜੁੜੇ ਸਨ।

# ਮੋਹਾਲੀ ਅਦਾਲਤ ਬਾਹਰ ਗੋਲੀਆਂ ਮਾਰ ਕੇ ਕਤਲ

## ✪ ਗੈਂਗਸਟਰ ਗੋਲਡੀ ਬਰਾੜ ਨਾਲ ਜੁੜੇ ਸ਼ੂਟਰ ਗ੍ਰਿਫਤਾਰ



ਮੋਹਾਲੀ-ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ (ਡੀ.ਏ.ਸੀ.) ਮੋਹਾਲੀ ਦੇ ਬਾਹਰ ਅਦਾਲਤੀ ਪੇਸ਼ੀ ਤੋਂ ਬਾਅਦ ਆਪਣੀ ਕਾਰ ਕੋਲ ਪਹੁੰਚੇ ਇੱਕ ਵਿਅਕਤੀ ਗੁਰਵਿੰਦਰ ਸਿੰਘ (ਉਰਫ਼ ਗੁਰੀ ਜਾਂ ਲੰਬੜ) ਨੂੰ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਮੌਕੇ 'ਤੇ ਹੀ ਮਾਰ ਦਿੱਤਾ। ਇਹ ਵਾਰਦਾਤ 28 ਜਨਵਰੀ ਨੂੰ ਵਾਪਰੀ ਸੀ, ਜਦੋਂ ਗੁਰਵਿੰਦਰ ਸਿੰਘ ਆਪਣੀ ਪਤਨੀ ਅਮਰਦੀਪ ਕੌਰ ਨਾਲ ਇੱਕ ਪੁਰਾਣੇ ਮੁਕੱਦਮੇ (ਆਪੀਅਮ ਰਿਕਵਰੀ ਨਾਲ ਜੁੜੇ) ਦੀ ਤਾਰੀਖ ਭੁਗਤਣ ਆਏ ਸਨ। ਹਮਲਾਵਰਾਂ ਨੇ ਬਾਈਕ 'ਤੇ ਆ ਕੇ ਅੰਨ੍ਹੇਵਾਹ ਫਾਇਰਿੰਗ ਕੀਤੀ, ਜਿਸ ਨਾਲ ਗੁਰਵਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਉਸ ਦੀ ਪਤਨੀ ਬਚ ਗਈ।

ਪੁਲਿਸ ਨੇ ਇਸ ਮਾਮਲੇ ਵਿੱਚ ਵਿਦੇਸ਼ ਵਿੱਚ ਬੈਠੇ ਗੈਂਗਸਟਰ ਸਤਿੰਦਰਪਾਲ ਸਿੰਘ ਉਰਫ਼ ਗੋਲਡੀ ਬਰਾੜ, ਵਿੱਕੀ ਸਟੇਵਾਲ ਅਤੇ ਰਵੀ ਫਰੀਦਕੋਟੀਆ ਨੂੰ ਮੁੱਖ ਸਾਜ਼ਿਸ਼ਕਰਤਾ ਮੰਨਦੇ ਹੋਏ ਐੱਫਆਈਆਰ ਦਰਜ ਕੀਤੀ ਸੀ। ਗੋਲਡੀ ਬਰਾੜ ਨੇ ਸੋਸ਼ਲ ਮੀਡੀਆ 'ਤੇ ਇਸ ਕਤਲ ਦੀ ਜ਼ਿੰਮੇਵਾਰੀ ਵੀ ਲਈ ਸੀ, ਜਿਸ ਨੂੰ ਗੁਰਲਾਲ ਬਰਾੜ (ਗੋਲਡੀ ਦੇ ਚਚੇਰੇ ਭਰਾ) ਦੇ ਕਤਲ ਦਾ ਬਦਲਾ ਦੱਸਿਆ ਗਿਆ। ਗੁਰਵਿੰਦਰ ਸਿੰਘ ਗੁਰਲਾਲ ਬਰਾੜ ਕਤਲ ਕੇਸ ਵਿੱਚ ਨਾਮਜ਼ਦ ਸੀ ਪਰ ਬਾਅਦ ਵਿੱਚ ਬਰੀ ਹੋ ਗਿਆ ਸੀ।

ਐੱਸ.ਐੱਸ.ਪੀ. ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਵਾਰਦਾਤ ਤੋਂ ਬਾਅਦ ਸੀ.ਆਈ.ਏ. ਅਤੇ ਥਾਣਾ ਟੀਮਾਂ ਨੇ ਲਗਾਤਾਰ ਛਾਪੇਮਾਰੀ ਕੀਤੀ। ਮੁੱਖ ਸ਼ੂਟਰ ਗੌਰਵ ਉਰਫ਼ ਬਾਵਾ ਨੂੰ ਜ਼ਿਲ੍ਹਾ ਮੋਗਾ ਤੋਂ ਗ੍ਰਿਫਤਾਰ ਕੀਤਾ ਗਿਆ। ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਗੌਰਵ ਗੋਲਡੀ ਬਰਾੜ ਅਤੇ ਉਸ ਦੇ ਸਾਥੀਆਂ ਨਾਲ 3-4 ਮਹੀਨਿਆਂ ਤੋਂ ਸੰਪਰਕ ਵਿੱਚ ਸੀ ਅਤੇ ਇੱਕ ਹੋਰ ਮੁੱਖ ਦੋਸ਼ੀ ਨਾਲ ਮਿਲ ਕੇ ਇਹ ਵਾਰਦਾਤ ਅੰਜਾਮ ਦਿੱਤੀ। ਗੌਰਵ ਦੇ ਭਰਾ ਪ੍ਰਿੰਸ ਨੂੰ ਵੀ ਗ੍ਰਿਫਤਾਰ ਕੀਤਾ ਗਿਆ, ਜੋ ਦੋਸ਼ੀਆਂ ਨੂੰ ਪਨਾਹ ਦਿੰਦਾ ਰਿਹਾ ਅਤੇ ਖੁਦ ਇੱਕ ਕਤਲ ਕੇਸ ਵਿੱਚ ਭਗੌੜਾ ਸੀ।

ਪੁਲਿਸ ਨੇ ਪਹਿਲਾਂ ਹੀ ਦੋ ਹੋਰ ਦੋਸ਼ੀਆਂ (ਜਿਵੇਂ ਬਲਤੇਜ ਸਿੰਘ ਉਰਫ਼ ਬੰਟੀ ਅਤੇ ਮੰਗਤ ਸਿੰਘ ਉਰਫ਼ ਮੈਕਸ) ਨੂੰ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਨੇ ਲੌਜਿਸਟਿਕ ਸਹਾਇਤਾ ਦਿੱਤੀ ਸੀ ਅਤੇ ਵਾਰਦਾਤ ਵਿੱਚ ਵਰਤੀ ਮੋਟਰਸਾਈਕਲ ਤੇ ਕਾਰ ਬਰਾਮਦ ਕੀਤੀ ਗਈ। ਐੱਸ.ਐੱਸ.ਪੀ. ਨੇ ਕਿਹਾ ਕਿ ਬਾਕੀ ਬਚੇ ਦੋਸ਼ੀਆਂ ਅਤੇ ਹਥਿਆਰਾਂ ਦੀ ਭਾਲ ਜਾਰੀ ਹੈ ਅਤੇ ਜਲਦੀ ਗ੍ਰਿਫਤਾਰੀਆਂ ਹੋਣਗੀਆਂ। ਗੌਰਵ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

ਇਹ ਕੇਸ ਪੰਜਾਬ ਵਿੱਚ ਗੈਂਗਸਟਰਾਂ ਦੇ ਵਧ ਰਹੇ ਅੱਤਵਾਦ ਅਤੇ ਅਦਾਲਤੀ ਪੇਸ਼ੀਆਂ ਦੌਰਾਨ ਸੁਰੱਖਿਆ ਦੀਆਂ ਕਮੀਆਂ ਨੂੰ ਉਜਾਗਰ ਕਰ ਰਿਹਾ ਹੈ।

## ਜਲੰਧਰ ਕੈਂਟ ਥਾਣੇ ਵਿਚ ਗੁੰਡਾਗਰਦੀ : ਰਾਜ਼ੀਨਾਮੇ ਲਈ ਆਏ ਵਿਦਿਆਰਥੀ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ

ਜਲੰਧਰ-ਜਲੰਧਰ ਕੈਂਟ ਥਾਣੇ ਦੇ ਅੰਦਰ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਦੋ ਧਿਰਾਂ ਵਿਚਕਾਰ ਰਾਜ਼ੀਨਾਮਾ ਕਰਵਾਉਣ ਲਈ ਬੁਲਾਈ ਗਈ ਮੀਟਿੰਗ ਦੌਰਾਨ ਇੱਕ ਵਿਦਿਆਰਥੀ 'ਤੇ ਤੇਜ਼ਧਾਰ ਹਥਿਆਰ ਨਾਲ ਜਾਨਲੇਵਾ ਹਮਲਾ ਕਰ ਦਿੱਤਾ ਗਿਆ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਪੁਲਿਸ ਕਰਮਚਾਰੀ ਮੌਕੇ 'ਤੇ ਮੌਜੂਦ ਸਨ। ਇਥੇ ਜਿਕਰਯੋਗ ਹੈ ਕਿ ਐੱਸ. ਡੀ. ਮਾਡਲ ਸਕੂਲ ਦੇ ਦੋ ਵਿਦਿਆਰਥੀਆਂ ਵਿਚਕਾਰ ਹੋਏ ਝਗੜੇ ਨੂੰ ਸੁਲਝਾਉਣ ਲਈ ਦੋਵਾਂ ਧਿਰਾਂ ਨੂੰ ਥਾਣੇ ਬੁਲਾਇਆ ਗਿਆ ਸੀ। ਥਾਣੇ ਅੰਦਰ ਪੁਲਿਸ ਦੀ ਮੌਜੂਦਗੀ ਦੇ ਬਾਵਜੂਦ, ਦੂਜੀ ਧਿਰ ਦੇ ਇੱਕ ਨੌਜਵਾਨ (ਦੂਜੇ ਵਿਦਿਆਰਥੀ ਦਾ ਵੱਡਾ ਭਰਾ) ਨੇ 10ਵੀਂ ਜਮਾਤ ਦੇ ਵਿਦਿਆਰਥੀ ਮੁਕੁਲ ਸੇਠੀ ਦੀ ਗਰਦਨ 'ਤੇ ਤੇਜ਼ਧਾਰ ਹਥਿਆਰ ਨਾਲ ਵਾਰ ਕਰ ਦਿੱਤਾ। ਹਮਲੇ ਵਿੱਚ ਮੁਕੁਲ ਦੀ ਗਰਦਨ 'ਤੇ ਡੂੰਘਾ ਜ਼ਖ਼ਮ ਹੋਇਆ ਅਤੇ ਉਸ ਨੂੰ 16 ਟਾਂਕੇ ਲੱਗੇ ਹਨ। ਨਾਜ਼ੁਕ ਹਾਲਤ ਦੇ ਮੱਦੇਨਜ਼ਰ ਉਸ ਨੂੰ ਸਿਵਲ ਹਸਪਤਾਲ ਤੋਂ ਕਿਸੇ ਹੋਰ ਹਸਪਤਾਲ ਰੈਫਰ ਕਰ ਦਿੱਤਾ ਗਿਆ। ਪੀੜਤ ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਘਟਨਾ ਨੂੰ ਇੱਕ ਘੰਟੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਪੁਲਿਸ ਦਾ ਕੋਈ ਵੀ ਅਧਿਕਾਰੀ ਹਾਲ-ਚਾਲ ਜਾਣਨ ਲਈ ਹਸਪਤਾਲ ਨਹੀਂ ਪਹੁੰਚਿਆ। ਹਮਲਾਵਰ ਨੇ ਥਾਣੇ ਦਾ ਗੇਟ ਬੰਦ ਕਰਕੇ ਭੱਜਣ ਦੀ ਕੋਸ਼ਿਸ਼ ਵੀ ਕੀਤੀ ਸੀ, ਪਰ ਫਿਲਹਾਲ ਉਹ ਪੁਲਿਸ ਹਿਰਾਸਤ ਵਿੱਚ ਹੈ। ਪੀੜਤ ਪਰਿਵਾਰ ਨੇ ਦੋਸ਼ੀ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

## ਇੰਗਲੈਂਡ ਵਰਕ ਪਰਮਿਟ ਦੇ ਨਾਂ 'ਤੇ 22 ਲੱਖ ਦੀ ਠੱਗੀ, ਟਰੈਵਲ ਏਜੰਟਾਂ 'ਤੇ ਮਾਮਲਾ ਦਰਜ

ਲੁਧਿਆਣਾ-ਲੁਧਿਆਣਾ ਵਿੱਚ ਇੰਗਲੈਂਡ ਵਰਕ ਪਰਮਿਟ ਦਿਵਾਉਣ ਦਾ ਲਾਲਚ ਦੇ ਕੇ ਇੱਕ ਪਰਿਵਾਰ ਹਰਪ੍ਰੀਤ ਸਿੰਘ (ਪੇਸ਼ੇ ਤੋਂ ਕਾਰਪੈਂਟਰ) ਅਤੇ ਉਸਦੀ ਪਤਨੀ ਪ੍ਰਭਜੋਤ ਕੌਰ ਨਾਲ 22 ਲੱਖ ਰੁਪਏ ਦੀ ਵੱਡੀ ਧੋਖਾਧੜੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮੁਲਜ਼ਮਾਂ ਮਨਧੀਰ ਬਜਾਜ (ਮੋਹਾਲੀ) ਅਤੇ ਨਵਜੋਤ ਸਿੰਘ (ਖਰੜ) ਨੇ ਨਾ ਸਿਰਫ਼ ਪੈਸੇ ਹੜੱਪੇ, ਸਗੋਂ ਫਰਜ਼ੀ ਰਾਜ਼ੀਨਾਮੇ ਰਾਹੀਂ ਪੁਲਿਸ ਦੀ ਪਿਛਲੀ ਸ਼ਿਕਾਇਤ ਵੀ ਬੰਦ ਕਰਵਾ ਦਿੱਤੀ ਸੀ।

2024 ਵਿੱਚ ਇੰਸਟਾਗ੍ਰਾਮ 'ਤੇ ਇੱਕ ਇਸ਼ਤਿਹਾਰ ਦੇਖ ਕੇ ਪੀੜਤ ਪਰਿਵਾਰ ਨੇ ਲੁਧਿਆਣਾ ਦੇ ਸਰਾਭਾ ਨਗਰ ਸਥਿਤ ਇੱਕ ਫਰਮ ਨਾਲ ਸੰਪਰਕ ਕੀਤਾ। ਮੁਲਜ਼ਮਾਂ ਨੇ ਪੂਰੇ ਪਰਿਵਾਰ ਨੂੰ ਇੰਗਲੈਂਡ ਭੇਜਣ ਦਾ ਵਾਅਦਾ ਕਰਕੇ 22 ਲੱਖ ਰੁਪਏ ਵਸੂਲੇ। ਪੈਸਿਆਂ ਦਾ ਪ੍ਰਬੰਧ ਕਰਨ ਲਈ ਪੀੜਤਾਂ ਨੂੰ ਆਪਣਾ ਘਰ ਅਤੇ ਗਹਿਣੇ ਤੱਕ ਗਿਰਵੀ ਰੱਖਣੇ ਪਏ। ਜਦੋਂ ਸਮਾਂ ਬੀਤਣ 'ਤੇ ਮੁਲਜ਼ਮਾਂ ਨੇ ਨਾ ਤਾਂ ਪਰਿਵਾਰ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਫੋਨ ਚੁੱਕਿਆ, ਤਾਂ ਪੀੜਤਾਂ ਨੇ ਸ਼ਿਕਾਇਤ ਕੀਤੀ। ਇਸ ਦੌਰਾਨ ਮੁਲਜ਼ਮਾਂ ਨੇ 8 ਲੱਖ ਰੁਪਏ ਵਾਪਸ ਕਰਕੇ ਇੱਕ ਫਰਜ਼ੀ ਹਲਫ਼ੀਆ ਬਿਆਨ (ਰਾਜ਼ੀਨਾਮਾ) ਤਿਆਰ ਕਰਵਾ ਲਿਆ ਅਤੇ ਸ਼ਿਕਾਇਤ ਬੰਦ ਕਰਵਾ ਦਿੱਤੀ।

ਪੀੜਤ ਪਰਿਵਾਰ ਨੇ ਹਾਰ ਨਾ ਮੰਨਦੇ ਹੋਏ ਜੁਲਾਈ 2025 ਵਿੱਚ ਡੀਜੀਪੀ ਦਫ਼ਤਰ ਪਹੁੰਚ ਕੀਤੀ। ਏਡੀਸੀਪੀ-3 ਦੀ ਜਾਂਚ ਤੋਂ ਬਾਅਦ, ਥਾਣਾ ਡਿਵੀਜ਼ਨ ਨੰਬਰ 5 ਦੀ ਪੁਲਿਸ ਨੇ ਦੋਵਾਂ ਮੁਲਜ਼ਮਾਂ ਖਿਲਾਫ਼ ਅਪਰਾਧਿਕ ਸਾਜ਼ਿਸ਼, ਧੋਖਾਧੜੀ ਅਤੇ ਇਮੀਗ੍ਰੇਸ਼ਨ ਐਕਟ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਮੁਤਾਬਕ ਮੁਲਜ਼ਮਾਂ ਨੂੰ ਜਲਦ ਹੀ ਗ੍ਰਿਫ਼ਤਾਰ ਕੀਤਾ ਜਾਵੇਗਾ।

## ਦਿੱਲੀ ਅਦਾਲਤ ਨੇ ਸ਼ਰਾਬ ਘੁਟਾਲੇ ਵਿਚ ਕੇਜਰੀਵਾਲ ਸਮੇਤ 23 ਬਰੀ



ਨਵੀਂ ਦਿੱਲੀ-ਰਾਊਜ਼ ਐਵਨਿਊ ਅਦਾਲਤ ਨੇ ਸ਼ਰਾਬ ਘੁਟਾਲਾ ਮਾਮਲੇ ਵਿਚ ਸੀਬੀਆਈ ਦੇ ਦੋਸ਼ ਪੱਤਰ ਨੂੰ ਕਮਜ਼ੋਰ ਮੰਨਦਿਆਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਕੇ. ਕਵਿਤਾ ਸਮੇਤ ਸਾਰੇ 23 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ। ਅਦਾਲਤ ਨੇ ਕਿਹਾ- ਠੋਸ ਸਬੂਤ ਬਿਨਾਂ ਕੋਈ ਦੋਸ਼ ਨਹੀਂ ਟਿਕ ਸਕਦਾ, ਕੇਜਰੀਵਾਲ ਨੂੰ ਬਿਨਾਂ ਕਾਰਨ ਫਸਾਇਆ ਗਿਆ। ਫੈਸਲੇ ਤੋਂ ਬਾਅਦ ਕੇਜਰੀਵਾਲ ਨੇ ਇਸ ਨੂੰ ਇਤਿਹਾਸਕ ਰਾਹਤ ਦੱਸਿਆ। ਉਨ੍ਹਾਂ ਪੀਐੱਮ ਮੋਦੀ ਤੇ ਗ੍ਰਹਿ ਮੰਤਰੀ 'ਤੇ ਸਾਜਿਸ਼ ਰਚਣ ਦਾ ਇਲਜ਼ਾਮ ਲਾਇਆ ਅਤੇ ਮੁਆਫੀ ਮੰਗਣ ਦੀ ਮੰਗ ਕੀਤੀ। ਸੀਬੀਆਈ ਹੁਣ ਹਾਈ ਕੋਰਟ ਵਿਚ ਅਪੀਲ ਕਰੇਗੀ, ਮਨੀ ਲਾਂਡਰਿੰਗ ਕੇਸ ਅਜੇ ਬਾਕੀ।

## ਪਤਨੀ ਦੇ ਨਾਜਾਇਜ਼ ਸੰਬੰਧਾਂ ਤੋਂ ਦੁਖੀ ਪਤੀ ਨੇ ਜ਼ਹਿਰ ਨਿਗਲ ਕੇ ਕੀਤੀ ਖੁਦਕੁਸ਼ੀ, ਪਤਨੀ ਗ੍ਰਿਫ਼ਤਾਰ

ਬਟਾਲਾ-ਪਤਨੀ ਮਲਕੀਤ ਕੌਰ ਦੇ ਨਾਜਾਇਜ਼ ਸੰਬੰਧਾਂ ਤੋਂ ਪ੍ਰੇਸ਼ਾਨ ਹੋ ਕੇ ਇੱਕ 35 ਸਾਲਾ ਵਿਅਕਤੀ ਹਰਵੰਤ ਸਿੰਘ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਪੁਲਿਸ ਨੇ ਪਤਨੀ ਅਤੇ ਉਸਦੇ ਕਥਿਤ ਪ੍ਰੇਮੀ ਸਾਬੀ ਸਿੰਘ (ਪਿੰਡ ਠੱਠਾ) ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਪੁਲਿਸ ਨੇ ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਉਸਦਾ ਪ੍ਰੇਮੀ ਅਜੇ ਫ਼ਰਾਰ ਹੈ। ਫ਼ਰਾਰ ਚੱਲ ਰਹੇ ਸਾਬੀ ਸਿੰਘ ਦੀ ਭਾਲ ਕੀਤੀ ਜਾ ਰਹੀ ਹੈ। ਥਾਣਾ ਰੰਗੜ ਨੰਗਲ ਦੇ ਏ.ਐਸ.ਆਈ. ਸੰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਸਤਨਾਮ ਸਿੰਘ ਦੇ ਬਿਆਨਾਂ 'ਤੇ ਮੁਲਜ਼ਮਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ।

## ਦਲ ਖ਼ਾਲਸਾ ਨੇ ਕੈਨੇਡਾ ਪੀਐੱਮ ਮਾਰਕ ਕਾਰਨੀ ਨੂੰ ਲਿਖਿਆ ਪੱਤਰ, ਸਿੱਖ ਮਸਲਿਆਂ 'ਤੇ ਦਿੱਤੀ ਚਿਤਾਵਨੀ



ਅੰਮ੍ਰਿਤਸਰ-ਦਲ ਖ਼ਾਲਸਾ ਦੇ ਸਿਆਸੀ ਮਾਮਲਿਆਂ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਉਨ੍ਹਾਂ ਦੀ ਭਾਰਤ ਫੇਰੀ ਤੋਂ ਪਹਿਲਾਂ ਇੱਕ ਮਹੱਤਵਪੂਰਨ ਪੱਤਰ ਲਿਖਿਆ ਸੀ। ਪੱਤਰ ਵਿਚ ਉਨ੍ਹਾਂ ਸਿੱਖਾਂ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਜਾਣੂੰ ਕਰਵਾਇਆ ਅਤੇ ਕਿਹਾ ਕਿ ਪੂਰਾ ਸਿੱਖ ਜਗਤ ਨਿਆਂ ਤੇ ਨਿਰਪੱਖ ਫੈਸਲਿਆਂ ਦੀ ਉਮੀਦ ਵਿਚ ਤੁਹਾਡੀ ਫੇਰੀ ਵੱਲ ਤੱਕ ਰਿਹਾ ਹੈ। ਉਨ੍ਹਾਂ ਯਾਦ ਕਰਵਾਇਆ ਕਿ ਕੈਨੇਡੀਅਨ ਸੰਸਦ ਤੇ ਲੀਡਰਸ਼ਿਪ ਨੇ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿਚ ਭਾਰਤੀ ਲੀਡਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਇਸ ਲਈ ਫੇਰੀ ਦੌਰਾਨ ਇਸ ਮਾਮਲੇ ਨੂੰ ਉਠਾਉਣ ਦੀ ਮੰਗ ਕੀਤੀ ਗਈ। ਉਨ੍ਹਾਂ ਖੁਸ਼ੀ ਜ਼ਾਹਰ ਕੀਤੀ ਕਿ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਵਪਾਰ, ਊਰਜਾ ਤੇ ਤਕਨਾਲੋਜੀ ਤੋਂ ਇਲਾਵਾ ਕਾਨੂੰਨ ਦੇ ਰਾਜ, ਅੰਤਰਰਾਸ਼ਟਰੀ ਦਮਨ ਤੇ ਬਿਸ਼ਨੋਈ ਗੈਂਗ ਦੀਆਂ ਗਤੀਵਿਧੀਆਂ ਨੂੰ ਵੀ ਗੱਲਬਾਤ ਦਾ ਅਹਿਮ ਹਿੱਸਾ ਬਣਾਉਣ ਦਾ ਐਲਾਨ ਕੀਤਾ ਹੈ।



# ਪੰਜਾਬ ਵਿੱਚ ਮੈਡੀਕਲ ਟੂਰਿਜ਼ਮ ਦਾ ਭਵਿੱਖ ਤੇ ਚੁਣੌਤੀਆਂ ਕੀ ਹਨ

**✪ ਕੀ ਪੰਜਾਬ ਬਣੇਗਾ ਵਿਦੇਸ਼ੀ ਮਰੀਜ਼ਾਂ ਦੀ ਪਹਿਲੀ ਪਸੰਦ ? ✪ ਕਿਫ਼ਾਇਤੀ ਇਲਾਜ ਅਤੇ ਉੱਚ ਤਕਨੀਕ: ਮੈਡੀਕਲ ਟੂਰਿਜ਼ਮ ਦੇ ਨਕਸ਼ੇ 'ਤੇ ਪੰਜਾਬ ਕਿੱਥੇ ਖੜ੍ਹਾ ਹੈ ? ✪ ਮੈਡੀਸਿਟੀ ਤੋਂ ਏਮਜ਼ ਤੱਕ: ਪੰਜਾਬ ਨੂੰ ਮੈਡੀਕਲ ਹੱਬ ਬਣਾਉਣ ਲਈ ਸਰਕਾਰੀ ਰਣਨੀਤੀ ਅਤੇ ਜ਼ਮੀਨੀ ਹਕੀਕਤ ਕੀ ਹੈ ?**

ਅੱਜ ਦੇ ਦੌਰ ਵਿੱਚ ਸਿਹਤ ਸੇਵਾਵਾਂ ਸਿਰਫ਼ ਇਲਾਜ ਤੱਕ ਸੀਮਤ ਨਹੀਂ ਰਹੀਆਂ, ਬਲਕਿ ਇਹ ਇੱਕ ਵੱਡੇ ਵਿਸ਼ਵਵਿਆਪੀ ਉਦਯੋਗ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਜਦੋਂ ਕੋਈ ਮਰੀਜ਼ ਆਪਣੇ ਦੇਸ਼ ਦੀਆਂ ਮਹਿੰਗੀਆਂ ਸੇਵਾਵਾਂ ਜਾਂ ਲੰਬੀ ਉਡੀਕ ਸੂਚੀ ਤੋਂ ਤੰਗ ਆ ਕੇ ਕਿਸੇ ਦੂਜੇ ਮੁਲਕ ਵਿੱਚ ਕਿਫ਼ਾਇਤੀ ਅਤੇ ਉੱਚ ਗੁਣਵੱਤਾ ਵਾਲਾ ਇਲਾਜ ਕਰਵਾਉਣ ਜਾਂਦਾ ਹੈ, ਤਾਂ ਉਸਨੂੰ 'ਮੈਡੀਕਲ ਟੂਰਿਜ਼ਮ' ਕਿਹਾ ਜਾਂਦਾ ਹੈ। ਭਾਰਤ ਪਹਿਲਾਂ ਹੀ ਵਿਸ਼ਵ ਪੱਧਰ 'ਤੇ ਮੈਡੀਕਲ ਟੂਰਿਜ਼ਮ ਸੂਚਕਾਂਕ ਵਿੱਚ 10ਵੇਂ ਸਥਾਨ 'ਤੇ ਹੈ, ਪਰ ਹੁਣ ਸਵਾਲ ਇਹ ਹੈ ਕਿ ਕੀ ਪੰਜਾਬ 'ਗਲੋਬਲ ਮੈਡੀਕਲ ਹੱਬ' ਬਣ ਸਕਦਾ ਹੈ ?

ਪੰਜਾਬ ਕੋਲ ਮੈਡੀਕਲ ਟੂਰਿਜ਼ਮ ਦੇ ਖੇਤਰ ਵਿੱਚ ਮੋਹਰੀ ਬਣਨ ਲਈ ਸਾਰੇ ਕੁਦਰਤੀ ਅਤੇ ਬੁਨਿਆਦੀ ਤੱਤ ਮੌਜੂਦ ਹਨ।

ਦੁਨੀਆ ਭਰ ਦੇ ਅਮੀਰ ਮੁਲਕਾਂ ਜਿਵੇਂ ਕੈਨੇਡਾ, ਅਮਰੀਕਾ, ਯੂਕੇ ਤੇ ਆਸਟ੍ਰੇਲੀਆ ਵਿੱਚ ਲਗਭਗ 25 ਲੱਖ ਪੰਜਾਬੀ ਵਸਦੇ ਹਨ। ਇਹ ਲੋਕ ਅਕਸਰ ਆਪਣੇ ਪਿੱਛੇ ਰਹਿ ਗਏ ਪਰਿਵਾਰਾਂ ਨੂੰ ਮਿਲਣ ਆਉਂਦੇ ਹਨ ਅਤੇ ਇਸੇ ਦੌਰਾਨ ਦੰਦਾਂ ਦੇ ਇਲਾਜ, ਗੋਡਿਆਂ ਦੇ ਅਪ੍ਰੇਸ਼ਨ ਜਾਂ ਦਿਲ ਦੀਆਂ ਬਿਮਾਰੀਆਂ ਦਾ ਇਲਾਜ ਇੱਥੇ ਕਰਵਾਉਣਾ ਪਸੰਦ ਕਰਦੇ ਹਨ ਕਿਉਂਕਿ ਇੱਥੇ ਇਲਾਜ ਸਸਤਾ ਹੈ ਅਤੇ ਕੋਈ 'ਵੇਟਿੰਗ ਪੀਰੀਅਡ' ਨਹੀਂ ਹੈ।

ਪੰਜਾਬ ਵਿੱਚ ਮੋਹਾਲੀ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਲਗਭਗ 500 ਅਜਿਹੇ ਨਿੱਜੀ ਹਸਪਤਾਲ ਹਨ ਜੋ ਕਾਰਡੀਓਲੋਜੀ, ਨਿਊਰੋਲੋਜੀ ਅਤੇ ਅੰਗ ਟ੍ਰਾਂਸਪਲਾਂਟੇਸ਼ਨ ਵਰਗੀਆਂ ਗੁੰਝਲਦਾਰ ਸੇਵਾਵਾਂ ਵਿਸ਼ਵ ਪੱਧਰੀ ਤਕਨਾਲੋਜੀ ਨਾਲ ਦੇ ਰਹੇ ਹਨ। ਅੰਮ੍ਰਿਤਸਰ ਅਤੇ ਚੰਡੀਗੜ੍ਹ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਸਿੱਧੇ ਤੌਰ 'ਤੇ ਖਾੜੀ ਦੇਸ਼ਾਂ ਅਤੇ ਯੂਰਪ ਨਾਲ ਜੁੜੇ ਹੋਏ ਹਨ, ਜੋ ਵਿਦੇਸ਼ੀ ਮਰੀਜ਼ਾਂ ਲਈ ਆਉਣਾ ਸੌਖਾ ਬਣਾਉਂਦੇ ਹਨ।

ਮੈਡੀਕਲ ਸੈਲਾਨੀ ਸਿਰਫ਼ ਹਸਪਤਾਲ ਤੱਕ ਸੀਮਤ ਨਹੀਂ ਰਹਿੰਦੇ। ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਵਰਗੇ ਪਵਿੱਤਰ ਅਸਥਾਨ ਅਤੇ ਪੰਜਾਬ ਦੀ ਮਹਿਮਾਨਨਿਵਾਜ਼ੀ ਮਰੀਜ਼ਾਂ ਦੇ ਪਰਿਵਾਰਾਂ ਲਈ ਇੱਕ ਮਾਨਸਿਕ ਸਕੂਨ ਅਤੇ ਸੈਰ-ਸਪਾਟੇ ਦਾ ਸਬੱਬ ਬਣਦੇ ਹਨ।

ਵਿਦੇਸ਼ੀ ਮਰੀਜ਼ ਅਤੇ ਬੀਮਾ ਕੰਪਨੀਆਂ ਅਕਸਰ ਉਹਨਾਂ ਹਸਪਤਾਲਾਂ ਨੂੰ ਚੁਣਦੀਆਂ ਹਨ ਜਿਨ੍ਹਾਂ ਕੋਲ ਜਾਇੰਟਸ ਕਮਿਸ਼ਨ ਇੰਟਰਨੈਸ਼ਨਲ ਦੀ ਮਾਨਤਾ ਹੋਵੇ। ਪੰਜਾਬ ਵਿੱਚ ਅਜੇ ਅਜਿਹੇ ਮਾਨਤਾ ਪ੍ਰਾਪਤ ਹਸਪਤਾਲਾਂ ਦੀ ਵੱਡੀ ਘਾਟ ਹੈ।

ਪਿਛਲੇ ਕੁਝ ਸਮੇਂ ਤੋਂ ਗੈਂਗਸਟਰਵਾਦ ਅਤੇ ਅਸੁਰੱਖਿਆ ਦੀਆਂ ਖ਼ਬਰਾਂ ਨੇ ਰਾਜ ਦੇ ਅਕਸ ਨੂੰ ਪ੍ਰਭਾਵਿਤ ਕੀਤਾ ਹੈ। ਮੈਡੀਕਲ ਟੂਰਿਸਟ ਹਮੇਸ਼ਾ ਇੱਕ ਸੁਰੱਖਿਅਤ ਮਾਹੌਲ ਦੀ ਤਲਾਸ਼ ਵਿੱਚ ਹੁੰਦਾ ਹੈ।

ਸੈਰ-ਸਪਾਟਾ ਵਿਭਾਗ ਅਤੇ ਸਿਹਤ ਵਿਭਾਗ ਵਿਚਾਲੇ ਅਜੇ ਤੱਕ ਕੋਈ ਏਕੀਕ੍ਰਿਤ ਨੀਤੀ ਨਹੀਂ ਬਣੀ, ਜਿਸ ਕਾਰਨ ਮਰੀਜ਼ਾਂ ਨੂੰ ਹਵਾਈ ਅੱਡੇ ਤੋਂ ਹਸਪਤਾਲ ਤੱਕ ਪਹੁੰਚਣ ਲਈ 'ਸਿੰਗਲ ਵਿੰਡੋ' ਸਹੂਲਤ ਨਹੀਂ ਮਿਲਦੀ।

ਸੜਕਾਂ ਅਤੇ ਰੇਲਾਂ 'ਤੇ ਅਕਸਰ ਲੱਗਣ ਵਾਲੇ ਜਾਮ ਐਮਰਜੈਂਸੀ ਮਰੀਜ਼ਾਂ ਲਈ ਵੱਡੀ ਰੁਕਾਵਟ ਬਣਦੇ ਹਨ।

ਸਰਕਾਰ ਨਿਊ ਚੰਡੀਗੜ੍ਹ ਵਿੱਚ ਇੱਕ ਵਿਸ਼ਾਲ 'ਮੈਡੀਸਿਟੀ' ਵਿਕਸਿਤ ਕਰ ਰਹੀ ਹੈ, ਜਿੱਥੇ ਵੱਡੇ ਕਾਰਪੋਰੇਟ ਹਸਪਤਾਲ ਅਤੇ ਰਿਸਰਚ ਸੈਂਟਰ ਸਥਾਪਤ ਕੀਤੇ ਜਾ ਰਹੇ ਹਨ।

ਮਾਰਕੀਟਿੰਗ ਅਤੇ ਨੀਤੀਆਂ ਬਣਾਉਣ ਲਈ ਇੱਕ ਸਮਰਪਿਤ ਕੌਂਸਲ ਪੰਜਾਬ ਮੈਡੀਕਲ ਟੂਰਿਜ਼ਮ ਕੌਂਸਲ ਦਾ ਗਠਨ ਕੀਤਾ ਗਿਆ ਹੈ।

ਭਾਰਤ ਸਰਕਾਰ ਦੇ ਬਜਟ 2026 ਵਿੱਚ ਪੰਜ ਖੇਤਰੀ ਮੈਡੀਕਲ ਹੱਬ ਬਣਾਉਣ ਦੀ ਯੋਜਨਾ ਹੈ, ਜਿਸ ਵਿੱਚ ਪੰਜਾਬ ਆਪਣੀ ਦਾਅਵੇਦਾਰੀ ਮਜ਼ਬੂਤੀ ਨਾਲ ਪੇਸ਼ ਕਰ ਰਿਹਾ ਹੈ। ਪੰਜਾਬ ਵਿੱਚ 2019 ਤੋਂ ਏਮਜ਼ ਬਠਿੰਡਾ ਪੂਰੀ ਤਰ੍ਹਾਂ ਕਾਰਜਸ਼ੀਲ ਹੈ, ਜੋ ਮਾਲਵਾ ਖੇਤਰ ਅਤੇ ਗੁਆਂਢੀ ਰਾਜਾਂ ਨੂੰ ਸੁਪਰ-ਸਪੈਸ਼ਲਿਟੀ ਸੇਵਾਵਾਂ ਦੇ ਰਿਹਾ ਹੈ।

ਪੀਜੀਆਈ ਚੰਡੀਗੜ੍ਹ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਹੈ, ਪਰ ਇਹ ਪੰਜਾਬ ਦੇ ਮਰੀਜ਼ਾਂ ਲਈ ਰੀੜ੍ਹ ਦੀ ਹੱਡੀ ਹੈ। ਇਸ ਤੋਂ ਇਲਾਵਾ ਸੰਗਰੂਰ ਅਤੇ ਫਿਰੋਜ਼ਪੁਰ ਵਿੱਚ ਪੀਜੀਆਈ ਦੇ ਸੈਟੇਲਾਈਟ ਸੈਂਟਰ ਵੀ ਬਣ ਰਹੇ ਹਨ। ਸਰਹੱਦੀ ਖੇਤਰ ਹੋਣ ਕਰਕੇ ਅੰਮ੍ਰਿਤਸਰ ਵਿੱਚ ਇੱਕ ਸੁਤੰਤਰ ਏਮਜ਼ ਵਰਗੇ ਅਦਾਰੇ ਦੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਹੈ, ਤਾਂ ਜੋ ਅੰਤਰਰਾਸ਼ਟਰੀ ਮਰੀਜ਼ਾਂ ਨੂੰ ਸਿੱਧਾ ਲਾਭ ਮਿਲ ਸਕੇ।

ਮਾਹਿਰਾਂ ਦਾ ਅੰਦਾਜ਼ਾ ਹੈ ਕਿ 2026 ਤੱਕ ਭਾਰਤ ਦਾ ਮੈਡੀਕਲ ਟੂਰਿਜ਼ਮ ਬਾਜ਼ਾਰ 13 ਬਿਲੀਅਨ ਡਾਲਰ ਤੱਕ ਪਹੁੰਚ ਜਾਵੇਗਾ। ਪੰਜਾਬ ਇਸ ਵਿੱਚ ਵੱਡਾ ਹਿੱਸਾ ਪਾ ਸਕਦਾ ਹੈ ਜੇਕਰ ਹਸਪਤਾਲਾਂ ਨੂੰ ਅੰਤਰਰਾਸ਼ਟਰੀ ਮਾਨਤਾ ਦਿਵਾਈ ਜਾਵੇ। 'ਮੈਡੀਕਲ ਵੀਜ਼ਾ' ਪ੍ਰਕਿਰਿਆ ਨੂੰ ਹੋਰ ਸੁਖਾਲਾ ਬਣਾਇਆ ਜਾਵੇ। ਹਸਪਤਾਲਾਂ ਨੂੰ ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਸਰਕਾਰ ਅਪਗ੍ਰੇਡ ਕਰਨ ਲਈ ਸਬਸਿਡੀ ਦੇਵੇ।

ਪੰਜਾਬ ਕੋਲ 'ਰੋਟੀ' ਦੇ ਨਾਲ-ਨਾਲ ਹੁਣ ਦੁਨੀਆ ਨੂੰ 'ਸਿਹਤ ਸਹੂਲਤਾਂ' ਵੰਡਣ ਦੀ ਵੀ ਤਾਕਤ ਹੈ। ਜੇਕਰ ਸਹੀ ਨੀਤੀਆਂ ਬਣਨ, ਤਾਂ ਪੰਜਾਬ ਜਲਦੀ ਹੀ ਦੱਖਣੀ ਏਸ਼ੀਆ ਦਾ ਸਭ ਤੋਂ ਵੱਡਾ ਮੈਡੀਕਲ ਕੇਂਦਰ ਬਣ ਕੇ ਉੱਭਰੇਗਾ। ਪੰਜਾਬ ਵਿੱਚ ਮੈਡੀਕਲ ਟੂਰਿਜ਼ਮ ਸਿਰਫ਼ ਡਾਕਟਰੀ ਇਲਾਜ ਨਹੀਂ, ਬਲਕਿ ਸੂਬੇ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਦਾ ਇੱਕ ਮੌਕਾ ਹੈ। ਜੇਕਰ ਸਰਕਾਰ ਅਤੇ ਨਿੱਜੀ ਖੇਤਰ ਮਿਲ ਕੇ ਬੁਨਿਆਦੀ ਢਾਂਚੇ ਅਤੇ ਸੁਰੱਖਿਆ ਵਿੱਚ ਸੁਧਾਰ ਕਰਨ, ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ 'ਸਿਹਤ ਸੰਭਾਲ' ਦੀ ਦੁਨੀਆ ਵਿੱਚ ਖਿੱਚ ਦਾ ਕੇਂਦਰ ਬਣੇਗਾ।

* * * * * *

## ਪ੍ਰੀਖਿਆ ਕੇਂਦਰ ਵਿਚ ਅੰਮ੍ਰਿਤਧਾਰੀ ਬੱਚੇ ਤੋਂ ਕਿਰਪਾਨ ਲੁਹਾਉਣ ਦੀ ਕੋਸ਼ਿਸ਼

**✪ ਦਿਲੀ ਗੁਰਦੁਆਰਾ ਕਮੇਟੀ ਦੀ ਟੀਮ ਨੇ ਝਾੜ ਪਾਈ, ਕੱਕਾਰ ਵਾਪਸ ਕਰਵਾਇਆ**



ਅੰਮ੍ਰਿਤਸਰ/ਦਿੱਲੀ-ਦਿੱਲੀ ਕੈਂਟ ਦੇ ਕੇਂਦਰੀ ਵਿਦਿਆਲਾ ਵਿਚ ਪ੍ਰੀਖਿਆ ਦੇਣ ਆਏ ਇੱਕ ਅੰਮ੍ਰਿਤਧਾਰੀ ਵਿਦਿਆਰਥੀ ਤੋਂ ਸੁਰੱਖਿਆ ਬਾਹਰ ਕਿਰਪਾਨ ਲੁਹਾਉਣ ਲਈ ਕਿਹਾ ਗਿਆ। ਵਿਦਿਆਰਥੀ ਵੱਲੋਂ ਇਨਕਾਰ ਕਰਨ ਤੋਂ ਬਾਅਦ ਮਾਹੌਲ ਭੱਖ ਗਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਤੇ ਐਜੂਕੇਸ਼ਨ ਸੈੱਲ ਚੇਅਰਮੈਨ ਕੁਲਤਾਰਨ ਸਿੰਘ ਕੋਛੜ ਤੁਰੰਤ ਮੌਕੇ 'ਤੇ ਪਹੁੰਚੇ। ਉਨ੍ਹਾਂ ਮੁਲਾਜ਼ਮਾਂ ਨੂੰ ਖੜ੍ਹਾ ਕਰ ਕੇ ਚੰਗੀ ਝਾੜ ਪਾਈ ਤੇ ਬੱਚੇ ਦੀ ਕਿਰਪਾਨ ਵਾਪਸ ਉਸ ਨੂੰ ਸੌਂਪ ਦਿੱਤੀ। ਕਾਲਕਾ ਨੇ ਕਿਹਾ, "ਪੀਐੱਮ ਤੇ ਗ੍ਰਹਿ ਮੰਤਰੀ ਸਿੱਖ ਗੁਰੂਆਂ ਦਾ ਸਤਿਕਾਰ ਕਰ ਰਹੇ ਹਨ ਤੇ ਇੱਥੇ ਅਧਿਕਾਰੀ ਪੰਜ ਕੱਕਾਰ ਲੁਹਾਉਣ ਦੀ ਘਟੀਆ ਮਾਨਸਿਕਤਾ ਵਿਖਾ ਰਹੇ ਹਨ।" ਮਾਤਾ-ਪਿਤਾ ਨੇ ਕਮੇਟੀ ਦਾ ਧੰਨਵਾਦ ਕੀਤਾ।

## ਮਸ਼ਹੂਰ ਗਾਇਕ ਪਰਮੀਸ਼ ਵਰਮਾ ਦੇ ਸਾਥੀ ਨੂੰ ਮੌਤ ਦੀ ਧਮਕੀ ! 10 ਕਰੋੜ ਫਿਰੌਤੀ ਮੰਗੀ

ਲੁਧਿਆਣਾ-ਪੰਜਾਬੀ ਗਾਇਕ ਤੇ ਐਕਟਰ ਪਰਮੀਸ਼ ਵਰਮਾ ਦਾ ਨਜ਼ਦੀਕੀ ਸਾਥੀ ਹਰਵਿੰਦਰ ਸਿੰਘ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਗੁਰਗੇ ਹੈਰੀ ਬਾਕਸਰ ਵੱਲੋਂ ਵੱਡੀ ਧਮਕੀ ਆਈ ਹੈ। ਉਸ ਤੋਂ 10 ਕਰੋੜ ਰੁਪਏ ਫਿਰੌਤੀ ਵਜੋਂ ਮੰਗੇ ਗਏ ਹਨ। ਧਮਕੀ ਵਿੱਚ ਸਾਫ਼ ਕਿਹਾ ਗਿਆ - "ਪੈਸੇ ਨਾ ਦਿੱਤੇ ਤਾਂ ਗੋਲੀਆਂ ਤੇਰਾ ਪਿੱਛਾ ਨਹੀਂ ਛੱਡਣਗੀਆਂ।"

ਹਰਵਿੰਦਰ ਸਿੰਘ ਨੂੰ ਵਟਸਐਪ ਉੱਤੇ ਇੱਕ ਤੋਂ ਬਾਅਦ ਇੱਕ ਫੋਨ ਤੇ ਮੈਸੇਜ ਆਏ। ਫੋਨ ਕਰਨ ਵਾਲੇ ਨੇ ਖੁਦ ਨੂੰ ਲਾਰੈਂਸ ਗੈਂਗ ਦਾ ਹੈਰੀ ਬਾਕਸਰ ਦੱਸਿਆ। ਲੁਧਿਆਣਾ ਦਾ ਰਹਿਣ ਵਾਲਾ ਹਰਵਿੰਦਰ ਇਸ ਧਮਕੀ ਤੋਂ ਡਰ ਗਿਆ ਤੇ ਤੁਰੰਤ ਥਾਣਾ ਸਰਾਭਾ ਨਗਰ ਵਿੱਚ ਸ਼ਿਕਾਇਤ ਦਰਜ ਕਰਵਾਈ।

ਪੁਲਿਸ ਨੇ ਐਫਆਈਆਰ ਦਰਜ ਕਰ ਲਈ ਹੈ । ਹੁਣ ਪੁਲਿਸ ਇੰਟਰਨੈਸ਼ਨਲ ਕਾਲਾਂ ਟ੍ਰੇਸ ਕਰ ਰਹੀ ਹੈ ਤੇ ਸਾਈਬਰ ਐਕਸਪਰਟਾਂ ਦੀ ਮਦਦ ਲੈ ਰਹੀ ਹੈ।

ਜਾਣਕਾਰੀ ਮੁਤਾਬਕ ਪਰਮੀਸ਼ ਵਰਮਾ ਉੱਤੇ ਪਹਿਲਾਂ ਵੀ ਜਾਨਲੇਵਾ ਹਮਲਾ ਹੋ ਚੁੱਕਿਆ ਹੈ। ਇਸ ਧਮਕੀ ਨਾਲ ਇੱਕ ਵਾਰ ਫਿਰ ਪੰਜਾਬ ਵਿੱਚ ਗੈਂਗਸਟਰਾਂ ਦੇ ਵਧਦੇ ਹੌਸਲਿਆਂ ਉੱਤੇ ਸਵਾਲ ਉਠ ਰਹੇ ਹਨ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਮਾਰਚ ਮਹੀਨਾ 2026

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। –ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਧਨ ਅਤੇ ਵਿੱਦਿਆ ਵਿੱਚ ਤਰੱਕੀ ਹੋਵੇਗੀ। ਐਸ਼ੋ–ਆਰਾਮ 'ਤੇ ਧਨ ਖਰਚ ਹੋਵੇਗਾ। ਇਸਤਰੀ ਅਤੇ ਸੰਤਾਨ ਵੱਲੋਂ ਖੁਸ਼ੀ ਮਿਲੇ–ਗੀ। ਬਹੁਤ ਮੁਸ਼ਕਿਲ ਹਾਲਾਤ ਹੋਣ 'ਤੇ ਵੀ ਗੁਜ਼ਾਰੇ ਲਈ ਧਨ ਮਿਲਦਾ ਰਹੇਗਾ। ਘਰੇਲੂ ਜੀਵਨ ਵਿੱਚ ਫਜ਼ੂਲ ਦਾ ਤਣਾਅ ਰਹੇਗਾ। ਸੰਤਾਨ ਵੱਲੋਂ ਕੋਈ ਖੁਸ਼ੀ ਮਿਲੇਗੀ। ਕਿਸੇ ਮਿੱਤਰ ਦੇ ਨਾਲ ਮੇਲ–ਮਿਲਾਪ ਹੋਵੇਗਾ। ਫਜ਼ੂਲ ਦੀ ਯਾਤਰਾ ਵਿੱਚ ਪ੍ਰੇਸ਼ਾਨੀ ਹੋ ਸਕਦੀ ਹੈ। ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂ–ਬਾਤਾਂ ਸਾਂਝੀਆ ਕਰੋ, ਸਭ ਨੂੰ ਖੁਸ਼ੀ ਮਹਿਸੂਸ ਹੋਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਇਸ ਸਮੇਂ ਬਹੁਤ ਰੁਕਾਵਟਾਂ ਅਤੇ ਮਿਹਨਤ ਤੋਂ ਬਾਅਦ ਹੀ ਧਨ ਲਾਭ ਹੋਵੇਗਾ। ਅਚਾਨਕ ਖਰਚ ਵੀ ਵਧੇਗਾ। ਫਜ਼ੂਲ ਦੀ ਚਿੰਤਾ ਅਤੇ ਤਣਾਅ ਕਾਰਨ ਮਨ ਪ੍ਰੇਸ਼ਾਨ ਰਹੇਗਾ। ਅਣਜਾਣ ਦੁਸ਼ਮਣਾਂ ਦੇ ਕਾਰਨ ਲਾਭ ਪ੍ਰਾਪਤ ਕਰਨ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਪਰਿਵਾਰ ਵਿੱਚ ਘਰੇਲੂ ਪ੍ਰੇਸ਼ਾਨੀਆਂ ਅਤੇ ਚਿੰਤਾ ਨਾਲ ਮਨ ਉਦਾਸ ਰਹੇਗਾ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਨੌਕਰੀ ਜਾਂ ਵਪਾਰ ਵਿੱਚ ਅਸਥਿਰਤਾ ਰਹੇਗੀ। ਆਮਦਨ ਘੱਟ ਅਤੇ ਖਰਚ ਜ਼ਿਆਦਾ ਰਹਿਣਗੇ। ਵਧੇਰੇ ਮੁਸ਼ਕਿਲ ਹਾਲਾਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਣਦੇ ਕੰਮਾਂ ਵਿੱਚ ਰੁਕਾਵਟਾਂ ਵੀ ਆ ਸਕਦੀਆਂ ਹਨ। ਸ਼ਰੀਰ ਵੀ ਕੁਝ ਢਿੱਲਾ ਰਹੇਗਾ। ਕਿਸੇ ਪਰਾਏ ਇਸਤਰੀ/ਮਰਦ ਨਾਲ ਅਨਬਨ ਜਾਂ ਪ੍ਰੇਸ਼ਾਨੀ ਹੋ ਸਕਦੀ ਹੈ, ਗੁੱਸੇ 'ਤੇ ਕਾਬੂ ਰੱਖੋ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਬੇਲੋੜੀ ਯਾਤਰਾ ਵੀ ਹੋ ਸਕਦੀ ਹੈ। ਮਾਤਾ–ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਉ, ਮਨ ਨੂੰ ਸ਼ਾਂਤੀ ਮਿਲੇਗੀ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਕਾਰੋਬਾਰ ਮੱਧਮ ਰਹੇਗਾ। ਰੁਕਾਵਟਾਂ ਦੇ ਬਾਵਜੂਦ ਧਨ ਪ੍ਰਾਪਤੀ ਹੋਵੇਗੀ। ਕਿਸੇ ਖਾਸ ਵਿਅਕਤੀ ਜਾਂ ਮਿੱਤਰ ਦੇ ਮੇਲ ਨਾਲ ਕੋਈ ਰੁਕਿਆ ਕੰਮ ਹੱਲ ਹੋਣ ਨਾਲ ਰਾਹਤ ਅਤੇ ਮਾਨਸਿਕ ਤਣਾਅ ਘੱਟ ਹੋਵੇਗਾ। ਧਰਮ–ਕਰਮ ਵਿੱਚ ਦਿਲਚਸਪੀ ਵਧੇਗੀ। ਦਿਮਾਗੀ ਅਤੇ ਆਰਥਿਕ ਉਲਝਣਾਂ ਵਧਣਗੀਆਂ। ਖਰਚੇ 'ਤੇ ਲਗਾਮ ਲਗਾ ਕੇ ਰੱਖੋ, ਨਹੀਂ ਤਾਂ ਪਛਤਾਉਣਾ ਪਵੇਗਾ। ਬੇਲੋੜੀ ਫਿਕਰ ਰਹੇਗੀ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਹੋਣ ਦਾ ਖਦਸ਼ਾ ਹੈ। ਰੋਜ਼ਾਨਾ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਹੋਵੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਕਾਰੋਬਾਰ ਦੀ ਹਾਲਤ ਡਾਂਵਾਂਡੋਲ ਹੀ ਰਹੇਗੀ। ਸਿਹਤ ਵੀ ਠੀਕ ਨਹੀਂ ਰਹੇਗੀ। ਪਰਿਵਾਰ ਵਿੱਚ ਨਜ਼ਦੀਕੀ ਸੰਬੰਧੀਆਂ ਨਾਲ ਮਨ–ਮੁਟਾਵ ਅਤੇ ਮਤ ਵਿੱਚ ਅੰਤਰ ਹੋ ਸਕਦਾ ਹੈ। ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਵੇਗਾ। ਵਿੱਦਿਆਰਥੀ ਵਰਗ ਨੂੰ ਇਨ੍ਹਾਂ ਦਿਨਾਂ ਵਿੱਚ ਪੜ੍ਹਾਈ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਕਿਸੇ ਖਾਸ ਆਦਮੀ ਨਾਲ ਚੰਗੇ ਸੰਬੰਧ ਬਣਨਗੇ। ਗੁਰੂ ਘਰ ਪਰਿਵਾਰ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰਨੀ, ਕਮਾਈ ਵਿੱਚ ਬਰਕਤ ਹੋਵੇਗੀ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਵਪਾਰ ਵਿੱਚ ਧਨ ਪ੍ਰਾਪਤੀ ਦੇ ਵਸੀਲੇ ਵਧੇਰੇ ਹੋਣ ਨਾਲ ਕੰਮਕਾਰ ਵਿੱਚ ਰੁਝੇਵੇਂ ਵੱਧਣਗੇ। ਸੰਤਾਨ ਪੱਖ ਵੱਲੋਂ ਖੁਸ਼ੀ ਮਿਲੇ–ਗੀ। ਅਚਾਨਕ ਕਿਸੇ ਪਿਆਰੇ ਬੰਧੂ ਨਾਲ ਮੁਲਾਕਾਤ ਹੋਵੇਗੀ। ਕਿਸੇ ਮਨਚਾਹੀ ਜਗ੍ਹਾ ਸੈਰ ਕਰਨ ਦਾ ਮੌਕਾ ਮਿਲੇਗਾ। ਸੁੰਦਰਤਾ, ਵਿਲਾਸ ਤੇ ਸਵਾਰੀ ਆਦਿ ਕੰਮਾਂ 'ਤੇ ਖਰਚ ਵਧੇਰੇ ਹੋਵੇਗਾ। ਨਸ਼ਿਆਂ ਦੇ ਕੋਹੜ ਤੋਂ ਸੁਚੇਤ ਰਹਿਣ ਦੀ ਲੋੜ ਹੈ, ਇਸ ਦਲਦਲ ਵਿੱਚ ਫਸੇ ਲੋਕਾਂ ਨੂੰ ਵੀ ਸਿੱਧੇ ਰਸਤੇ ਪਾਉਣ ਦੀ ਲੋੜ ਹੈ, ਸਮਾਜ ਵਿੱਚ ਮਾਣ–ਇੱਜ਼ਤ ਵਧੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਇਸ ਸਮੇਂ ਦੌਰਾਨ ਵਧੇਰੇ ਮਿਹਨਤ ਕਰਨ 'ਤੇ ਹੀ ਗੁਜ਼ਾਰੇ ਯੋਗ ਧਨ ਮਿਲੇਗਾ। ਜ਼ਮੀਨ, ਸਵਾਰੀ ਆਦਿ ਦਾ ਸੁੱਖ ਮਿਲਣ ਦੇ ਯੋਗ ਹਨ, ਪਰ ਕੋਈ ਖਾਸ ਲਾਭ ਨਹੀਂ ਮਿਲ ਸਕੇਗਾ। ਘਰੇਲੂ ਅਤੇ ਵਪਾਰਕ ਉਲਝਣਾਂ ਵਧਣਗੀਆਂ। ਮਨ ਵਿੱਚ ਉਚਾਟਤਾ ਪੈਦਾ ਹੋਵੇਗੀ। ਫਜ਼ੂਲ ਦੀ ਭੱਜ–ਦੌੜ ਵਧੇਗੀ। ਸਿਹਤ ਸਬੰਧੀ ਖਾਸ ਧਿਆਨ ਰੱਖਣ ਦੀ ਲੋੜ ਹੈ। ਖਰਚ ਵੀ ਵੱਧ–ਚੜ੍ਹ ਕੇ ਹੋਣਗੇ। ਰੋਜ਼ਾਨਾ ਨਿੱਤਨੇਮ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।


**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਅਚਾਨਕ ਲਾਭ ਹੋਣ ਦੀ ਖੁਸ਼ੀ ਮਿਲੇਗੀ, ਕੁਝ ਵਿਗੜੇ ਕੰਮ ਵੀ ਬਣਨਗੇ। ਧਨ ਲਾਭ, ਅਹੁਦੇ ਵਿੱਚ ਤਰੱਕੀ ਅਤੇ ਭਵਿੱਖ ਵਿੱਚ ਕੁਝ ਬਦਲਾਵ ਦੇ ਯੋਗ ਹਨ। ਧਾਰਮਿਕ ਕੰਮਾਂ ਵਿੱਚ ਰੁਝਾਨ ਵਧੇਗਾ। ਇਸ ਸਮੇਂ ਦੌਰਾਨ ਪਰਿਵਾਰ ਵਿੱਚ ਸ਼ੁੱਭ ਅਤੇ ਧਾਰਮਿਕ ਕੰਮਾਂ 'ਤੇ ਖਰਚ ਹੋਵੇਗਾ। ਪਰਿਵਾਰ ਸਬੰਧੀ ਚਿੰਤਾ ਬਣੀ ਰਹੇਗੀ, ਖਰਚ ਵੀ ਜ਼ਿਆਦਾ ਹੋਵੇਗਾ, ਸੱਟ ਆਦਿ ਲੱਗਣ ਦਾ ਵੀ ਡਰ ਹੈ। ਕਦੇ ਵੀ ਕਿਸੇ ਦਾ ਜਾਣ–ਬੁੱਝ ਕੇ ਦਿਲ ਨਾ ਦੁਖਾਉ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਆਰਥਿਕ ਉਲਝਣਾਂ ਅਤੇ ਮਾਨਸਿਕ ਪ੍ਰੇਸ਼ਾਨੀਆਂ ਰਹਿਣਗੀਆਂ। ਸਿਹਤ ਵੀ ਢਿੱਲੀ ਰਹੇਗੀ। ਔਰਤਾਂ ਨੂੰ ਕਲਹ ਕਰਕੇ ਮਾਨਸਿਕ ਪ੍ਰੇਸ਼ਾਨੀਆਂ ਅਤੇ ਉਲਝਣਾਂ ਦਾ ਮੁਕਾਬਲਾ ਕਰਨਾ ਪਵੇਗਾ। ਆਮਦਨ ਘੱਟ ਅਤੇ ਖਰਚ ਜ਼ਿਆਦਾ ਰਹੇਗਾ। ਦੂਸਰੇ ਆਦਮੀਆਂ ਦਾ ਭਲਾ ਕਰਨ ਵਿੱਚ ਦਿਲਚਸਪੀ ਵਧੇਗੀ। ਸਮਾਜਿਕ ਰੁਝੇਵੇਂ ਵੱਧਣਗੇ ਅਤੇ ਗੈਰ–ਜਰੂਰੀ ਖਰਚ ਵੀ ਹੋਣਗੇ। ਵਿੱਦਿਆਰਥੀ ਵਰਗ ਨੂੰ ਤਰੱਕੀ ਦੇ ਮੌਕੇ ਮਿਲਣਗੇ। ਮਨ ਅੰਦਰ ਪ੍ਰਮਾਤਮਾ ਨੂੰ ਯਾਦ ਕਰੋ, ਕਾਰਜ ਸਿੱਧ ਹੋਣਗੇ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਇਸ ਸਮੇਂ ਦੌਰਾਨ ਬੇਵਜ੍ਹਾ ਕਿਸੇ ਨਾਲ ਉਲਝਣ ਜਾਂ ਤਕਰਾਰ ਹੋ ਸਕਦਾ ਹੈ। ਪਤੀ/ਪਤਨੀ ਦੀ ਸਿਹਤ ਨੂੰ ਲੈ ਕੇ ਚਿੰਤਾ ਬਣੀ ਰਹੇਗੀ। ਫਜ਼ੂਲ ਦੇ ਝਗੜੇ ਵਿੱਚ ਧਨ ਦੇ ਨੁਕਸਾਨ ਦਾ ਡਰ ਹੈ। ਨਜ਼ਦੀਕੀ ਸੰਬੰਧੀਆਂ ਦੀ ਮੱਦਦ ਨਾਲ ਕਿਸੇ ਨਵੇਂ ਕਿੱਤੇ ਨੂੰ ਅਮਲੀ ਰੂਪ ਦੇਣ ਦੀ ਯੋਜਨਾ ਬਣੇਗੀ, ਪਰ ਦੇਰੀ ਹੋ ਸਕਦੀ ਹੈ। ਮਾਨਸਿਕ ਤਣਾਅ ਅਤੇ ਧਨ ਸਬੰਧੀ ਚਿੰਤਾ ਰਹੇਗੀ। ਸਿਹਤ ਦਾ ਧਿਆਨ ਰੱਖਣ ਦੀ ਲੋੜ ਹੈ। ਆਪਣੇ ਦੁਸ਼ਮਨ ਤੋਂ ਹਮੇਸ਼ਾ ਪਰੇ ਰਹੋ, ਕੋਈ ਨੁਕਸਾਨ ਕਰ ਸਕਦਾ ਹੈ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਮਾਨਸਿਕ ਤਣਾਅ ਅਤੇ ਅਸਥਿਰਤਾ ਬਣੀ ਰਹੇਗੀ। ਪਰਿਵਾਰ ਵਿੱਚ ਘਰੇਲੂ ਉਲਝਣਾਂ ਪੈਦਾ ਹੋਣਗੀਆਂ। ਕੰਮ–ਕਾਰ ਵਿੱਚ ਵਧੇਰੇ ਰੁਝੇਵੇਂ ਹੋਣਗੇ, ਪਰ ਧਨ ਦੀ ਪ੍ਰਾਪਤੀ ਗੁਜ਼ਾਰੇ ਯੋਗ ਹੀ ਹੋਵੇਗੀ। ਅਜਿਹੇ ਸਮੇਂ ਵਿੱਚ ਮਨ ਉਦਾਸ ਅਤੇ ਫਜ਼ੂਲ ਦੇ ਖਰਚ ਵਧਣਗੇ। ਆਪਣੇ ਗੁੱਸੇ 'ਤੇ ਕਾਬੂ ਰੱਖੋ, ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਆਪਣੇ ਵਿਰੋਧੀ ਜਾਂ ਦੁਸ਼ਮਣ ਨਾਲ ਵੀ ਪਿਆਰ ਨਾਲ ਹੀ ਪੇਸ਼ ਆਉ। ਆਪਣੇ ਮਨ 'ਤੇ ਹਮੇਸ਼ਾ ਕਾਬੂ ਰੱਖੋ। ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਸੁਭਾਅ ਵਿੱਚ ਤੇਜ਼ੀ ਰਹੇਗੀ, ਸ਼ੁਰੂ ਤੋਂ ਸੰਘਰਸ਼ ਅਤੇ ਰੁਕਾਵਟਾਂ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਮਿਲੇਗਾ, ਪਰ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਜ਼ਿਆਦਾ ਸਮਾਂ ਫਜ਼ੂਲ ਦੇ ਕੰਮਾਂ 'ਤੇ ਖਰਚ ਹੋਵੇਗਾ। ਕਿਸੇ ਖਾਸ ਦੋਸਤ ਨਾਲ ਮੁਲਾਕਾਤ ਅਤੇ ਆਮਦਨ ਦੇ ਰਸਤੇ ਖੁੱਲ੍ਹਣਗੇ। ਔਰਤਾਂ ਨੂੰ ਘਰੇਲੂ ਉਲਝਣਾਂ ਦਾ ਸਾਹਮਣਾ ਕਰਨਾ ਪਵੇਗਾ। ਵਿੱਦਿਆਰਥੀ ਵਰਗ ਨੂੰ ਮੁਸ਼ਕਿਲ ਹਾਲਾਤਾਂ ਵਿੱਚੋਂ ਗੁਜ਼ਰਨਾ ਪਵੇਗਾ। ਚੰਗੀ ਕਿਰਤ ਕਰੋ, ਨਾਮ ਦਾ ਸਿਮਰਨ ਕਰੋ ਅਤੇ ਹਮੇਸ਼ਾ ਵੰਡ ਕੇ ਛਕੋ, ਸਮਾਜ ਵਿੱਚ ਇਸ ਸੰਦੇਸ਼ ਨੂੰ ਉਜਾਗਰ ਕਰੋ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ–ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼–ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

## ਪਾਕਿਸਤਾਨੀ ਕ੍ਰਿਕਟਰਾਂ ਨੂੰ 50–50 ਲੱਖ ਦਾ ਜੁਰਮਾਨਾ



ਪਾਕਿਸਤਾਨ ਕ੍ਰਿਕਟ ਬੋਰਡ (PCB) ਨੇ ਟੀ–20 ਵਿਸ਼ਵ ਕੱਪ 2026 ਦੇ ਸੁਪਰ–8 ਪੜਾਅ ਵਿੱਚੋਂ ਬਾਹਰ ਹੋਣ ਤੋਂ ਬਾਅਦ ਕੌਮੀ ਟੀਮ ਦੇ ਮੁੱਖ ਖਿਡਾਰੀਆਂ 'ਤੇ ਭਾਰੀ ਵਿੱਤੀ ਜੁਰਮਾਨਾ ਲਗਾਇਆ ਹੈ। ਰਿਪੋਰਟਾਂ ਅਨੁਸਾਰ, ਕਪਤਾਨ ਬਾਬਰ ਆਜ਼ਮ, ਤੇਜ਼ ਗੇਂਦਬਾਜ਼ ਸ਼ਾਹੀਨ ਅਫ਼ਰੀਦੀ ਅਤੇ ਆਲਰਾਊਂਡਰ ਸ਼ਾਦਾਬ ਖਾਨ ਸਮੇਤ ਹਰ ਮਾੜਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਨੂੰ 50 ਲੱਖ ਪਾਕਿਸਤਾਨੀ ਰੁਪਏ (ਲਗਪਗ 15 ਲੱਖ ਭਾਰਤੀ ਰੁਪਏ) ਦਾ ਜੁਰਮਾਨਾ ਕੀਤਾ ਗਿਆ ਹੈ। ਇਹ ਫੈਸਲਾ ਪਿਛਲੇ ਮਹੀਨੇ ਸ਼੍ਰੀਲੰਕਾ ਵਿੱਚ ਭਾਰਤ ਹੱਥੋਂ ਮਿਲੀ ਹਾਰ ਅਤੇ ਟੂਰਨਾਮੈਂਟ ਵਿੱਚੋਂ ਜਲਦੀ ਬਾਹਰ ਹੋਣ ਤੋਂ ਬਾਅਦ ਲਿਆ ਗਿਆ ਹੈ। ਪਾਕਿਸਤਾਨ ਨੇ ਨਾਮੀਬੀਆ ਅਤੇ ਅਮਰੀਕਾ ਵਰਗੀਆਂ ਛੋਟੀਆਂ ਟੀਮਾਂ ਨੂੰ ਹਰਾ ਕੇ ਸੁਪਰ–8 ਵਿੱਚ ਜਗ੍ਹਾ ਬਣਾਈ ਸੀ, ਪਰ ਅਗਲੇ ਪੜਾਅ ਵਿੱਚ ਟੀਮ ਦਾ ਪ੍ਰਦਰਸ਼ਨ ਬਹੁਤ ਖ਼ਰਾਬ ਰਿਹਾ।

# ਵਗੀ ਪੂਰੇ ਦੀ 'ਵਾ ਪੰਜਾਬੇ

ਗੁਰਮੀਤ ਸਿੰਘ ਪਲਾਹੀ
9815802070



ਇੱਕੋ ਸਾਲ ਰਹਿ ਗਿਆ ਪੰਜਾਬ ਦੇ ਹਾਕਮਾਂ ਦੀ ਮੁੜ ਚੋਣ ਲਈ। ਹੁਣੇ ਤੋਂ ਸਿਆਸੀ ਧਿਰਾਂ ਨੇ ਕਮਰਕੱਸੇ ਕਰ ਲਏ ਹਨ, ਉਹਨਾਂ ਪਰ ਤੋਲਣੇ ਸ਼ੁਰੂ ਕਰ ਲਏ ਹਨ। ਰਾਸ਼ਟਰੀ ਧਿਰਾਂ ਕਾਂਗਰਸ, ਭਾਜਪਾ, ਹਾਕਮ ਧਿਰ ਆਮ ਆਦਮੀ ਪਾਰਟੀ, ਖੇਤਰੀ ਧਿਰਾਂ-ਅਕਾਲੀ ਦਲ, ਬਸਪਾ ਅਤੇ ਖੱਬੀਆਂ ਧਿਰਾਂ ਸਮਾਂ ਰਹਿੰਦਿਆਂ ਹੀ ਸਰਗਰਮ ਦਿਸਣ ਲੱਗ ਪਈਆਂ ਹਨ। ਪੰਜਾਬ ਦੀ ਡੋਰ ਸੰਭਾਲਣ ਵਾਲੀ ਮਜ਼ਬੂਤ ਧਿਰ 'ਕਾਂਗਰਸ' ਦੇ ਨੇਤਾ ਰਾਹੁਲ ਗਾਂਧੀ ਨੇ ਬਰਨਾਲਾ 'ਚ ਚੋਣ ਬਿਗਲ ਵਜਾਉਂਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉੱਤੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਦੇ ਹਿੱਤ ਅਮਰੀਕਾ ਕੋਲ ਗਹਿਣੇ ਰੱਖਣ ਦੇ ਦੋਸ਼ ਲਾਏ। ਉੱਥੇ ਕਾਂਗਰਸ ਪ੍ਰਧਾਨ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ 'ਭਾਜਪਾ' ਦੀ "ਬੀ" ਟੀਮ ਵਜੋਂ ਕੰਮ ਕਰ ਰਹੀ ਹੈ।

ਨਰੇਂਦਰ ਮੋਦੀ ਕੁਝ ਦਿਨ ਪਹਿਲਾਂ ਜਲੰਧਰ ਲਾਗਲੇ ਡੇਰਾ ਬੱਲਾਂ ਪਧਾਰੇ। ਇੱਕ ਨਵੀਂ ਇਬਾਰਤ ਲਿਖ ਗਏ। ਇੱਕ ਸ਼ਕਤੀਸ਼ਾਲੀ ਧਿਰ ਨੂੰ ਆਪਣੇ ਹੱਕ 'ਚ ਕਰਨ ਲਈ ਕੁਝ ਇਹੋ ਜਿਹੇ "ਬਚਨ-ਵਿਲਾਸ" ਕਰ ਗਏ, ਜਿਹਨਾਂ ਨੇ "ਡਬਲ ਇੰਜਣ" ਸਰਕਾਰ ਬਣਾਉਣ ਦਾ ਰਾਹ ਪੱਧਰਾ ਕਰਨਾ ਹੈ। ਹਾਕਮ ਧਿਰ ਆਮ ਆਦਮੀ ਪਾਰਟੀ ਦਾ ਰਾਸ਼ਟਰੀ ਕਨਵੀਨਰ ਕੇਜਰੀਵਾਲ ਅਤੇ ਪੰਜਾਬ ਸਰਕਾਰ "ਯੁੱਧ ਨਸ਼ਿਆਂ ਵਿਰੁੱਧ" ਦੇ ਦੂਜੇ ਪੜਾਅ 'ਚ ਲੋਕਾਂ ਨੂੰ ਸ਼ਾਮਲ ਕਰਨ ਲਈ ਪੱਬਾਂ ਭਾਰ ਹੈ। ਖੇਤਰੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ, ਥਾਂ-ਥਾਂ ਪੁੱਜਕੇ ਆਪਣੇ "ਇਲਾਕਾ ਉਮੀਦਵਾਰਾਂ" ਹੁਣੇ ਤੋਂ ਐਲਾਨਣ ਲੱਗ ਪਏ ਹਨ। ਪਿਛਲੇ ਦਿਨੀਂ ਕਰਵਾਈਆਂ ਗਈਆਂ ਬਲਾਕ ਸੰਮਤੀ ਚੋਣਾਂ 'ਚ ਲੋਕਾਂ ਦੇ ਚੰਗੇ ਹੁੰਗਾਰੇ ਤੋਂ ਉਹ ਵਾਹਵਾ ਉਤਸ਼ਾਹਿਤ ਹਨ। ਇਸੇ ਸਭ ਕੁਝ ਦਰਮਿਆਨ ਕੱਲ੍ਹ ਖ਼ਬਰ ਛਪੀ ਰਾਮਾਮੰਡੀ (ਬਠਿੰਡਾ) ਨੇੜਲੇ ਪਿੰਡ ਕਮਾਲੂ ਦੇ 20 ਵਰ੍ਹਿਆਂ ਦਾ ਨੌਜਵਾਨ ਚਿੱਟੇ ਦੀ ਭੇਟ ਚੜ੍ਹ ਗਿਆ। ਪਿੰਡ ਪ੍ਰੇਸ਼ਾਨ ਹੈ।

ਫਿਰੋਜ਼ਪੁਰ ਦੇ ਬਲਾਕ ਮਖੂ ਦੇ ਪਿੰਡ ਨਿਜ਼ਾਮਵਾਲਾ ਦਾ 25 ਸਾਲ ਦਾ ਨੌਜਵਾਨ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਮਰ ਗਿਆ। ਮਰਨ ਵਾਲਾ ਪਿਛੇ ਪਤਨੀ, ਪੁੱਤਰ, ਦੋ ਪੁੱਤਰੀਆਂ ਛੱਡ ਗਿਆ। ਮਾਪੇ ਤੇ ਪੂਰਾ ਸਮਾਜ ਉਦਾਸ ਹੈ। ਹਾਲੇ ਦੋ ਕੁ ਦਿਨ ਪਹਿਲਾਂ ਪੰਜਾਬ ਪੁਲਸ ਦਾ ਇੱਕ ਸਿਪਾਹੀ ਤੇ ਇੱਕ ਹੋਮ ਗਾਰਡ ਗੋਲੀਆਂ ਨਾਲ ਬੈਠੇ-ਸੁੱਤੇ ਭੁੰਨ ਦਿੱਤੇ ਗਏ। ਨੌਜਵਾਨ ਕਰਨੈਲ ਸਿੰਘ ਦਾ ਇਸੇ ਘਟਨਾ ਦੇ ਸਿੱਟੇ ਵਜੋਂ ਪੁਲਿਸ ਮੁਕਾਬਲਾ ਹੋਇਆ ਦੱਸਿਆ ਜਾਂਦਾ ਹੈ।

ਗੈਂਗਸਟਰ ਸਰਗਰਮੀਆਂ ਜ਼ੋਰਾਂ 'ਤੇ ਹਨ। ਪੰਜਾਬੀ ਗਾਇਕ ਪਰਮੀਸ਼ ਵਰਮਾ ਤੋਂ ਗੈਂਗਸਟਰਾਂ ਨੇ 10 ਕਰੋੜ ਦੀ ਫ਼ਿਰੌਤੀ ਮੰਗੀ ਹੈ। ਕੁਝ ਦਿਨ ਪਹਿਲਾਂ ਕਿਸਾਨ ਜੱਥੇਬੰਦੀ ਉਗਰਾਹਾਂ ਵਲੋਂ ਕੀਤੇ ਜਾ ਰਹੇ ਅੰਦੋਲਨ ਨੂੰ ਨਜਿੱਠਣ ਲਈ ਇੱਕ ਪੂਰੇ ਪਿੰਡ ਦੇ ਵਸ਼ਿੰਦਿਆਂ ਨੂੰ ਸਬਕ ਸਿਖਾਉਣ ਲਈ ਅੱਥਰੂ ਗੈਸ ਦੇ ਗੋਲੇ ਪੰਜਾਬ ਪੁਲਿਸ ਵੱਲੋਂ ਛੱਡੇ ਗਏ। ਇੱਕ ਕਿਸਾਨ ਦੀਆਂ ਲੱਤਾਂ ਬੁਰੀ ਤਰ੍ਹਾਂ ਤੋੜ ਦਿੱਤੀਆਂ ਗਈਆਂ। ਪੂਰੇ ਪੰਜਾਬ 'ਚ ਇਹੋ ਜਿਹਾ ਮਾਹੌਲ ਸਿਰਜਿਆ ਗਿਆ ਕਿ ਹਾਕਮ ਧਿਰ, ਪਰਜਾ ਤੋਂ ਉੱਪਰ ਹੈ, ਉਸ ਉੱਤੇ ਚੁੱਕੇ ਗਏ ਸਵਾਲ ਬਰਦਾਸ਼ਤ ਕਰਨ ਯੋਗ ਨਹੀਂ। ਸੂਬੇ 'ਚ ਕਿਸਾਨ ਅੰਦੋਲਨ ਕਰ ਰਹੇ ਹਨ, ਉਹਨਾਂ ਦੀਆਂ ਹੱਕੀ ਮੰਗਾਂ ਮੰਨੀਆਂ ਨਹੀਂ ਜਾ ਰਹੀਆਂ। ਮੁਲਾਜ਼ਮਾਂ ਦੀਆਂ ਉਹ ਮੰਗਾਂ ਜਿਹਨਾਂ ਨੂੰ ਮੰਨਣ ਦਾ ਵਾਇਦਾ "ਆਮ ਆਦਮੀ ਪਾਰਟੀ" ਨੇ ਆਪਣੇ ਚੋਣ ਪ੍ਰਚਾਰ ਸਮੇਂ ਕੀਤਾ ਸੀ, ਉਸ ਤੋਂ ਮੁਕਰਿਆ ਜਾ ਰਿਹਾ ਹੈ।

ਗੱਲ ਦੂਰ ਦੀ ਕਿਉਂ ਕਰੀਏ, ਇੱਕ ਉਸ ਵਾਰ ਦੀ ਕਰ ਲੈਂਦੇ ਹਾਂ, ਜਦੋਂ ਅਕਾਲੀ-ਭਾਜਪਾ ਇਕੱਠੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਾਈ ਬੈਠੇ ਸਨ। ਗੱਲ ਉਸ ਵੇਲੇ ਦੀ ਵੀ ਕਰ ਲੈਂਦੇ ਹਨ ਜਦੋਂ ਕਾਂਗਰਸ ਦਾ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣਿਆ ਰਿਹਾ ਅਤੇ ਗੱਲ ਤਾਂ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵੀ ਕਰਨੀ ਬਣਦੀ ਹੈ। ਗੱਲ ਇਹਨਾਂ ਦੀਆਂ ਸ਼ਖ਼ਸ਼ੀਅਤਾਂ ਦੀ ਕਿਉਂ ਕਰੀਏ ਕਿ ਉਹ ਕੀ ਸਨ, ਕੀ ਹਨ, ਗੱਲ ਤਾਂ ਉਹਨਾਂ ਦੇ ਕਾਰਜ ਕਾਲ ਦੌਰਾਨ "ਪੰਜਾਬ" ਨੂੰ ਦਿੱਤੇ ਯੋਗਦਾਨ ਦੀ ਕਰਨੀ ਚਾਹੀਦੀ ਹੈ। ਉਸ ਪੰਜਾਬ ਦੀ ਜਿਹੜਾ ਆਜ਼ਾਦੀ ਤੋਂ ਬਾਅਦ ਲਗਾਤਾਰ ਕੋਹਿਆ ਗਿਆ, ਕੁੱਟਿਆ ਗਿਆ, ਭੰਨਿਆ ਗਿਆ ਅਤੇ ਜਿਸ ਦਾ ਪੋਟਾ-ਪੋਟਾ ਨਪੀੜਿਆ, ਲਿਤਾੜਿਆ ਗਿਆ ਅਤੇ ਜਿਸਦੇ ਵਸ਼ਿੰਦੇ ਇਹਨਾਂ ਵਰ੍ਹਿਆਂ 'ਚ ਦੇਸੋਂ ਪਰਦੇਸੀ ਹੋਏ, ਓਪਰੇ ਹੋਏ, ਪਰਾਏ ਕਰ ਦਿੱਤੇ ਗਏ ਅਤੇ ਜਿਹਨਾਂ ਪੰਜਾਬੀਆਂ ਇੱਥੇ ਰਹਿਕੇ ਹੱਕ-ਸੱਚ ਲਈ ਅਵਾਜ਼ ਉਠਾਈ, ਉਹ ਇਸ ਜਹਾਨ ਤੋਂ ਹੀ ਤੋਰ ਦਿੱਤੇ ਗਏ।

ਇਹਨਾਂ ਵਰ੍ਹਿਆਂ 'ਚ ਪੰਜਾਬ ਨੂੰ ਨਾ '47 ਭੁਲਿਆ, ਨਾ ਚੌਰਾਸੀ। ਨਾ ਪੰਜਾਬ ਨੂੰ ਗਰਮ ਲਹਿਰਾਂ 'ਚ ਬੇਦੋਸ਼ੇ ਮਾਰੇ ਗਏ ਨੌਜਵਾਨ ਭੁਲੇ, ਨਾ ਬੱਸਾਂ 'ਚੋਂ ਕੱਢ-ਕੱਢ ਕੇ ਮਾਰੇ ਗਏ ਬੇਕਸੂਰੇ। ਨਾ ਪੰਜਾਬ ਨੂੰ ਇਹ ਭੁਲਿਆ ਕਿ ਪੰਜਾਬ ਦੇ ਪਾਣੀ ਖੋਹੇ ਗਏ, ਅਤੇ ਨਾ ਹੀ ਭੁਲਿਆ ਕਿ 1966 'ਚ ਪੁਨਰਗਠਨ ਸਮੇਂ ਉਸ ਦੀ ਉਹ ਰਾਜਧਾਨੀ ਖੋਹ ਲਈ ਗਈ, ਜਿਹੜੀ ਪੰਜਾਬ ਦੇ ਪਿੰਡਾਂ ਨੂੰ ਉਜਾੜਕੇ ਬਣਾਈ ਗਈ। ਨਾ ਹੀ ਪੰਜਾਬ ਇਹ ਭੁਲ ਸਕਿਆ ਕਿ ਦਿੱਲੀ ਦੇ ਹਾਕਮ ਨਿਤ-ਦਿਹਾੜੇ, ਉਸ ਨਾਲ ਦੁਪਰਿਆਰਾ ਸਲੂਕ ਕਰਦੇ ਹਨ, ਬਾਵਜੂਦ ਇਸ ਗੱਲ ਦੇ ਕਿ ਉਹ ਦੇਸ਼ ਦਾ ਅੰਨਦਾਤਾ ਹੈ। ਬਾਵਜੂਦ ਇਸ ਗੱਲ ਦੇ ਕਿ ਹਰੀ ਕ੍ਰਾਂਤੀ ਨੇ ਉਸਦੀ ਉਪਜਾਊ ਧਰਤੀ ਖੋਹ ਲਈ, ਖੋਖਲੀ ਕਰ ਦਿੱਤੀ, ਜ਼ਹਿਰਾਂ ਨਾਲ ਭਰ ਦਿੱਤੀ ਤੇ ਸਿੱਟੇ ਵਜੋਂ ਪੰਜਾਬ ਦਾ ਪਾਣੀ ਮੁਕਾ ਦਿੱਤਾ। ਪੱਲੇ ਕੈਂਸਰ ਪਾ ਦਿੱਤਾ। ਖੁਦਕੁਸ਼ੀਆਂ ਕਰਨ ਵਾਲੇ ਜੀਵਨ ਦੇ ਰਾਹ ਪਾ ਦਿੱਤਾ।

ਪੰਜ ਦਰਿਆਵਾਂ ਦੀ ਧਰਤੀ, ਵੱਢ-ਟੁੱਕ ਕੇ ਢਾਈ ਦਰਿਆਵਾਂ ਤੱਕ ਸੀਮਤ ਕਰ ਦਿੱਤੀ ਗਈ। ਕਿਸਾਨ ਮਜ਼ਦੂਰ ਔਖੇ ਰਾਹੀਂ ਪਾ ਦਿੱਤੇ ਗਏ। ਕਿਸਾਨਾਂ ਦੀਆਂ ਜ਼ਮੀਨਾਂ ਦੇ ਛੋਟੇ-ਛੋਟੇ ਟੁੱਕੜੇ ਹਥਿਆਉਣ ਲਈ ਵੀ ਪਹਿਲਾਂ ਕੇਂਦਰ ਨੇ ਤਿੰਨ ਕਾਲੇ ਕਾਨੂੰਨ ਪਾਸ ਕੀਤੇ ਅਤੇ ਫਿਰ ਮੌਜੂਦਾ ਸੂਬਾ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਹਥਿਆਉਣ ਲਈ ਨਵੀਆਂ ਤਰਕੀਬਾਂ ਕੱਢ ਮਾਰੀਆਂ। ਵੱਡੇ-ਵੱਡੇ ਮਾਰਗ ਪੰਜਾਬ ਦੀ ਛਾਤੀ ਚੀਰ ਕੇ ਬਣਾਏ ਜਾਣ ਲੱਗੇ ਹਨ। ਹਾਈਵੇ ਥਾਂ-ਥਾਂ ਬਣਾਕੇ ਕਿਸਾਨਾਂ ਦੀ ਜ਼ਮੀਨ ਕਿਧਰੇ ਟੋਟਿਆਂ 'ਚ ਵੰਡੀ ਜਾ ਰਹੀ ਹੈ ਅਤੇ ਕਿਧਰੇ ਹਾਈਵੇਜ਼ ਬਣਾਏ ਜਾ ਰਹੇ ਹਨ। ਪਰ ਇਹਨਾਂ ਹਾਈਵੇਜ਼ ਦਾ ਫ਼ਾਇਦਾ ਕਿਸਨੂੰ ਹੋਏਗਾ? ਕੀ ਪੰਜਾਬ ਨੂੰ? ਕੀ ਪੰਜਾਬੀਆਂ ਨੂੰ? ਜਾਂ ਫਿਰ ਕਾਰਪੋਰੇਟਾਂ ਨੂੰ, ਜੋ ਇਥੋਂ ਅਤੇ ਲਾਗਲੇ ਸੂਬਿਆਂ 'ਚੋਂ ਕੱਚਾ ਮਾਲ ਢੋਕੇ ਵੱਧ ਮੁਨਾਫ਼ਾ ਕਮਾਉਣਗੇ। 'ਤੇ ਕਿਸਾਨ ਜਿਹਨਾਂ ਦੀ ਜ਼ਮੀਨ ਖੋਈ ਜਾਣੀ ਹੈ, ਦਿਹਾੜੀਆਂ ਕਰਨ'ਤੇ ਮਜ਼ਬੂਰ ਹੋ ਜਾਣਗੇ। ਕੀ ਇਸ ਨਾਲ ਪੰਜਾਬ ਖੁਸ਼ਹਾਲ ਹੋਏਗਾ? ਕੀ ਇਥੋਂ ਦੇ ਨੌਜਵਾਨਾਂ ਨੂੰ ਇਸ ਨਾਲ ਕੋਈ ਰੁਜ਼ਗਾਰ ਮਿਲੇਗਾ?

ਪੰਜਾਬ ਦੀ ਸਥਿਤੀ ਗੰਭੀਰ ਹੈ! ਨੌਜਵਾਨ ਹਰ ਹੀਲੇ ਸੂਬੇ 'ਚੋਂ ਭੱਜਣਾ ਚਾਹੁੰਦੇ ਹਨ, ਕਿਉਂਕਿ ਉਹਨਾਂ ਨੂੰ ਆਪਣਾ ਭਵਿੱਖ ਇੱਥੇ ਸਾਵਾਂ, ਸੁਖਾਵਾਂ ਨਹੀਂ ਦਿਸਦਾ। ਪੰਜਾਬ ਦੇ ਪਿੰਡ ਅਤੇ ਹੁਣ ਤਾਂ ਸ਼ਹਿਰਾਂ 'ਚ ਵੀ ਨਸ਼ਿਆਂ ਦਾ ਅਤਿਅੰਤ ਬੋਲਬਾਲਾ ਹੈ। ਵਿਦੇਸ਼ ਗਏ ਨੌਜਵਾਨਾਂ ਦੇ ਮਾਪੇ ਇਕੱਲਤਾ ਦਾ ਜੀਵਨ ਬਿਤਾ ਰਹੇ ਹਨ। ਵਿਦੇਸ਼ ਵਸਦੇ ਪੰਜਾਬੀ ਆਪਣੀ ਜ਼ਮੀਨ ਜਾਇਦਾਦ ਵੇਚਣ ਲਈ ਪੰਜਾਬ ਆਉਂਦੇ, ਇਹ ਕਹਿੰਦੇ ਸੁਣੀਂਦੇ ਹਨ ਕਿ ਉਹਨਾਂ ਦੀ ਔਲਾਦ ਨੇ ਪੰਜਾਬ ਨਹੀਂ ਪਰਤਣਾ, ਹੁਣ ਪੰਜਾਬ "ਰਹਿਣਯੋਗ" ਨਹੀਂ ਰਿਹਾ। ਆਪਣੀ ਜਨਮ ਭੂਮੀ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਇਹ ਪੰਜਾਬੀ ਆਖ਼ਿਰ ਸਾਡੇ ਹਾਕਮਾਂ, ਸਾਡੀਆਂ ਸਰਕਾਰਾਂ ਨੇ ਇੰਨੇ ਓਪਰਾਮ ਕਿਉਂ ਕਰ ਦਿੱਤੇ ਹਨ? ਕੀ ਦੋਸ਼ ਇਹਨਾਂ ਸਿਆਸਤਦਾਨਾਂ, ਹਾਕਮਾਂ ਦਾ ਨਹੀਂ ਹੈ, ਜਿਹਨਾਂ ਪੰਜਾਬ ਦੀ ਸੱਤਾ ਹਥਿਆਉਣ ਲਈ ਤਾਂ ਹਰ ਹੀਲਾ ਵਰਤਿਆ, ਪਰ ਇੱਥੇ ਅਮਨ ਕਾਨੂੰਨ ਦੀ ਸਥਿਤੀ ਸੁਖਾਵਾਂ ਕਰਨ, ਇੱਥੇ ਬੇਰੁਜ਼ਗਾਰੀ ਰੋਕਣ, ਇੱਥੇ ਦੇ ਵਾਤਾਵਰਨ ਨੂੰ ਸੁੰਦਰ ਪ੍ਰਦੂਸ਼ਣ ਰਹਿਤ ਬਣਾਉਣ ਲਈ ਢਿੱਡੋਂ ਯਤਨ ਨਹੀਂ ਕੀਤਾ। ਕੀਤਾ ਹੁੰਦਾ ਤਾਂ ਅੱਜ ਪੰਜਾਬ ਦੇ ਵਿਦੇਸ਼ ਵਸਦੇ ਪੰਜਾਬੀ ਆਪਣੇ ਪੰਜਾਬ ਨੂੰ ਹਿੱਕ ਨਾਲ ਲਾਉਂਦੇ।

ਅਜ਼ਾਦੀ ਦੇ 78 ਵਰ੍ਹਿਆਂ ਬਾਅਦ ਪੰਜਾਬ ਅੱਜ ਵੀ ਵਿਕਾਸ ਪੱਖੋਂ ਊਣਾ ਹੈ। ਸਿੱਖਿਆ ਪੱਖੋਂ ਪਿਛੇ ਹੈ। ਉਦਯੋਗ ਵਿੱਚ ਤਾਂ ਇਸਦਾ ਥਾਂ ਹੀ ਕੋਈ ਨਹੀਂ। ਤੇ ਫੇਰ ਰੁਜ਼ਗਾਰ ਕਿੱਥੋਂ ਮਿਲੂ? ਆਮ ਸਿਹਤ ਸੁਵਿਧਾਵਾਂ, ਕਹਿਣ ਲਈ ਵੱਡੀਆਂ ਦਿਸ ਰਹੀਆਂ ਹੋਣਗੀਆਂ, ਪਰ ਕੀ ਇਹ ਆਮ ਆਦਮੀ ਦੀ ਪਹੁੰਚ 'ਚ ਹਨ?

ਕੀ ਸਿੱਖਿਆ, ਸਿਹਤ, ਵਾਤਾਵਰਨ ਅਤੇ ਪੰਜਾਬ ਦੇ ਪਾਣੀਆਂ ਅਤੇ ਹੋਰ ਹੱਕਾਂ ਦੀ ਰਾਖੀ, ਉਦਯੋਗਿਕ ਵਿਕਾਸ ਲਈ ਪਿਛਲੀਆਂ ਤਿੰਨ ਸਰਕਾਰਾਂ ਦੇ ਉੱਦਮ ਉਪਰਾਲੇ ਜਾਂ ਕੋਸ਼ਸ਼ਾਂ ਸਾਰਥਕ ਸਨ। ਬਾਦਲ ਦੀ ਅਗਵਾਈ ਵਾਲੀ (2012-17) ਦੀ ਸਰਕਾਰ ਕੇਂਦਰ ਸਰਕਾਰ 'ਚ ਭਾਜਪਾ ਸਰਕਾਰ ਹੋਣ ਦੇ ਬਾਵਜੂਦ 'ਨਾ ਕੋਈ ਵੱਡਾ ਪ੍ਰਾਜੈਕਟ' ਪੰਜਾਬ ਲਿਆ ਸਕੀ ਅਤੇ ਨਾ ਹੀ ਚੰਡੀਗੜ੍ਹ ਪੰਜਾਬ ਨੂੰ ਦੁਆ ਸਕੀ। ਭਾਸ਼ਾ ਦੇ ਆਧਾਰ ਉੱਤੇ ਬਣੇ ਸੂਬੇ ਪੰਜਾਬ ਲਈ ਸੰਘਰਸ਼ ਕਰਨ ਵਾਲੀ ਪਾਰਟੀ ਪੰਜਾਬੀ ਨੂੰ ਵੀ ਦਫ਼ਤਰਾਂ, ਅਦਾਲਤਾਂ 'ਚ ਲਾਗੂ ਨਾ ਕਰ ਸਕੀ। ਦਰਿਆਈ ਪਾਣੀਆਂ ਦਾ ਮਸਲਾ ਦਿੱਲੀ ਹਾਕਮਾਂ ਤੋਂ ਹੱਲ ਨਾ ਕਰਵਾ ਸਕੀ। ਨਸ਼ਿਆਂ ਦਾ ਚਲਨ ਇਸ ਸਰਕਾਰ ਵੇਲੇ ਵਧਿਆ। ਨੌਜਵਾਨਾਂ 'ਚ ਨਿਰਾਸ਼ਤਾ ਵਧੀ। ਸੂਬਾ ਕਰਜ਼ਾਈ ਹੋਇਆ ਅਤੇ ਨਸ਼ਿਆਂ ਤੋਂ ਮੁਕਤੀ ਕੁਝ ਦਿਨਾਂ 'ਚ ਦੇਣ ਦੇ ਨਾਹਰੇ ਦੇ ਕੇ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਦੀ ਸਰਕਾਰ (2017-2022) ਪੰਜੇ ਵਰ੍ਹੇ ਨਸ਼ਾ ਮੁਕਤ ਪੰਜਾਬ, ਦਾ ਨਾਹਰਾ ਦਿੰਦੀ ਰਹੀ। ਗੱਲੀਂ ਬਾਤੀ ਭਾਜਪਾ ਦੀ ਕੇਂਦਰ ਸਰਕਾਰ ਨਾਲ ਲੜਦੀ ਰਹੀ, ਅਸੰਬਲੀ 'ਚ ਮਤੇ ਵੀ ਪਾਉਂਦੀ ਰਹੀ, ਪਰ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦਾ ਮਸਲਾ ਹੱਲ ਕਰ ਸਕੀ, ਨਾ ਪੰਜਾਬ ਦੇ ਪਾਣੀਆਂ ਦਾ। ਨੌਜਵਾਨਾਂ ਦੀ ਬੇਰੁਜ਼ਗਾਰੀ, ਨਸ਼ਿਆਂ ਦੀ ਦਲਦਲ 'ਚ ਫਸਣ ਅਤੇ ਵਿਦੇਸ਼ਾਂ ਵੱਲ ਭੱਜਣ ਦਾ ਰੁਝਾਨ ਉਹਨਾਂ ਦੇ ਸਮੇਂ ਚਰਮ ਸੀਮਾਂ 'ਤੇ ਪੁੱਜਿਆ।

ਮੌਜੂਦਾ ਸਰਕਾਰ (2022 ਤੋਂ ਹੁਣ ਤੱਕ) ਇਹਨਾਂ ਮਸਲਿਆਂ 'ਚ ਵੱਡੇ ਨਾਹਰੇ ਲਾਉਂਦੀ ਰਹੀ। ਨਸ਼ਾ ਮੁਕਤੀ ਲਈ ਵੱਡੇ ਪ੍ਰਾਜੈਕਟ ਉਲੀਕਦੀ ਰਹੀ, ਪਰ ਹੱਥ ਪੱਲੇ ਕੀ ਪਿਆ? ਵਿਸ਼ਲੇਸ਼ਣ ਦਾ ਵਿਸ਼ਾ ਹੈ। ਪੰਜਾਬ ਸਿਰ ਕਰਜ਼ਾ ਵਧਿਆ ਹੈ। ਬੇਰੁਜ਼ਗਾਰੀ ਦੀ ਦਰ ਨਹੀਂਓਂ ਘੱਟੀ। ਜ਼ਮੀਨੀ ਪੱਧਰ 'ਤੇ ਸਿਹਤ ਸਹੂਲਤਾਂ ਦੀ ਕਮੀ ਹੁਣ ਵੀ ਅਖਰਦੀ ਹੈ ਅਤੇ ਸਭ ਤੋਂ ਔਖੜ ਰਿਹਾ ਹੈ, ਚੁੱਭ ਰਿਹਾ ਹੈ ਸਿਆਸਤਦਾਨਾਂ ਦਾ ਵਿਵਹਾਰ। ਇੱਕ-ਦੂਜੇ ਪ੍ਰਤੀ ਸ਼ਰੀਕੇਬਾਜ਼ੀ ਵਾਲਾ ਵਰਤਾਓ ਨੈਤਿਕ ਕਦਰਾਂ-ਕੀਮਤਾਂ ਉਲੰਘਕੇ ਬੋਲੇ ਗਏ ਭੈੜੇ, ਭੜਕਾਊ, ਬੋਲ! ਸਿਆਸਤ ਵਿੱਚ "ਚੱਕ ਦਿਆਂਗੇ, ਮਿੱਧ ਦਿਆਂਗੇ" ਵਰਗੇ ਬੋਲ ਕੀ ਸੱਚਮੁੱਚ ਸਿਆਸਤ ਹੈ ਜਾਂ ਹੰਕਾਰੀ ਬੋਲ?

ਪੰਜਾਬ 'ਚ ਸਿਆਸਤਦਾਨ, ਇੱਕ-ਦੂਜੇ ਵਿਰੁੱਧ ਜਿਸ ਕਿਸਮ ਦੀ ਅਭੱਦਰ ਭਾਸ਼ਾ ਬੋਲਦੇ ਹਨ, ਉਹ ਸਿਆਣਿਆਂ ਵਾਲੀ ਭਾਸ਼ਾ ਨਹੀਂ, ਜਿਸ ਕਿਸਮ ਦੀ ਨੀਵੇਂ ਦਰਜੇ ਦੀ ਉਹ ਸਿਆਸਤ ਕਰਦੇ ਹਨ, ਉਹ ਸੱਚਮੁਚ ਸਹਿਣਯੋਗ ਨਹੀਂ। ਪਾਰਟੀਆਂ ਚੋਣਾਂ ਲੜਨ, ਆਪਣਾ ਚੋਣ ਪ੍ਰੋਗਰਾਮ ਦੇਣ! ਸਿਆਸਤੀ ਧਿਰਾਂ ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਬੇਰੁਜ਼ਗਾਰੀ ਦੀ ਗੱਲ ਕਰਨ। ਪੰਜਾਬ ਦੀ ਖੇਤੀ, ਕਿਸਾਨਾਂ, ਮਜ਼ਦੂਰਾਂ ਦੀ ਗੱਲ ਕਰਨ, ਉਹਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਪ੍ਰੋਗਰਾਮ ਦੇਣ। ਪੰਜਾਬ 'ਚ ਚੰਗੇ ਸ਼ਾਸ਼ਨ ਪ੍ਰਬੰਧ ਅਤੇ ਭ੍ਰਿਸ਼ਟਾਚਾਰ ਮੁਕਤੀ ਦੀ ਗੱਲ ਕਰਨ ਜੋ ਹੁਣ ਸਾਡੀ ਨਸ-ਨਸ 'ਚ ਦੌੜ ਰਿਹਾ ਹੈ। ਪੰਜਾਬ ਦੇ ਪਿੰਡਾਂ ਦੇ ਸਮੂਹਿਕ ਵਿਕਾਸ ਦੀ ਗੱਲ ਕਰਨ, ਪੰਜਾਬ 'ਚੋਂ ਧੜੇਬੰਦੀ ਖ਼ਤਮ ਕਰਕੇ ਆਪਸੀ ਸਹਿਹੋਂਦ ਬਣਾਉਣ ਦੀ ਬਾਤ ਪਾਉਣ । ਪੰਜਾਬ 'ਚ ਖੇਤੀ ਉਦਯੋਗ ਲਿਆਉਣ ਦਾ ਖਾਕਾ ਤਿਆਰ ਕਰਨ। ਮਾਂ-ਬੋਲੀ ਪੰਜਾਬੀ ਅਤੇ ਸੱਭਿਆਚਾਰ ਦੇ ਵਿਕਾਸ ਲਈ, ਡਿਜ਼ੀਟਲ ਸਹੂਲਤਾਂ ਦੇ ਵਿਕਾਸ ਲਈ ਪ੍ਰੋਗਰਾਮ ਉਲੀਕਣ ਅਤੇ ਸਾਂਝੇ ਪਲੇਟਫਾਰਮ 'ਤੇ ਚਰਚਾ ਕਰਨ। ਕਿਉਂ ਨਾ ਚਰਚਾ ਕਰਨ ਪੰਜਾਬ ਦੇ ਸਾਰੇ ਸਿਆਸਤਦਾਨ ਪੰਜਾਬ ਦੇ ਖੋਹੇ ਗਏ ਹੱਕਾਂ ਦੀ ਇੱਕ-ਜੁੱਟ ਹੋਕੇ, ਇਸ ਨਾਲ ਹੋ ਰਹੇ ਵਿਤਕਰਿਆਂ ਦੀ, ਭਾਵੇਂ ਉਹ ਕੇਂਦਰ 'ਚ ਰਾਜ ਕਰਨ ਵਾਲੀ ਪਾਰਟੀ ਦੇ ਸਰਗਰਮ ਮੈਂਬਰ ਹੀ ਕਿਉਂ ਨਾ ਹੋਣ?

ਪੰਜਾਬ ਦੇ ਭੱਦਰਪੁਰਸ਼ ਸਿਆਸਤਦਾਨੋ, ਕੰਧ 'ਤੇ ਲਿਖਿਆ ਪੜ੍ਹਨ ਦੀ ਲੋੜ ਹੈ। ਪੰਜਾਬ ਦੇ ਲੋਕ ਹਰ ਉਸ ਨਵੀਂ ਚੀਜ਼ ਨੂੰ ਜੀਅ ਆਇਆਂ ਆਖਦੇ ਹਨ, ਜਿਹੜੀ ਉਹਨਾਂ ਦੇ ਮਨ ਨੂੰ ਭਾਉਂਦੀ ਹੈ। ਪਰ ਹਰ ਉਸ ਚੀਜ਼ ਨੂੰ ਫਿਟਕਾਰ ਦਿੰਦੇ ਹਨ, ਜਿਹੜੇ ਇਸ ਸੂਬੇ ਦੇ ਵਸ਼ਿੰਦਿਆਂ 'ਚ ਪਾੜ ਪਾਉਂਦੀ ਹੈ, ਭਾਈਚਾਰਕ ਸਾਂਝ ਨੂੰ ਪਿੰਜਦੀ ਹੈ ਅਤੇ ਸੂਬੇ ਦੇ ਹਿੱਤਾਂ ਦੇ ਖ਼ਿਲਾਫ ਹੈ। ਭਾਈ, ਨਹੀਂਓ ਚੰਗੇ ਹਾਲਾਤ ਪੰਜਾਬ ਦੇ। ਸੇਵਾ ਭਾਵਨਾ ਵਾਲੇ ਸਿਆਸਤਦਾਨ, ਬੁੱਧੀਜੀਵੀ ਸਿਆਣੇ ਹਾਲਾਤਾਂ ਨੂੰ ਸਮਝਣਗੇ ਤਾਹੀਓਂ ਪੂਰੇ ਦੀ ਵਗਦੀ ਗਰਮ ਹਵਾ ਰੁਕੇਗੀ। ਪੱਛੋਂ ਦੀਆਂ ਠੰਢੀਆਂ ਹਵਾਵਾਂ ਆਉਣਗੀਆਂ। ਪੰਜਾਬ 'ਚ ਮੁੜ ਖੁਸ਼ਹਾਲੀ ਆਏਗੀ। ਵੇਲਾ ਭੈੜੀ ਸਿਆਸਤ ਦਾ ਨਹੀਂ, ਪੰਜਾਬ ਨੂੰ ਸੰਭਾਲਣ ਲਈ ਇੱਕ-ਮੁੱਠ ਹੋ ਕੇ ਯਤਨ ਕਰਨ ਦਾ ਹੈ। ਕਲਮਾਂ ਵਾਲਿਓ, ਰਤਾ ਆਪਣੀ ਕਲਮ ਦੇ ਬੋਲ, ਲੋਕਾਂ ਦੇ ਬੋਲਾਂ ਵਰਗੇ ਬਣਨ ਲਈ ਤੁਸੀਂ ਵੀ ਤਾਂ ਸੁਪਨਈ ਨੀਂਦ 'ਚੋਂ ਬਾਹਰ ਆਓ!

Iqbal Singh Lalpura
Mobile 9780003333

# Living in Past Glory or Guilt?



History is both a mirror and a burden. A community that forgets its history loses direction; a community that clings blindly to it loses balance. The Sikh Panth today stands at such a crossroads ,between remembrance and renewal, between pride and introspection. The question before us is simple yet profound ,Are we living in past glory, or in silent guilt?

The Sikh story is unique in the annals of world history. Guru Nanak Dev Ji did not merely preach spirituality; he initiated a civilizational transformation. He envisioned a society where human beings rise above fear, falsehood, and oppression,becoming, in essence, angels on earth. His message was not confined to ritual but extended to social justice, economic fairness, and moral courage. It was a call to reshape human conduct itself.

This vision was nurtured and defended through unparalleled sacrifice. From the martyrdom of Guru Arjan Dev Ji to the supreme sacrifice of Guru Tegh Bahadur Ji, the Sikh path was forged in resistance against tyranny. The creation of the Khalsa by Guru Gobind Singh Ji in 1699 was not merely a religious event; it was the birth of a new human order, fearless, disciplined, and sovereign in spirit.

Baba Banda Singh Bahadur carried forward this revolution into the political domain. By defeating Mughal authority and establishing a just and progressive state in 1710, he translated Sikh ideals into governance. Land reforms, justice for peasants, and dignity for the oppressed marked his rule. Yet, this assertion of equality enraged the Mughal establishment. What followed was one of the most brutal persecutions in history—orders to kill Sikhs on sight, rewards for their capture, and systematic attempts to annihilate their identity. Mothers saw their children martyred; entire families were wiped out. But the spirit of the Khalsa did not bend.

Out of this crucible emerged resilience. The Dal Khalsa organized itself into Eleven" Misls "confederacies bound by shared faith and purpose. Though politically autonomous, they retained a collective identity under leaders like Nawab Kapur Singh and later Jassa Singh Ahluwalia, who came to be known as Sultan-ul-Quam. This period, though turbulent, demonstrated a rare model of decentralized yet unified governance.

In 1783, the Khalsa forces entered Delhi and symbolically claimed sovereignty. This was not merely a military achievement,it was the restoration of dignity to a people who had been hunted as outlaws. It marked the psychological transformation from persecution to power.

Yet history does not end with victory,it begins a new test. From the Sukerchakia Misl arose Maharaja Ranjit Singh, who unified Punjab and established a powerful empire in 1801. His rule remains one of the finest examples of inclusive governance. His court included Sikhs, Hindus, Muslims, and Europeans; merit was valued over identity. He repaired temples, gurdwaras, and mosques alike. His policies reflected not religious dominance but civilizational balance.

His empire stretched from the Khyber Pass to the Sutlej,a formidable barrier against invasions. Yet his greatest achievement was not territorial expansion but internal stability. He understood that sovereignty required unity, discipline, and vision.

However, the seeds of decline lay within. Despite his efforts to reconcile rival chiefs, even symbolically exchanging turbans to signify brotherhood, mistrust persisted. Some Sikh rulers, driven by insecurity or ambition, aligned themselves with the East India Company. Protection was sought at the cost of independence—a decision that would prove fatal.

The British, masters of strategic manipulation, exploited these divisions. Diplomacy masked ambition; treaties concealed intent. After Maharaja Ranjit Singh's death in 1839, the empire quickly descended into intrigue and instability. Within a decade, by 1849, Punjab was annexed.

The fate of Maharaja Duleep Singh symbolizes this collapse. A child ruler dethroned, converted, and exiled,separated from his land, faith, and identity. This was not merely political conquest; it was cultural dislocation.

From 1849 onward, Sikh sovereignty ceased. In its place emerged a class of loyalist elites, princes and chiefs who aligned themselves with British authority. They were rewarded with titles, estates, and ceremonial prestige. Many supported British campaigns, including the World Wars. Some even distanced themselves from India's freedom struggle. A new leadership class was cultivated, one that often prioritized privilege over Panthic responsibility.

Here arises a critical question: what did this loyalty yield for the Sikh community?

Where were the institutions for mass education? Where was the systematic effort to empower rural Sikh youth? Where was the vision to ensure representation in governance and administration? While individuals excelled, collective advancement remained limited. This disconnect between prestige and purpose leads us to the central dilemma ,are we celebrating inherited glory, or concealing historical guilt?

Sikh philosophy rejects hereditary privilege. The Khalsa was created to dismantle hierarchies, not preserve them. Guru Gobind Singh Ji empowered the ordinary individual, declaring that even the most humble could rise to greatness. His vision was revolutionary: sovereignty of character, not lineage.

"I shall make sparrows hunt hawks"this was not metaphor alone; it was social transformation. The Guru elevated the marginalized, creating a community where dignity was earned through conduct, not birth.

Yet over time, sections of society drifted toward aristocratic identity,claiming "blue blood" and inherited leadership. This contradicts the very foundation of Sikh thought. The Khalsa democratized power; it did not sanctify privilege.

The example of Bhai "Jaita"later honored as Bhai Jiwan Singh, remains timeless. A man from a so-called lower caste carried the severed head of Guru Tegh Bahadur Ji at great personal risk. The Guru's acknowledgment, "Rangreta Guru Ka Beta," shattered caste hierarchy forever. It established that devotion, not descent, defines greatness.

Philosophically, this dilemma mirrors existential thought. Jean-Paul Sartre observed, "Freedom is what you do with what's been done to you." The Sikh community inherited both glory and suffering. But what has it done with this inheritance? Has it built institutions of excellence? Has it cultivated ethical leadership? Or has it allowed symbolic pride to replace substantive progress?

There is also a psychological dimension. Communities that experience loss of sovereignty often oscillate between nostalgia and denial. Some glorify the past to escape present challenges; others avoid introspection altogether. But neither path leads to renewal. Honest reflection is essential.

The Gurdwara Reform Movement of the 1920s was a turning point, reclaiming religious institutions from corruption. Yet over time, even these institutions became entangled in politics. The focus shifted from spiritual guidance and scholarship to power struggles. The result was a weakening of intellectual and moral leadership.

Today, the Sikh Panth faces a new reality. The challenges are not of survival but of direction. The youth seek opportunities, education, and global engagement. They need leadership that understands economics, governance, and technology,while remaining rooted in Gurmat values.

The Danish philosopher Soren Kierkegaard wisely said, "Life can only be understood backwards; but it must be lived forwards." Sikh history provides inspiration, but Sikh destiny demands action.

The Khalsa Raj was not meant to be a memory, it was a model. Maharaja Ranjit Singh's governance demonstrated pluralism, meritocracy, and discipline. If we invoke his name, we must emulate his principles.

Another concern is cultural erosion. There was a time when the Sikh identity,distinct in appearance and conduct commanded respect worldwide. Today, there is a visible drift. The fear once expressed by colonial observers—that Sikhs might lose their distinct identity,appears increasingly relevant.

This is not merely about external symbols; it reflects internal weakening. Identity must be reinforced through education, awareness, and pride rooted in understanding ,not compulsion.

So where do we stand today?

If there is pride in our past, it must inspire responsibility. If there is guilt in our decline, it must generate resolve. The Panth cannot afford complacency.

Leadership must shift from inheritance to merit, from symbolism to substance, from division to unity. The Gurus envisioned a collective, bound by shared values, not fragmented by ego.

The future demands a new awakening. Institutions must be strengthened. Youth must be empowered. History must be studied not as nostalgia but as guidance.

The Panth does not need inherited crowns,it needs awakened consciences.

The final question is not about what we were. It is about what we choose to become.

Will we remain prisoners of nostalgia?

Or will we rise as heirs of courage?

The Gurus did not create rulers by blood; they created saint-soldiers by character.

The time has come to choose leadership not by lineage, but by light. Let us awaken, unite, and move forward,to preserve, practice, and promote the angelic vision bestowed upon us.

*Former Chairman National Commission for Minorities Government of India*

# ਕਾਬਿਲ ਜਾਂ ਕਾਤਲ ਬਣਨਗੇ ਭਵਿੱਖ ਵਿੱਚ ਬਣਨ ਵਾਲੇ ਡਾਕਟਰ.... ?

**ਸੰਦੀਪ ਕੁਮਾਰ**
7009807121



ਭਾਰਤ ਵਿੱਚ ਡਾਕਟਰੀ ਪੇਸ਼ੇ ਨੂੰ ਹਮੇਸ਼ਾ ਉੱਚੇ ਨੈਤਿਕ ਅਤੇ ਵਿਗਿਆਨਕ ਮਿਆਰਾਂ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਡਾਕਟਰ ਨੂੰ ਭਗਵਾਨ ਦਾ ਰੂਪ ਮੰਨਿਆ ਜਾਂਦਾ ਹੈ ਕਿਉਂਕਿ ਉਹ ਜਾਨਾਂ ਬਚਾਉਂਦੇ ਹਨ ਅਤੇ ਬਿਮਾਰੀਆਂ ਨੂੰ ਦੂਰ ਕਰਦੇ ਹਨ। ਪਰ ਮੌਜੂਦਾ ਸਮੇਂ ਵਿੱਚ ਡਾਕਟਰੀ ਸਿੱਖਿਆ ਪ੍ਰਣਾਲੀ ਵਿੱਚ ਆ ਰਹੀਆਂ ਤਬਦੀਲੀਆਂ ਅਤੇ ਵਿਵਾਦਾਂ ਨੇ ਇਸ ਪੇਸ਼ੇ ਦੀ ਸਾਖ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਖਾਸ ਕਰਕੇ ਨੀਟ ਪੀਜੀ ਪ੍ਰੀਖਿਆ ਵਿੱਚ ਨੈਗੇਟਿਵ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਰਾਖਵੇਂ ਕੋਟੇ ਅਧੀਨ ਸੀਟਾਂ ਅਲਾਟ ਕੀਤੇ ਜਾਣ ਨੇ ਇੱਕ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਹ ਸਵਾਲ ਉੱਠ ਰਿਹਾ ਹੈ ਕਿ ਅਜਿਹੇ ਵਿਦਿਆਰਥੀ ਭਵਿੱਖ ਵਿੱਚ ਕਾਬਲ ਡਾਕਟਰ ਬਣਨਗੇ ਜਾਂ ਅਣਜਾਣੇ ਵਿੱਚ ਕਾਤਲ? ਇਸ ਲੇਖ ਵਿੱਚ ਅਸੀਂ ਇਸ ਮੁੱਦੇ ਨੂੰ ਵਿਸਥਾਰ ਨਾਲ ਵਿਚਾਰਾਂਗੇ ਅਤੇ ਵੇਖਾਂਗੇ ਕਿ ਰਾਖਵਾਂਕਰਨ ਪ੍ਰਣਾਲੀ ਦੇ ਨਾਂ ਹੇਠ ਸਮਾਜ ਨੂੰ ਕਿਸ ਤਰ੍ਹਾਂ ਨੁਕਸਾਨ ਪਹੁੰਚ ਰਿਹਾ ਹੈ।

ਹਾਲ ਹੀ ਵਿੱਚ ਨੀਟ ਪੀਜੀ 2025 ਪ੍ਰੀਖਿਆ ਵਿੱਚ ਕਟ-ਆਫ ਨੂੰ ਬਹੁਤ ਨੀਵਾਂ ਕਰ ਦਿੱਤਾ ਗਿਆ ਹੈ, ਜਿਸ ਨਾਲ ਨੈਗੇਟਿਵ ਅੰਕ ਵਾਲੇ ਵਿਦਿਆਰਥੀ ਵੀ ਯੋਗ ਘੋਸ਼ਿਤ ਹੋ ਗਏ ਹਨ। ਨੈਸ਼ਨਲ ਬੋਰਡ ਆਫ ਐਗਜ਼ਾਮੀਨੇਸ਼ਨਜ਼ ਇਨ ਮੈਡੀਕਲ ਸਾਇੰਸਿਜ਼ (ਐੱਨਬੀਈਐੱਮਐੱਸ) ਨੇ ਐਲਾਨ ਕੀਤਾ ਕਿ ਜਨਰਲ ਕੈਟਾਗਰੀ ਲਈ ਕਟ-ਆਫ 7ਵੇਂ ਪਰਸੈਂਟਾਈਲ ਤੱਕ ਘਟਾਇਆ ਗਿਆ ਹੈ, ਜੋ ਲਗਭਗ 103 ਅੰਕਾਂ ਦੇ ਬਰਾਬਰ ਹੈ। ਪਰ ਐੱਸਸੀ/ਐੱਸਟੀ/ਓਬੀਸੀ ਵਰਗਾਂ ਲਈ ਸਾਰੇ ਉਮੀਦਵਾਰਾਂ ਨੂੰ ਯੋਗ ਮੰਨ ਲਿਆ ਗਿਆ ਹੈ, ਭਾਵੇਂ ਉਹਨਾਂ ਦੇ ਅੰਕ ਨੈਗੇਟਿਵ ਹੀ ਕਿਉਂ ਨਾ ਹੋਣ। ਇਸ ਨਾਲ ਮਾਈਨਸ 40 ਤੱਕ ਨੈਗੇਟਿਵ ਅੰਕ ਵਾਲੇ ਵਿਦਿਆਰਥੀ ਵੀ ਕਾਉਂਸਲਿੰਗ ਵਿੱਚ ਹਿੱਸਾ ਲੈ ਸਕਦੇ ਹਨ। ਇਹ ਤਬਦੀਲੀ ਪਹਿਲਾਂ ਵਾਲੇ ਮਿਆਰਾਂ ਤੋਂ ਬਹੁਤ ਵੱਖਰੀ ਹੈ, ਜਿੱਥੇ ਜਨਰਲ ਵਰਗ ਲਈ 50ਵਾਂ ਪਰਸੈਂਟਾਈਲ ਅਤੇ ਰਾਖਵੇਂ ਵਰਗਾਂ ਲਈ 40ਵਾਂ ਪਰਸੈਂਟਾਈਲ ਜ਼ਰੂਰੀ ਸੀ। ਇਸ ਫੈਸਲੇ ਨੇ ਮੈਡੀਕਲ ਭਾਈਚਾਰੇ ਵਿੱਚ ਵੱਡਾ ਵਿਰੋਧ ਪੈਦਾ ਕੀਤਾ ਹੈ ਅਤੇ ਸਮਾਜਿਕ ਤੌਰ 'ਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ।

ਰਾਖਵਾਂਕਰਨ ਪ੍ਰਣਾਲੀ ਦਾ ਮੂਲ ਉਦੇਸ਼ ਸਮਾਜ ਦੇ ਵੰਚਿਤ ਵਰਗਾਂ ਨੂੰ ਉੱਚਾ ਚੁੱਕਣਾ ਅਤੇ ਉਹਨਾਂ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕਰਨਾ ਹੈ। ਇਹ ਇੱਕ ਚੰਗੀ ਸੋਚ ਹੈ ਅਤੇ ਭਾਰਤੀ ਸੰਵਿਧਾਨ ਵਿੱਚ ਵੀ ਇਸ ਨੂੰ ਮਾਨਤਾ ਮਿਲੀ ਹੈ। ਪਰ ਮੌਜੂਦਾ ਸਰਕਾਰਾਂ ਇਸ ਪ੍ਰਣਾਲੀ ਨੂੰ ਵੋਟ ਬੈਂਕ ਵਜੋਂ ਵਰਤ ਰਹੀਆਂ ਹਨ। ਉਹ



ਵੰਚਿਤ ਵਰਗਾਂ ਨੂੰ ਉੱਚਾ ਚੁੱਕਣ ਦੇ ਨਾਂ ਹੇਠ ਅਜਿਹੇ ਫੈਸਲੇ ਲੈ ਰਹੀਆਂ ਹਨ ਜੋ ਨਾ ਸਿਰਫ਼ ਮੈਰਿਟ ਨੂੰ ਨੁਕਸਾਨ ਪਹੁੰਚਾਉਂਦੇ ਹਨ ਬਲਕਿ ਪੂਰੇ ਸਮਾਜ ਦੀ ਸਿਹਤ ਪ੍ਰਣਾਲੀ ਨੂੰ ਖਤਰੇ ਵਿੱਚ ਪਾ ਰਹੇ ਹਨ। ਨੀਟ ਪੀਜੀ ਵਿੱਚ ਮਾਈਨਸ 12 ਅੰਕ ਵਾਲੇ ਉਮੀਦਵਾਰ ਨੂੰ ਐੱਮਡੀ ਫਿਜ਼ੀਓਲਾਜੀ ਵਿੱਚ ਏ.ਸੀ.ਐੱਸ. ਮੈਡੀਕਲ ਕਾਲਜ, ਚੇਨਈ ਵਿੱਚ ਓਬੀਸੀ ਵਰਗ ਅਧੀਨ ਸੀਟ ਅਲਾਟ ਹੋਈ ਹੈ। ਇਸੇ ਤਰ੍ਹਾਂ ਮਾਈਨਸ 8 ਅੰਕ ਵਾਲੇ ਨੂੰ ਐੱਸਟੀ ਵਰਗ ਅਧੀਨ ਗਵਰਨਮੈਂਟ ਮੈਡੀਕਲ ਕਾਲਜ, ਹਲਦਵਾਨੀ ਵਿੱਚ ਐੱਮਡੀ ਬਾਇਓਕੈਮਿਸਟਰੀ ਵਿੱਚ ਸੀਟ ਮਿਲੀ ਹੈ ਅਤੇ ਮਾਈਨਸ 5 ਅੰਕ ਵਾਲੇ ਨੂੰ ਸਿੰਬਾਇਓਸਿਸ ਮੈਡੀਕਲ ਕਾਲਜ ਫਾਰ ਵੂਮੈਨ, ਪੁਣੇ ਵਿੱਚ ਸੀਟ ਮਿਲੀ ਹੈ। ਇਸੇ ਤਰ੍ਹਾਂ ਰੋਹਤਕ ਮੈਡੀਕਲ ਕਾਲਜ ਵਿੱਚ ਨੈਗੇਟਿਵ ਅੰਕ ਪ੍ਰਾਪਤ ਰਾਖਵੀਂ ਸ਼੍ਰੇਣੀ ਦੇ ਉਮੀਦਵਾਰਾਂ ਨੂੰ ਦਾਖਲੇ ਮਿਲੇ ਹਨ। ਇਹ ਉਦਾਹਰਣਾਂ ਦੱਸਦੀਆਂ ਹਨ ਕਿ ਕਿਵੇਂ ਨੈਗੇਟਿਵ ਅੰਕ ਵਾਲੇ ਵਿਦਿਆਰਥੀ ਡਾਕਟਰ ਬਣਨ ਜਾ ਰਹੇ ਹਨ।

ਹੁਣ ਸਵਾਲ ਇਹ ਉੱਠਦਾ ਹੈ ਕਿ ਅਜਿਹੇ ਡਾਕਟਰ ਭਵਿੱਖ ਵਿੱਚ ਕਾਬਲ ਹੋਣਗੇ ਜਾਂ ਉਹ ਅਣਜਾਣੇ ਵਿੱਚ ਮਰੀਜ਼ਾਂ ਦੀ ਜਾਨ ਨੂੰ ਖਤਰੇ ਵਿੱਚ ਪਾ ਸਕਦੇ ਹਨ? ਨੈਗੇਟਿਵ ਅੰਕ ਪ੍ਰਾਪਤ ਕਰਨਾ ਇਹ ਦਰਸਾਉਂਦਾ ਹੈ ਕਿ ਵਿਦਿਆਰਥੀ ਨੂੰ ਬੁਨਿਆਦੀ ਵਿਗਿਆਨਕ ਗਿਆਨ ਵੀ ਨਹੀਂ ਹੈ। ਨੀਟ ਪੀਜੀ ਵਿੱਚ 200 ਪ੍ਰਸ਼ਨ ਹੁੰਦੇ ਹਨ, ਹਰ ਸਹੀ ਜਵਾਬ ਲਈ ਪੋਜੀਟਿਵ 4 ਅੰਕ ਅਤੇ ਗਲਤ ਲਈ ਨੈਗਟਿਵ 1 ਅੰਕ। ਜੇਕਰ ਕੋਈ ਵਿਦਿਆਰਥੀ ਬਹੁਤ ਸਾਰੇ ਗਲਤ ਜਵਾਬ ਦਿੰਦਾ ਹੈ ਤਾਂ ਉਸ ਦੇ ਅੰਕ ਨੈਗੇਟਿਵ ਹੋ ਜਾਂਦੇ ਹਨ। ਅਜਿਹੇ ਵਿਦਿਆਰਥੀ ਨੂੰ ਪੋਸਟ ਗ੍ਰੈਜੂਏਟ ਮੈਡੀਕਲ ਸਿੱਖਿਆ ਵਿੱਚ ਦਾਖਲਾ ਦੇਣਾ ਇਹ ਯਕੀਨੀ ਬਣਾਉਂਦਾ ਹੈ ਕਿ ਭਵਿੱਖ ਵਿੱਚ ਉਹ ਗਲਤ ਨਿਦਾਨ ਜਾਂ ਇਲਾਜ ਕਰ ਸਕਦੇ ਹਨ, ਜਿਸ ਨਾਲ ਮਰੀਜ਼ਾਂ ਦੀ ਜਾਨ ਜਾ ਸਕਦੀ ਹੈ। ਇਹ ਨੁਕਸਾਨ ਸਿਰਫ਼ ਜਨਰਲ ਵਰਗ ਨਾਲ ਸੰਬੰਧਿਤ ਵਿਅਕਤੀਆਂ ਨੂੰ ਨਹੀਂ ਹੋਵੇਗਾ ਬਲਕਿ ਪੂਰੇ ਸਮਾਜ ਨੂੰ ਹੋਵੇਗਾ, ਕਿਉਂਕਿ ਡਾਕਟਰ ਸਾਰਿਆਂ ਲਈ ਹੁੰਦੇ ਹਨ। ਬੱਚਿਆਂ ਦੇ ਮਾਹਿਰ ਅਤੇ ਸਮਾਜ ਸੇਵੀ ਮਹਿਲਾ ਡਾਕਟਰ ਹਰਸ਼ਿੰਦਰ ਕੌਰ ਨੇ ਇਸ ਘਟਨਾ ਕ੍ਰਮ 'ਤੇ ਵਿਰੋਧ ਕਰਦੇ ਹੋਏ ਸ਼ੋਸ਼ਲ ਮੀਡੀਆ ਰਾਹੀ ਪ੍ਰਤੀਕਿਰਿਆ ਦਿੰਦੇ ਹੋਏ ਦੱਸਿਆ, ਕਿ ਕਿਸ ਤਰ੍ਹਾਂ ਇਸੇ ਪ੍ਰਣਾਲੀ ਰਾਹੀ ਚੁਣਕੇ ਬਣੇ ਡਾਕਟਰ ਦੇ ਇਲਾਜ ਰਾਹੀ ਉਹਨਾਂ ਦੇ ਪਤੀ ਦੇ ਪੈਰ ਦੀ ਸਥਿਤੀ ਕਿੰਨੀ ਜਿਆਦਾ ਵਿਗੜ ਗਈ ਸੀ।

ਇਹ ਘਟਨਾ ਪਹਿਲੀ ਵਾਰ ਨਹੀਂ ਵਾਪਰ ਰਹੀ ਹੈ। ਪਹਿਲਾਂ ਵੀ ਨੀਟ ਪੀਜੀ 2023 ਵਿੱਚ ਕਟ-ਆਫ ਨੂੰ ਜ਼ੀਰੋ ਪਰਸੈਂਟਾਈਲ ਤੱਕ ਘਟਾਇਆ ਗਿਆ ਸੀ, ਜਿਸ ਨਾਲ ਨੈਗੇਟਿਵ ਅੰਕ ਵਾਲੇ ਵੀ ਯੋਗ ਹੋ ਗਏ ਸਨ। ਨਾ ਸਿਰਫ਼ ਮੈਡੀਕਲ ਖੇਤਰ ਵਿੱਚ ਬਲਕਿ ਹੋਰ ਵਿਭਾਗਾਂ ਵਿੱਚ ਵੀ ਅਜਿਹਾ ਵਾਪਰਦਾ ਰਿਹਾ ਹੈ। ਉਦਾਹਰਨ ਵਜੋਂ, ਸਿੱਖਿਆ ਖੇਤਰ ਵਿੱਚ ਰਾਖਵਾਂਕਰਨ ਅਧੀਨ ਨੈਗੇਟਿਵ ਅੰਕ ਵਾਲੇ ਵਿਅਕਤੀ ਅਧਿਆਪਕ ਵਜੋਂ ਨੌਕਰੀ ਪ੍ਰਾਪਤ ਕਰ ਚੁੱਕੇ ਹਨ। ਹੁਣ ਸੋਚੋ, ਜੇਕਰ ਇੱਕ ਅਧਿਆਪਕ ਨੈਗੇਟਿਵ ਅੰਕ ਨਾਲ ਪਾਸ ਹੋ ਕੇ ਬੱਚਿਆਂ ਨੂੰ ਪੜ੍ਹਾਉਂਦਾ ਹੈ ਤਾਂ ਉਹ ਕਿਸ ਤਰ੍ਹਾਂ ਦੀ ਸਿੱਖਿਆ ਪ੍ਰਦਾਨ ਕਰੇਗਾ? ਕੀ ਉਹ ਬੱਚਿਆਂ ਨੂੰ ਸਕਾਰਾਤਮਕ ਅਤੇ ਗੁਣਵੱਤਾ ਵਾਲੀ ਵਿਦਿਆ ਦੇ ਸਕੇਗਾ? ਨਹੀਂ, ਇਹ ਸਿਰਫ਼ ਸਮਾਜ ਨੂੰ ਪਿੱਛੇ ਧੱਕੇਗਾ ਅਤੇ ਅਗਲੀ ਪੀੜ੍ਹੀ ਨੂੰ ਅਯੋਗ ਬਣਾਏਗਾ। ਇਸੇ ਤਰ੍ਹਾਂ ਡਾਕਟਰੀ ਵਿੱਚ ਅਜਿਹੇ ਵਿਅਕਤੀ ਆਉਣ ਨਾਲ ਸਿਹਤ ਸੇਵਾਵਾਂ ਦੀ ਗੁਣਵੱਤਾ ਘਟੇਗੀ ਅਤੇ ਲੋਕਾਂ ਦਾ ਵਿਸ਼ਵਾਸ ਟੁੱਟੇਗਾ।

ਸਰਕਾਰਾਂ ਦਾ ਤਰਕ ਹੈ ਕਿ ਇਹ ਫੈਸਲਾ ਵੈਕੇਂਟ ਸੀਟਾਂ ਨੂੰ ਭਰਨ ਲਈ ਲਿਆ ਗਿਆ ਹੈ। ਲਗਭਗ 18,000 ਤੋਂ ਵੱਧ ਪੀਜੀ ਸੀਟਾਂ ਵੈਕੈਂਟ ਸਨ, ਜਿਸ ਨਾਲ ਸਿੱਖਿਆ ਵਿਵਸਥਾ ਨੂੰ ਨੁਕਸਾਨ ਹੋ ਰਿਹਾ ਸੀ। ਪਰ ਕੀ ਵੈਕੇਂਟ ਸੀਟਾਂ ਭਰਨ ਲਈ ਮਿਆਰਾਂ ਨੂੰ ਇੰਨਾ ਨੀਵਾਂ ਕਰਨਾ ਜਾਇਜ਼ ਹੈ? ਕੀ ਇਹ ਨਹੀਂ ਹੋ ਸਕਦਾ ਕਿ ਅਜਿਹੀਆਂ ਸੀਟਾਂ ਨੂੰ ਅਗਲੇ ਸੈਸ਼ਨ ਲਈ ਰੱਖ ਲਿਆ ਜਾਵੇ ਜਾਂ ਮਿਆਰਾਂ ਨੂੰ ਥੋੜ੍ਹਾ ਹੀ ਘਟਾਇਆ ਜਾਵੇ? ਸੁਪਰੀਮ ਕੋਰਟ ਨੇ ਵੀ ਇਸ ਫੈਸਲੇ ਤੇ ਹੈਰਾਨੀ ਪ੍ਰਗਟ ਕੀਤੀ ਹੈ ਅਤੇ ਕੇਂਦਰ ਸਰਕਾਰ ਤੋਂ ਵਿਸਥਾਰਤ ਜਵਾਬ ਮੰਗਿਆ ਹੈ। ਕੋਰਟ ਨੇ ਕਿਹਾ ਹੈ ਕਿ ਇਹ ਮੈਡੀਕਲ ਮਿਆਰਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਸਕਦਾ ਹੈ। ਯੂਨਾਈਟਿਡ ਡਾਕਟਰਜ਼ ਫਰੰਟ ਵਰਗੇ ਸੰਗਠਨਾਂ ਨੇ ਪੀਆਈਐੱਲ ਦਾਇਰ ਕੀਤੀ ਹੈ ਅਤੇ ਇਸ ਨੂੰ ਸੰਵਿਧਾਨ ਵਿਰੋਧੀ ਦੱਸਿਆ ਹੈ।

ਰਾਖਵਾਂਕਰਨ ਨੂੰ ਬੰਦ ਨਹੀਂ ਕੀਤਾ ਜਾਣਾ ਚਾਹੀਦਾ ਪਰ ਇਸ ਨੂੰ ਵਧੇਰੇ ਵਿਗਿਆਨਕ ਅਤੇ ਨਿਰਪੱਖ ਬਣਾਉਣਾ ਚਾਹੀਦਾ ਹੈ। ਜੇਕਰ ਵੰਚਿਤ ਵਰਗਾਂ ਨੂੰ ਵਿਸ਼ੇਸ਼ ਸਹੂਲਤਾਂ ਦੇਣੀਆਂ ਹਨ ਤਾਂ ਉਹ ਸਿਰਫ਼ ਕਾਬਲ ਵਿਅਕਤੀਆਂ ਨੂੰ ਹੀ ਦਿੱਤੀਆਂ ਜਾਣ। ਰਾਖਵੇਂ ਵਰਗਾਂ ਵਿੱਚੋਂ ਵੀ ਬਹੁਤ ਸਾਰੇ ਵਿਦਿਆਰਥੀ ਉੱਚ ਅੰਕ ਪ੍ਰਾਪਤ ਕਰਦੇ ਹਨ ਅਤੇ ਉਹਨਾਂ ਨੂੰ ਮੌਕੇ ਮਿਲਣੇ ਚਾਹੀਦੇ ਹਨ। ਪਰ ਜੇਕਰ ਕੋਈ ਵੰਚਿਤ ਵਰਗ ਵਿੱਚ ਕਾਬਲ ਉਮੀਦਵਾਰ ਨਹੀਂ ਮਿਲਦਾ ਤਾਂ ਉਸ ਸੀਟ ਨੂੰ ਵੈਕੇਂਟ ਰੱਖ ਕੇ ਅਗਲੇ ਸੈਸ਼ਨ ਵਿੱਚ ਭਰਿਆ ਜਾਵੇ, ਨਾ ਕਿ ਅਯੋਗ ਵਿਅਕਤੀ ਨੂੰ ਦਿੱਤਾ ਜਾਵੇ। ਇਸ ਨਾਲ ਨਾ ਸਿਰਫ਼ ਵੰਚਿਤ ਵਰਗਾਂ ਨੂੰ ਫਾਇਦਾ ਹੋਵੇਗਾ ਬਲਕਿ ਸਮਾਜ ਨੂੰ ਵੀ ਗੁਣਵੱਤਾ ਵਾਲੇ ਪੇਸ਼ੇਵਰ ਮਿਲਣਗੇ। ਅਜਿਹਾ ਕਰਨ ਨਾਲ ਵੋਟ ਬੈਂਕ ਪਾਲਸੀ ਨੂੰ ਰੋਕਿਆ ਜਾ ਸਕੇਗਾ ਅਤੇ ਅਸਲ ਸਮਾਜਿਕ ਨਿਆਂ ਹੋਵੇਗਾ।


ਇਸ ਮੁੱਦੇ ਤੇ ਸਮਾਜ ਵਿੱਚ ਵੱਡਾ ਵਿਰੋਧ ਹੋ ਰਿਹਾ ਹੈ। ਸੋਸ਼ਲ ਮੀਡੀਆ ਤੇ ਡਾਕਟਰ ਅਤੇ ਵਿਦਿਆਰਥੀ ਇਸ ਨੂੰ ਚੁਣੌਤੀ ਦੇ ਰਹੇ ਹਨ। ਕੁਝ ਲੋਕ ਰਾਖਵਾਂਕਰਨ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਮੰਗ ਕਰ ਰਹੇ ਹਨ। ਵੋਟ ਬੈਂਕ ਦੀ ਰਾਜਨੀਤੀ ਦੇ ਚੱਲਦਿਆਂ ਰਾਜਨੀਤਿਕ ਪਾਰਟੀਆਂ, ਰਾਖਵਾਂਕਰਨ ਨੂੰ ਸਮਾਜਿਕ ਨਿਆਂ ਲਈ ਜ਼ਰੂਰੀ ਦੱਸ ਦੀਆਂ ਹਨ। ਪਰ ਮੌਜੂਦਾ ਸਮੇਂ ਦੀ ਮੰਗ ਅਨੁਸਾਰ ਇਸ ਨੂੰ ਸਮਾਜਿਕ ਮਿਆਰਾਂ ਨਾਲ ਜੋੜ ਕੇ ਰੱਖਣਾ ਚਾਹੀਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਵੰਚਿਤ ਵਰਗਾਂ ਲਈ ਬੁਨਿਆਦੀ ਸਿੱਖਿਆ ਅਤੇ ਕੋਚਿੰਗ ਵਿੱਚ ਨਿਵੇਸ਼ ਕਰਨ ਤਾਂ ਜੋ ਉਹ ਬਿਨਾਂ ਨੈਗੇਟਿਵ ਅੰਕਾਂ ਦੇ ਮੈਰਿਟ ਤੇ ਆ ਸਕਣ। ਇਸ ਨਾਲ ਅਸਲ ਤਰੱਕੀ ਹੋਵੇਗੀ ਅਤੇ ਸਮਾਜ ਵਿੱਚ ਬਰਾਬਰੀ ਆਵੇਗੀ।

ਅੰਤ ਵਿੱਚ, ਨੀਟ ਪੀਜੀ ਵਰਗੇ ਵਿਵਾਦਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਵੋਟ ਬੈਂਕ ਰਾਜਨੀਤੀ ਨੇ ਸਮਾਜ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਭਵਿੱਖ ਵਿੱਚ ਡਾਕਟਰ ਕਾਬਲ ਬਣਨ ਤਾਂ ਮਿਆਰਾਂ ਨੂੰ ਉੱਚਾ ਰੱਖਣਾ ਪਵੇਗਾ ਅਤੇ ਰਾਖਵਾਂਕਰਨ ਨੂੰ ਵਿਗਿਆਨਕ ਬਣਾਉਣਾ ਪਵੇਗਾ। ਨਹੀਂ ਤਾਂ ਇਹ ਪ੍ਰਣਾਲੀ ਨਾ ਸਿਰਫ਼ ਅਯੋਗ ਡਾਕਟਰ ਪੈਦਾ ਕਰੇਗੀ ਬਲਕਿ ਸਮਾਜ ਨੂੰ ਪੂਰਨ ਰੂਪ ਵਿੱਚ ਨੁਕਸਾਨ ਪਹੁੰਚਾਏਗੀ। ਸਮਾਂ ਆ ਗਿਆ ਹੈ ਕਿ ਸਰਕਾਰਾਂ ਅਤੇ ਨੀਤੀ ਨਿਰਮਾਤਾ ਇਸ ਤੇ ਧਿਆਨ ਦੇਣ ਅਤੇ ਬਰਾਬਰ ਮਾਪਦੰਡ ਤੈਅ ਕਰਨ, ਤਾਂ ਜੋ ਭਵਿੱਖ ਵਿੱਚ ਡਾਕਟਰ ਕਾਬਲ ਬਣਨ ਨਾ ਕਿ ਅਣਜਾਣੇ ਕਾਤਲ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# ਪਾਖੰਡੀ ਸਾਧਾਂ ਤੋਂ ਸਾਵਧਾਨ ਰਹਿਣ ਦੀ ਲੋੜ

ਪੂਰਨ ਚੰਦ ਸਰੀਨ



ਅਦਾਲਤਾਂ 'ਚ ਚੱਲ ਰਹੇ ਮੁਕੱਦਮਿਆਂ ਨੇ ਸ਼ਰਧਾਲੂਆਂ ਨੂੰ ਦੁਚਿੱਤੀ 'ਚ ਪਾਇਆ ਹੋਇਆ ਹੈ ਕਿ ਜਿਸ ਨੂੰ ਉਨ੍ਹਾਂ ਭਗਵਾਨ ਸਮਝਿਆ, ਉਹ 'ਜਬਰ ਜਨਾਹ' ਕਰਨ ਵਾਲਾ ਨਿਕਲਿਆ ਅਜਿਹਾ ਦੇਖ ਕੇ ਬਹੁਤ ਗੁੱਸਾ ਆਉਂਦਾ ਹੈ। ਜੋ ਲੋਕ ਆਪਣੇ ਮਾਤਾ-ਪਿਤਾ ਦੀ ਕੋਈ ਇੱਜ਼ਤ ਨਹੀਂ ਕਰਦੇ, ਉਹ ਇਨ੍ਹਾਂ ਢੋਂਗੀਆਂ ਨੂੰ ਝੁਕ-ਝੁਕ ਕੇ ਪ੍ਰਣਾਮ ਕਰਦਿਆਂ ਇਨ੍ਹਾਂ ਦੀ ਹਰ ਚੰਗੀ-ਮਾੜੀ ਗੱਲ ਪੂਰੀ ਕਰਨ ਲਈ ਆਪਣਾ ਸਮਾਂ, ਪੈਸਾ ਤੇ ਪੂਰਾ ਜ਼ੋਰ ਲਗਾ ਦਿੰਦੇ ਹਨ। ਅਜਿਹੀ ਸਥਿਤੀ ਦਾ ਇਕੋ ਹੀ ਉਪਾਅ ਹੈ ਕਿ ਆਪਣੇ ਆਪ ਨੂੰ ਸਿੱਖਿਅਤ ਕੀਤਾ ਜਾਵੇ ਅਤੇ ਬੱਚਿਆਂ ਦੇ ਸਕੂਲੀ ਪਾਠਕ੍ਰਮ ਵਿਚ ਅਜਿਹੇ ਵਿਸ਼ੇ ਸ਼ਾਮਿਲ ਕੀਤੇ ਜਾਣ, ਜੋ ਉਨ੍ਹਾਂ ਨੂੰ ਬਚਪਨ ਤੋਂ ਹੀ ਚੰਗੇ-ਮਾੜੇ ਛੂਹਣ (ਗੁੱਡ ਜਾਂ ਬੈਡ ਟੱਚ) ਬਾਰੇ ਜਾਣਕਾਰੀ ਦੇਣ। ਇਸੇ ਤਰ੍ਹਾਂ ਸਨਾਤਨ ਦੀ ਆੜ ਵਿਚ ਧਰਮ ਦੀ ਦੁਹਾਈ ਦੇ ਕੇ ਜੋ ਭਰਮ ਫੈਲਾਇਆ ਜਾਂਦਾ ਹੈ, ਉਸ ਝੂਠ ਤੇ ਸੱਚ ਦਾ 'ਵਿਵੇਕ' ਨਾਲ ਨਿਤਾਰਾ ਕੀਤਾ ਜਾਵੇ। ਭਾਵੇਂ ਕੋਈ ਤੁਹਾਨੂੰ ਨਾਸਤਕ ਤੱਕ ਆਖੇ, ਸੱਚ ਲਈ ਕਦੇ ਕਿਸੇ ਦੀ ਪ੍ਰਵਾਹ ਨਾ ਕਰੋ।

ਸਾਡਾ ਦੇਸ਼ ਆਦਿ ਕਾਲ ਤੋਂ ਸੰਤਾਂ, ਮਹਾਤਮਾ, ਆਚਾਰੀਆ ਤੇ ਗੁਰੂਆਂ ਪ੍ਰਤੀ ਹਮੇਸ਼ਾ ਵਿਸ਼ਵਾਸ, ਸਮਰਪਣ, ਆਦਰ ਤੇ ਸਤਿਕਾਰ ਦਿਖਾਉਂਦਾ ਰਿਹਾ ਹੈ। ਸਾਡੇ ਮਹਾਪੁਰਸ਼ਾਂ ਦੁਆਰਾ ਕਹੇ ਗਏ ਉਚਿਤ, ਅਣਚਿਤ ਕਥਨਾਂ ਬਾਰੇ ਕੋਈ ਕਿੰਤੂ ਕਰਨ ਬਗੈਰ ਉਨ੍ਹਾਂ ਨੂੰ ਸਵੀਕਾਰ ਕਰ ਲੈਣ ਦੀ ਪਰੰਪਰਾ ਬਣੀ ਹੋਈ ਸੀ। ਉਹ ਵੀ ਬਹੁਤ ਸੋਚ-ਵਿਚਾਰ ਕੇ ਸਾਰਿਆਂ ਦੇ ਹਿੱਤ ਵਾਲੀ ਹੀ ਗੱਲ ਕਰਦੇ ਸਨ ਅਤੇ ਸਮਾਜ 'ਚ ਸੰਤੁਲਨ ਬਣਿਆ ਰਹਿੰਦਾ ਸੀ। ਪਰ ਵਰਤਮਾਨ ਸਮੇਂ ਵਿਚ ਤਰਕ ਦੀ ਕਸੌਟੀ 'ਤੇ ਪਰਖੇ ਬਿਨਾਂ ਸਵਾਮੀਆਂ, ਸ਼ੰਕਰਾਚਾਰੀਆਂ ਤੇ ਮੰਡਲੇਸ਼ਵਰਾਂ ਦੇ ਕਥਨਾਂ 'ਤੇ ਅੱਖਾਂ ਬੰਦ ਕਰ ਕੇ ਯਕੀਨ ਕਰ ਲੈਣਾ ਖ਼ਤਰੇ ਤੋਂ ਖਾਲੀ ਨਹੀਂ ਹੈ।

## ਸਨਾਤਨ ਪ੍ਰਮਾਣਿਕ ਸੱਚ ਹੈ

ਸਭ ਤੋਂ ਪਹਿਲਾਂ ਤਾਂ ਉਨ੍ਹਾਂ ਲੋਕਾਂ ਤੋਂ ਸਾਵਧਾਨ ਹੋ ਜਾਓ, ਜੋ ਕਹਿੰਦੇ ਹਨ ਕਿ ਸਨਾਤਨ ਖ਼ਤਰੇ ਵਿਚ ਹੈ ਤੇ ਅਸੀਂ ਉਸ ਨੂੰ ਬਚਾਉਣ ਲਈ ਨਿਕਲੇ ਹਾਂ। ਸਨਾਤਨ ਤਾਂ ਆਦਿ ਤੇ ਅੰਤ ਦੋਵੇਂ ਹੈ, ਉਸ ਦੀ ਰੱਖਿਆ ਕਰਨ ਦੀਆਂ ਗੱਲਾਂ ਕਰਨ ਵਾਲੇ ਬਹਰੂਪੀਏ ਹਨ। ਅਜਿਹੇ ਵਿਚ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਕਰਨ ਲਈ ਨਿਕਲਣ ਵਾਲੇ ਖ਼ੁਦ ਢੋਂਗੀ ਹਨ। ਜੋ ਇਸ ਦੇ ਬਚਾਅ ਲਈ ਯੱਗ ਕਰਨ ਦੀਆਂ ਗੱਲਾਂ ਕਰਦੇ ਹਨ, ਉਹ ਪਾਖੰਡੀ ਹਨ ਅਤੇ ਜੋ ਆਪਣਾ ਸਭ ਕੁਝ ਕੁਰਬਾਨ ਕਰਨ ਦੀਆਂ ਗੱਲਾਂ ਕਰਦੇ ਹਨ, ਉਹ ਚਾਲਬਾਜ਼ ਹਨ। ਹੁਣ ਉਹ ਸਮਾਂ ਨਹੀਂ ਰਿਹਾ ਜਦੋਂ ਸਵਾਮੀ ਰਾਮ ਕ੍ਰਿਸ਼ਨ ਪਰਮਹੰਸ, ਵਿਵੇਕਾਨੰਦ, ਸ਼ਰਧਾਨੰਦ, ਸ਼ਿਵਾਨੰਦ, ਮਹਾਰਿਸ਼ੀ ਅਰਵਿੰਦ ਤੇ ਮਾਂ ਅਮ੍ਰਿਤਾਨੰਦਮਈ ਜਿਹੀਆਂ ਮਹਾਨ ਆਤਮਾਵਾਂ ਸਮਾਜ ਦਾ ਮਾਰਗਦਰਸ਼ਨ ਕਰਦੀਆਂ ਸਨ, ਪਰ ਹੁਣ ਗੁੰਮਰਾਹ ਕਰਨ ਵਾਲਿਆਂ ਦੀ ਇਕ ਲੰਬੀ ਸੂਚੀ ਹੈ। ਹੁਣ ਤਾਂ ਇਕ ਗੁਰੂ ਲੱਭੋ ਹਜ਼ਾਰਾਂ ਮਿਲ ਜਾਂਦੇ ਹਨ। ਜੋ ਲੋਕਾਂ ਨੂੰ ਆਪਣੇ ਪ੍ਰਵਚਨਾਂ ਨਾਲ ਇੰਨਾ ਪ੍ਰਭਾਵਿਤ ਕਰ ਲੈਂਦੇ ਹਨ ਕਿ ਲੋਕ ਉਨ੍ਹਾਂ ਦੀਆਂ ਮਿੱਠੀਆਂ ਗੱਲਾਂ ਵੱਲ ਖਿੱਚੇ ਜਾਂਦੇ ਹਨ। ਇਨ੍ਹਾਂ ਦੇ ਮਹੱਲਨੁਮਾ ਆਸ਼ਰਮਾਂ ਦੀ ਝਲਕ ਇਕ ਵੈੱਬਸੀਰੀਜ਼ ਵਿਚ ਦਿਖਾਈ ਜਾ ਚੁੱਕੀ ਹੈ। ਇਨ੍ਹਾਂ ਬਾਬਿਆਂ ਦੀ ਪੈਂਠ ਵੱਖ-ਵੱਖ ਟੀ.ਵੀ. ਚੈਨਲਾਂ ਦੇ ਸੰਪਾਦਕੀ ਵਿਭਾਗ ਤੱਕ ਹੁੰਦੀ ਹੈ ਅਤੇ ਇਹ ਆਪਣੀ ਰੌਣਹਾਕੀ ਸ਼ਕਲ ਬਣਾ ਕੇ ਦੇਸ਼ 'ਤੇ ਆਏ ਕਥਿਤ ਸੰਕਟਾਂ ਨੂੰ ਦੂਰ ਕਰਨ ਅਤੇ ਸਨਾਤਨ ਦੀ ਮੁੜ ਸਥਾਪਤੀ ਦੇ ਸੰਕਲਪ ਨੂੰ ਅਕਸਰ ਦੁਹਰਾਉਂਦੇ ਰਹਿੰਦੇ ਹਨ। ਅਖਬਾਰਾਂ ਤੇ ਚੈਨਲਾਂ ਦੇ ਸੰਪਾਦਕ ਤੇ ਪੱਤਰਕਾਰ ਵੀ ਇਨ੍ਹਾਂ ਕਥਿਤ ਧਰਮ ਗੁਰੂਆਂ ਦੀ ਕਿਰਪਾ ਤੇ ਤਸਵੀਰਾਂ ਬਦੌਲਤ ਆਪਣੀ ਮੰਤਰੀਆਂ, ਮੁੱਖ ਮੰਤਰੀਆਂ ਤੱਕ ਪਹੁੰਚ ਬਣਾ ਲੈਂਦੇ ਹਨ। ਇਸ ਦੇ ਬਾਅਦ ਆਪਸੀ ਮਿਲੀਭੁਗਤ ਨਾਲ ਇਹ ਲੋਕ ਝੌਂਪੜੀਆਂ ਤੋਂ ਮਹੱਲਾਂ ਤੱਕ ਪਹੁੰਚ ਜਾਂਦੇ ਹਨ।

ਅਫ਼ਸੋਸ ਇਸ ਗੱਲ ਦਾ ਹੈ ਕਿ ਸੰਤਾਂ ਮਹਾਂਪੁਰਸ਼ਾਂ ਵਿਚ ਭਾਰਤ ਦੀ ਅਧਿਆਤਮਿਕਤਾ, ਸਨਾਤਨ ਦੀ ਵਿਆਖਿਆ ਤੇ ਜੀਵਨ ਦੀ ਸੰਪੂਰਨਤਾ ਲਈ ਗੰਭੀਰ ਗਿਆਨ, ਆਤਮਿਕ ਸ਼ਕਤੀ ਤੇ ਅਗਵਾਈ ਦੀ ਸਮਰੱਥਾ ਹੋਣੀ ਚਾਹੀਦੀ ਸੀ, ਜਦਕਿ ਇਹ ਗੂੜ੍ਹੇ ਰੰਗੀਨ ਬਸਤਰਧਾਰੀ ਆਪਣੀ ਅਪਮਾਨਜਨਕ ਭਾਸ਼ਾ ਨਾਲ ਔਰਤਾਂ ਬਾਰੇ ਮਾੜਾ ਬੋਲਦੇ ਹਨ ਅਤੇ ਆਪਣੀਆਂ ਵਿਲਾਸਤਾ ਵਾਲੀਆਂ ਵਸਤੂਆਂ ਨੂੰ ਭਗਤਾਂ ਦਾ ਪ੍ਰੇਮ ਦੱਸਦੇ ਹਨ। ਇਨ੍ਹਾਂ ਦੀ ਟੌਹਰ ਤੇ ਸ਼ਾਨ ਆਮ ਲੋਕਾਂ ਦੀ ਮਿਹਨਤ ਦੀ ਕਮਾਈ 'ਤੇ ਨਿਰਭਰ ਹੈ ਅਤੇ ਇਹ ਅੰਧਵਿਸ਼ਵਾਸ ਨੂੰ ਭਗਤੀ ਦਾ ਚੋਲਾ ਪਹਿਨਾ ਕੇ ਬੇਸ਼ੁਮਾਰ ਧਨ ਇਕੱਠਾ ਕਰਦੇ ਹਨ। ਇਹ ਬਾਬੇ ਲੋਕਾਂ ਨੂੰ ਸੁਪਨੇ ਵੇਚ ਕੇ ਆਪਣੇ ਹਰ ਤਰ੍ਹਾਂ ਦੇ ਸ਼ੌਕ ਪੂਰੇ ਕਰਦੇ ਹਨ। ਲੜਕੀਆਂ ਦਾ ਜਿਨਸੀ ਸ਼ੋਸ਼ਣ ਤੇ ਬਾਲ ਮਜ਼ਦੂਰੀ ਇਨ੍ਹਾਂ ਵਲੋਂ ਹੀ ਚਲਾਈਆਂ ਕੁਪ੍ਰਥਾਵਾਂ ਹਨ। ਜਦੋਂ ਕਿਤੇ ਇਹ ਫਸ ਜਾਂਦੇ ਹਨ ਤਾਂ ਆਪਣੀ ਰਾਜਸੀ ਪਹੁੰਚ ਨਾਲ ਆਪਣੇ ਕੁਕਰਮਾਂ ਨੂੰ ਛੁਪਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ, ਹਾਲਾਂਕਿ ਕਾਨੂੰਨ ਦੇ ਲੰਬੇ ਹੱਥਾਂ ਦੇ ਚਲਦਿਆਂ ਇਨ੍ਹਾਂ ਦੀਆਂ ਕਰਤੂਤਾਂ ਅਕਸਰ ਸਮਾਜ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ।

## ਅਨਪੜ੍ਹਤਾ ਤੇ ਰਾਜਨੀਤੀ ਦਾ ਵਰਦਾਨ

ਆਜ਼ਾਦੀ ਤੋਂ ਪਹਿਲਾਂ ਵੀ ਸਮਾਜ ਵਿਚ ਇਹ ਕੁਰੀਤੀ ਮੌਜੂਦ ਸੀ, ਪਰ 60ਵੇਂ ਦੇ ਦਹਾਕੇ ਇਸ ਵਿਚ ਬਹੁਤ ਵਾਧਾ ਹੋਇਆ। ਜਦੋਂ ਸਭ ਪਾਰਟੀਆਂ ਦੇ ਸਿਆਸੀ ਖਿਡਾਰੀ ਆਪਣਾ ਭਵਿੱਖ ਬਣਾਉਣ ਲਈ ਬਾਬਿਆਂ ਮਗਰ ਘੁੰਮਣ ਲੱਗੇ ਤਾਂ ਦੇਸ਼ 'ਚ ਆਸ਼ਰਮ ਤੇ ਮੱਠ ਖੁੱਲ੍ਹਣ ਲੱਗੇ। ਸਰਕਾਰਾਂ ਨੇ ਇਨ੍ਹਾਂ ਦੁਆਰਾ ਗ਼ੈਰਕਾਨੂੰਨੀ ਤੌਰ 'ਤੇ ਜ਼ਮੀਨਾਂ 'ਤੇ ਕੀਤੇ ਕਬਜ਼ਿਆਂ ਵਲੋਂ ਅੱਖਾਂ ਬੰਦ ਹੀ ਨਹੀਂ ਕੀਤੀਆਂ, ਸਗੋਂ ਹਰ ਤਰ੍ਹਾਂ ਨਾਲ ਉਨ੍ਹਾਂ ਦੀ ਮਦਦ ਵੀ ਕੀਤੀ। ਫਿਰ 70, 80 ਦੇ ਦਹਾਕੇ ਵਿਚ ਇਨ੍ਹਾਂ ਦੇ ਕਾਰਨਾਮੇ ਉਜਾਗਰ ਹੋਣ ਲੱਗ ਪਏ। ਸਨਾਤਨ ਧਰਮ, ਭਾਰਤੀ ਸੰਸਕ੍ਰਿਤੀ, ਪ੍ਰਾਚੀਨ ਸੱਭਿਅਤਾ ਤੇ ਪਰੰਪਰਾਵਾਂ ਦਾ ਭਰਮਾਊ ਪ੍ਰਚਾਰ ਕਰਕੇ ਫ਼ਾਇਦਾ ਉਠਾਇਆ ਜਾਣ ਲੱਗਿਆ। ਇਹ ਠੱਗ ਵਿੱਦਿਆ ਦਾ ਸ਼ੁਰੂਆਤੀ ਦੌਰ ਸੀ, ਜਿਸ ਦੌਰਾਨ ਲੁੱਟ-ਖਸੁੱਟ ਤੇ ਲਾਲਚ ਦੀ ਕੋਈ ਹੱਦ ਨਹੀਂ ਰਹੀ। ਜਿਸ 'ਤੇ ਵੀ ਲੋਕਾਂ ਨੇ ਭਰੋਸਾ ਕੀਤਾ, ਉਹੀ ਦਾਗਦਾਰ ਨਿਕਲਿਆ ਅਤੇ ਸੱਚ ਤੇ ਝੂਠ ਵਿਚਾਲੇ ਫ਼ਰਕ ਕਰਨਾ ਮੁਸ਼ਕਿਲ ਹੋ ਗਿਆ। ਮੀਡੀਆ ਦਾ ਇਕ ਵੱਡਾ ਹਿੱਸਾ ਆਪਣੀਆਂ ਮਜਬੂਰੀਆਂ ਦੇ ਚਲਦਿਆਂ ਇਸ ਗੋਰਖਧੰਦੇ ਵਿਚ ਸ਼ਾਮਿਲ ਹੋ ਕੇ ਆਪਣਾ ਹਿੱਸਾ ਲੈਣ ਲੱਗ ਪਿਆ। ਉਸ ਸਮੇਂ ਕਿਵੇਂ ਦਾ ਮਹਿਸੂਸ ਹੁੰਦਾ ਹੋਵੇਗਾ, ਜਦੋਂ ਉਹ ਲੋਕ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ, ਜਿਨ੍ਹਾਂ ਦੇ ਦਰਬਾਰ ਵਿਚ ਦੇਸ਼ ਦੀ ਪਹਿਲੀ ਕਤਾਰ ਦੇ ਨੇਤਾ, ਵਪਾਰੀ, ਉਦਯੋਗਪਤੀ ਕਦੇ ਉਨ੍ਹਾਂ ਦੇ ਪੈਰ ਛੂੰਹਦੇ ਸਨ ਅਤੇ ਉਨ੍ਹਾਂ ਦੀ ਕ੍ਰਿਪਾ ਪ੍ਰਾਪਤ ਕਰਨ ਲਈ ਲੋਕਾਂ ਵਿਚ ਦੌੜ ਲੱਗੀ ਰਹਿੰਦੀ ਸੀ।

## ਕਿਵੇਂ ਨਜਿੱਠਿਆ ਜਾਵੇ

ਹੁਣ ਤਾਂ ਸਭ ਕੁਝ ਸੋਸ਼ਲ ਮੀਡੀਆ 'ਤੇ ਸੰਚਾਰ ਅਤੇ ਸੰਵਾਦ ਦੇ ਅਨੇਕਾਂ ਮਾਧਿਆਮਾਂ ਰਾਹੀਂ ਮੱਠਾਂ, ਪੀਠਾਂ, ਮੰਡਲਾਂ, ਅਖਾੜਿਆਂ ਤੇ ਹੋਰ ਧਾਰਮਿਕ ਸਥਾਨਾਂ, ਸੰਸਕ੍ਰਿਤਕ ਧਰੋਹਰਾਂ ਤੇ ਆਸਥਾ ਦੇ ਕੇਂਦਰਾਂ 'ਤੇ ਕਬਜ਼ਾ ਬਣਾਈ ਰੱਖਣ ਦੀ ਲਾਲਸਾ ਦਰਮਿਆਨ ਸਾਰਿਆਂ ਦੇ ਪਾਪ ਦਾ ਘੜਾ ਚੌਰਾਹੇ ਵਿਚ ਫੁਟਣ ਲੱਗਾ ਹੈ। ਅਦਾਲਤਾਂ 'ਚ ਚੱਲ ਰਹੇ ਮੁਕੱਦਮਿਆਂ ਨੇ ਸ਼ਰਧਾਲੂਆਂ ਨੂੰ ਦੁਚਿੱਤੀ 'ਚ ਪਾਇਆ ਹੋਇਆ ਹੈ ਕਿ ਜਿਸ ਨੂੰ ਉਨ੍ਹਾਂ ਭਗਵਾਨ ਸਮਝਿਆ, ਉਹ 'ਜਬਰ ਜਨਾਹ' ਕਰਨ ਵਾਲਾ ਨਿਕਲਿਆ ਅਜਿਹਾ ਦੇਖ ਕੇ ਬਹੁਤ ਗੁੱਸਾ ਆਉਂਦਾ ਹੈ। ਜੋ ਲੋਕ ਆਪਣੇ ਮਾਤਾ-ਪਿਤਾ ਦੀ ਕੋਈ ਇੱਜ਼ਤ ਨਹੀਂ ਕਰਦੇ, ਉਹ ਇਨ੍ਹਾਂ ਢੋਂਗੀਆਂ ਨੂੰ ਝੁਕ-ਝੁਕ ਕੇ ਪ੍ਰਣਾਮ ਕਰਦਿਆਂ ਇਨ੍ਹਾਂ ਦੀ ਹਰ ਚੰਗੀ-ਮਾੜੀ ਗੱਲ ਪੂਰੀ ਕਰਨ ਲਈ ਆਪਣਾ ਸਮਾਂ, ਪੈਸਾ ਤੇ ਪੂਰਾ ਜ਼ੋਰ ਲਗਾ ਦਿੰਦੇ ਹਨ। ਅਜਿਹੀ ਸਥਿਤੀ ਦਾ ਇਕੋ ਹੀ ਉਪਾਅ ਹੈ ਕਿ ਆਪਣੇ ਆਪ ਨੂੰ ਸਿੱਖਿਅਤ ਕੀਤਾ ਜਾਵੇ ਅਤੇ ਬੱਚਿਆਂ ਦੇ ਸਕੂਲੀ ਪਾਠਕ੍ਰਮ ਵਿਚ ਅਜਿਹੇ ਵਿਸ਼ੇ ਸ਼ਾਮਿਲ ਕੀਤੇ ਜਾਣ, ਜੋ ਉਨ੍ਹਾਂ ਨੂੰ ਬਚਪਨ ਤੋਂ ਹੀ ਚੰਗੇ-ਮਾੜੇ ਛੂਹਣ (ਗੁੱਡ ਜਾਂ ਬੈਡ ਟੱਚ) ਬਾਰੇ ਜਾਣਕਾਰੀ ਦੇਣ। ਇਸੇ ਤਰ੍ਹਾਂ ਸਨਾਤਨ ਦੀ ਆੜ ਵਿਚ ਧਰਮ ਦੀ ਦੁਹਾਈ ਦੇ ਕੇ ਜੋ ਭਰਮ ਫੈਲਾਇਆ ਜਾਂਦਾ ਹੈ, ਉਸ ਝੂਠ ਤੇ ਸੱਚ ਦਾ 'ਵਿਵੇਕ' ਨਾਲ ਨਿਤਾਰਾ ਕੀਤਾ ਜਾਵੇ। ਭਾਵੇਂ ਕੋਈ ਤੁਹਾਨੂੰ ਨਾਸਤਕ ਤੱਕ ਆਖੇ, ਸੱਚ ਲਈ ਕਦੇ ਕਿਸੇ ਦੀ ਪ੍ਰਵਾਹ ਨਾ ਕਰੋ। ਅਜਿਹਾ ਕਰਕੇ ਤੁਸੀਂ ਗੰਭੀਰ ਸੰਕਟ ਤੋਂ ਬਚ ਜਾਓਗੇ। ਬੱਚੇ ਅਕਸਰ ਆਪਣੇ ਅਧਿਆਪਕਾਂ ਦਾ ਕਹਿਣਾ ਮਾਤਾ-ਪਿਤਾ ਨਾਲੋਂ ਵਧੇਰੇ ਮੰਨਦੇ ਹਨ, ਇਸ ਲਈ ਪੜ੍ਹਾਉਂਦੇ ਸਮੇਂ ਅਧਿਆਪਕ ਜੇਕਰ ਬੱਚਿਆਂ ਨੂੰ ਠੀਕ ਤੇ ਗ਼ਲਤ ਵਿਚ ਅੰਤਰ ਕਰਨਾ ਸਿਖਾ ਦੇਵੇ ਤਾਂ ਇਹ ਵੀ ਨਵੇਂ ਭਾਰਤ ਦੀ ਸਹੀ ਪਛਾਣ ਹੋਵੇਗੀ।

Email: pooranchandsarin

# ਸਿੱਖ ਜਰਨੈਲ ਸ਼ਹੀਦ ਅਕਾਲੀ ਫੂਲਾ ਸਿੰਘ ਨੂੰ ਯਾਦ ਕਰਦਿਆਂ

**14 ਮਾਰਚ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਅਸਲ ਵਿੱਚ ਵਿਸਥਾਰ ਦੇਣ ਲਈ ਆਪਾ ਕੁਰਬਾਨ ਕਰਨ ਵਾਲੇ ਅਤੇ ਸ਼ਹਾਦਤ ਦਾ ਜਾਮ ਪੀਣ ਵਾਲੇ 96ਵੇਂ ਕਰੋੜੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲੀ ਫੂਲਾ ਸਿੰਘ ਨਿਹੰਗ ਸਿੰਘ ਦੀ ਲਾਸਾਨੀ ਕੁਰਬਾਨੀ ਤੇ ਸ਼ਹਾਦਤ ਨੂੰ ਸਿੱਖ ਜਗਤ ਕਦੇ ਵੀ ਨਹੀਂ ਭੁੱਲ ਸਕਦਾ। ਇਸ ਮਹਾਨ ਯੋਧੇ, ਸਿੱਖ ਜਰਨੈਲ, ਸਿਦਕੀ ਸਿੱਖ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਮੂਣਕ ਕਸਬੇ ਤੋਂ ਥੋੜ੍ਹੀ ਦੂਰ ਪੱਛਮ ਵਾਲੇ ਪਾਸੇ ਸਥਿਤ ਸੀਹਾਂ ਪਿੰਡ ਵਿੱਚ ਪਿਤਾ ਸ. ਈਸ਼ਰ ਸਿੰਘ ਦੇ ਗ੍ਰਹਿ ਵਿਖੇ ਮਾਤਾ ਹਰ ਕੌਰ ਦੀ ਕੁੱਖ ਤੋਂ ਜਨਵਰੀ 1760 ਈ: ਵਿੱਚ ਹੋਇਆ। ਜਦੋਂ ਅਹਿਮਦ ਸ਼ਾਹ ਦੁਰਾਨੀ ਨੇ ਕੁੱਪ ਰਹੀੜੇ ਦੇ ਸਥਾਨ 'ਤੇ ਵੱਡੇ ਘੱਲੂਘਾਰੇ ਦੌਰਾਨ ਹਜ਼ਾਰਾਂ ਸਿੰਘਾਂ ਨੂੰ ਸ਼ਹੀਦ ਕੀਤਾ, ਉਸ ਸਮੇਂ ਸ. ਈਸ਼ਰ ਸਿੰਘ (ਪਿਤਾ ਜੀ ਅਕਾਲੀ ਬਾਬਾ ਫੂਲਾ ਸਿੰਘ) ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ, ਜ਼ਖ਼ਮ ਬੜੇ ਡੂੰਘੇ ਸਨ, ਠੀਕ ਨਾ ਹੋ ਸਕੇ, ਥੋੜ੍ਹੇ ਸਮੇਂ ਬਾਅਦ ਪੰਜ ਭੂਤਕ ਸਰੀਰ ਤਿਆਗ ਕੇ ਬਾਕੀ ਸ਼ਹੀਦ ਸਿੰਘਾਂ ਨਾਲ ਹੀ ਸਚਖੰਡ ਜਾ ਬਿਰਾਜੇ। ਬੁੱਢਾ ਦਲ ਦੇ ਬਾਣੀ ਬਾਬਾ ਨਰੈਣ ਸਿੰਘ ਨੇ ਅਕਾਲੀ ਬਾਬਾ ਫੂਲਾ ਸਿੰਘ ਨੂੰ ਬਚਪਨ ਵਿੱਚ ਹੀ ਧਾਰਮਿਕ ਗ੍ਰੰਥਾਂ ਦੇ ਅਧਿਐਨ ਦੇ ਨਾਲ-ਨਾਲ ਸ਼ਸਤਰ ਵਿੱਦਿਆ, ਘੋੜ ਸਵਾਰੀ ਅਤੇ ਜੰਗੀ ਕਰਤਬਾਂ ਵਿੱਚ ਨਿਪੁੰਨ ਕੀਤਾ।

ਪੂਰਨ ਰੂਪ ਵਿੱਚ ਤਿਆਗੀ ਬਿਰਤੀ ਅਤੇ ਬੰਦਗੀ ਦੇ ਮਾਲਕ ਅਕਾਲੀ ਫੂਲਾ ਸਿੰਘ ਨੇ ਆਪਣਾ ਸਾਰਾ ਘਰ-ਬਾਰ ਅਤੇ ਜਾਇਦਾਦ ਆਪਣੇ ਛੋਟੇ ਭਾਈ ਸ. ਸੰਤਾ ਸਿੰਘ ਨੂੰ ਸੌਂਪ ਕੇ ਨਿਹੰਗ ਸਿੰਘ ਸਜ ਕੇ ਸ਼ਹੀਦਾਂ ਦੀ ਮਿਸਲ ਵਿੱਚ ਸ਼ਾਮਿਲ ਹੋ ਕੇ ਸਿੱਖ ਪੰਥ ਦੀ ਸੇਵਾ ਨਿਭਾਉਣੀ ਸ਼ੁਰੂ ਕੀਤੀ। ਜਦੋਂ ਸੰਨ 1800 ਈ: ਵਿੱਚ ਬਾਬਾ ਨਰੈਣ ਸਿੰਘ ਅਕਾਲ ਚਲਾਣਾ ਕਰ ਗਏ ਤਾਂ ਅਕਾਲੀ ਫੂਲਾ ਸਿੰਘ ਨੂੰ ਜਥੇਦਾਰ ਥਾਪਿਆ ਗਿਆ। ਜਥੇਦਾਰ ਸੰਭਾਲਣ ਤੋਂ ਬਾਅਦ ਬਾਬਾ ਜੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਪਾਵਨ ਸਰੋਵਰ ਦੀ ਸੇਵਾ ਲਈ ਸ੍ਰੀ ਅੰਮ੍ਰਿਤਸਰ ਪੁੱਜੇ। ਇਸ ਤੋਂ ਬਾਅਦ ਬਾਬਾ ਜੀ ਨੇ ਸਥਾਈ ਤੌਰ 'ਤੇ ਅੰਮ੍ਰਿਤਸਰ ਵਿਖੇ



ਰਿਹਾਇਸ਼ ਰੱਖਣੀ ਸ਼ੁਰੂ ਕਰ ਦਿੱਤੀ। ਇਸੇ ਰਿਹਾਇਸ਼ ਵਾਲੀ ਜਗ੍ਹਾ ਉੱਤੇ ਹੁਣ ਬੁਰਜ ਅਕਾਲੀ ਫੂਲਾ ਸਿੰਘ (ਛਾਉਣੀ ਨਿਹੰਗ ਸਿੰਘਾਂ) ਜੋ ਮੌਜੂਦਾ ਮੁਖੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਜਥੇਦਾਰ ਬਾਬਾ ਬਲਬੀਰ ਸਿੰਘ ਦੇ ਪ੍ਰਬੰਧ ਹੇਠ ਹੈ। ਜਨਵਰੀ 1802 ਈ: ਵਿੱਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਦੇ ਕਬਜ਼ੇ ਲਈ ਭੰਗੀ ਸਰਦਾਰਾਂ ਉੱਤੇ ਹਮਲਾ ਕੀਤਾ ਤਾਂ ਅਕਾਲੀ ਫੂਲਾ ਸਿੰਘ ਨੇ ਦੋਵਾਂ ਧਿਰਾਂ ਵਿੱਚਕਾਰ ਸੁਲਾਹ ਕਰਵਾ ਕੇ ਖ਼ੂਨ-ਖ਼ਰਾਬੇ ਤੋਂ ਬਚਾ ਲਿਆ।

ਸਿੱਖ ਰਾਜ ਦੀਆਂ ਸਰਹੱਦਾਂ ਦੇ ਵਾਧੇ ਲਈ ਨੌਸ਼ਹਿਰੇ ਦੀ ਆਖਰੀ ਲੜਾਈ ਵਿੱਚ ਸੂਰਮਗਤੀ ਅਤੇ ਅਦੁੱਤੀ ਬਹਾਦਰੀ ਦੀ ਮਿਸਾਲ ਨੂੰ ਕਾਇਮ ਰੱਖਦਿਆਂ ਹਾਰ ਨੂੰ ਜਿੱਤ ਵਿੱਚ ਬਦਲਦਿਆਂ ਅਕਾਲੀ ਫੂਲਾ ਸਿੰਘ ਨਿਹੰਗ ਸਿੰਘ ਨੇ 14 ਮਾਰਚ 1823 ਈ: ਨੂੰ ਜਾਮ-ਏ-ਸ਼ਹਾਦਤ ਨੂੰ ਪ੍ਰਾਪਤ ਕੀਤਾ। ਬਾਬਾ ਜੀ ਦਾ ਸ਼ਹੀਦੀ ਅਸਥਾਨ ਨੌਸ਼ਹਿਰਾ ਤੋਂ 6 ਕਿਲੋਮੀਟਰ ਦੂਰ ਲੁੰਡਾ ਦਰਿਆ (ਕਾਬਲ ਨਦੀ) ਦੇ ਕੰਢੇ ਅਕੋੜਾ ਖਟਕ (ਸਰਹੱਦੀ ਸੂਬਾ) ਪਾਕਿਸਤਾਨ ਵਿੱਚ ਮੌਜੂਦ ਹੈ। ਬਾਬਾ ਜੀ ਦੀ ਯਾਦ ਵਿੱਚ ਪੂਸਾ ਰੋਡ ਦਿੱਲੀ ਵਿਖੇ ਇਕ ਗੁਰੂ-ਘਰ ਅਤੇ ਸਕੂਲ ਚੱਲ ਰਿਹਾ ਹੈ।

ਬਾਬਾ ਜੀ ਦੀ ਸ਼ਹੀਦੀ ਯਾਦ ਹਰ 14 ਮਾਰਚ ਨੂੰ ਬੁਰਜ ਅਕਾਲੀ ਫੂਲਾ ਸਿੰਘ ਅੰਮ੍ਰਿਤਸਰ ਵਿਖੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਦੀ ਅਗਵਾਈ ਵਿੱਚ ਮਨਾਈ ਜਾਂਦੀ ਹੈ।

# ਮਾਂ-ਬੋਲੀ 'ਤੇ ਮਾਣ ਕਰਨਾ ਸਿੱਖੀਏ

ਜਿਵੇਂ ਮਾਂ ਦਾ ਦਰਜਾ ਕਿਸੇ ਹੋਰ ਔਰਤ ਨੂੰ ਨਹੀਂ ਦਿੱਤਾ ਜਾ ਸਕਦਾ, ਉਸ ਤਰ੍ਹਾਂ ਸੰਸਾਰ ਦੀ ਕਿਸੇ ਵੀ ਬੋਲੀ ਨੂੰ ਅਸੀਂ ਮਾਂ ਦਾ ਸਥਾਨ ਨਹੀਂ ਦੇ ਸਕਦੇ। ਹੋਰ ਇਸਤਰੀ ਦਾਦੀ, ਨਾਨੀ, ਚਾਚੀ, ਤਾਈ, ਮਾਮੀ, ਆਂਟੀ ਆਦਿ ਤਾਂ ਹੋ ਸਕਦੀ ਹੈ, ਪਰ ਮਾਂ ਤਾਂ ਮਾਂ ਹੀ ਹੁੰਦੀ ਹੈ। ਹੋਰ ਕੋਈ ਔਰਤ ਆਪਣੀ ਮਾਂ ਨਾਲੋਂ ਸੋਹਣੀ ਹੋਵੇ, ਅਮੀਰ ਹੋਵੇ, ਪੜ੍ਹੀ-ਲਿਖੀ ਹੋਵੇ, ਪਰ ਕਦੇ ਮਾਂ ਨਹੀਂ ਬਣ ਸਕਦੀ। ਮਾਂ, ਮਾਂ ਹੀ ਹੁੰਦੀ ਹੈ। ਇਹ ਕਿਸੇ ਇਨਸਾਨ ਦੀ ਨਿੱਜੀ, ਸਮਾਜਿਕ ਅਤੇ ਸੱਭਿਆਚਾਰਕ ਪਛਾਣ ਹੁੰਦੀ ਹੈ। ਪੰਜਾਬੀ ਬੋਲੀ ਸਾਡੀ ਪੰਜਾਬੀਆਂ ਦੀ ਮਾਂ-ਬੋਲੀ ਹੈ। ਮਾਂ-ਬੋਲੀ ਤੋਂ ਬਿਨਾਂ ਜੋ ਬੋਲੀ ਇਨਸਾਨ ਬੋਲਦਾ ਹੈ, ਉਸ ਨੂੰ ਦੂਜੀ ਭਾਸ਼ਾ ਆਖਦੇ ਹਨ। ਮਾਂ ਦੀ ਤਰ੍ਹਾਂ ਹੀ ਮਾਂ-ਬੋਲੀ ਹਰ ਵਿਅਕਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਉੱਤਮ ਵਸੀਲਾ ਹੁੰਦਾ ਹੈ। ਮਾਤ-ਭਾਸ਼ਾ ਮਨੁੱਖ ਦੀ ਪਹਿਚਾਣ ਹੁੰਦੀ ਹੈ।

ਕਿਹਾ ਜਾਂਦਾ ਹੈ ਕਿ ਜੇ ਕਿਸੇ ਨੂੰ ਉਸ ਦੇ ਵਿਰਸੇ ਤੇ ਉਸ ਦੀਆਂ ਜੜ੍ਹਾਂ ਤੋਂ ਵੱਖ ਕਰਨਾ ਹੋਵੇ ਤਾਂ ਉਸ ਕੋਲੋਂ ਉਸ ਦੀ ਮਾਂ-ਬੋਲੀ ਖੋਹ ਲਵੋ, ਉਹ ਹੌਲੀ-ਹੌਲੀ ਆਪ ਹੀ ਆਪਣੀ ਪਛਾਣ ਭੁੱਲ ਜਾਵੇਗਾ। ਪੰਜਾਬੀਓ, ਕੀ ਆਪਾਂ ਅਜਿਹਾ ਚਾਹੁੰਦੇ ਹਾਂ? ਜੇ ਉੱਤਰ ਨਾਂਹ ਵਿੱਚ ਹੈ ਤਾਂ ਆਉ ਆਪਣੀ ਮਾਂ-ਬੋਲੀ ਪੰਜਾਬੀ ਨੂੰ ਮਾਂ ਵਾਲਾ ਪਿਆਰ, ਸਤਿਕਾਰ, ਸਥਾਨ ਤੇ ਦਰਜਾ ਦੇਈਏ। ਆਪਾਂ ਪੰਜਾਬੀ ਬੋਲੀਏ, ਪੰਜਾਬੀ ਪੜ੍ਹੀਏ, ਪੰਜਾਬੀ ਲਿਖੀਏ ਤੇ ਆਪਣੇ ਬੱਚਿਆਂ ਨੂੰ ਵੀ ਪੰਜਾਬੀ ਸਿਖਾਈਏ।

ਅਜੋਕੇ ਯੁੱਗ ਵਿੱਚ ਕਈ ਪੜ੍ਹੇ-ਲਿਖੇ ਪੰਜਾਬੀ ਕਹਿੰਦੇ ਹਨ ਕਿ ਪੰਜਾਬੀ ਤਾਂ ਗਵਾਰਾਂ ਦੀ ਬੋਲੀ ਹੈ, ਜੇ ਉਹ ਪੰਜਾਬੀ ਵਿੱਚ ਗੱਲਬਾਤ ਕਰਨਗੇ ਤਾਂ ਗਵਾਰ ਤੇ ਅਨਪੜ੍ਹ ਸਮਝੇ ਜਾਣਗੇ। ਇਸੇ ਗ਼ਲਤ-ਫਹਿਮੀ ਦਾ ਸ਼ਿਕਾਰ ਹੋ ਕੇ ਉਹ ਘਰ-ਪਰਿਵਾਰ ਵਿੱਚ ਵੀ ਪੰਜਾਬੀ ਬੋਲਣ ਤੋਂ ਗੁਰੇਜ਼ ਕਰਦੇ ਹਨ।

ਪੰਜਾਬੀ ਬੋਲੀ ਏਨੀ ਸਮਰੱਥ ਭਾਸ਼ਾ ਹੈ ਕਿ ਇਸ ਨੂੰ ਮਾਧਿਅਮ ਬਣਾ ਕੇ ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਆਦਿ ਨੇ ਆਪਣੀਆਂ ਰਚਨਾਵਾਂ ਰਚੀਆਂ। ਇਸ਼ਕ ਹਕੀਕੀ ਦੀਆਂ ਗੁੜ੍ਹੀਆਂ ਰਮਜ਼ਾਂ ਲੋਕਾਂ ਨਾਲ ਸਾਂਝੀਆਂ ਕੀਤੀਆਂ। ਵਾਰਿਸ ਸ਼ਾਹ, ਹਾਸ਼ਿਮ ਸ਼ਾਹ, ਦਮੋਦਰ ਤੇ ਪੀਲੂ ਆਦਿ ਕਿੱਸਾਕਾਰਾਂ ਨੇ ਪੰਜਾਬੀ ਭਾਸ਼ਾ ਰਾਹੀਂ ਹੀ ਅਜਿਹੀਆਂ ਕਾਵਿ ਰਚਨਾਵਾਂ ਦੀ ਰਚਨਾ ਕੀਤੀ, ਜਿਨ੍ਹਾਂ ਨੂੰ ਪੜ੍ਹਕੇ ਅੱਜ ਵੀ ਲੋਕ ਵਜਦ ਦੀ ਹਾਲਤ ਵਿੱਚ ਜਾ ਪਹੁੰਚਦੇ ਹਨ। ਇਹੋ ਨਹੀਂ, ਪੰਜਾਬੀ ਲੋਕ-ਗੀਤ, ਪੰਜਾਬੀ ਸਾਹਿਤ, ਪੰਜਾਬੀ ਸੱਭਿਆਚਾਰ ਨੂੰ ਪੇਸ਼ ਕਰਦੀਆਂ ਪੰਜਾਬੀ ਫਿਲਮਾਂ, ਪੰਜਾਬੀ ਗਾਣੇ, ਪੰਜਾਬੀ ਅਖੌਤਾਂ ਤੇ ਮੁਹਾਵਰੇ ਆਦਿ ਨੂੰ ਸਮਝਣ ਲਈ ਮਾਂ-ਬੋਲੀ ਪੰਜਾਬੀ ਆਉਣੀ ਜ਼ਰੂਰੀ ਹੈ।

ਪੰਜਾਬੀ ਬੋਲੀ ਪੰਜਾਬੀ ਸਾਹਾਂ ਦੀ ਬੋਲੀ ਹੈ। ਇਸ ਵਿੱਚ ਪੰਜਾਬੀ ਮਾਨਸਿਕਤਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਪੰਜਾਬੀਓ ਯਾਦ ਰੱਖੋ, ਮਾਸੀਆਂ ਕਦੇ ਮਾਵਾਂ ਨਹੀਂ ਬਣਦੀਆਂ ਹੁੰਦੀਆਂ। ਰਸੂਲ ਹਮਜ਼ਾਤੋਵ ਅਨੁਸਾਰ ਜਿਹੜਾ ਆਦਮੀ ਆਪਣੀ ਮਾਂ-ਬੋਲੀ ਦਾ ਸਤਿਕਾਰ ਨਹੀਂ ਕਰਦਾ, ਉਹ ਇੱਜ਼ਤ ਗੁਆ ਬੈਠਦਾ ਹੈ।

ਪੰਜਾਬੀ ਭਾਸ਼ਾ ਨੂੰ ਜੋ ਬਣਦਾ ਸਤਿਕਾਰ ਮਿਲਣਾ ਚਾਹੀਦਾ ਸੀ, ਉਹ ਹਾਲੇ ਤੱਕ ਨਹੀਂ ਮਿਲਿਆ, ਕਿਉਂਕਿ ਪੰਜਾਬ ਦੀ ਕੋਈ ਵੀ ਸਿਆਸੀ ਪਾਰਟੀ ਪੰਜਾਬੀ ਨੂੰ ਦਫ਼ਤਰੀ ਭਾਸ਼ਾ ਅਤੇ ਸਕੂਲਾਂ, ਕਾਲਜਾਂ ਵਿੱਚ ਇਸ ਨੂੰ ਬਣਦਾ ਹੱਕ ਨਹੀਂ ਦੁਆ ਸਕੀ। ਭਾਰਤ ਸਰਕਾਰ ਦੇ ਰਾਜ ਭਾਸ਼ਾ ਐਕਟ, 1963 ਅਨੁਸਾਰ ਰਾਜ ਸਰਕਾਰਾਂ ਨੂੰ ਆਪੋ-ਆਪਣੀਆਂ ਵਿਧਾਨ ਸਭਾਵਾਂ ਵਿੱਚ ਕਾਨੂੰਨ ਬਣਾਉਣ ਦਾ ਅਧਿਕਾਰ ਮਿਲਿ-ਆ ਹੋਇਆ ਹੈ, ਜਿਸ ਅਧੀਨ ਉਹ ਆਪਣੇ ਖੇਤਰ ਵਿੱਚ ਬੋਲੀ ਜਾਂਦੀ ਭਾਸ਼ਾ ਨੂੰ ਅਦਾਲਤ ਵਿੱਚ ਇਨਸਾਫ ਪ੍ਰਾਪਤ ਕਰਨ ਅਤੇ ਪ੍ਰਸ਼ਾਸਕੀ ਅਮਲ ਲਈ ਲਾਗੂ ਕਰ ਸਕਦੀਆਂ ਹਨ, ਤਾਂ ਕਿ ਉਸ ਖ਼ਿੱਤੇ ਦੇ ਲੋਕ ਆਪਣੇ ਉੱਤੇ ਲਾਗੂ ਕਾਨੂੰਨ ਨੂੰ ਸਮਝ ਸਕਣ, ਇਨਸਾਫ਼ ਦੀ ਪ੍ਰਕਿਰਿਆ ਵਿੱਚ ਸਰਗਰਮ ਭੂਮਿਕਾ ਨਿਭਾ ਸਕਣ। ਆਖ਼ਿਰ ਹਕੂਮਤ ਮਾਂ-ਬੋਲੀ ਪੰਜਾਬੀ ਨੂੰ ਅਦਾਲਤਾਂ ਵਿੱਚ ਲਾਗੂ ਕਰਨ ਦੇ ਮਿਲੇ ਅਧਿਕਾਰ ਤੋਂ ਲੋਕਾਂ ਨੂੰ ਵੰਚਿਤ ਕਿਉਂ ਰੱਖ ਰਹੀ ਹੈ।

ਪੰਜਾਬੀ ਭਾਸ਼ਾ ਨੂੰ ਪਿੱਛੇ ਧੱਕਣ ਦੀਆਂ ਭਰਪੂਰ ਕੋਸ਼ਿਸ਼ਾਂ ਹੋ ਰਹੀਆਂ ਹਨ। ਇਸ ਦੀ ਤਾਜ਼ਾ ਮਿਸਾਲ ਕੇਂਦਰ ਸਰਕਾਰ ਵੱਲੋਂ ਹਰ ਵਿਅਕਤੀ ਦੀ ਪਛਾਣ ਲਈ ਆਧਾਰ ਕਾਰਡ ਜਾਰੀ ਕੀਤੇ ਗਏ ਹਨ। ਪੰਜਾਬ ਰਾਜ ਵਿੱਚ ਰਹਿਣ ਵਾਲੇ ਵਿਅਕਤੀਆਂ ਲਈ ਆਧਾਰ ਕਾਰਡ ਉਪਰ ਵੇਰਵੇ ਪੰਜਾਬੀ ਅਤੇ ਅੰਗ੍ਰੇਜ਼ੀ ਵਿੱਚ ਦਰਜ ਹੁੰਦੇ ਹਨ, ਪਰ ਇਨ੍ਹੀਂ ਦਿਨੀਂ ਅਚਾਨਕ ਬਿਨਾਂ ਸੂਚਨਾ ਦਿੱਤੇ ਨਵੇਂ ਬਣਾਏ ਜਾ ਰਹੇ ਆਧਾਰ ਕਾਰਡ ਉਪਰ ਅੰਗ੍ਰੇਜ਼ੀ ਦੇ ਨਾਲ ਪੰਜਾਬੀ ਦੀ ਥਾਂ ਹਿੰਦੀ ਭਾਸ਼ਾ ਵਿੱਚ ਸਾਰੇ ਵੇਰਵੇ ਦਰਜ ਕੀਤੇ ਜਾ ਰਹੇ ਹਨ, ਜੋ ਸਿੱਧੇ ਤੌਰ 'ਤੇ ਪੰਜਾਬੀ ਭਾਸ਼ਾ ਨਾਲ ਵਿਤਕਰਾ ਹੈ। ਇਸ ਪ੍ਰਤੀ ਪੰਜਾਬੀਆਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਤੇ ਨਾਲ ਹੀ ਪੰਜਾਬ ਦੀ ਸਰਕਾਰ ਨੂੰ ਵੀ।

ਅਸੀਂ ਜਿੰਨੀਆਂ ਵੀ ਵੱਧ ਤੋਂ ਵੱਧ ਭਾਸ਼ਾਵਾਂ ਸਿੱਖਾਂਗੇ, ਸਾਡਾ ਓਨਾ ਹੀ ਗਿਆਨ ਵਧੇਗਾ, ਪਰ ਇਕ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਆਪਣੀ ਮਾਂ-ਬੋਲੀ ਪੰਜਾਬੀ ਨੂੰ ਭੁਲਾਉਣਾ ਨਹੀਂ, ਕਿਉਂਕਿ ਇਹੀ ਇਕ ਅਜਿਹਾ ਵਸੀਲਾ ਹੈ, ਜੋ ਸਾਨੂੰ ਸਾਡੇ ਵਿਰਸੇ, ਸੱਭਿਆਚਾਰ, ਇਤਿਹਾਸ ਤੇ ਮੂਲ ਨਾਲ ਜੋੜਨ ਦੇ ਸਮਰੱਥ ਹੈ।

-ਸੁਰਿੰਦਰ ਕੌਰ
ਪੰਜਾਬੀ ਲੈਕਚਰਾਰ,
ਫੱਤਾ ਮਾਲੋਕਾ, ਮਾਨਸਾ
ਫੋਨ ਨੰ: 96536-50200

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**663. ਹਰੀ ਦੇ ਜਨ/ਸੇਵਕ ਦੀ ਪਰੀਤ ਕਿਸ ਨਾਲ਼ ਹੁੰਦੀ ਹੈ?**

ਹਰੀ ਦੇ ਜਨ ਦੀ ਪਰੀਤ ਹਰੀ ਦਾ ਜਸ ਗਾਉਣ ਤੇ ਨਿਰੰਕਾਰ ਪ੍ਰਭੂ ਦੇ ਜਾਪ ਕਰਨ ਨਾਲ਼ ਹੁੰਦੀ ਹੈ । "ਹਰਿਜਨ ਪ੍ਰੀਤਿ ਜਾ ਹਰਿਜਸੁ ਗਾਵੈ ॥2॥ ਅੰਗ 164" । ਅਤੇ "ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ ॥3॥ ਅੰਗ 164" ।

**664. ਗੁਰਸਿੱਖ ਦੀ ਪਰੀਤ ਕਿਸ ਨਾਲ਼ ਹੁੰਦੀ ਹੈ?**

ਗੁਰਸਿੱਖ ਦੀ ਪਰੀਤ (ੳ) ਸਤਿਗੁਰੂ ਦੇ ਗਲੇ ਮਿਲਣ ਨਾਲ਼ ਹੁੰਦੀ ਹੈ! "ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥ ਅੰਗ 164"।, (ਅ) ਗੁਰੂ ਨੂੰ ਮਿਲਕੇ ਤ੍ਰਿਸ਼ਨਾ ਵਲੋਂ ਪੂਰਨ ਤੌਰ ਤੇ ਰੱਜ ਜਾਣ ਨਾਲ਼ ਹੁੰਦੀ ਹੈ । "ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ ॥1॥ ਅੰਗ 164" ।, (ੲ) ਗੁਰੂ ਦੇ ਦਰਸ਼ਨ ਕਰਨ ਦੀ ਹੁੰਦੀ ਹੈ । "ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ ॥2॥ ਅੰਗ 164" । ਅਤੇ "ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ ॥3॥ ਅੰਗ 164" ।

665. ਮਨ ਵੱਸ 'ਚ ਕਿੱਦਾਂ ਆਉਂਦਾ ਹੈ?

ਗੁਰੂ ਦੇ ਮਿਲਾਪ ਨਾਲ ਮਨ ਵੱਸ ਵਿਚ ਆ ਜਾਂਦਾ ਹੈ । ਪ੍ਰਭੂ ਦਾ ਧਿਆਨ ਧਰਦਿਆਂ ਮਨੁੱਖ ਦੇ ਪੰਜੇ ਗਿਆਨ-ਇੰਦ੍ਰੇ (ਵਿਕਾਰਾਂ ਵਲ) ਦੌੜਨੋਂ ਰਹਿ ਜਾਂਦੇ ਹਨ, ਤੇ ਸਰੀਰ ਰਾਤ ਦਿਨ ਪ੍ਰਭੂ ਦੇ ਗੁਣ ਗਾਉਂਦਾ ਹੈ । "ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ ॥ ਧਾਵਤ ਪੰਚ ਰਹੇ ਹਰਿ ਧਿਆਇਆ ॥ ਅਨਦਿਨੁ ਨਗਰੀ ਹਰਿਗੁਣ ਗਾਇਆ ॥2॥ ਅੰਗ 165" । ਪ੍ਰਭੂ ਦੀ ਕਿਰਪਾ ਨਾਲ (ਜਿਸਦਾ) ਮਨ ਵੱਸ ਵਿਚ ਆ ਗਿਆ, ਹੇ ਨਾਨਕ! ਉਸ ਗੁਰੂ ਅਨੁਸਾਰੀ ਨੇ ਮਾਇਆ ਨੂੰ ਤਰ ਲਿਆ ਭਾਵ ਸੰਸਾਰ ਸਮੁੰਦਰ ਪਾਰ ਕਰ ਲਿਆ । "ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥ ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥4॥ ਅੰਗ 385" । ਪ੍ਰਭ ਕਿਰਪਾ ਨਾਲ ਇਹ ਮਨ ਵੱਸ ਵਿਚ ਆਉਂਦਾ ਹੈ ਤੇ ਪ੍ਰਭ ਕਿਰਪਾ ਨਾਲ ਹੀ ਮਨ ਨਿਰਮਲ ਹੁੰਦਾ ਹੈ । ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨ ਨਿਰਮ-ਲੁ ਹੋਇ ॥1॥ ਅੰਗ 558" । (ਮਨ ਵਿਚ) ਪ੍ਰਭੂ ਦਾ ਡਰ ਅਦਬ ਹੋਣ ਨਾਲ ਮਨ ਵੱਸ ਵਿਚ ਹੋ ਜਾਂਦਾ ਹੈ; ਗੁਰੂ ਦਾ ਸ਼ਬਦ ਹਉਮੈ ਨੂੰ ਸਾੜ (ਖਤਮ ਕਰ) ਦਿੰਦਾ ਹੈ । "ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥ ਅੰਗ 644" । ਸਤਿਗੁਰੂ ਦੀ ਸੇਵਾ ਕਰਨ ਨਾਲ ਮਨ ਵੱਸ ਵਿਚ ਆਉਂਦਾ ਹੈ, ਮਨ (ਭਾਵ ਹਉਮੈ) ਨੂੰ ਮਾਰਕੇ ਜੀਵ ਦਾ ਮਨ ਪ੍ਰਭੂ ਦੇ ਮਨ ਵਿਚ ਲੀਨ ਹੋ ਜਾਂਦਾ ਹੈ। "ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ ॥15॥ ਅੰਗ 1062"। ਸਤਿਗੁਰੂ ਜੀ ਬਚਨ ਕਰਦੇ ਹਨ ਕਿ ਸੁੱਤੇ ਸਿਧ ਹੀ ਮੈਂ ਇਹ ਮਨ ਵੱਸ ਵਿਚ ਕਰ ਲਿਆ । "ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥3॥ ਅੰਗ 1157" ।

**ਮਨ ਵੱਸ ਵਿਚ ਕਰਨ ਦਾ ਮਹਾਤਮ:**

ਸਤਿਗੁਰੂ ਜੀ ਉਹਨਾਂ ਸੰਤਾਂ ਦੀ ਸ਼ਰਨ ਪੈਂਦੇ ਹਨ ਜਿਹਨਾਂ ਨੇ ਆਪਣਾ ਮਨ ਵੱਸ ਵਿਚ ਕਰ ਲਿਆ । "ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥ ਅੰਗ 815" ।

**666. ਕੀ ਕਰਮ ਕਾਂਡਾਂ ਨਾਲ ਮਨ ਵੱਸ ਵਿਚ ਆਉਂਦਾ ਹੈ?**

ਜੀ ਨਹੀਂ! "ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥ ਅੰਗ 644" ।

**667. ਮਨ ਕਿਹੜੀਆਂ ਚੀਜ਼ਾਂ ਦੇ ਵੱਸ ਵਿਚ ਰਹਿੰਦਾ ਹੈ?**

ਮਨ ਪੰਜ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ), ਭੈੜੀ ਮਤਿ ਤੇ ਦੁਬਿਧਾ/ਦੂਜੇ ਭਾਉ ਦੇ ਵੱਸ ਵਿਚ ਰਹਿੰਦਾ ਹੈ । "ਮਨੁ ਵਸਿ ਦੂਤਾ ਦੁਰਮਤਿ ਦੋਇ ॥ ਅੰਗ 222" । ਅਤੇ "ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਅੰਗ 1192" । ਜਿਸ ਕਰਕੇ ਸੁਪਨੇ ਵਿਚ ਵੀ ਬੰਦਾ ਰੱਬ ਦਾ ਨਾਮ ਨਹੀਂ ਲੈਂਦਾ । "ਸੁਪਨੈ ਨਾਮੁ ਨ ਹਰਿ ਲੀਆ ॥3॥ ਅੰਗ 1192" ।

**668. ਸਤਿਗੁਰੂ ਦੇ ਚਰਨਾਂ ਦੀ ਧੂੜ ਦੀ ਕੀ ਮਹਿਮਾ ਹੈ?**

ਜਿਹਨਾਂ ਨੇ ਸਤਿਗੁਰੂ ਦੇ ਚਰਨਾਂ ਦੀ ਧੂੜ ਆਪਣੇ ਮੱਥੇ ਉਤੇ ਲਾ ਲਈ, ਉਹਨਾਂ ਨੇ ਝੂਠੀ ਮਾਇਆ ਤਿਆਗ ਦਿੱਤੀ ਤੇ ਪ੍ਰਭੂ ਨਾਲ਼ ਅਟੁੱਟ ਪ੍ਰੀਤੀ ਪਾ ਲਈ । ਪ੍ਰਭੂ ਦੀ ਦਰਗਹ ਵਿਚ ਉਹਨਾਂ ਦੇ ਮੁੱਖ ਰੌਸ਼ਨ ਹੁੰਦੇ ਹਨ । "ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ ॥ ਤਿਨ ਕੂੜ ਤਿਆਗੇ ਹਰਿ ਲਿਵ ਲਾਈ ॥ ਤੇ ਹਰਿ ਦਰਗਹ ਮੁਖ ਊਜਲ ਭਾਈ ॥3॥ ਅੰਗ 165" ।

**669. ਕੀ ਗੁਰੂ ਦੀ ਸੇਵਾ ਪ੍ਰਭੂ ਨੂੰ ਭਾਉਂਦੀ ਹੈ?**

ਜੀ ਹਾਂ! ਗੁਰੂ ਦੀ ਸੇਵਾ (ਸ਼ਬਦ ਵੀਚਾਰ) ਪ੍ਰਭੂ ਨੂੰ ਚੰਗੀ ਲੱਗਦੀ ਹੈ । ਕ੍ਰਿਸ਼ਨ ਤੇ ਬਲਭੱਦ (ਵਰਗੇ ਭੀ) ਗੁਰੂ ਦੀ ਚਰਨੀਂ ਲੱਗ ਕੇ ਪ੍ਰਭੂ ਨੂੰ ਧਿਆਉਂਦੇ ਰਹੇ । ਹੇ ਨਾਨਕ ! ਗੁਰੂ ਅਨੁਸਾਰੀ ਨੂੰ ਪ੍ਰਭੂ ਆਪ ਸੰਸਾਰ-ਸਮੁੰਦਰ ਤੋਂ ਪਾਰ ਕਰ ਦਿੰਦਾ ਹੈ । "ਗੁਰ ਸੇਵਾ ਆਪਿ ਹਰਿ ਭਾਵੈ ॥ ਕ੍ਰਿਸਨੁ ਬਲਭਦ੍ਰੁ ਗੁਰ ਪਗ ਲਗਿ ਧਿਆਵੈ ॥ ਨਾਨਕ ਗੁਰਮੁਖਿ ਹਰਿ ਆਪਿ ਤਰਾਵੈ॥ 4॥5॥43॥ ਅੰਗ 165" ।

**670. ਜਮ ਜਗਾਤੀ ਕਿਹਨਾਂ ਦੇ ਨੇੜੇ ਨਹੀਂ ਆਉਂਦੇ?**

ਭਗਤਾਂ ਦੇ! ਭਗਤਾਂ ਨੇ ਪ੍ਰਭੂ ਦੀ ਭਗਤੀ ਦੀ ਖੱਟੀ ਖੱਟੀ ਹੈ, ਉਹ ਸਦਾ ਥਿਰ ਸ਼ਾਹ-ਪ੍ਰਭੂ ਦੇ ਮਨ ਨੂੰ ਚੰਗੇ ਲੱਗਦੇ ਹਨ । ਉਹਨਾਂ ਨੇ ਪ੍ਰਭੂ ਦਾ ਨਾਮ ਜਪ ਕੇ ਉਸਦੇ ਨਾਮ ਦਾ ਸੌਦਾ ਲੱਦਿਆ ਹੈ, ਜਮ ਤੇ ਜਗਾਤੀ (ਮਸੂਲੀਆ) ਉਸ ਦੇ ਨੇੜੇ ਭੀ ਨਹੀਂ ਢੁੱਕਦੇ। "ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ ॥ ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ ॥2॥ ਅੰਗ 165" । ਹਰੀ (ਨਾਮ) ਧਨ ਦੇ ਚੋਰ ਨੇੜੇ ਨਹੀਂ ਆਉਂਦਾ; ਜਮ ਤੇ ਜਗਾਤੀ ਸਜ਼ਾ ਨਹੀਂ ਦਿੰਦੇ/ਕਰ ਨਹੀਂ ਲਗਾਉਂਦੇ । "ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ ॥ ਅੰਗ 734"। ਜਿਹੜੇ ਗੁਰੂ ਦੇ ਬਚਨਾਂ ਰਾਹੀਂ ਦਰਸਾਏ ਮਾਰਗ ਤੇ ਚੱਲਦੇ ਹਨ, ਜਮ ਤੇ ਜਗਾਤੀ ਉਹਨਾਂ ਦੇ ਨੇੜੇ ਭੀ ਨਹੀਂ ਆਉਂਦੇ। "ਗੁਰ ਬਚਨਿ ਮਾਰਗਿ ਜੋ ਪੰਥ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥ ਅੰਗ 1116" ।

**ਇਸਦੇ ਉੱਲਟ:**

ਮਾਇਆ ਮੋਹ 'ਚ ਫਸਿਆਂ ਨੂੰ ਜਮ ਤੇ ਜਗਾਤੀ ਕਰ (ਟੈਕਸ) ਲਾਉਂਦੇ ਹਨ । "ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥ ਅੰਗ 127" । ਕਰਮ ਧਰਮ/ਕਾਂਡ ਤੇ ਪਖੰਡ ਜੋ (ਕਰਦੇ) ਦਿਸਦੇ ਹਨ ਉਹਨਾਂ ਨੂੰ ਜਮ ਤੇ ਜਗਾਤੀ ਲੁੱਟ ਲੈਂਦੇ ਹਨ । "ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ ਅੰਗ 747" ।

**ਹੱਲ ਕੀ ਹੈ?**

ਕਾਮਨਾ ਰਹਿਤ (ਹੋ ਕੇ) ਉਸ ਕਰਤਾਰ ਦਾ ਕੀਰਤਨ ਕਰੋ, ਜਿਸਦੇ ਅੱਖ ਝਮਕਣ ਦੇ ਸਮੇਂ ਦੇ ਸਿਮਰਨ ਨਾਲ ਮਾਇਆ ਦੇ ਬੰਧਨਾਂ 'ਚੋਂ ਛੁੱਟ ਜਾਈਦਾ ਹੈ । "ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥1॥ ਅੰਗ 747" ।

ਚਲਦਾ...

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................................
ADDRESS....................................................................
......................................POST CODE.............................
TEL........................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
www.panjabtimes.uk Email: Panjabtimes@aol.com

## ਹੁਣ ਬਿਨਾ ਸਿਮ ਕਾਰਡ ਨਹੀਂ ਚੱਲੇਗਾ ਵਟਸਐਪ




ਨਵੀਂ ਦਿੱਲੀ : 1 ਮਾਰਚ ਤੋਂ ਬਿਨਾ ਸਿਮ ਕਾਰਡ ਦੇ ਵਟਸਐਪ ਨਹੀਂ ਚੱਲੇਗਾ । ਨਵੇਂ ਨਿਯਮ ਅਨੁਸਾਰ 1 ਮਾਰਚ ਤੋਂ ਤੁਹਾਡੇ ਮੋਬਾਈਲ ਵਿੱਚ ਉਹ ਸਿਮ ਕਾਰਡ ਹੋਣਾ ਲਾਜ਼ਮੀ ਹੋਵੇਗਾ ਜਿਸ ਨੰਬਰ ਤੇ ਤੁਹਾਡਾ ਵਟਸਐਪ ਜਾਂ ਹੋਰ ਐਪ ਚੱਲ ਰਿਹਾ ਹੈ। ਜੇਕਰ ਫ਼ੋਨ ਵਿੱਚ ਸਿਮ ਕਾਰਡ ਨਹੀਂ ਹੋਵੇਗਾ ਤਾਂ ਵਟਸਐਪ, ਟੈਲੀਗ੍ਰਾਮ, ਸਿਗਨਲ, ਸਨੈਪਚੈਟ, ਸ਼ੇਅਰਚੈਟ ਅਤੇ ਜੀਓਚੈਟ ਵਰਗੇ ਮੈਸੇਜਿੰਗ ਐਪਸ ਕੰਮ ਕਰਨਾ ਬੰਦ ਕਰ ਦੇਣਗੇ। ਇਸ ਦਾ ਮਤਲਬ ਹੈ ਕਿ ਹੁਣ ਤੁਸੀਂ ਸਿਰਫ਼ ਵਾਈ-ਫਾਈ ਦੀ ਵਰਤੋਂ ਕਰਕੇ ਬਿਨਾਂ ਸਿਮ ਵਾਲੇ ਫ਼ੋਨ ਤੇ ਇਹ ਐਪਸ ਨਹੀਂ ਚਲਾ ਸਕੋਗੇ।ਨਵੇਂ ਨਿਯਮਾਂ ਦਾ ਅਸਰ ਕੰਪਿਊਟਰ ਜਾਂ ਲੈਪਟਾਪ ਤੇ ਵਟਸਐਪ ਵਰਤਣ ਵਾਲੇ ਲੋਕਾਂ ਤੇ ਵੀ ਪਵੇਗਾ। ਹੁਣ ਕੰਪਿਊਟਰ ਤੇ ਲਾਗਇਨ ਕੀਤਾ ਹੋਇਆ ਵਟਸਐਪ ਹਰ 6 ਘੰਟੇ ਬਾਅਦ ਆਪਣੇ ਆਪ ਲਾਗਆਊਟ ਹੋ ਜਾਵੇਗਾ। ਇਸ ਤੋਂ ਬਾਅਦ ਵਰਤੋਂਕਾਰਾਂ ਨੂੰ ਮੁੜ ਕਿਊਆਰ ਕੋਡ ਸਕੈਨ ਕਰਕੇ ਲਾਗਇਨ ਕਰਨਾ ਪਵੇਗਾ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਸਾਈਬਰ ਅਪਰਾਧੀਆਂ ਅਤੇ ਧੋਖੇਬਾਜ਼ਾਂ ਦਾ ਪਤਾ ਲਗਾਉਣ ਵਿੱਚ ਮਦਦ ਮਿਲੇਗੀ ਅਤੇ ਲੋਕਾਂ ਦਾ ਡਾਟਾ ਪਹਿਲਾਂ ਨਾਲੋਂ ਜ਼ਿਆਦਾ ਸੁਰੱਖਿਅਤ ਰਹੇਗਾ। ਇਹ ਕਦਮ ਖ਼ਾਸ ਤੌਰ ਤੇ ਡਿਜੀਟਲ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਫ਼ਰਜ਼ੀ ਅਕਾਊਂਟਾਂ ਤੇ ਲਗਾਮ ਲਗਾਉਣ ਲਈ ਚੁੱਕਿਆ ਗਿਆ ਹੈ।

# ਪੰਜਾਬ ਦੀ ਬੁੱਚੜ ਪੁਲੀਸ ਫਿਰ ਓਸੇ ਰਾਹ ਤੁਰ ਪਈ ...

## 1980-90 ਦੇ ਦਹਾਕਿਆਂ ਵਿੱਚ ਪੁਲਿਸ ਵੱਲੋਂ ਝੂਠੇ ਮੁਕਾਬਲਿਆਂ ਦੀ ਪਾਈ ਪਿਰਤ ਮੁੜ ਜਾਰੀ

**ਰਣਜੀਤ ਸਿੰਘ ਦਮਦਮੀ ਟਕਸਾਲ**
ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ
ਮੋਬਾਈਲ: 0091 88722-93883



ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਨਾ, ਥਾਣਿਆਂ ਤੇ ਤਸੀਹਾ ਕੇਂਦਰਾਂ 'ਚ ਰੱਖ ਕੇ ਘੋਰ ਤਸ਼ੱਦਦ ਕਰਨਾ, ਪੰਥ-ਪ੍ਰਸਤ ਸਿੱਖਾਂ ਨੂੰ ਆਨੇ-ਬਹਾਨੇ ਤੰਗ-ਪ੍ਰੇਸ਼ਾਨ ਕਰਨਾ, ਗ਼ੈਰ-ਕਾਨੂੰਨੀ ਗ੍ਰਿਫ਼ਤਾਰੀਆਂ ਕਰਨੀਆਂ, ਝੂਠੇ ਕੇਸ ਪਾਉਣੇ ਇਹ ਸਭ ਕੁਝ ਪੁਲਿਸ ਵਾਲ਼ਿਆਂ ਲਈ ਨਵਾਂ ਨਹੀਂ ਹੈ। ਬਾਦਲ ਰਾਜ ਵਿੱਚ ਬੁੱਚੜ ਪੁਲਿਸ ਵੱਲੋਂ ਸੰਘਰਸ਼ੀ ਯੋਧੇ ਭਾਈ ਦਲਜੀਤ ਸਿੰਘ ਬਿੱਟੂ ਤੇ ਭਾਈ ਕੁਲਬੀਰ ਸਿੰਘ ਬੜਾ ਪਿੰਡ ਨੂੰ ਜਲੰਧਰ ਵਿੱਚ ਬਹੁਤ ਜ਼ਲੀਲ ਕੀਤਾ ਗਿਆ ਸੀ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਉੱਤੇ ਕੀਤੇ ਤਸ਼ੱਦਦ ਦੀ ਦਾਸਤਾਨ ਅਜੇ ਪੂਰੀ ਨਸ਼ਰ ਨਹੀਂ ਹੋਈ। ਭਾਈ ਜਸਵੰਤ ਸਿੰਘ ਖਾਲੜਾ ਨੂੰ ਵੀ ਸ਼ਹੀਦ ਕਰਨ ਤੋਂ ਪਹਿਲਾਂ ਬੇਕਿਰਕੀ ਨਾਲ਼ ਜ਼ਲੀਲ ਕੀਤਾ ਗਿਆ। ਭਾਈ ਗੁਰਦੇਵ ਸਿੰਘ ਦੇਬੂ ਨੂੰ ਉਬਾਲ਼ਿਆ ਗਿਆ ਸੀ। ਭਾਈ ਕਸ਼ਮੀਰ ਸਿੰਘ ਸ਼ੀਰਾ ਪੱਟੀ ਦੀ ਲੱਤ 'ਚ ਸਰੀਏ ਖੋਭ ਕੇ ਮਾਸ ਪਾੜਿਆ ਗਿਆ ਸੀ। ਹੋਰ ਵੀ ਬੇਅੰਤ ਸਿੱਖਾਂ ਉੱਤੇ ਕਹਿਰ ਹੋਇਆ।

1984 ਤੋਂ ਲਗਾਤਾਰ ਪੁਲੀਸ ਨੇ ਹਰ ਸਿੱਖ ਨੂੰ ਜ਼ਲੀਲ ਕੀਤਾ। ਤਸ਼ੱਦਦ ਕਰਨ ਮੌਕੇ ਇਹ ਪੁਲੀਸ ਵਾਲ਼ੇ ਤਾਹਨੇ-ਮਿਹਣੇ ਮਾਰਨ, ਨੀਵਾਂ ਵਿਖਾਉਣ, ਨਗਨ ਕਰ ਕੇ ਹੇਠੀ ਕਰਨ ਤੋਂ ਵੀ ਬਹੁਤ ਅੱਗੇ ਤਕ ਜਾਂਦੇ ਨੇ। ਇਹਨਾਂ ਦੇ ਤਸ਼ੱਦਦ ਨਾਲ਼ੋਂ ਇਹਨਾਂ ਦੀ ਦਿੱਤੀ ਜ਼ਲਾਲਤ ਬਹੁਤਾ ਤੰਗ ਕਰਦੀ ਹੈ। ਕਈ ਪੁਲੀਸ ਵਾਲ਼ਿਆਂ ਵਾਸਤੇ ਸੋਸ਼ਲ ਮੀਡੀਆ ਉੱਤੇ ਕੁਝ ਲੋਕ ਲਿਖਦੇ ਨੇ ਕਿ ਉਹ ਵਧੀਆ ਹੈ। ਪਰ ਕੁਝ ਸਿੰਘਾਂ ਨੇ ਤਾਂ ਓਸ ਅਫ਼ਸਰ ਦਾ ਵੀ ਨਿਘਰਿਆ ਰੂਪ ਵੇਖਿਆ ਸੀ ਜੀਹਨੂੰ 'ਗੁਰਸਿੱਖ ਅਫ਼ਸਰ' ਕਹਿ ਕੇ ਲੋਕ ਚੇਤੇ ਕਰਦੇ ਨੇ। ਹਕੀਕਤ ਇਹ ਹੈ ਕਿ ਕੋਈ ਇੱਕ ਅੱਧ ਹੀ ਬਚਿਆ ਹੈ ਬਾਕੀ ਤਾਂ ਸਭ ਲਿਬੜੇ ਹੋਏ ਨੇ। ਇਹਨਾਂ ਵਿੱਚੋਂ ਗੋਬਿੰਦ ਰਾਮ ਬਾਰੇ ਤਾਂ ਖੁਦ ਰਾਜਪਾਲ ਰੇਅ ਨੇ ਮੰਨਿਆ ਸੀ ਕਿ ਓਹ ਲੋਕਾਂ ਉੱਤੇ ਜ਼ੁਲਮ ਕਰ ਕੇ ਸਵਾਦ ਲੈਣ ਵਾਲ਼ਾ ਸੈਡਿਸਟ ਹੈ। ਇਸ ਮਾਨਸਿਕਤਾ ਵਾਲ਼ੇ ਹਰ ਪੁਲਸੀਏ ਨੂੰ, ਹਰ ਸਿੱਖ ਨੂੰ ਤਸੀਹੇ ਦੇ ਕੇ ਤੇ ਜ਼ਲੀਲ ਕਰ ਕੇ ਸੰਤੁਸ਼ਟੀ ਮਿਲ਼ਦੀ ਹੈ। ਇਹਨਾਂ ਪੁਲੀਸ ਵਾਲ਼ਿਆਂ ਨੂੰ ਪਤਾ ਹੈ ਕਿ ਸਿੱਖ ਸਾਨੂੰ 'ਮੀਰ ਮੰਨੂ' ਤੇ 'ਮੱਸੇ ਰੰਘੜ' ਵਾਂਗ ਮੰਨਦੇ ਨੇ ਤੇ ਇਸ ਕਰਕੇ ਇਹ ਪੁਲੀਸ ਵਾਲ਼ੇ ਕਾਬੂ ਆਏ ਸਿੱਖ ਨੂੰ ਝੁਕਿਆ ਵੇਖਣ ਲਈ ਹਰ ਹੱਦ ਪਾਰ ਕਰਨ ਨੂੰ ਤਿਆਰ ਰਹਿੰਦੇ ਨੇ। ਜਦ ਬੇਦੋਸ਼ਾ ਸਿੱਖ ਅੜਦਾ ਹੈ ਤਾਂ ਇਹ ਆਪਣੇ ਸਾਥੀ ਪੁਲਸੀਆਂ ਸਾਹਮਣੇ ਹੇਠੀ ਮੰਨਦੇ ਨੇ ਤੇ ਆਪਣੇ ਆਪ ਨੂੰ ਘੈਂਟ ਦਰਸਾਉਣ ਲਈ ਅੰਦਰਲੇ ਬੰਦੇ ਨੂੰ ਕਤਲ ਕਰ ਕੇ ਹੈਵਾਨ ਬਣ ਜਾਂਦੇ ਨੇ। ਜੀਹਦਾ ਇਹਨਾਂ ਨਾਲ਼ ਵਾਹ ਨਹੀਂ ਪਿਆ, ਓਹੀ ਇਹਨਾਂ ਨੂੰ ਵਡਿਆਉਂਦਾ ਹੈ। ਇਹ ਕਹਿਣਗੇ ਕਿ ਉੱਪਰੋਂ ਹੁਕਮ ਸੀ ਜਦਕਿ ਇਹ ਅਸਲ ਵਿੱਚ ਇਹਨਾਂ ਦੀ ਹੀਣਤਾ ਇਹਨਾਂ ਨੂੰ ਘੈਂਟ ਦਰਸਾਉਣ ਲਈ ਇਹਨਾਂ ਤੋਂ ਅਜਿਹੇ ਕੰਮ ਕਰਵਾਉਂਦੀ ਹੈ।


ਰਣਜੀਤ ਸਿੰਘ



ਕਦੇ ਅਦਾਲਤ ਵਿੱਚ ਜਾਇਓ ਤੇ ਉਹਨਾਂ ਬੁੱਚੜ ਪੁਲਸੀਆਂ ਨੂੰ ਮਿਲਿਓ ਜਿਨ੍ਹਾਂ ਨੂੰ ਖਾੜਕੂਵਾਦ ਦੌਰਾਨ ਬੇਦੋਸ਼ੇ ਸਿੱਖਾਂ ਦੇ ਕਤਲਾਂ ਵਿੱਚ ਸਜ਼ਾ ਸੁਣਾਈ ਜਾ ਰਹੀ ਹੋਵੇ। ਓਹ ਆਪਣੀ ਕਰਤੂਤ ਨੂੰ ਜਾਇਜ਼ ਦਰਸਾਉਣ ਲਈ ਟਿੱਲ ਦਾ ਜ਼ੋਰ ਲਾਉਣਗੇ। ਆਪਣੇ ਪੁੱਤ ਦੀ ਪੈਰਵਾਈ ਕਰਨ ਵਾਲ਼ੇ ਬਿਰਧ ਮਾਪਿਆਂ ਉੱਤੇ ਉਹਨਾਂ ਨੇ ਅਣਮਨੁੱਖੀ ਕਹਿਰ ਚਾੜ੍ਹਿਆ ਹੁੰਦਾ। ਉਹਨਾਂ ਦੇ ਹਾਵ-ਭਾਵ ਵੇਖ ਕੇ ਸਹਿਜੇ ਹੀ ਸਮਝ ਲਗ ਜਾਂਦੀ ਹੈ ਕਿ ਜੇ ਹੁਣ ਵੀ ਮੌਕਾ ਮਿਲੇ ਇਹ ਕਤਲ ਕੀਤੇ ਬੇਦੋਸ਼ੇ ਸਿੱਖ ਨੌਜਵਾਨ ਦੇ ਘਰ ਦਾ ਹਰ ਜੀਅ ਭੁੰਨ ਦੇਣ। ਖਾੜਕੂਵਾਦ ਦੌਰਾਨ ਤਾਂ ਲੋਕ ਇਹਨਾਂ ਹੱਥੋਂ ਝੂਠੇ ਮੁਕਾਬਲੇ ਵਿੱਚ ਕਤਲ ਹੋਣ ਤੋਂ ਬਚਣ ਲਈ ਝੂਠੇ ਕੇਸ ਪਵਾਉਣ ਲਈ ਵੀ ਲੱਖਾਂ ਰੁਪਈਏ ਦਿੰਦੇ ਰਹੇ ਹਨ। ਜਿਹੜੇ ਸਿੱਖ ਨੌਜਵਾਨ ਝੂਠੇ ਕੇਸਾਂ ਵਿੱਚ ਫਸਾਏ ਜਾਂਦੇ ਨੇ, ਉਹਨਾਂ ਨੂੰ ਫਸਾਉਣ ਵਾਲ਼ੇ ਜੋ ਮਰਜੀ ਸਫਾਈ ਦੇਣ, ਪਰ ਇਹ ਹਰਾਮੀਪੁਣਾ ਹਜ਼ਾਰਾਂ ਜ਼ਿੰਦਗੀਆਂ ਬਰਬਾਦ ਕਰ ਚੁੱਕਾ ਹੈ। ਜੀਹਨੂੰ ਮਰਜ਼ੀ ਫੜ ਕੇ ਜੋ ਮਰਜ਼ੀ ਦੋਸ਼ ਲਾ ਕੇ ਮੁਕੱਦਮੇ ਵਿੱਚ ਉਲ਼ਝਾ ਕੇ ਪੰਜ-ਦਸ ਸਾਲ ਦੀ ਜੇਲ੍ਹ ਯਾਤਰਾ ਦਾ ਜੁਗਾੜ ਕਰਨ ਵਾਲ਼ੇ ਇਹਨਾਂ ਪੁਲੀਸ ਵਾਲ਼ਿਆਂ ਦੀਆਂ ਔਲਾਦਾਂ, ਘਰਵਾਲ਼ਿਆਂ ਤੇ ਮਾਪੇ ਬਰਾਬਰ ਦੋਸ਼ੀ ਨੇ। ਬਹੁਤੇ ਪੁਲੀਸ ਵਾਲ਼ਿਆਂ ਦੀ ਔਲਾਦ ਕੁਰਾਹੇ ਪੈ ਜਾਂਦੀ ਹੈ ਤੇ ਉਹ ਸੰਤਾਪ ਭੋਗਦੇ ਨੇ। ਬੇਦੋਸ਼ੇ ਸਿੱਖਾਂ ਉੱਤੇ ਜ਼ੁਲਮ ਕਰਨ ਵਾਲ਼ੇ ਪੁਲੀਸ ਵਾਲ਼ਿਆਂ ਦਾ ਆਪਣਾ ਰਿਟਾਇਰ ਹੋਣ ਤੋਂ ਬਾਅਦ ਦਾ ਬੁਰਾ ਹਾਲ ਵੇਖਣ ਵਾਲ਼ਾ ਹੁੰਦਾ ਹੈ। ਨਰਕ ਭੋਗਦੇ ਨੇ। ਭਗਵੰਤ ਮਾਨ, ਕੈਪਟਨ, ਸੁਖਬੀਰ ਜਾਂ ਹੋਰ ਜਿਹੜਾ ਮਰਜੀ ਹਾਕਮ ਹੋਵੇ, ਇਹਨਾਂ ਨੂੰ ਖੁੱਲ੍ਹ ਦੇਵੇ ਸਹੀ, ਇਹ ਲਾਂਬੂ ਲਾ ਦੇਣਗੇ। ਬਦਕਿਸਮਤੀ ਹੈ ਕਿ ਹੁਣ ਫਿਰ ਪੁਲੀਸ ਓਸੇ ਰਾਹ ਤੋਰੀ ਜਾ ਰਹੀ ਹੈ। ਪੁਲੀਸ ਦੇ ਇਹ ਜ਼ੁਲਮ ਨੌਜਵਾਨ ਪੀੜ੍ਹੀ ਨੂੰ ਭਗੌੜਾ ਕਰਨਗੇ। ਇਹੀ ਪੁਲਿਸ ਤੇ ਸਰਕਾਰ ਚਾਹੁੰਦੀ ਹੈ ਕਿ ਹਾਲਾਤ ਵਿਗੜਨ ਤੇ ਸਾਨੂੰ ਖੁੱਲ੍ਹ ਮਿਲੇ।

## ਸਾਇਪ੍ਰਸ ਸਥਿਤ ਬ੍ਰਿਟਿਸ਼ ਆਰ ਏ ਐਫ਼ ਅਕਰੋਤੀਰੀ ਬੇਸ ਵੱਲ ਆ ਰਹੇ ਦੋ ਡਰੋਨ ਮਾਰ ਗਿਰਾਏ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਮੱਧ ਪੂਰਬ ਵਿੱਚ ਵਧ ਰਹੇ ਤਣਾਅ ਦਰਮਿਆਨ ਸਾਇਪ੍ਰਸ ਸਥਿਤ ਬ੍ਰਿਟਿਸ਼ ਹਵਾਈ ਫੌਜ ਦੇ ਆਰਏਐਫ਼ ਅਕਰੋਤੀਰੀ ਸੈਨਿਕ ਅੱਡੇ ਵੱਲ ਵਧ ਰਹੇ ਦੋ ਡਰੋਨਾਂ ਨੂੰ ਸੁਰੱਖਿਆ ਬਲਾਂ ਵੱਲੋਂ ਰਾਹ ਵਿੱਚ ਹੀ ਨਿਸ਼ਾਨਾ ਬਣਾ ਕੇ ਮਾਰ ਗਿਰਾਇਆ ਗਿਆ ਹੈ। ਸਾਇਪ੍ਰਸ ਸਰਕਾਰ ਦੇ ਬੁਲਾਰੇ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਇਹ ਡਰੋਨ ਬ੍ਰਿਟਿਸ਼ ਬੇਸ ਦੀ ਦਿਸ਼ਾ ਵੱਲ ਜਾ ਰਹੇ ਸਨ ਜਿਨ੍ਹਾਂ ਨੂੰ ਸਮੇਂ ਸਿਰ ਰੋਕ ਲਿਆ ਗਿਆ। ਇਹ ਘਟਨਾ ਉਸ ਵੇਲੇ ਸਾਹਮਣੇ ਆਈ ਜਦੋਂ ਐਤਵਾਰ ਅੱਧੀ ਰਾਤ ਦੌਰਾਨ ਇੱਕ ਡਰੋਨ ਬ੍ਰਿਟਿਸ਼ ਬੇਸ ਨਾਲ ਟਕਰਾਇਆ ਸੀ, ਜਿਸ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਹਲਕਾ ਨੁਕਸਾਨ ਦਰਜ ਕੀਤਾ ਗਿਆ। ਘਟਨਾ ਤੋਂ ਬਾਅਦ ਬੇਸ ਇਲਾਕੇ ਵਿੱਚ ਸਾਇਰਨ ਵੱਜਣ ਦੀਆਂ ਰਿਪੋਰਟਾਂ ਮਿਲੀਆਂ ਅਤੇ ਕਰਮਚਾਰੀਆਂ ਨੂੰ ਜਾਰੀ ਸੁਨੇਹੇ ਵਿੱਚ "ਚੱਲ ਰਹੇ ਸੁਰੱਖਿਆ ਖ਼ਤਰੇ" ਬਾਰੇ ਚੇਤਾਵਨੀ ਦਿੱਤੀ ਗਈ। ਬ੍ਰਿਟਿਸ਼ ਰੱਖਿਆ ਮੰਤਰਾਲੇ ਵੱਲੋਂ ਪਹਿਲਾਂ ਹੀ ਸਾਵਧਾਨੀ ਵਜੋਂ ਫੌਜੀ ਪਰਿਵਾਰਾਂ ਅਤੇ ਗੈਰ-ਜ਼ਰੂਰੀ ਸਟਾਫ਼ ਨੂੰ ਹੋਰ ਥਾਵਾਂ 'ਤੇ ਅਸਥਾਈ ਤੌਰ 'ਤੇ ਭੇਜਣ ਦਾ ਫੈਸਲਾ ਕੀਤਾ ਗਿਆ ਸੀ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸੰਸਦ ਵਿੱਚ ਬਿਆਨ ਦਿੰਦਿਆਂ ਕਿਹਾ ਕਿ ਯੂਕੇ ਨੇ ਅਮਰੀਕਾ ਨੂੰ ਸਿਰਫ਼ ਰੱਖਿਆਤਮਕ ਕਾਰਵਾਈ ਲਈ ਬ੍ਰਿਟਿਸ਼ ਅੱਡਿਆਂ ਦੀ ਵਰਤੋਂ ਦੀ ਮਨਜ਼ੂਰੀ ਦਿੱਤੀ ਹੈ ਅਤੇ ਬ੍ਰਿਟੇਨ ਅਮਰੀਕਾ ਤੇ ਇਸਰਾਈਲ ਦੇ ਹਮਲਾਵਰ ਹਵਾਈ ਹਮਲਿਆਂ ਵਿੱਚ ਸ਼ਾਮਲ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਥੀ ਦੇਸ਼ਾਂ ਦੀ ਸਾਂਝੀ ਸੁਰੱਖਿਆ ਅਤੇ ਬ੍ਰਿਟਿਸ਼ ਨਾਗਰਿਕਾਂ ਦੀ ਰੱਖਿਆ ਲਈ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਲਿਆ ਗਿਆ ਹੈ। ਸਾਇਪ੍ਰਸ ਦੇ ਰਾਸ਼ਟਰਪਤੀ ਨਿਕੋਸ ਕ੍ਰਿਸਟੋਡੂਲੀਡਿਸ ਮੁਤਾਬਕ ਐਤਵਾਰ ਨੂੰ ਹੋਇਆ ਹਮਲਾ ਸੰਭਾਵਤ ਤੌਰ 'ਤੇ ਇਰਾਨੀ ਡਰੋਨ ਰਾਹੀਂ ਕੀਤਾ ਗਿਆ ਸੀ। ਘਟਨਾਵਾਂ ਦੇ ਮੱਦੇਨਜ਼ਰ ਆਰਏਐਫ਼ ਅਕਰੋਤੀਰੀ ਅੱਡੇ 'ਤੇ ਸੁਰੱਖਿਆ ਪ੍ਰਬੰਧ ਹੋਰ ਕੜੇ ਕਰ ਦਿੱਤੇ ਗਏ ਹਨ ਅਤੇ ਗੈਰ-ਜ਼ਰੂਰੀ ਕਰਮਚਾਰੀਆਂ ਨੂੰ ਅਸਥਾਈ ਤੌਰ 'ਤੇ ਹਟਾਉਣ ਦੀ ਪ੍ਰਕਿਰਿਆ ਜਾਰੀ ਹੈ।

## ਭਾਰਤ-ਕੈਨੇਡਾ ਵਿਚਾਲੇ ਯੂਰੇਨੀਅਮ ਅਤੇ ਅਹਿਮ ਖਣਿਜਾਂ ਦੀ ਸਪਲਾਈ ਦਾ ਹੋਇਆ ਕਰਾਰ



ਨਵੀਂ ਦਿੱਲੀ: ਭਾਰਤ ਅਤੇ ਕੈਨੇਡਾ ਨੇ ਸੋਮਵਾਰ ਨੂੰ ਯੂਰੇਨਿਅਮ ਅਤੇ ਮਹੱਤਵਪੂਰਨ ਖਣਿਜਾਂ ਦੀ ਸਪਲਾਈ ਸਬੰਧੀ ਮਹੱਤਵਪੂਰਨ ਸਮਝੌਤੇ ਕੀਤੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੋਹਾਂ ਦੇਸ਼ਾਂ ਵਿਚਕਾਰ ਆਰਥਕ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਲਈ ਨਵਾਂ ਖਾਕਾ ਤਿਆਰ ਕੀਤਾ ਹੈ। ਇਸ ਤਹਿਤ 2030 ਤਕ ਦੋਵੇਂ ਦੇਸ਼ਾਂ ਵਿਚਕਾਰ ਸਾਲਾਨਾ ਵਪਾਰ ਨੂੰ 50 ਅਰਬ ਡਾਲਰ ਤਕ ਪਹੁੰਚਾਉਣ ਦਾ ਟੀਚਾ ਰੱਖਿਆ ਗਿਆ ਹੈ।

ਦੋਵੇਂ ਨੇਤਾਵਾਂ ਨੇ ਰੱਖਿਆ, ਨਵੀਨ ਤਕਨਾਲੋਜੀ, ਛੋਟੇ ਅਤੇ ਮਾਡਿਊਲਰ ਪ੍ਰਮਾਣੂ ਰਿਐਕਟਰਾਂ, ਸਿੱਖਿਆ ਅਤੇ ਨਵੀਕਰਨਯੋਗ ਊਰਜਾ ਖੇਤਰਾਂ ਵਿਚ ਸਾਂਝੇਦਾਰੀ ਵਧਾਉਣ ਦਾ ਵਾਅਦਾ ਕੀਤਾ। ਕੈਨੇਡਾ ਨੇ ਭਾਰਤ ਦੇ ਸਿਵਲ ਪ੍ਰਮਾਣੂ ਊਰਜਾ ਖੇਤਰ ਲਈ 2.6 ਅਰਬ ਡਾਲਰ ਦੇ ਯੂਰੇਨਿਅਮ ਸਪਲਾਈ ਸਮਝੌਤੇ ਰਾਹੀਂ ਸਹਿਯੋਗ ਦੇਣ ਦਾ ਐਲਾਨ ਕੀਤਾ।ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ਾਂ ਨੇ ਆਤੰਕਵਾਦ, ਕੱਟੜਵਾਦ ਅਤੇ ਰੈਡੀਕਲਾਈਜ਼ੇਸ਼ਨ ਨੂੰ ਗੰਭੀਰ ਚੁਨੌਤੀ ਮੰਨਿਆ ਹੈ ਅਤੇ ਇਸ ਵਿਰੁਧ ਸਾਂਝੀ ਕਾਰਵਾਈ ਗਲੋਬਲ ਅਮਨ ਲਈ ਜ਼ਰੂਰੀ ਹੈ। ਉਨ੍ਹਾਂ ਨੇ ਪਛਮੀ ਏਸ਼ੀਆ ਦੀ ਸੁਰੱਖਿਆ ਸਥਿਤੀ ਉਤੇ ਵੀ ਚਿੰਤਾ ਪ੍ਰਗਟਾਈ ਅਤੇ ਸੰਘਰਸ਼ਾਂ ਦੇ ਹੱਲ ਲਈ ਸੰਵਾਦ ਅਤੇ ਕੂਟਨੀਤੀ ਦਾ ਸਮਰਥਨ ਕੀਤਾ।

# Navigating the Future Development of UK Sikh Representation: An Independent Summit Report

– ਲੇਖਕ –
ਸੁਜਿੰਦਰ ਸਿੰਘ ਸੰਘਾ



**The Council of Sikhs in Law and Sikhs in Academia commissioned a report on the process and effectiveness of the UK Sikh representation in relation to consultation and advocacy with the UK government on key policy issues.**

..Continued from last week

**(Part 4)**

**9. Strategic Actions:**

9.1 Initial short-term strategy:
SiL and SiA should constitute a small working group/think tank/institute, to liaise with significant UK Sikh formations and the government, to share with them the key outcomes and strategic actions of the UK Sikh Representation Summit Report.

9.2 Transitional medium-term strategy

The SiL and SiA small working group/think tank/institute, in partnership with Sikh formations, should constitute the Central Framework Mechanism (CFM). The CFM, with secretarial, legal, and academic support, should jointly develop its formal structure, aim/purpose, objectives, funding, and resourcing strategy.

9.3 Sustainable strategy

The CFM can be operational as Commission/ Senate/ Confederation/ Standing Conference for UK Sikh Representation. After three years, a review and evaluation of the effectiveness, efficiency and outcomes should be assessed to make further improvements.

**Notes:**

1. The process of implementation of conclusive recommendations, can command a sound logic, credibility, mandate, and authority for representing UK Sikh communities at government levels and across the society.

2.The CFM should be capable of tackling issues of concern for UK Sikh communities with confidence, including all forms of discrimination, disadvantage, and marginalisation. This can be done better in partnership with other Asian, Black, and Minority Ethnic (ABME) communities, public services, and government agencies.

3. The CFM work can provide checks and balances in relation to single agenda hyper activist entry-ism. It will be able to manage risks of it getting dominated or de-tracked from its strategic direction and goals.

4. To cover the operational cost of the CFM, SiL and SiA, financial support should be sourced from the stakeholders e.g. UK Sikh communities, Gurdwara Committees, Sikh businesses, funding charities, organisational membership, and relevant government agencies.

..............................

**The Independent Reviewing Panel Authors:**

Dr Sujinder Singh Sangha OBE FRSA (Chair)
Mr Baldip Singh – MCIArb - Barrister
Nimrita Kaur Bahia - Academic
Mr Harjot Singh (Solicitor Advocate)
Dr Dalvir Kaur Gill cademic)

**External Reviewer:**

Ms Harjinder Kaur Aujla (Academic)

The IRP offers special thanks to all those people from across the UK Sikh community, who have participated in the meetings, provided written and oral evidence. Their invaluable and thoughtful contributions made it possible to compile and present the Summit Report

........................

**10. References and Sources of Further Information:**

Guru Granth Sahib – The Sikh Scripture (SGPC, Amritsar) ang 714 and 636-37
'Archived' Editions (1965 – 2023) Des Pardes – London, Punjab/Panjab Times – London/Derby, The Punjabi Guardian, Birmingham (1987 – 1998)
Birk, M., Gill, H., & Heer, K. (2015). De-Islamizing Sikhaphobia: Deconstructing structural racism in Wisconsin Gurdwara shooting 10/12. Education, citizenship, and social justice, 10(2), 97-106
Bloom Report Review and Findings (2023) The Council of Sikhs in Law Select Committee Report, Bedford Row Chambers, London
Chahal, D. S. (2002) Meanings and Functions of Gurdwara According to Nanankian Philosophy
Jhutti-Johal, J (2017) Religion and the Public Sphere, Accessed on 11 September 2023: https://eprints.lse.ac.uk/76432/1/ Research
Kaur A., Kaur, C., Kaur, P., & Rahman, U. T. A. (2021, September). The Reflection of Religious Institutions: Gurdwaras New Virtual Role During the Pandemic. In International Virtual Conference on Liberal Studies 2021 (p. 1).
Kaur-Aujla, C.,Wagstaff, F., & Lilley, A. (2022). Domestic abuse and mental health remain taboo subjects for many Sikhs – with deadly consequences. The Conversation.
Kaur, T. (2023). Rag Head, white supremacy, and violence: Dramatic reflections on a decade after the Oak Creek Gurdwara shootings. Sikh Formations, 1-26
Sangha, SS (1997) Vilayton Vekhi Duniya Vols.1: Compilations of articles published in Punjabi print media between 1968 and 2023, Punjabi Guardian Press Birmingham – Printers: Singh Brothers Amritsar
Sangha, SS (2001) Racial Equality Education and Punjabis in Britain, Punjabi Guardian Press Birmingham
Sangha, SS (2022) Readings in Sikh and Punjabi Studies from the UK, Singh Brothers Amritsar
Shergill, N (2008 – 2023) Indians Abroad and Punjab Impact – Annual Series and the Directory of the UK Gurdwaras, London
Singh, G (2021) Accessed on 08 October 2023 https://asiasamachar.com/2020/05/21/sikh-fragmentation-in-uk-and-globally/
Singh, G and Shani G (2022) Sikh Nationalism – From a Dominant Minority to an Ethno-Religious Diaspora, Cambridge University Press
Singh, G and Tatla DS (2006) Sikhs in Britain – The Making of a Community, Zed Books Ltd, London
Singh, J (2013) Who Speaks for Sikhs, Accessed on 11 September 2023: www.public-script.org.uk
Singh, J (2017) Accessed on 08 October, 2023 https://spotlight.leeds.ac.uk/world-changers/empowering-communities/
Singh, P and Fenech LE eds. (2014) The Oxford Handbook of Sikh Studies, Oxford University press
Singh, R and Rajput KS (2013) Punjab to Bradford – Life Stories of Punjabi Immigrants in Bradford, Published by the Authors and Printed by Inprint + Design Ltd, University of Bradford
Singh R and Sangha (2015) Managing Britain's Gurdwaras: Challenges and Opportunities: asianaffairs.in/march2015/uk-sikh-community.html
Takhar, OK (2014) Accessed on 11 September 2023: https://scholar.google.com/scholar
Thandi, S (2017) Promise of Punjabi Diaspora: Rhetoric and Reality of Failed Engagement Accessed on 11 September 2023 https://www.jstor.org/stable/44166924
The Bloom Review (2023) Does government 'do God?' Accessed 26 October, 2023 https://assets.publishing.service.gov.uk/government/uploads/system/uploads/attac hment_data/file/1152684/The_Bloom_Review.pdf

* * * * * * *

## ਡਾਲਰ ਦੇ ਮੁਕਾਬਲੇ ਰੁਪਿਆ 42 ਪੈਸੇ ਡਿੱਗ ਕੇ 91.50 ਦੇ ਪੱਧਰ ਉਤੇ ਪਹੁੰਚਿਆ

ਮੁੰਬਈ : ਇਰਾਨ ਉਤੇ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਕਾਰਨ ਵਿਸ਼ਵ ਭਰ ਚ ਜੋਖਮ ਤੋਂ ਬਚਣ ਦੇ ਰੁਖ਼ ਕਾਰਨ ਰੁਪਿਆ ਸੋਮਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ 42 ਪੈਸੇ ਦੀ ਭਾਰੀ ਗਿਰ–ਾਵਟ ਨਾਲ 91.50 ਦੇ ਪੱਧਰ ਉਤੇ ਬੰਦ ਹੋ ਗਿਆ। ਵਿਦੇਸ਼ੀ ਮੁਦਰਾ ਕਾਰੋਬਾਰੀਆਂ ਨੇ ਕਿਹਾ ਕਿ ਘਰੇਲੂ ਸ਼ੇਅਰ ਬਾਜ਼ਾਰਾਂ ਚ ਭਾਰੀ ਵਿਕਰੀ ਅਤੇ ਵਿਦੇਸ਼ੀ ਫੰਡ ਵਾਪਸ ਲੈਣ ਨਾਲ ਭਾਰਤੀ ਕਰੰਸੀ ਚ ਹੋਰ ਗਿਰਾਵਟ ਆਈ ਹੈ। ਐਕਸਚੇਂਜ ਦੇ ਅੰਕੜਿਆਂ ਮੁਤਾਬਕ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਸ਼ੁਕਰਵਾਰ ਨੂੰ 7,536.36 ਕਰੋੜ ਰੁਪਏ ਦੇ ਇਕੁਇਟੀ ਵੇਚੇ। ਮੀਰੇ ਐਸੇਟ ਸ਼ੇਅਰਖਾਨ ਦੇ ਖੋਜ ਵਿਸ਼ਲੇਸ਼ਕ ਅਨੁਜ ਚੌਧਰੀ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਵਲੋਂ ਇਰਾਨ ਉਤੇ ਹਮਲਾ ਕਰਨ ਤੋਂ ਬਾਅਦ ਆਲਮੀ ਬਾਜ਼ਾਰਾਂ ਚ ਰੁਪਿਆ ਲਗਭਗ ਅੱਧਾ ਫੀ ਸਦੀ ਡਿੱਗ ਗਿਆ। ਉਨ੍ਹਾਂ ਕਿਹਾ ਕਿ ਐਫ.ਆਈ.ਆਈ. ਦੇ ਨਿਕਾਸ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਰਾਤੋ–ਰਾਤ ਵਾਧੇ ਨੇ ਰੁਪਏ ਉਤੇ ਹੋਰ ਦਬਾਅ ਪਾਇਆ ਹੈ, ਜਿਸ ਨਾਲ ਵਧਦੇ ਭੂ–ਸਿਆਸੀ ਤਣਾਅ ਦੇ ਵਿਚਕਾਰ ਗਲੋਬਲ ਬਾਜ਼ਾਰਾਂ ਵਿਚ ਜੋਖਮ ਦੀਆਂ ਭਾਵਨਾਵਾਂ ਉਤੇ ਨਕਾਰਾਤਮਕ ਪੱਖ ਨਾਲ ਵਪਾਰ ਕਰਨ ਦੀ ਉਮੀਦ ਹੈ।

# ਗੁਰੂ ਬੈਠਾ ਅਮਰੁ ਸਰੂਪ ਹੋਇ

- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743





ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ

**ਕਿਸ਼ਤ-27**

ਫਿਰ ਵੀ ਬਾਦਸ਼ਾਹ ਨੇ ਜੇਠਾ ਜੀ ਨੂੰ ਅੱਡ ਕਰ ਕੇ ਕਿਹਾ ਕਿ ਗੁਰੂ ਅਮਰਦਾਸ ਜੀ ਪਾਸ ਬੇਨਤੀ ਕਰਨੀ ਕਿ ਜਿਵੇਂ ਸਿੱਖ ਬਣਨ ਤੋਂ ਪਹਿਲਾਂ ਉਹ ਆਪ ਹਰ ਵਰ੍ਹੇ ਗੰਗਾ ਦੀ ਯਾਤਰਾ ਕਰਦੇ ਹੁੰਦੇ ਸਨ, ਕਿਰਪਾ ਕਰ ਕੇ ਹਿੰਦੂਆਂ ਦੇ ਵਿਰੋਧ ਨੂੰ ਠੰਡਾ ਕਰਨ ਲਈ ਇਕ ਵਾਰ ਹੋਰ ਯਾਤਰਾ ਉੱਤੇ ਜਾਣ। ਬਾਦਸ਼ਾਹ ਨੇ ਫਿਰ ਕਿਹਾ ਕਿ ਮੈਂ ਇਕ ਹੁਕਮਨਾਮਾ ਕਢਾਂਗਾ ਕਿ ਗੁਰੂ ਜੀ ਅਤੇ ਉਨ੍ਹਾਂ ਦੇ ਨਾਲ ਦੀ ਸੰਗਤ ਕੋਲੋਂ ਕੋਈ ਜਜ਼ੀਆ ਨਾ ਲਿਆ ਜਾਵੇ।

ਪੰਨਾ 271, ਸਿੱਖ ਇਤਿਹਾਸ, ਮੈਕਾਲਿਫ਼

ਐਸਾ ਕਹਿੰਦਿਆਂ ਸਭਾ ਸਮਾਪਤ ਕਰ ਦਿੱਤੀ। ਬਾਦਸ਼ਾਹ ਦੇ ਅਜਿਹਾ ਕਹਿਣ ਵਿਚ ਕੋਈ ਹੁਕਮ ਭਾਵਨਾ ਨਹੀਂ ਸਗੋਂ ਨੇਕ ਸਲਾਹ ਦੇ ਰੂਪ ਵਿਚ ਹੀ ਸਾਨੂੰ ਸਮਝਣਾ ਚਾਹੀਦਾ ਹੈ ਕਿਉਂਕਿ ਗੁਰੂ ਸਾਹਿਬ ਵੱਲੋਂ ਅਜਿਹਾ ਕਰਨ ਨਾਲ ਜਿਥੇ ਹੋਰ ਤੀਰਥ ਯਾਤਰੀਆਂ ਨੂੰ ਸੁਮੱਤ ਆਵੇਗੀ ਓਥੇ ਝਗੜਾਲੂ ਲੋਕ ਵੀ ਸ਼ਾਂਤ ਹੋ ਜਾਣਗੇ ਜੋ ਰਾਜਸੀ ਹਾਲਾਤ ਅਨੁਸਾਰ ਬਾਦਸ਼ਾਹ ਲਈ ਜ਼ਰੂਰੀ ਸੀ। ਇਥੇ ਇਹ ਵੀ ਧਿਆਨ ਕਰਨ ਯੋਗ ਹੈ ਕਿ ਭਾਵੇਂ ਮਹਿਮਾ ਪ੍ਰਕਾਸ਼ (ਵਾਰਤਕ) ਦੇ ਲਿਖਾਰੀ ਨੇ ਬਾਦਸ਼ਾਹ ਦੇ ਅਜਿਹਾ ਕਹਿਣ ਬਾਰੇ ਕੁਝ ਨਹੀਂ ਲਿਖਿਆ ਪਰ ਇਸੇ ਗ੍ਰੰਥ ਦੇ ਰਚਨ ਕਾਲ ਦੇ ਨੇੜੇ ਹੀ ਲਿਖੇ ਗਏ -ਮਹਿਮਾ ਪ੍ਰਕਾਸ਼- ਛੰਦਾ-ਬੰਦੀ ਵਿਚ ਬਾਵਾ ਸਰੂਪ ਦਾਸ ਭੱਲਾ ਜੀ ਨੇ ਇਸ ਦਾ ਹਵਾਲਾ ਦਿੱਤਾ ਹੈ ਜੋ ਉੱਪਰ ਆ ਚੁੱਕਾ ਹੈ, ਸਾਡੀ ਜਾਚੇ, ਇਸ ਉਪਰੰਤ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਵੀ ਇਸੇ ਖ਼ਿਆਲ ਦੀ ਪੈਰਵੀ ਕੀਤੀ ਹੈ ਅਰ ਇਸੇ ਪ੍ਰਕਾਰ ਹੋਰ ਬਾਦ ਦੇ ਲਿਖਾਰੀਆਂ ਵੀ।

ਸਭਾ ਤੋਂ ਵਾਪਸ ਆ ਕੇ ਸ੍ਰੀ ਜੇਠਾ ਜੀ ਇਕ ਦਿਨ ਹੋਰ ਇਥੇ ਠਹਿਰ ਕੇ ਸਿੱਖ ਸੰਗਤਾਂ ਨੂੰ ਮਿਲ ਕੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ।

ਰਾਗ ਆਸਾ ਘਰੁ 2 ਮਹਲਾ 3॥
ਹਰਿ ਦਰਸਨੁ ਪਾਵੈ ਵਡਭਾਗਿ॥
ਗੁਰ ਕੈ ਸਬਦਿ ਸਚੈ ਬੈਰਾਗਿ॥
ਖਟ ਦਰਸਨੁ ਵਰਤੈ ਵਰਤਾਰਾ॥
ਗੁਰ ਕਾ ਦਰਸਨੁ ਅਗਮ ਅਪਾਰਾ॥1॥
ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥
ਸਾਚਾ ਆਪਿ ਵਸੈ ਮਨਿ ਸੋਇ॥1॥ਰਹਾਉ॥
ਗੁਰ ਦਰਸਨਿ ਉਧਰੈ ਸੰਸਾਰਾ॥
ਜੇ ਕੋ ਲਾਏ ਭਾਉ ਪਿਆਰਾ॥
ਭਾਉ ਪਿਆਰਾ ਲਾਏ ਵਿਰਲਾ ਕੋਇ॥
ਗੁਰ ਕੈ ਦਰਸਨਿ ਸਦਾ ਸੁਖੁ ਹੋਇ॥2॥
ਗੁਰ ਕੈ ਦਰਸਨਿ ਮੋਖ ਦੁਆਰੁ॥
ਸਤਿਗੁਰੁ ਸੇਵੈ ਪਰਵਾਰੈ ਸਾਧਾਰੁ॥
ਨਿਗੁਰੇ ਕਉ ਗਤਿ ਕਾਈ ਨਾਹੀ॥
ਅਵਗੁਣਿ ਮੁਠੇ ਚੋਟਾ ਖਾਹੀ॥3॥
ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ॥
ਗੁਰਮੁਖਿ ਤਾ ਕਉ ਲਗੈ ਨ ਪੀਰ॥
ਜਮਕਾਲੁ ਤਿਸੁ ਨੇੜਿ ਨ ਆਵੈ॥
ਨਾਨਕ ਗੁਰਮੁਖਿ ਸਾਚਿ ਸਮਾਵੈ॥4॥1॥40॥

ਗੁ.ਗ੍ਰੰ.ਸਾ. ਪੰਨਾ 360

ਇਸ ਦੇ ਨਾਲ ਹੀ ਉਨ੍ਹਾਂ ਨੂੰ ਹਾਲਾਤ ਤੋਂ ਜਾਣੂੰ ਕਰਵਾਇਆ ਅਰ ਅਗਲੇ ਭਲਕ ਗੋਇੰਦਵਾਲ ਸਾਹਿਬ ਰਵਾਨਾ ਹੋ ਗਏ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਉਚਾਰਿਤ ਇਕ ਪਾਵਨ ਬਚਨ ਸਾਨੂੰ ਯਾਦ ਆ ਰਿਹਾ ਹੈ:

ਤਿਸੁ ਗੁਰ ਕਉ ਹਉ ਵਾਰਿਆ
ਜਿਨਿ ਹਰਿ ਕੀ ਹਰਿ ਕਥਾ ਸੁਣਾਈ॥
ਤਿਸੁ ਗੁਰ ਕਉ ਸਦ ਬਲਿਹਾਰਣੈ
ਜਿਨਿ ਹਰਿ ਸੇਵਾ ਬਣਤ ਬਣਾਈ॥
ਸੋ ਸਤਿਗੁਰੂ ਪਿਆਰਾ ਮੇਰੈ ਨਾਲਿ ਹੈ
ਜਿਥੈ ਕਿਥੈ ਮੈਨੋ ਲਏ ਛਡਾਈ॥
ਤਿਸੁ ਗੁਰ ਕਉ ਸਾਬਾਸਿ ਹੈ
ਜਿਨਿ ਹਰਿ ਸੋਝੀ ਪਾਈ॥
ਨਾਨਕੁ ਗੁਰ ਵਿਟਹੁ ਵਾਰਿਆ
ਜਿਨਿ ਹਰਿ ਨਾਮੁ ਦੀਆ
ਮੇਰੇ ਮਨ ਕੀ ਆਸ ਪੁਰਾਈ॥5॥

ਗੁ.ਗ੍ਰੰ.ਸਾ. ਪੰਨਾ 587

**ਗੋਇੰਦਵਾਲ ਵਾਪਸੀ**

ਸਾਡੇ ਸਾਖੀਕਾਰ, ਸ੍ਰੀ ਜੇਠਾ ਜੀ ਦੇ ਗੁਰੂ ਸਾਹਿਬ ਨਾਲ ਅੰਦਰੂਨੀ ਨੇੜਤਾ ਅਤੇ ਅਟੁੱਟ ਪਿਆਰ ਬਾਰੇ ਕੁਝ ਬਿਰਤਾਂਤ ਵੀ ਲਿਖਦੇ ਹਨ। ਉਨ੍ਹਾਂ ਅਨੁਸਾਰ ਵਾਪਸੀ ਸਮੇਂ ਜਦੋਂ ਆਪ ਜੀ ਬਾਜ਼ਾਰ ਵਿਚੋਂ ਲੰਘ ਰਹੇ ਸਨ ਤਾਂ ਇਕ ਦੁਕਾਨ ਵਿਚ ਸੁੰਦਰ ਕਪੜਾ ਵੇਖ ਕੇ ਮਨ ਵਿਚ ਚਾਉ ਆਇਆ ਕਿ ਜੇ ਇਸ ਕਪੜੇ ਦਾ ਅਸੀਂ ਗੁਰੂ ਪਾਤਸ਼ਾਹ ਲਈ ਕੁਰਤਾ ਬਣਵਾ ਕੇ ਲੈ ਜਾਈਏ, ਜਦੋਂ ਪਹਿਨਣਗੇ ਤਾਂ ਬਹੁਤ ਹੀ ਸੋਹਣਾ ਲਗੇਗਾ। ਅਜਿਹਾ ਵਿਚਾਰਦਿਆਂ ਜਦੋਂ ਜ਼ੇਬ ਵਿਚ ਹੱਥ ਮਾਰਿਆ ਤਾਂ ਮਾਇਆ ਲੋੜ ਅਨੁਸਾਰ ਨਹੀਂ ਸੀ ਕਿ ਕਪੜਾ ਖ਼ਰੀਦ ਕੇ ਸਿਵਾਇਆ ਜਾ ਸਕੇ। ਸੋ, ਅੱਗੇ ਤੁਰ ਪਏ।

ਲਾਹੌਰੋਂ ਨਿਕਲਦਿਆਂ ਨਿਖ਼ਾਸ ਚੌਕ ਕੋਲ ਆਪ ਜੀ ਨੇ ਇਕ ਦੁਕਾਨ 'ਤੇ ਕੁਰੁੱਤੇ ਅੰਬ ਵਿਕਦੇ ਵੇਖੇ ਤਾਂ ਮਨ ਵਿਚ ਆਇਆ ਕਿ ਜੇ ਇਕ ਅੰਬ ਇਥੋਂ ਲੈ ਲਈਏ ਤਾਂ ਹਜ਼ੂਰ ਪਾਤਸ਼ਾਹ ਜੀ ਨੂੰ ਇਹ ਰਸਿਆ ਕੁਰੁੱਤਾ ਅੰਬ ਚੂਪਦਿਆਂ ਵੇਖ ਸਾਨੂੰ ਵੱਡੀ ਪ੍ਰਸੰਨਤਾ ਹੋਵੇਗੀ। ਅਜਿਹਾ ਸੋਚਦਿਆਂ ਆਪ ਨੇ ਅੰਬ ਖ਼ਰੀਦ ਕੇ ਪੱਲੇ ਬੱਧਾ ਅਰ ਪੈਂਡੇ ਪੈ ਗਏ। ਰਾਤ ਰਾਹ ਵਿਚ ਕੱਟੀ। ਰਵਾਂ-ਰਵੀਂ ਚਲਦਿਆਂ ਦੁਪਹਿਰ ਤਕ ਗੋਇੰਦਵਾਲ ਸਾਹਿਬ ਦੇ ਨੇੜੇ ਭੈਰੋਵਾਲ ਪਹੁੰਚੇ। ਇਥੇ ਪਹੁੰਚ ਜਦੋਂ ਪੱਲੇ ਵੱਲ ਧਿਆਨ ਗਿਆ ਤਾਂ ਗਰਮੀ ਦੇ ਦਿਨ ਕਰ ਕੇ ਰਸਿਆ ਅੰਬ ਫਿੱਸ ਕੇ ਚੋਣ ਲੱਗ ਪਿਆ ਸੀ। ਸੋਚਣ ਲੱਗੇ ਕਿ ਹੁਣ ਭਾਵੇਂ ਵਾਟ ਬਹੁਤ ਜ਼ਿਆਦਾ ਤਾਂ ਨਹੀਂ ਰਹਿ ਗਈ ਪਰ, ਗੋਇੰਦਵਾਲ ਪਹੁੰਚਦਿਆਂ ਤੱਕ ਤਾਂ ਇਹ ਬਿਲਕੁਲ ਚੋ ਜਾਵੇਗਾ ਅਰ ਹਜ਼ੂਰ ਨੂੰ ਖੁਆਉਣ ਯੋਗ ਹੀ ਨਹੀਂ ਰਹਿ ਜਾਵੇਗਾ। ਇਉਂ ਵਿਚਾਰ ਕੇ ਆਪ ਜੀ ਨੇ ਗੁਰੂ ਸਾਹਿਬ ਜੀ ਦਾ ਧਿਆਨ ਧਰਿਆ ਅਰ ਸਹਜੇ ਸਹਜੇ ਸਾਰਾ ਅੰਬ ਚੂਸ ਲਿਆ, ਪੱਲਾ ਖੂਹ ਤੋਂ ਧੋਤਾ ਅਰ ਗੋਇੰਦਵਾਲ ਸਾਹਿਬ ਤੁਰ ਪਏ।

ਏਥੇ ਪਹੁੰਚ ਸ਼ਨਾਨ ਕਰ ਕੇ ਪਿਛਲੇ ਪਹਿਰ ਦੇ ਸਜ ਰਹੇ ਦੀਵਾਨ ਵਿਚ ਸਤਿਗੁਰਾਂ ਨੂੰ ਆ ਸੀਸ ਨਿਵਾਇਆ। ਹਜ਼ੂਰ ਨੇ ਪਿਆਰ ਸਹਿਤ ਕੋਲ ਬਿਠਾ ਕੇ ਸ਼ਾਹੀ ਦਰਬਾਰ ਵਿਚ ਹੋਈ ਸਾਰੀ ਗੱਲਬਾਤ ਜਾਣੀ। ਜਦੋਂ ਸ੍ਰੀ ਜੇਠਾ ਜੀ ਨੇ ਦੱਸਿਆ ਕਿ ਅੰਤ ਵਿਚ ਬਾਦਸ਼ਾਹ ਨੇ ਫ਼ਰਿਆਦੀਆਂ ਨੂੰ ਅੰਤ ਵਿਚ ਜਦੋਂ ਸਾਡੇ ਕੋਲੋਂ ਕੋਈ ਹੋਰ ਇਤਰ-ਯਜ਼ ਵਾਲੀ ਗੱਲ ਪੁੱਛਣ ਲਈ ਆਖਿਆ ਤਾਂ ਉਨ੍ਹਾਂ ਸਿਰ ਨਿਵਾ ਕੇ ਪੁੱਛਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਦ ਬਾਦਸ਼ਾਹ ਨੇ ਉਨ੍ਹਾਂ ਦੀ ਫ਼ਰਿਆਦ ਨੂੰ ਅਯੋਗ ਠਹਿਰਾ ਕੇ ਖਾਰਜ ਕਰ ਦਿੱਤਾ ਤਾਂ ਉਹ ਨਮੋਸ਼ੀ ਨਾਲ ਨਿੰਮੋਝੂਣੇ ਹੋਏ ਦਰਬਾਰ 'ਚੋਂ ਨਿਕਲ ਗਏ, ਧਰਮ-ਦੋਖੀ ਫ਼ਰਿਆਦੀਆਂ ਦਾ ਇਹ ਹਾਲ ਹੋਇਆ ਜਾਣ ਕੇ ਗੁਰੂ ਪਾਤਸ਼ਾਹ ਜੀ ਨੇ ਵਾਕ ਉਚਾਰਿਆ:

ਭੈਰਉ ਮਹਲਾ 3॥
ਆਪੇ ਦੈਤ ਲਾਇ ਦਿਤੇ ਭਗਤ ਜਨਾ ਕਉ
ਆਪੇ ਰਾਖਾ ਸੋਈ॥
ਜੋ ਤੇਰੀ ਸਦਾ ਸਰਣਾਈ
ਤਿਨ ਮਨਿ ਦੁਖੁ ਨ ਹੋਈ॥1॥
ਜੁਗਿ ਜੁਗਿ ਭਗਤਾ ਕੀ ਰਖਦਾ ਆਇਆ॥
ਦੈਤ ਪੁਤ੍ਰੁ ਪ੍ਰਹਿਲਾਦੁ ਗਾਇਤ੍ਰੀ
ਤਰਪਣੁ ਕਿਛੂ ਨ ਜਾਣੈ
ਸਬਦੇ ਮੇਲਿ ਮਿਲਾਇਆ॥1॥ ਰਹਾਉ॥
ਅਨਦਿਨੁ ਭਗਤਿ ਕਰਹਿ ਦਿਨ ਰਾਤੀ
ਦੁਬਿਧਾ ਸਬਦੇ ਖੋਈ॥
ਸਦਾ ਨਿਰਮਲ ਹੈ ਜੋ ਸਚਿ ਰਾਤੇ
ਸਚੁ ਵਸਿਆ ਮਨਿ ਸੋਈ॥2॥
ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ
ਬਿਰਥਾ ਜਨਮੁ ਗਵਾਇਆ॥
ਸੰਤ ਜਨਾ ਕੀ ਨਿੰਦਾ ਕਰਹਿ
ਦੁਸਟੁ ਦੈਤੁ ਚਿੜਾਇਆ॥3॥
ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ
ਡਰੈ ਨ ਕਿਸੈ ਦਾ ਡਰਾਇਆ॥
ਸੰਤ ਜਨਾ ਕਾ ਹਰਿ ਜੀਉ ਰਾਖਾ
ਦੈਤੈ ਕਾਲੁ ਨੇੜਾ ਆਇਆ॥4॥
ਆਪਣੀ ਪੈਜ ਆਪੇ ਰਾਖੈ
ਭਗਤਾਂ ਦੇਇ ਵਡਿਆਈ॥
ਨਾਨਕ ਹਰਣਾਖਸੁ ਨਖੀ ਬਿਦਾਰਿਆ
ਅੰਧੈ ਦਰ ਕੀ ਖਬਰਿ ਨ ਪਾਈ॥5॥11॥21॥

ਗੁ.ਗ੍ਰੰ.ਸਾ. ਪੰਨਾ 1133

ਹਜ਼ੂਰ ਜੀ ਦੇ ਬਚਨ ਸੁਣ ਕੇ ਸਭਨਾਂ ਦੇ ਹਿਰਦੇ ਵਿਗਾਸ ਨਾਲ ਭਰਪੂਰ ਹੋ ਗਏ।

ਭਾਈ ਬੱਲੂ ਅਤੇ ਹੋਰ ਗੁਰਸਿੱਖ ਬੈਠੇ ਸਨ ਜਦੋਂ ਹਜ਼ੂਰ ਨੇ ਮੁਸਕਾਰਉਂਦਿਆਂ ਸ੍ਰੀ (ਗੁਰੁ) ਰਾਮਦ-ਾਸ ਜੀ ਨੂੰ ਪੁੱਛਿਆ,

'ਜੇਠਿਆ! ਪੁੱਤਰਾ! ਲਾਹੌਰੋਂ ਸਾਡੇ ਲਈ ਕੀਹ ਲਿਆਏ ਹੋ'? ਕਹਿਣ ਲੱਗੇ,

'ਪਿਤਾ ਜੀ! ਦਿਲ ਤਾਂ ਬਹੁਤ ਕੀਤਾ ਕਿ ਆਪ ਜੀ ਲਈ ਸੋਹਣੇ ਜਿਹੇ ਕਪੜੇ ਦਾ ਕੁਰਤਾ ਸਿਵਾਈ ਲਿਜਾਵਾਂ ਪਰ, ਖੀਸੇ ਵਿਚੋਂ ਏਨੇ ਪੈਸੇ ਨਾ ਨਿਕਲੇ। ਫਿਰ ਨਿਖ਼ਾਸ ਚੌਕ 'ਚੋਂ ਲੰਘਦਿਆਂ ਅੰਬ ਵਿਕਦੇ ਵੇਖੇ। ਭਾਵੇਂ ਹੁਣ ਰੁੱਤ ਨਹੀਂ, ਅਸੀਂ ਸੋਚਿਆ ਪਿਤਾ ਜੀ ਖ਼ੁਸ਼ ਹੋਣਗੇ, ਇਸ ਲਈ ਇਕ ਅੰਬ ਲੈ ਲਿਆ ਪਰ, ਭੈਰੋਵਾਲ ਆ ਕੇ ਸਾਨੂੰ ਖਾਣਾ ਪਿਆ'।

'ਕਿਉਂ'? ਹਜ਼ੂਰ ਨੇ ਮੁਸਕਰਾਉਂਦਿਆਂ ਪੁੱਛਿਆ ਤਾਂ ਸ੍ਰੀ ਜੇਠਾ ਜੀ ਕਹਿਣ ਲੱਗੇ,

'ਪਾਤਸ਼ਾਹ ਜੀ! ਅੰਬ ਪੱਕਾ ਹੋਇਆ ਸੀ ਜੋ ਚੋਣ ਲੱਗ ਪਿਆ, ਐਥੇ ਤੱਕ ਲਿਆਉਣਾ ਸਾਨੂੰ ਮੁਸ਼ਕਲ ਜਾਪਿਆ ਜਿਸ ਕਰ ਕੇ ਆਪ ਜੀ ਦੀ ਖ਼ੁਸ਼ੀ ਲੈਣ ਦੀ ਭਾਵਨਾ ਪੂਰੀ ਨ ਹੋ ਸੱਕੀ'।

ਬਚਨ ਸੁਣਦਿਆਂ ਗੁਰੂ ਪਾਤਸ਼ਾਹ ਜੀ ਨੇ ਭਾਈ ਬੱਲੂ ਨੂੰ ਕਿਹਾ,

'ਬੱਲੂਆ! ਜਿਹੜੀ ਗਿਟਕ ਅਸੀਂ ਤੁਹਾਨੂੰ ਰੱਖਣ ਲਈ ਦਿੱਤੀ ਸੀ ਉਹ ਕਿਥੇ ਏ'?

ਭਾਈ ਬੱਲੂ ਜੀ ਉੱਠੇ ਅਰ ਆਲੇ ਵਿਚ ਰੱਖੀ ਗਿਟਕ ਚੁੱਕ ਲਿਆਏ। ਗੁਰੂ ਪਾਤਸ਼ਾਹ ਕਹਿਣ ਲੱਗੇ,

'ਜੇਠਿਆ! ਤੁਹਾਡੀ ਭਾਵਨਾ ਸਾਡੇ ਕੋਲ ਪਹੁੰਚ ਗਈ ਸੀ, ਅਸੀਂ ਕੱਲ੍ਹ ਤੁਹਾਡਾ ਨਵਾਂ ਸਿਵਾਇਆ ਕੁਰਤਾ ਵੀ ਪਾ ਲਿਆ ਸੀ ਤੇ ਅੱਜ ਸਵੇਰੇ ਸੁਆਦੀ ਅੰਬ ਵੀ ਚੂਪ ਲਿਆ'।

ਭਾਈ ਬੱਲੂ ਜੀ ਕੁਝ ਸਮਝ ਕੇ ਸ੍ਰੀ ਜੇਠਾ ਜੀ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਲ੍ਹ ਸਵੇਰੇ ਦੀਵਾਨ ਵਿਚ ਗੁਰੂ ਸਾਹਿਬ ਬੈਠੇ ਅਚਾਨਕ ਹੀ ਆਪਣੀਆਂ ਬਾਹਾਂ ਉੱਚੀਆਂ-ਨੀਵੀਆਂ ਕਰਦੇ ਵੇਖੇ ਜਿਵੇਂ ਕੁਝ ਗਲ ਪਾ ਰਹੇ ਹੋਣ, ਤਾਂ ਸਾਨੂੰ ਕੁਝ ਸਮਝ ਨ ਆਇਆ। ਫਿਰ ਅੱਜ ਮੂੰਹੋਂ ਗਿਟਕ ਕੱਢ ਕੇ ਮੈਨੂੰ ਫੜਾਉਣ ਲੱਗਿਆਂ ਕਹਿਣ ਲੱਗੇ, ਬੱਲੂਆ! ਇਹ ਸੁੱਟੀਂ ਨਾ, ਸੰਭਾਲ ਕੇ ਰੱਖ ਦੇ। ਹੁਣ ਪਤਾ ਲੱਗਾ ਜੇਠਾ ਜੀ! ਕਿ ਇਹ ਗੁਰੂ ਪਾਤਸ਼ਾਹ ਜੀ ਦੇ ਕੌਤਕ ਸਨ ਜੋ ਤੁਹਾਡੇ ਨਾਲ ਪਿਆਰ ਕਰਦੇ ਵਰਤਾ ਰਹੇ ਸਨ। ਇਹ ਸਭ ਜਾਣ ਸ੍ਰੀ ਜੇਠਾ ਜੀ ਦੇ ਖ਼ੁਸ਼ੀ ਨਾਲ ਨੇਤ੍ਰ ਛਲਕ ਪਏ। ਇਉਂ ਵੇਖ ਹਜ਼ੂਰ ਨੇ ਇਨ੍ਹਾਂ ਨੂੰ ਸੀਨੇ ਨਾਲ ਲਾ ਕੇ ਪਿਆਰ ਦਿੱਤਾ।

ਹਾਥ ਜੋਰ ਚਰਨਨ ਸਿਰ ਧਰੇ।
ਸਤਿਗੁਰ ਲੀਲਾ ਲਖੀ ਨ ਪਰੇ।
ਜੋ ਪ੍ਰੇਮ ਖੇਲ ਸਤਿਗੁਰ ਸੋਂ ਖੇਲੇ।
ਤਾ ਕੋ ਨਿਜ ਪਦ ਸਤਿਗੁਰ ਮੇਲੈ।82॥
ਦੋਹਰਾ॥ ਯਹ ਪ੍ਰੇਮ ਪ੍ਰਕਾਸ ਸਤਿਗੁਰ ਕਰਾ
ਧਰ ਜਗ ਸੁੰਦਰ ਭਾਇ।
ਜੋ ਪੜੇ ਸੁਨੇ ਗੁਰਸਿਖ ਮਨ ਧਰੇ
ਸਤਿਗੁਰ ਮਾਹਿ ਸਮਾਇ।83॥ ਮ.ਪ੍ਰ.

ਹਜ਼ੂਰ ਪਾਤਸ਼ਾਹ ਪ੍ਰਤੀ ਸਨੇਹ ਭਰੀ ਨਿਕਟਤਾ ਦਰਸਾਉਂਦਾ ਧੰਨ ਗੁਰੂ ਰਾਮਦਾਸ ਜੀ ਦਾ ਇਕ ਪਵਿੱਤ੍ਰ ਬਚਨ ਹੈ:

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ
ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ।
ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ
ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ॥
ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ
ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ॥3॥

ਗੁ.ਗ੍ਰੰ.ਸਾ. ਪੰਨਾ 167

**ਲੜੀਵਾਰ ਨਾਵਲ**

ਸ਼ਿਵਚਰਨ ਜੱਗੀ (ਕੁੱਸਾ)




ਫ਼ੋਨ : 07853 317 891

Email: jaggikussa@yahoo.de

# ਇੱਕ ਮੇਰੀ ਅੱਖ ਕਾਸ਼ਣੀ...

**ਮਾਣੋਂ ਸੋਚੀਂ ਪੈ ਗਈ।... ਜੇ ਉਹ ਬੁੱਢਾ ਖੋਲੜ ਮੇਰੇ ਸਰੀਰ ਨਾਲ਼ ਖੇਡ ਗਿਆ, ਜੇ ਇਹ ਕਲੋਲ ਕਰ ਲਊ, ਤਾਂ ਕੀ ਫ਼ਰਕ ਪੈਂਦੈ ਮਾਣੋਂ...? ਅਕਸਰ ਤੇਰਾ ਪਤੀ ਐ...। ਤੂੰ ਦੁਨੀਆਂ ਦੇ ਸਾਹਮਣੇ ਇਹਦੇ ਨਾਲ਼ ਲਾਅਵਾਂ ਲਈਆਂ ਨੇ...। ਕੋਈ ਫ਼ਰਜ਼ ਤਾਂ ਤੇਰਾ ਬਣਦਾ ਹੀ ਐ...? ਇੱਕ ਗੱਲੋਂ ਸ਼ੇਰ ਨਿਕਲਿਆ, ਮਾਰ ਕੇ ਬੁੱਢੇ ਦੇ ਬੋਤਲਾਂ ਇੱਕ ਵਾਰ ਤਾਂ ਹਸਪਤਾਲ਼ ਲਿਜਾ ਸੁੱਟਿਆ...। ਹੁਣ ਮੇਰੇ ਨੇੜੇ ਹੋਣ ਵੇਲ਼ੇ ਦਸ ਵਾਰ ਸੋਚੂ...। ਜੇ ਮੈਂ ਹਮਬਿਸਤਰ ਹੋਊਂਗੀ ਵੀ, ਤਾਂ ਆਪਣੇ ਪਤੀ ਨਾਲ਼ ਹੋਊਂਗੀ...। ਆਹ ਮਾਤਾ ਦੀ ਖ਼ਾਹਿਸ਼ ਵੀ ਪੂਰੀ ਹੋਜੂ...। ਪਰ ਇਹਦਾ ਮਤਲਬ ਇਹ ਐ ਬਈ ਇਹਨੂੰ 'ਲਾਦੂ' ਕਦਵਾ ਕੇ, ਮੇਰੇ ਤੋਂ ਬਾਅਦ ਇਹ ਬੁੱਢੀ ਕਿਸੇ ਹੋਰ ਕੁੜੀ ਦੀ ਜ਼ਿੰਦਗੀ ਬਰਬਾਦ ਕਰੂਗੀ...। ਪਰ ਤੂੰ ਕਿਹੜਾ ਕੋਈ ਸਮਾਜ ਸੁਧਾਰਕ ਐਂ...? ਕੈਨੇਡਾ ਦੇ ਨਾਂ ਨੂੰ ਤਾਂ ਅਗਲੇ ਸੱਠ ਸਾਲ ਦੇ ਬੁੱਢੇ ਨਾਲ਼ ਅਠਾਰਾਂ ਸਾਲ ਦੀ ਕੁੜੀ ਤੋਰ ਦਿੰਦੇ ਐ...। ਮਾਰ ਲਿਆ ਲੋਕਾਂ ਨੂੰ ਕੈਨੇਡਾ ਦੇ ਲਾਲਚ ਨੇ...।**




**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 62**

## ਕਾਂਡ 27

ਬੱਕਰੇ ਦੀ ਮਾਂ ਕਦੋਂ ਕੁ ਤੱਕ ਖ਼ੈਰ ਮਨਾਊ...? ਆਖਰ ਨੂੰ ਤਾਂ ਪੁੱਤ ਬਸੰਤੇ ਨੇ ਹੱਟੀ 'ਤੇ ਹੀ ਬਹਿਣਾ ਸੀ। ਉਸ ਦੇ ਰਾਂਝੇ ਨੂੰ ਇਹ ਵੀ ਖ਼ਬਰ ਸੀ ਕਿ ਡਾਲੀ ਆਪਣੇ ਕਲੇਸ਼ੀ ਜਿਹੇ ਪ੍ਰੀਵਾਰ ਨੂੰ ਕਦਾਚਿੱਤ ਚੰਗਾ ਨਹੀਂ ਸਮਝਦੀ ਸੀ। ਉਹ ਤਾਂ ਬੱਸ ਜਾਇਦਾਦ ਦੇ ਲਾਲਚ ਨੂੰ ਹੀ ਉਹਨਾਂ ਨਾਲ਼ ਨੇੜਤਾ ਰੱਖਦੀ ਸੀ।

ਪਰ ਡਾਲੀ ਨੂੰ ਉਸ ਦੀ ਬੇਈਮਾਨੀ ਬਾਰੇ ਕੱਖ ਪਤਾ ਨਹੀਂ ਸੀ। ਇੱਕ ਗੱਲ ਇਹ ਵੀ ਸੀ ਕਿ ਜਿੰਨੀ ਡਾਲੀ ਆਪਣੇ ਆਪ ਵਿੱਚ ਚਤਰ ਬਣਦੀ ਸੀ, ਜਾਂ ਕਹਾਉਂਦੀ ਸੀ, ਜਾਂ ਜਿਤਨੀ ਉਹ ਆਪਣੇ ਆਪ ਨੂੰ ਚਤਰ ਸਮਝਦੀ ਸੀ, ਉਤਨੀ ਹੈ ਨਹੀਂ ਸੀ। ਉਸ ਦੀ ਸੋਚ ਦਾ ਦਾਇਰਾ ਬਹੁਤ ਹੀ ਸੀਮਤ ਸੀ। ਜਦ ਕਿ ਉਸ ਨੂੰ ਮੁਹੱਬਤ ਕਰਨ ਦਾ ਡਰਾਮਾ ਕਰਨ ਵਾਲ਼ਾ ਉਸ ਦਾ ਮਿੱਤਰ ਮੁੰਡਾ ਸੱਤ ਪੱਤਣਾਂ ਦਾ ਤਾਰੂ ਸੀ।

-"ਮੈਨੂੰ ਹੈਰੀ ਕੋਲ਼ ਉਤਾਰ ਦੇ ਪੁੱਤ ਡਾਲੀ..। ਮੈਂ ਮਾਣੋਂ ਨਾਲ਼ ਇੱਕ ਗੱਲ ਕਰਨੀ ਐਂ...।" ਆਖ ਕੇ ਮਾਂ ਨੇ ਧੀ ਦੀ ਬਿਰਤੀ ਤੋੜੀ।

-"ਹੁਣ ਤੁਸੀਂ ਓਥੇ ਕੀ ਕਰਨੈਂ...?" ਡਾਲੀ ਨੇ ਪੁੱਛਿਆ।

-"ਮੈਂ ਮਾਣੋਂ ਨਾਲ਼ ਇੱਕ ਗੱਲ ਕਰਨੀ ਐਂ...।" ਮਲਕੀਤ ਕੌਰ ਬੋਲੀ। ਡਾਲੀ ਚੁੱਪ ਹੋ ਗਈ। ਉਹ ਤਾਂ ਚਾਹੁੰਦੀ ਸੀ ਕਿ ਬਿੱਲੀ ਦੇ ਭਾਗਾਂ ਨੂੰ ਕੋਈ ਛਿੱਕਾ ਟੁੱਟੇ, ਤੇ ਉਸ ਦੀ ਝੋਲ਼ੀ ਵੀ ਕੁਛ ਡਿੱਗੇ...।

ਉਸ ਨੇ ਮਾਂ ਨੂੰ ਉਹਨਾਂ ਦੇ ਘਰ ਦੇ ਅੱਗੇ ਆ ਉਤਾਰਿਆ।

-"ਮੈਂ ਕਾਲ ਕਰੂੰਗੀ ਤੈਨੂੰ, ਆ ਕੇ ਲੈਜੀਂ ਮੈਨੂੰ...।"

-"ਮੈਂ ਜੇ ਨਾ ਆ ਸਕੀ, ਤੁਸੀਂ ਟੈਕਸੀ ਲੈ ਕੇ ਆ ਜਾਇਓ...!" ਉਹ ਗੱਡੀ ਤੋਰਦੀ ਬੋਲੀ, "ਪਰ ਕਾਲ ਕਰ ਲਿਓ ਮੈਨੂੰ, ਦੇਖ ਲਊਂਗੀ...।" ਆਖ ਉਹ ਅੱਗੇ ਤੁਰ ਪਈ।

ਮਲਕੀਤ ਕੌਰ ਹੈਰੀ ਹੋਰਾਂ ਕੋਲ਼ ਆ ਗਈ।

ਹੈਰੀ ਆਦਤ ਅਨੁਸਾਰ ਚਿਪਸ ਖਾ ਰਿਹਾ ਸੀ ਅਤੇ ਹੱਥ ਵਿੱਚ ਉਸ ਨੇ ਟੈਲੀ ਦਾ ਰਿਮੋਟ ਫੜਿਆ ਹੋਇਆ ਸੀ। ਉਸ ਨੇ ਅੰਦਰ ਆਈ ਮਾਂ ਨੂੰ ਦੇਖ ਤਾਂ ਲਿਆ ਸੀ। ਪਰ ਉਸ ਦੇ ਮਨ ਉਪਰ ਬਹੁਤਾ ਕੋਈ ਅਸਰ ਨਾ ਹੋਇਆ। ਉਹ ਬਲੀ ਵਾਲ਼ੇ ਕੁੱਕੜ ਵਾਂਗ ਸੀਲ ਜਿਹਾ ਬਣ ਕੇ ਬੈਠਾ ਰਿਹਾ।

-"ਬੀਜੀ ਕੀ ਹਾਲ ਐ ਉਹਨਾਂ ਦਾ...?" ਉਹ ਬਘੇਲ ਸਿਉਂ ਨੂੰ 'ਸਹੁਰਾ ਸਾਹਿਬ' ਜਾਂ 'ਬਾਪੂ ਜੀ' ਨਹੀਂ ਆਖਣਾ ਚਾਹੁੰਦੀ ਸੀ। ਉਹ ਉਸ ਦੀ ਇੱਜ਼ਤ ਨਾਲ਼ ਖੇਡਿਆ ਸੀ। ਇਸ ਲਈ ਮਾਣੋਂ ਉਸ ਨੂੰ ਕਦਾਚਿੱਤ ਮੁਆਫ਼ ਨਹੀਂ ਕਰ ਸਕਦੀ ਸੀ।

-"ਬਚਾਅ ਹੋ ਗਿਆ ਪੁੱਤ...! ਸ਼ੁਕਰ ਐ ਰੱਬ ਦਾ...!"

-"............।" ਮਾਣੋਂ ਨੇ ਠੰਢਾ ਹਾਉਕਾ ਲਿਆ। ਉਹ ਤਾਂ 'ਗੱਡੀ ਚੜ੍ਹਨ' ਦੀ ਖ਼ਬਰ ਉਡੀਕ ਰਹੀ ਸੀ। ਪਰ ਇਹ ਤਾਂ ਸੁੱਖ ਸਬੀਲੀ ਦੀ ਖ਼ਬਰ ਮੱਥੇ ਆ ਵੱਜੀ ਸੀ।

-"ਐਹਦਾ ਝੁੱਡੂ ਦਾ ਬਚਾਅ ਹੋ ਗਿਆ, ਨਹੀਂ ਇਹਨੇ ਨਰੜੀਦਾ ਮਰ ਜਾਣਾ ਸੀ ਹਰਾਮੀਂ ਨੇ...।"

-"..........................।"

-"ਨੀ ਮਾਣੋਂ...!" ਉਹ ਬੜੇ ਮੋਹ ਜਿਹੇ ਨਾਲ਼ ਬੋਲੀ।

-"ਜੀ ਬੀਜੀ...?"

-"ਨੀ ਪੁੱਤ ਮੈਂ ਤੇਰੇ ਨਾਲ਼ ਇੱਕ ਗੱਲ ਕਰਨੀ ਐਂ...।"

-"...............।" ਮਾਣੋਂ ਚੁੱਪ ਸੀ। ਉਸ ਨੂੰ ਪਤਾ ਸੀ ਕਿ ਮਲਕੀਤ ਕੌਰ ਕੋਈ ਕੁਰਬਾਨੀ ਹੀ ਮੰਗੂਗੀ। ਪਰ ਹੁਣ ਉਹ ਅੰਦਰੋਂ ਤਿਆਰ ਸੀ। ਉਹ ਸੋਚਦੀ ਸੀ ਕਿ ਜੇ ਮੇਰੀ ਸੱਸ ਨੇ ਮੇਰੇ ਤੋਂ ਕਿਸੇ ਕੁਰਬਾਨੀ ਦੀ ਮੰਗ ਕੀਤੀ, ਤਾਂ ਉਹ ਵੀ ਆਪਣੀ ਸ਼ਰਤ ਠੋਕ ਕੇ ਮੰਨਵਾਵੇਗੀ...। ਉਸ ਨੇ ਆਪਣਾ ਮਨ ਅੰਦਰੋਂ ਹੋਰ ਕਰੜਾ ਕੀਤਾ ਅਤੇ ਇਰਾਦਾ ਸਖ਼ਤ ਬਣਾ ਲਿਆ।

-"ਪੁੱਤ ਮਾਣਿਆਂ, ਮੇਰਾ ਇੱਕ ਕੰਮ ਕਰ ਦੇ...!" ਉਸ ਨੇ ਮਾਣੋਂ ਦਾ ਮੂੰਹ ਆਪਣੇ ਹੱਥਾਂ ਵਿੱਚ ਲੈ ਕੇ ਤਰਲਾ ਜਿਹਾ ਲਿਆ।

-"ਦੱਸੋ...?"

-"ਅੱਜ ਕੱਲ੍ਹ ਮਾਰਕੀਟ ਵਿੱਚ ਕੀ-ਕੀ ਅੱਗ ਲੱਗਦੈ...। ਆਹ ਹੱਥ ਆਲ਼ੇ ਫ਼ੋਨ ਵਿੱਚ ਈ ਬਥੇਰੀ ਖੇਹ ਸੁਆਹ ਐ ਮਾਣੋਂ...!"

-"ਬੀਜੀ ਗੱਲ ਸਪੱਸ਼ਟ ਦੱਸੋ...!"

-"ਪੁੱਤ, ਇਹਨੂੰ ਦੂਜੀਆਂ ਫ਼ਿਲਮਾਂ ਦਿਖਾ-ਦਖੂ ਕੇ ਇਹਨੂੰ 'ਓਸ ਪਾਸੇ' ਨੂੰ ਤਾਂ 'ਸਿੱਧਾ' ਕਰ ਦੇ...। ਤੇਰੇ ਨਾਲ਼ ਮੇਰਾ ਬਚਨ ਐਂ, ਮੈਂ ਤੈਨੂੰ ਓਸੇ ਦਿਨ ਟਿਕਟ ਲੈ ਕੇ ਇੰਡੀਆ ਨੂੰ ਚਾੜ੍ਹ ਦਿਊਂਗੀ...। ਤੇਰੇ ਮੇਰੇ ਸੰਨ੍ਹ ਰੱਬ ਐ...। ਬੱਸ, ਇਹਨੂੰ ਕਿਸੇ ਕੁੜੀ ਕੱਤਰੀ ਜੋਕਰਾ ਕਰ ਦੇ, ਜੋ ਮੂੰਹੋਂ ਕੱਢੇਂਗੀ, ਪੂਰਾ ਕਰੂੰਗੀ ਪੁੱਤ, ਸਮਝਗੀ...?"

-"......................।"

-"ਇਹਨੂੰ ਦੂਜੀਆਂ ਫ਼ਿਲਮਾਂ ਦਿਖਾ, ਤੱਤਾ ਕਰ...! ਨੀ ਫ਼ੇਰ ਵੀ ਜੁਆਨੀ ਵਾਲ਼ਾ ਲਹੂ ਐ, ਮਾੜਾ ਜਿਆ ਪੁਲੀਤਾ ਲਾਇਆ, ਇਹ ਤਾਂ ਮਿਜ਼ਾਲ ਮਾਂਗੂੰ ਮੱਚਣ ਲੱਗਪੂ...! ਨਾਲ਼ੇ ਤੇਰੇ ਅਰਗੀ ਕੁੜੀ ਦੇਖ ਕੇ ਤਾਂ ਕਿਸੇ ਰਿਸ਼ੀ ਮੁਨੀ ਦਾ ਇਮਾਨ ਡੋਲ ਜੇ, ਇਹ ਤਾਂ ਕਿਹੜੇ ਬਾਗ ਦੀ ਮੂਲ਼ੀ ਐ....! ਨਾਲ਼ੇ ਤਾਂ ਤੂੰ ਦੇਖ ਆਪ, ਤੇ ਨਾਲ਼ੇ ਦਿਖਾ ਇਹਨੂੰ, ਤੇ ਖੇਡਣ ਖੇਡਣ ਦੇ ਬਹਾਨੇ ਬੱਸ ਇਹਨੂੰ 'ਓਸ ਕੰਮ' ਦੀ ਆਦਤ ਪਾ ਦੇ, ਇੰਡੀਆ ਤਾਂ ਮੈਂ ਤੈਨੂੰ ਭੇਜੂੰ ਹੀ ਭੇਜੂੰ, ਤੇ ਤੈਨੂੰ ਮੂੰਹ ਮੰਗਿਆ ਇਨਾਮ ਦਿਊਂ...।"

ਮਾਣੋਂ ਸੋਚੀਂ ਪੈ ਗਈ।... ਜੇ ਉਹ ਬੁੱਢਾ ਖੋਲੜ ਮੇਰੇ ਸਰੀਰ ਨਾਲ਼ ਖੇਡ ਗਿਆ, ਜੇ ਇਹ ਕਲੋਲ ਕਰ ਲਊ, ਤਾਂ ਕੀ ਫ਼ਰਕ ਪੈਂਦੈ ਮਾਣੋਂ...? ਅਕਸਰ ਤੇਰਾ ਪਤੀ ਐ...। ਤੂੰ ਦੁਨੀਆਂ ਦੇ ਸਾਹਮਣੇ ਇਹਦੇ ਨਾਲ਼ ਲਾਅਵਾਂ ਲਈਆਂ ਨੇ...। ਕੋਈ ਫ਼ਰਜ਼ ਤਾਂ ਤੇਰਾ ਬਣਦਾ ਹੀ ਐ...? ਇੱਕ ਗੱਲੋਂ ਸ਼ੇਰ ਨਿਕਲਿਆ, ਮਾਰ ਕੇ ਬੁੱਢੇ ਦੇ ਬੋਤਲਾਂ ਇੱਕ ਵਾਰ ਤਾਂ ਹਸਪਤਾਲ਼ ਲਿਜਾ ਸੁੱਟਿਆ...। ਹੁਣ ਮੇਰੇ ਨੇੜੇ ਹੋਣ ਵੇਲ਼ੇ ਦਸ ਵਾਰ ਸੋਚੂ...। ਜੇ ਮੈਂ ਹਮਬਿਸਤਰ ਹੋਊਂਗੀ ਵੀ, ਤਾਂ ਆਪਣੇ ਪਤੀ ਨਾਲ਼ ਹੋਊਂਗੀ...। ਆਹ ਮਾਤਾ ਦੀ ਖ਼ਾਹਿਸ਼ ਵੀ ਪੂਰੀ ਹੋਜੂ...। ਪਰ ਇਹਦਾ ਮਤਲਬ ਇਹ ਐ ਬਈ ਇਹਨੂੰ 'ਲਾਦੂ' ਕਦਵਾ ਕੇ, ਮੇਰੇ ਤੋਂ ਬਾਅਦ ਇਹ ਬੁੱਢੀ ਕਿਸੇ ਹੋਰ ਕੁੜੀ ਦੀ ਜ਼ਿੰਦਗੀ ਬਰਬਾਦ ਕਰੂਗੀ...। ਪਰ ਤੂੰ ਕਿਹੜਾ ਕੋਈ ਸਮਾਜ ਸੁਧਾਰਕ ਐਂ...? ਕੈਨੇਡਾ ਦੇ ਨਾਂ ਨੂੰ ਤਾਂ ਅਗਲੇ ਸੱਠ ਸਾਲ ਦੇ ਬੁੱਢੇ ਨਾਲ਼ ਅਠਾਰਾਂ ਸਾਲ ਦੀ ਕੁੜੀ ਤੋਰ ਦਿੰਦੇ ਐ...। ਮਾਰ ਲਿਆ ਲੋਕਾਂ ਨੂੰ ਕੈਨੇਡਾ ਦੇ ਲਾਲਚ ਨੇ...। ਮੇਰਾ ਤਾਂ ਖਹਿੜਾ ਛੁੱਟਦਾ ਹੋਊ...? ਇਹਨੂੰ ਬੁਝਣ ਨੂੰ ਤਾਂ ਕੈਨੇਡਾ ਦੇ ਨਾਂ ਨੂੰ ਵੀਹ ਧੀਆਂ ਦੇਣ ਵਾਲ਼ੇ ਖੜ੍ਹੇ ਹੋ ਜਾਣਗੇ...। ਕੀ ਕਦੇ ਅੱਗੇ ਨਹੀਂ ਹੋਇਆ...?

-"ਕੀ ਸੋਚਣ ਲੱਗਪੀ ਪੁੱਤ ਮਾਣਿਆਂ...?"

-"ਬੀਜੀ, ਤੁਹਾਨੂੰ ਪਤੈ ਨ੍ਹਾਂ, ਕਿ ਮੇਰੇ ਨਾਲ਼ ਮੇਰੇ ਸਹੁਰਾ ਸਾਅਬ ਨੇ ਕਿੰਨੀ ਵਾਰੀ ਜ਼ਬਰਦਸਤੀ ਕੀਤੀ ਐ...? ਇੱਕ ਨਹੀਂ, ਦੋ ਰਾਤਾਂ ਖੇਹ ਖਾਧੀ ਐ ਮੇਰੇ ਨਾਲ਼...। ...ਤੇ ਉਹ ਵੀ ਮੈਨੂੰ ਨਸ਼ੀਲੀ ਚੀਜ਼ ਪਿਆ ਕੇ...।"

_"ਉਹ ਤਾਂ ਕੰਜਰ ਐ ਪੁੱਤ...! ਸਭ ਨੂੰ ਪਤੈ, ਸੌ ਤੀਮੀਂ ਨਾਲ਼ ਖੇਹ ਖਾ ਚੁੱਕਿਐ..। ਪਰ ਇਹਦੇ ਵਿੱਚ ਮੇਰਾ, ਜਾਂ ਔਸ ਹੈਰੀ ਦਾ ਤਾਂ ਕੋਈ ਦੋਸ਼ ਨੀ ਪੁੱਤ...? ਜੇ ਉਹ ਕੰਜਰ ਐ, ਅਸੀਂ ਥੋੜ੍ਹੋ ਦੋਸ਼ੀ ਬਣਗੇ...? ਅਸੀਂ ਤਾਂ ਆਪ ਉਹਦਾ ਬਥੇਰਾ ਜ਼ੁਲਮ ਸਹਿਐ...। ਸਾਨੂੰ ਤਾਂ ਜੁੱਤੀ 'ਤੇ ਰੱਖਿਐ ਓਸ ਬੰਦੇ ਨੇ, ਤੇ ਹੁਣ ਆਬਦੀਆਂ ਕਰਤੂਤਾਂ ਕਰ ਕੇ ਤਾਂਹੀਂ ਤਾਂ ਹਸਪਤਾਲ਼ 'ਚ ਪਿਐ...!"

-"ਉਹ ਹੈਰੀ ਨੂੰ ਸ਼ਰਾਬੀ ਕਰ ਕੇ ਮੇਰੇ ਨਾਲ਼ ਫੇਰ ਖੇਹ ਖਾਣ ਦੀ ਤਾਕ 'ਚ ਸੀ, ਇਹ ਤਾਂ ਪਤਾ ਨੀ ਹੈਰੀ ਦੇ ਦਿਮਾਗ 'ਚ ਕੀ ਆਈ, ਉਹਨਾਂ ਨੂੰ ਕੁੱਟ ਧਰਿਆ...। ਨਹੀਂ ਤਾਂ ਪਹਿਲਾਂ ਵਾਲ਼ਾ ਜਬਰਜਨਾਂਹ ਮੇਰੇ ਨਾਲ਼ ਫ਼ੇਰ ਹੋਣਾ ਸੀ...।"

-"ਮੈਂ ਤਾਂ ਪਹਿਲਾਂ ਕਿਹੈ ਪੁੱਤ...! ਬਈ ਕੁੱਤੇ ਦੇ ਮੂੰਹ ਨੂੰ ਲਹੂ ਲੱਗਿਆ ਮਾੜਾ ਈ ਮਾੜਾ ਹੁੰਦੈ...! ਇਹਦੀ ਤਾਂ ਗਿੱਝੀ ਗਿੱਝੀ ਲੂੰਬੜੀ, ਸਵਾਏ ਮੰਡੇ ਭਾਲ਼ਦੀ ਵਾਲ਼ੀ ਗੱਲ ਐ...।"

-"ਚੱਲ ਮੈਂ ਵਾਅਦਾ ਕਰਦੀ ਆਂ ਬੀਜੀ...। ਮੈਂ ਹੈਰੀ ਹੋਰਾਂ ਨੂੰ ਔਰਤ ਦੇ ਕਾਬਲ ਬਣਾ ਦਿਆਂਗੀ, ਪਰ ਮੇਰੀ ਇੰਡੀਆ ਜਾਣ ਦੀ ਸ਼ਰਤ 'ਤੇ ਗੌਰ ਕਰਿਓ...!"

-"ਹੋਰ ਵੀ ਜੋ ਕੁਛ ਮੰਗੇਂਗੀ, ਦਿਊਂਗੀ ਪੁੱਤ...!"

...ਅਸਲ ਵਿੱਚ ਮਾਣੋਂ ਨੇ ਔਰਤਾਂ ਦੀ ਮੱਦ-ਦਗਾਰ ਸੰਸਥਾ ਨਾਲ਼ ਫ਼ੋਨ ਉਪਰ ਰਾਬਤਾ ਕਾਇਮ ਕੀਤਾ ਸੀ। ਚੰਗੇ ਭਾਗਾਂ ਨੂੰ ਅੱਗੇ ਔਰਤ ਵੀ ਉਸ ਨੂੰ ਪੰਜਾਬਣ ਮਿਲ਼ ਗਈ। ਉਸ ਨੇ ਮਾਣੋਂ ਦੀ ਸਾਰੀ ਗੱਲ ਬੜੇ ਧਿਆਨ ਨਾਲ਼ ਸੁਣੀ ਸੀ।

-"ਐਹੋ ਜੇ ਗੰਦੇ ਤੇ ਦੁਸ਼ਟ ਬੰਦੇ ਨੂੰ ਤਾਂ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੋਣਾਂ ਚਾਹੀਦੈ...! ਪਰ ਮਾਣੋਂ ਇੱਕ ਗੱਲ ਐ, ਜੋ ਹੈ ਵੀ ਬਹੁਤ ਜ਼ਰੂਰੀ...।"

-"ਉਹ ਕੀ ਜੀ...?"


-"ਤੇਰੇ ਕੋਲ਼ ਕੋਈ ਸਬੂਤ ਹੋਣਾਂ ਬਹੁਤ ਜ਼ਰੂਰੀ ਐ...। ਸਬੂਤ ਬਿਨਾਂ ਤਾਂ ਅਗਲਾ ਅਦਾਲਤ ਤੋਂ ਸਿੱਧਾ ਬਾਹਰ ਆ ਜਾਊ...! ਜਾਂ ਤਾਂ ਜਿਸ ਦਿਨ ਤੇਰੇ ਨਾਲ਼ ਤੇਰੇ ਸਹੁਰੇ ਨੇ ਜ਼ਬਰਦਸਤੀ ਕੀਤੀ, ਓਸੇ ਦਿਨ ਹੀ ਤੇਰਾ ਡਾਕਟਰੀ ਮੁਆਇਨਾਂ ਹੋ ਜਾਂਦਾ, ਸਬੂਤ ਵੀ ਮਿਲ਼ ਜਾਂਦੇ...। ਪਰ ਜਿੱਥੇ ਐਨਾਂ ਜਿਗਰਾ ਕੱਢਿਐ, ਓਥੇ ਇੱਕ ਕੰਮ ਹੋਰ ਕਰ, ਕੋਈ ਨਾ ਕੋਈ ਸਬੂਤ ਹੱਥ ਹੇਠ ਕਰ, ਚਾਹੇ ਉਹਦੀ ਬੋਲਦੇ ਦੀ ਰਿਕਾਰਡਿੰਗ ਕਰ ਲੈ...!" ਤੇ ਹੁਣ ਮਾਣੋਂ ਨੇ ਆਪਣੀ ਸੱਸ ਮਲਕੀਤ ਕੌਰ ਨਾਲ਼ ਗੱਲ ਬਾਤ ਦੀ ਰਿਕਾਰਡਿੰਗ ਫ਼ੋਨ ਉਪਰ ਕਰ ਕੇ ਹੱਥ ਹੇਠ ਕਰ ਲਈ ਸੀ।

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਸ਼ਾਮ ਸਿੰਘ ਅਟਾਰੀ ਵਾਲੇ ਬੰਨ੍ਹ ਸ਼ਸਤ੍ਰੀ ਤੋੜ ਵਿਛੋੜ ਸੁੱਟੇ
# ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਲੜੀ ਜੋੜਨ ਲਈ ਵੇਖੋ ਪਿਛਲੇਰੇ ਪੰਜਾਬ ਟਾਈਮਜ਼ ਅੰਕ ਦੇ 3118, ਉਤੇ ਸ਼ੇਰ-ਏ-ਪੰਜਾਬ ਰਣਜੀਤ ਸਿੰਘ ਜੇ ਸਾਜਿਸ਼ੀ ਡੋਗਰਿਆਂ ਤੇ ਬ੍ਰਾਹਮਣਾਂ 'ਤੇ ਇਤਬਾਰ ਨਾ ਕਰਦਾ ਤਾਂ ਅੱਜ ਵੀ ਪੰਜਾਬ ਉੱਤੇ ਖ਼ਾਲਸਾ ਰਾਜ ਦੇ ਝੰਡੇ ਝੂਲਦੇ ਹੋਣੇ ਸੀ।

ਅਸੀਂ ਪਿਛਲੇਰੇ ਅੰਕ 3118 ਵਿੱਚ ਪੜ੍ਹ ਆਏ ਹਾਂ ਕਿ ਲਾਹੌਰ ਦਰਬਾਰ ਵਿੱਚ ਬ੍ਰਾਹਮਣਾਂ ਅਤੇ ਡੋਗਰਿਆਂ ਦੀਆਂ ਸਾਜਿਸ਼ਾਂ ਤੋਂ ਤੰਗ ਆ ਕੇ ਸ਼ਾਮ ਸਿੰਘ ਅਟਾਰੀ ਵਾਲੇ ਸਮੇਤ ਹੋਰ ਵੀ ਕੁਝ ਸਰਦਾਰਾਂ ਨੇ ਲਾਹੌਰ ਦਰਬਾਰ ਤੋਂ ਦੂਰੀ ਬਣਾ ਕੇ ਰੱਖੀ ਹੋਈ ਸੀ। ਸ਼ੇਰ-ਏ-ਪੰਜਾਬ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਰਕਾਰ-ਏ-ਖ਼ਾਲਸਾ ਅਤੇ ਅੰਗ੍ਰੇਜ਼ਾਂ ਵਿੱਚਕਾਰ ਹੋਈ ਪਹਿਲੀ ਜੰਗ ਦੇ ਸ਼ੁਰੂ ਤੋਂ ਹੀ ਬ੍ਰਾਹਮਣ ਤੇ ਡੋਗਰੇ ਜਿਨ੍ਹਾਂ ਦੇ ਹੱਥ ਵਿੱਚ ਸਿੱਖ ਰਾਜ (ਸਰਕਾਰ-ਏ-ਖ਼ਾਲਸਾ ਜੀਉ) ਦੀ ਵਾਗਡੋਰ ਸੀ, ਇਸ ਗੱਲ ਵਿੱਚ ਦਿਲਚਸਪੀ ਰੱਖਦੇ ਸਨ ਕਿ ਸਿੱਖ ਫੌਜਾਂ ਦਾ ਰਾਜਨੀਤਕ ਜਾਂ ਹੋਰ ਦਰਬਾਰ ਦੇ ਮਾਮਲਿਆਂ ਉਪਰ ਅਸਰ ਘੱਟ ਹੋ ਜਾਵੇ, ਇਸ ਲਈ ਉਹ ਅਜਿਹਾ ਪ੍ਰਬੰਧ ਕਰ ਰਹੇ ਸਨ ਜਿਸ ਨਾਲ ਸਿੱਖ ਫੌਜਾਂ ਅੰਗ੍ਰੇਜ਼ਾਂ ਹੱਥੋਂ ਹਾਰ ਜਾਣ। (ਜੇ.ਡੀ. ਕਨਿੰਘਮ, ਪੁਸਤਕ ਹਿਸਟਰੀ ਔਫ ਦਾ ਸਿੱਖਜ਼) ਸਾਜਿਸ਼ੀ ਬ੍ਰਾਹਮਣਾਂ ਤੇ ਡੋਗਰਿਆਂ ਦੇ ਅੰਗ੍ਰੇਜ਼ੀ ਸਰਕਾਰ ਨਾਲ ਹੋਏ ਗੁਪਤ ਸਮਝੌਤੇ ਕਾਰਨ ਹੀ ਸਿੱਖ ਜਿੱਤਕੇ ਵੀ ਅੰਤ ਨੂੰ ਹਾਰਦੇ ਰਹੇ। ਸ਼ਾਹ ਮੁਹੰਮਦ ਲਿਖਦਾ ਹੈ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਦੋਵੇਂ ਬਾਦਸ਼ਾਹੀ ਫੌਜਾਂ ਭਾਰੀਆਂ ਨੀ। ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ। ਸ਼ਾਹ ਮੁਹੰਮਦਾ ਇਕ ਸਰਦਾਰ ਬਾਝੋਂ ਫੌਜਾਂ ਜਿੱਤਕੇ ਅੰਤ ਨੂੰ ਹਾਰੀਆਂ ਨੀ। ਸਿੰਘਾਂ ਮਾਰਕੇ ਕਟਕ ਮੁਕਾਇ ਦਿੱਤੇ ਹਿੰਦੋਸਤਾਨੀ ਤੇ ਪੂਰਬੀ ਦੱਖਣੀ ਜੀ। ਨੰਦਨ ਟਾਪੂਆਂ ਵਿੱਚ ਕੁਰਲਾਟ ਪਿਆ ਕੁਰਸੀ ਚਾਰ ਹਜ਼ਾਰ ਹੈ ਸਖਣੀ ਜੀ।

ਸਭਰਾਵਾਂ ਦੀ ਲੜਾਈ ਅੰਗ੍ਰੇਜ਼ਾਂ ਨਾਲ ਪਹਿਲੀ ਜੰਗ ਦੀ ਆਖਰੀ ਲੜਾਈ ਸੀ। ਇਥੇ ਫਰੰਗੀਆਂ ਨੇ ਜੰਗ ਵਿੱਚ ਸਫ਼ਲਤਾ ਅਤੇ ਪੰਜਾਬ ਦੀ ਰਾਜਧਾਨੀ ਉੱਤੇ ਕਬਜ਼ਾ ਕਰਨ ਲਈ ਆਪਣੇ ਪੂਰਬੀਏ ਤੇ ਡੋਗਰੇ ਏਜੰਟਾਂ ਦੀ ਪੰਜਾਬ ਦੇਸ ਨਾਲ ਗ਼ਦਾਰੀ ਦਾ ਪੂਰਾ ਪੂਰਾ ਫਾਇਦਾ ਉਠਾਇਆ। ਮੁਦਕੀ ਤੇ ਫੇਰੂ ਸ਼ਹਿਰ ਵਿੱਚ ਬ੍ਰਾਹਮਣ ਲਾਲ ਸਿੰਘ ਨੇ ਨਿਮਕ ਹਰਾਮੀ ਕਰਕੇ ਅੰਗ੍ਰੇਜ਼ਾਂ ਨੂੰ ਜਿਤਾਇਆ ਸੀ। ਹੁਣ ਬ੍ਰਾਹਮਣ ਤੇਜ ਸਿੰਘ ਤੇ ਡੋਗਰੇ ਗੁਲਾਬ ਸਿੰਘ ਦੀ ਵਾਰੀ ਸੀ ਸਭਰਾਵਾਂ ਦੇ ਮੈਦਾਨ ਵਿੱਚ ਸਿੱਖਾਂ ਨੂੰ ਹਰਾਉਣ ਦੀ। ਜਿਸ ਵੇਲੇ ਫੇਰੂ ਸ਼ਹਿਰ ਦੇ ਮੈਦਾਨੋਂ ਬ੍ਰਾਹਮਣ ਲਾਲ ਸਿੰਘ ਤੇ ਬ੍ਰਾਹਮਣ ਤੇਜ ਸਿੰਘ ਦੇ ਭੱਜ ਨਿਕਲਣ ਅਤੇ ਗੁਲਾਬ ਸਿੰਘ ਡੋਗਰੇ ਵੱਲੋਂ ਸਿੱਖ ਫੌਜਾਂ ਨੂੰ ਰਾਸ਼ਨ ਨਾ ਪਹੁੰਚਾਉਣ ਦੀ ਖਬਰ ਮਹਾਰਾਣੀ ਨੂੰ ਪੁੱਜੀ ਤਾਂ ਉਸ ਨੇ 25 ਦਸੰਬਰ 1845 ਨੂੰ ਇਕ ਚਿੱਠੀ ਦੇ ਕੇ ਦਸ ਘੋੜ ਸਵਾਰ ਸਰਦਾਰ ਸ਼ਾਮ ਸਿੰਘ ਵੱਲ ਉਨ੍ਹਾਂ ਦੇ ਪਿੰਡ ਅਟਾਰੀ ਭੇਜੇ ਅਤੇ ਉਨ੍ਹਾਂ ਨੂੰ ਸਭਰਾਵਾਂ ਦੀ ਜੰਗ ਵਿੱਚ ਸ਼ਾਮਿਲ ਹੋਣ ਲਈ ਸੱਦਾ ਭੇਜਿਆ। ਮਹਾਰਾਣੀ ਜਿੰਦ ਕੌਰ ਨੇ ਖ਼ਾਲਸਾ ਰਾਜ ਬਚਾਉਣ ਲਈ ਲਾਹੌਰ ਦਰਬਾਰ ਦੀਆਂ ਫੌਜਾਂ ਦੀ ਅਗਵਾਈ ਕਰਨ ਲਈ ਸ. ਸ਼ਾਮ ਸਿੰਘ ਨੂੰ ਜਿਹੜੀ ਚਿੱਠੀ ਲਿਖੀ ਉਸ ਨੂੰ ਗਿਆਨੀ ਸੋਹਣ ਸਿੰਘ ਸੀਤਲ ਨੇ ਇਨ੍ਹਾਂ ਸ਼ਬਦਾਂ ਵਿੱਚ ਬਿਆਨ ਕੀਤਾ ਹੈ:

ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ
ਬੈਠ ਰਿਹਾ ਕੀ ਚਿਤ ਵਿੱਚ ਧਾਰ ਸਿੰਘਾ।
ਦੋਵੇਂ ਜੰਗ ਮੁਦਕੀ, ਫੇਰੂ ਸ਼ਹਿਰ ਵਾਲੇ,
ਸਿੰਘ ਆਏ ਅੰਗ੍ਰੇਜ਼ਾਂ ਤੋਂ ਹਾਰ ਸਿੰਘਾ।
ਕਾਹਨੂੰ ਹਾਰਦੇ ਕਿਉਂ ਮਿਹਣੇ ਜਗ ਦਿੰਦਾ? ਜਿਊਂਦੀ ਹੁੰਦੀ ਜੇ ਅੱਜ ਸਰਕਾਰ ਸਿੰਘਾ।
ਤੇਗ ਸਿੰਘਾਂ ਦੀ ਤਾਂ ਖੁੰਢੀ ਨਹੀਂ ਹੋਈ,
ਐਪਰ ਆਪਣੇ ਹੋ ਗਏ ਗ਼ੱਦਾਰ ਸਿੰਘਾ।
ਪੰਜਾਬ-ਧਰੋਹੀ ਵਜ਼ੀਰ ਜਰਨੈਲ ਰਲਕੇ,
ਵੇਖ ਕੌਮ ਦਾ ਮੁੱਲ ਕੀ ਪਾ ਰਹੇ ਨੇ।
ਚਾਈਂ ਚਾਈਂ ਗੁਲਾਮੀ ਦੀਆਂ ਬੇੜੀਆਂ ਪਾ,
ਉਹ ਪੰਜਾਬ ਦੀ ਅਣਖ ਮਿਟਾ ਰਹੇ ਨੇ।

ਸਰਦਾਰ ਸ਼ਾਮ ਸਿੰਘ ਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਚਿੱਠੀ ਪੜ੍ਹਕੇ ਮਿਲ ਗਈ ਕਿ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਜੰਗਾਂ ਸਿੰਘ ਹਾਰੇ ਨਹੀਂ ਸਨ, ਸਗੋਂ ਅੰਗ੍ਰੇਜ਼ੀ ਸਰਕਾਰ ਤੋਂ ਲਾਹੇ ਪ੍ਰਾਪਤ ਕਰਨ ਲਈ ਬ੍ਰਾਹਮਣ ਫੌਜੀ ਕਮਾਂਡਰਾਂ ਨੇ ਸਿੱਖ ਫੌਜੀਆਂ ਨਾਲ ਗ਼ਦਾਰੀ ਕਰਕੇ ਉਨ੍ਹਾਂ ਨੂੰ ਜਾਣ ਬੁੱਝ ਕੇ ਹਰਾਇਆ ਹੈ। ਸਰਦਾਰ ਸ਼ਾਮ ਸਿੰਘ, ਗ਼ਦਾਰ ਪੂਰਬੀਏ ਅਫਸਰਾਂ (ਚੀਫ-ਇਨ-ਕਮਾਂਡਰ ਬ੍ਰਾਹਮਣ ਤੇਜ ਸਿੰਘ ਤੇ ਉਸ ਦਾ ਸਾਥੀ ਫੌਜੀ ਕਮਾਂਡਰ ਬ੍ਰਾਹਮਣ ਲਾਲ ਸਿੰਘ ਅਤੇ ਫੌਜਾਂ ਨੂੰ ਗੋਲਾ ਬਰੂਦ ਤੇ ਰਾਸ਼ਨ ਸਪਲਾਈ ਕਰਨ ਵਾਲਾ ਗੁਲਾਬ ਸਿੰਘ ਡੋਗਰਾ) ਦੀ ਕਮਾਨ ਹੇਠਾਂ ਸਿੱਖ ਫੌਜ ਨੂੰ ਤਬਾਹ ਕਰਨ ਦੀ ਬਦਨੀਅਤ ਨਾਲ ਲੜੀ ਜਾ ਰਹੀ ਲੜਾਈ ਦੇ ਵਿਰੁੱਧ ਸੀ, ਪਰ ਜਦੋਂ ਮਹਾਰਾਣੀ ਦੀ ਚਿੱਠੀ ਪੜ੍ਹੀ ਤਾਂ ਬੁੱਢੇ ਜਰਨੈਲ ਸ਼ਾਮ ਸਿੰਘ ਅਟਾਰੀ ਨੇ ਸਭਰਾਵਾਂ ਦੀ ਜੰਗ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕਰ ਲਿਆ ਤੇ ਨਾਲ ਹੀ ਸੌਂਹ ਖਾ ਲਈ ਕਿ ਲੜਾਈ ਹਾਰੀ ਜਾਣ ਦੀ ਹਾਲਤ ਵਿੱਚ ਉਹ ਮੈਦਾਨੇ ਜੰਗ ਵਿੱਚੋਂ ਜਿਊਂਦਾ ਵਾਪਿਸ ਨਹੀਂ ਮੁੜੇਗਾ। ਉਸ ਨੇ ਹੋਰ ਵੀ ਉਨ੍ਹਾਂ ਸਿੰਘਾਂ ਨੂੰ ਰੁੱਕੇ ਲਿਖ ਭੇਜੇ ਜਿਨ੍ਹਾਂ ਨੇ ਬ੍ਰਾਹਮਣਾਂ ਤੇ ਡੋਗਰਿਆਂ ਦੀਆਂ ਸਾਜਿਸ਼ਾਂ ਤੋਂ ਤੰਗ ਆਕੇ ਲਾਹੌਰ ਦਰਬਾਰ ਤੋਂ ਦੂਰੀ



ਬਣਾਈ ਹੋਈ ਸੀ ਅਤੇ ਘਰੋਂ ਘਰੀਂ ਬੈਠੇ ਸਨ। ਸ. ਸ਼ਾਮ ਸਿੰਘ ਅਟਾਰੀ ਨੇ ਉਨ੍ਹਾਂ ਸਿੰਘ ਸਰਦਾਰਾਂ ਨੂੰ ਲਿਖਿਆ ਕਿ ਸ: ਰਣਜੀਤ ਸਿੰਘ ਦੀ ਮੜ੍ਹੀ ਦੀ ਪੱਤ ਰੱਖੀਏ, ਗੋਰਿਆਂ ਦੇ ਗੁਲਾਮ ਹੋਕੇ ਜੀਣ ਨਾਲੋਂ ਮੈਦਾਨ-ਏ-ਜੰਗ ਵਿੱਚ ਲੜਕੇ ਸ਼ਹੀਦ ਹੋ ਜਾਣਾ ਕਿਤੇ ਚੰਗਾ ਹੈ। ਦੂਜੇ ਪਾਸੇ 7 ਫ਼ਰਵਰੀ ਨੂੰ ਬ੍ਰਾਹਮਣ ਲਾਲ ਸਿੰਘ ਵਜ਼ੀਰ ਨੇ ਆਪਣੇ ਆਦਮੀ ਫਿਰੋਜ਼ਪੁਰ ਅੰਗ੍ਰੇਜ਼ ਗਵਰਨਰ-ਜਨਰਲ ਪਾਸ ਭੇਜੇ ਅਤੇ ਆਪਣੀਆਂ ਲਾਹੌਰ ਦਰਬਾਰ ਦੀਆਂ ਫੌਜਾਂ ਦੀ ਪਰ੍ਹੇਬੰਦੀ ਤੋਂ ਹੋਣ ਵਾਲੀ ਲੜਾਈ ਦਾ ਨਕਸ਼ਾ ਉਸ ਨੂੰ ਭੇਜ ਦਿੱਤਾ। ਜਿਸ ਫੌਜ ਦੇ ਅਫ਼ਸਰ ਹੀ ਦੁਸ਼ਮਨ ਨਾਲ ਰਲੇ ਹੋਏ ਹੋਣ ਤੇ ਆਪਣੀ ਲੜਾਈ ਦੀ ਤਿਆਰੀ ਦਾ ਨਕਸ਼ਾ ਪਹਿਲਾਂ ਹੀ ਵੈਰੀ ਨੂੰ ਦੇ ਦੇਣ ਉਸ ਦੇ ਹਾਰਨ ਵਿੱਚ ਕਿਸੇ ਨੂੰ ਕੀ ਸ਼ੱਕ ਹੋਣਾ ਸੀ? 10 ਫ਼ਰਵਰੀ 1846 ਨੂੰ ਸਭਰਾਵਾਂ ਦੀ ਜੰਗ ਦਾ ਦਿਨ ਨੀਯਤ ਹੋ ਗਿਆ। ਗ੍ਰਿਫਨ ਲਿਖਦਾ ਹੈ ਕਿ ਆਖਿਆ ਜਾਂਦਾ ਹੈ ਕਿ ਲੜਾਈ ਤੋਂ ਪਹਿਲੀ ਰਾਤ (9 ਫ਼ਰਵਰੀ 1846) ਨੂੰ ਬ੍ਰਾਹਮਣ ਤੇਜ ਸਿੰਘ ਨੇ ਸਰਦਾਰ ਸ਼ਾਮ ਸਿੰਘ ਨੂੰ ਵੀ ਆਪਣੀ ਗੱਦਰਾਨਾ ਸਾਜਿਸ਼ ਵਿੱਚ ਸ਼ਾਮਿਲ ਕਰਨ ਦਾ ਨਿਸਫਲ ਯਤਨ ਕੀਤਾ ਤੇ ਸ. ਸ਼ਾਮ ਸਿੰਘ ਨੂੰ ਆਖਿਆ ਕਿ ਉਹ ਵੀ ਅੰਗ੍ਰੇਜ਼ਾਂ ਦੇ ਪਹਿਲੇ ਹੱਲੇ ਵੇਲੇ ਹੀ ਉਸਦੇ ਨਾਲ ਹੀ ਮੈਦਾਨੋਂ ਭੱਜ ਨਿਕਲਣ, ਕਿਉਂਕਿ ਬ੍ਰਾਹਮਣ ਤੇਜ ਸਿੰਘ ਦਾ ਅੰਗ੍ਰੇਜ਼ਾਂ ਨਾਲ ਅੰਦਰੋਂ ਅੰਦਰ ਫੈਸਲਾ ਹੋ ਚੁੱਕਾ ਸੀ ਕਿ ਲੜਾਈ ਸ਼ੁਰੂ ਹੋਣ ਵੇਲੇ ਹੀ ਸਿੱਖ ਫੌਜ ਨੂੰ ਇਕੱਲਿਆਂ ਛੱਡਕੇ ਉਨ੍ਹਾਂ ਦੇ ਫੌਜੀ ਕਮਾਂਡਰ ਆਪ ਭੱਜ ਜਾਣਗੇ, ਇਸ ਲਈ ਬ੍ਰਾਹਮਣ ਤੇਜ ਸਿੰਘ ਚਾਹੁੰਦਾ ਸੀ ਕਿ ਕਿਸੇ ਪਾਸਿਉਂ ਵੀ ਅੰਗ੍ਰੇਜ਼ਾਂ ਦਾ ਡੱਟਵਾਂ ਟਾਕਰਾ ਨਾ ਹੋਵੇ। ਦੂਸਰਾ ਬ੍ਰਾਹਮਣ ਲਾਲ ਸਿੰਘ ਤਾਂ ਉਸ ਦਾ ਜੁੰਡੀ ਦਾ ਯਾਰ ਹੀ ਸੀ ਤੇ ਉਹ ਖ਼ੁਦ ਵੀ ਅੰਗ੍ਰੇਜ਼ਾਂ ਨਾਲ ਰਲਿਆ ਹੋਇਆ ਸੀ। ਬ੍ਰਾਹਮਣ ਤੇਜ ਸਿੰਘ ਨੂੰ ਡਰ ਸੀ ਤਾਂ ਸਰਦਾਰ ਸ਼ਾਮ ਸਿੰਘ ਅਟਾਰੀ ਦਾ, ਸਿੱਖ ਫੌਜਾਂ ਦਾ ਬ੍ਰਾਹਮਣ ਆਗੂ ਤੇਜ ਸਿੰਘ, ਸ਼ਾਮ ਸਿੰਘ ਅਟਾਰੀ ਦੇ ਤੰਬੂ ਵਿੱਚ ਗਿਆ ਤੇ ਉਸ ਨੂੰ ਕਿਹਾ ਕਿ ਉਹ ਆਪਣੀ ਜਾਨ ਖ਼ਤਰੇ ਵਿੱਚ ਨਾ ਪਾਵੇ ਤਾਂ ਉਨ੍ਹਾਂ ਦੇ ਨਾਲ ਹੀ ਮੈਦਾਨ ਛੱਡਕੇ ਭੱਜ ਨਿਕਲੇ। ਸਿੱਖ

**ਸਰਕਾਰ-ਏ-ਖ਼ਾਲਸਾ ਦੀ ਫੌਜ ਦੇ ਬ੍ਰਾਹਮਣ ਮੁਖੀ ਜਾਣ ਮਗਰੋਂ ਸ। ਸ਼ਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਹੋ ਕੇ ਇਨ੍ਹਾਂ ਸ਼ਬਦਾਂ ਵਿੱਚ ਅਰਦਾਸ ਕੀਤੀ : ਸੱਚੇ ਪਾਤਸ਼ਾਹ, ਤੈਨੂੰ ਆਪਣੇ ਖ਼ਾਲਸੇ ਤੋਂ ਬੜੀ ਨਿਰਾਸ਼ਾ ਹੋ ਰਹੀ ਹੋਵੇਗੀ, ਪਰ ਸ਼ੇਰਾਂ ਦੀ ਅਗਵਾਈ ਲੂੰਬੜ ਤੇ ਕੁੱਤੇ ਕਰ ਰਹੇ ਹਨ। ਆਪਣੇ ਖ਼ਾਲਸੇ ਨੂੰ ਮਾਫ਼ ਕਰ ਦੇਈਂ, ਮਿਹਰਾਂ ਦੇ ਸਾਈਂ ਕਿਉਂਕਿ ਖ਼ਾਲਸਾ ਤੇਰਾ ਹੈ ਅਤੇ ਤੇਰੇ ਹੁਕਮ 'ਤੇ ਸਦਾ ਜਿੰਦ ਕੁਰਬਾਨ ਕਰਨ ਨੂੰ ਤਿਆਰ ਹੈ । ਕੱਲ੍ਹ ਤੇਰਾ ਨਿਮਾਣਾ ਸੇਵਕ ਇਹ ਮਿੱਟੀ ਦਾ ਠੀਕਰਾ ਭੰਨਕੇ ਤੇਰੇ ਦਰ ਤੋਂ ਪਸ਼ਚਾਤਾਪ ਵਜੋਂ ਮੁਆਫੀ ਮੰਗੇਗਾ ।**


ਫੌਜ ਦੇ ਬ੍ਰਾਹਮਣ ਚੀਫ਼-ਇਨ-ਕਮਾਂਡਰ ਦੇ ਮੂੰਹੋਂ ਇਹ ਘਟੀਆ ਤੇ ਫਰੇਬ ਭਰੀ ਸਲਾਹ ਸੁਣਕੇ ਸ. ਸ਼ਾਮ ਸਿੰਘ ਨੂੰ ਬੜਾ ਧੱਕਾ ਲੱਗਾ। ਸਰਦਾਰ ਨੇ ਸਿੱਖ ਫੌਜ ਦੇ ਗ਼ਦਾਰ ਬ੍ਰਾਹਮਣ ਕਮਾਂਡਰ ਵੱਲ ਬੜੀ ਘ੍ਰਿਣਾ ਦੀ ਨਜ਼ਰ ਨਾਲ ਵੇਖਿਆ ਤੇ ਆਪਣੀ ਥਾਂ ਤੋਂ ਉੱਠਕੇ ਬ੍ਰਾਹਮਣ ਤੇਜ ਸਿੰਘ ਨੂੰ ਕੋਈ ਜਵਾਬ ਦਿੱਤੇ ਤੋਂ ਬਿਨਾਂ ਹੀ ਉਸ ਨੂੰ ਉਥੋਂ ਚਲੇ ਜਾਣ ਦਾ ਇਸ਼ਾਰਾ ਕਰਕੇ ਆਪ ਨਾਲ ਲੱਗਦੇ ਤੰਬੂ ਵੱਲ ਚਲ ਪਿਆ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਪ੍ਰਕਾਸ਼ਮਾਨ ਸੀ। ਗ਼ਦਾਰ ਬ੍ਰਾਹਮਣ ਤੇਜ ਸਿੰਘ, ਸ. ਸ਼ਾਮ ਸਿੰਘ ਨੂੰ ਇਹ ਆਖਕੇ ਚਲਾ ਗਿਆ ਕਿ ਆਖ਼ਰ ਤੈਨੂੰ ਸਾਡੇ ਨਾਲ ਰਲਣਾ ਹੀ ਪੈਣਾ ਹੈ। ਸਰਕਾਰ-ਏ-ਖ਼ਾਲਸਾ ਦੀ ਫੌਜ ਦੇ ਬ੍ਰਾਹਮਣ ਮੁਖੀ ਜਾਣ ਮਗਰੋਂ ਸ. ਸ਼ਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਹੋ ਕੇ ਇਨ੍ਹਾਂ ਸ਼ਬਦਾਂ ਵਿੱਚ ਅਰਦਾਸ ਕੀਤੀ: ਸੱਚੇ ਪਾਤਸ਼ਾਹ, ਤੈਨੂੰ ਆਪਣੇ ਖ਼ਾਲਸੇ ਤੋਂ ਬੜੀ ਨਿਰਾਸ਼ਾ ਹੋ ਰਹੀ ਹੋਵੇਗੀ, ਪਰ ਸ਼ੇਰਾਂ ਦੀ ਅਗਵਾਈ ਲੂੰਬੜ ਤੇ ਕੁੱਤੇ ਕਰ ਰਹੇ ਹਨ। ਆਪਣੇ ਖ਼ਾਲਸੇ ਨੂੰ ਮਾਫ਼ ਕਰ ਦੇਈਂ, ਮਿਹਰਾਂ ਦੇ ਸਾਈਂ ਕਿਉਂਕਿ ਖ਼ਾਲਸਾ ਤੇਰਾ ਹੈ ਅਤੇ ਤੇਰੇ ਹੁਕਮ 'ਤੇ ਸਦਾ ਜਿੰਦ ਕੁਰਬਾਨ ਕਰਨ ਨੂੰ ਤਿਆਰ ਹੈ। ਕੱਲ੍ਹ ਤੇਰਾ ਨਿਮਾਣਾ ਸੇਵਕ ਇਹ ਮਿੱਟੀ ਦਾ ਠੀਕਰਾ ਭੰਨਕੇ ਤੇਰੇ ਦਰ ਤੋਂ ਪਸ਼ਚਾਤਾਪ ਵਜੋਂ ਮੁਆਫੀ ਮੰਗੇਗਾ। (ਹਵਾਲਾ ਪੁਸਤਕ ਸਿੰਘ ਨਾਦ ਪੰਨਾ 88, ਲੇਖਕ ਸ: ਗੁਰਤੇਜ ਸਿੰਘ) 10 ਫਰਵਰੀ 1846 ਨੂੰ ਸਵੇਰੇ ਹੀ ਲੜਾਈ 'ਤੇ ਜਾਣ ਤੋਂ ਪਹਿਲਾਂ ਸ. ਸ਼ਾਮ ਸਿੰਘ ਨੇ ਚਿੱਟਾ ਬਾਣਾ ਸਜਾ ਲਿਆ ਅਤੇ ਆਪਣੀ ਖਾਸ ਸਵਾਰੀ ਚਿੱਟੀ ਚੀਨੀ ਘੋੜੇ 'ਤੇ ਸਵਾਰ ਹੋ ਕੇ ਸਭਰਾਵਾਂ ਦੇ ਮੈਦਾਨ ਵਿੱਚ ਜਾ ਡਟੇ।

**ਬਾਕੀ ਹਿਸਾ ਅਗਲੇ ਸਫ਼ਾ 36 ਤੇ ਪੜ੍ਹੋ**

# ==ਪਾਠਕਾਂ ਦੇ ਪੱਤਰ==

## ਮੁਫ਼ਤ ਦੀਆਂ ਸਹੂਲਤਾਂ ਨੇ ਪੰਜਾਬ ਵਿੱਚ ਕਰਜੇ ਦੀ ਪੰਡ ਭਾਰੀ ਕਰ ਦਿੱਤੀ ਹੈ

ਆਮ ਪਬਲਿਕ ਸਭ ਕੁਝ ਬਦਲ ਸਕਦੀ ਹੈ। ਸਿਰਫ਼ ਡੀ.ਜੀ.ਪੀ. ਬਦਲਿਆ ਬਹੁਤਾ ਕੁਝ ਬਦਲ ਨਹੀਂ ਸਕਦਾ। ਪਹਿਲਾਂ ਆਪਣੇ ਦੇਸ਼ ਦੀ ਗੱਲ ਕਰੀਏ, ਜਿਵੇਂ ਚੋਰੀਆਂ, ਹੇਰਾ-ਫੇਰੀਆਂ, ਕਤਲ, ਫਿਰੌਤੀ ਮੰਗਣੀ ਆਮ ਜਿਹੀ ਗੱਲ ਬਣ ਗਈ ਹੈ, ਜਾਨੋਂ ਮਾਰ ਦੇਣਾ ਆਦਿਕ। ਚਲੋ ਪੰਜਾਬ ਦੀ ਗੱਲ ਕਰੀਏ। ਪੰਜਾਬ ਵਿੱਚ ਕਾਂਗਰਸ ਦਾ ਰਾਜ ਰਿਹਾ। ਅਕਾਲੀ-ਭਾਜਪਾ ਦਾ ਰਾਜ ਰਿਹਾ। ਆਪਣੇ ਆਪਣੇ ਤਰੀਕੇ ਨਾਲ ਜਿਤਨਾ ਹੋ ਸਕਿਆ ਪੰਜਾਬ ਦਾ ਸੁਧਾਰ ਕੀਤਾ। ਆਮ ਅਖਾਣ ਹੈ ਹਰ ਲੀਡਰ ਪਹਿਲਾਂ ਆਪਣਾ ਘਰ ਭਰਦਾ ਹੈ ਕੀਤਾ ਖਰਚਾ ਹੋਰ ਕਰਜੇ ਲਾਹ ਕੇ ਫਿਰ ਬਾਕੀ ਜੀਵਨ ਲਈ ਭੀ ਜੋੜ ਲੈਂਦਾ ਹੈ, ਫਿਰ ਆਪਣੇ ਦੋਸਤ, ਭਤੀਜਾ, ਭਤੀਜੀ ਦਾ ਪਾਲਣ ਕਰਦਾ ਹੈ। ਹਰ ਇਕ ਪਾਰਟੀ ਤਕਰੀਬਨ ਏਸੇ ਤਰ੍ਹਾਂ ਕਰਦੀ ਹੈ। ਫਿਰ ਪੰਜਾਬ ਪਹਿਲਾਂ ਤੋਂ ਵੱਧ ਤੋਂ ਵੱਧ ਤਰੱਕੀ ਕਰ ਰਿਹਾ ਹੈ, ਕਈ ਕਾਰਨ ਹਨ ਜਿਸ ਕਰਕੇ ਨਸ਼ਾ ਜ਼ਿਆਦਾ ਹੈ, ਰਿਸ਼ਵਤਖੋਰੀ ਹੱਟ ਨਹੀਂ ਰਹੀ, ਮਹਿੰਗਾਈ ਵੱਧ ਰਹੀ ਹੈ, ਉਸੇ ਤਰ੍ਹਾਂ ਇਹ ਸਭ ਕੰਮ ਵੱਧ ਰਹੇ ਹਨ, ਸਰਕਾਰ ਕੀ ਕਰੇ। ਚਲੋ ਹੁਣ ਆਮ ਪਾਰਟੀ ਦਾ ਰਾਜ ਹੈ। ਪਹਿਲੀ ਗੱਲ ਰੋਟੀ ਖਾਂਦਾ ਚੰਗੀ ਉਹ ਜਿਸ ਦੇ ਹੱਥ ਵਿੱਚ ਡੰਡਾ ਡੰਡੇ ਦੇ ਨਾਲ ਚੰਡਾ ਹੈ। ਉਹ ਚੰਡੇ ਨਾਲ ਹੀ ਅੱਗੇ ਵੱਧ ਰਿਹਾ, ਕੋਈ ਹਾਰਦਾ ਹੈ ਕੋਈ ਜਿੱਤਦਾ ਹੈ, ਜਿੱਤਦਾ ਚਲੋ ਸਭ ਕੁਝ ਕਰ ਲੈਂਦਾ ਹੈ, ਹਾਰਦਾ ਭੀ ਲੀਡਰ ਹੁੰਦਾ ਹੈ ਆਪਣਾ ਜੋਰ ਅਜਮਾਉਂਦਾ ਰਹਿੰਦਾ। ਆਮ ਪਾਰਟੀ ਜਦੋਂ ਜਿੱਤਣ ਤੋਂ ਪਹਿਲਾਂ ਬਹੁਤ ਸਾਰੇ ਲਾਰੇ ਸਨ ਇਹ ਕਰ ਦੇਵਾਂਗੇ ਉਹ ਕਰ ਦੇਵਾਂਗੇ। ਕੁਝ ਕੀਤਾ ਭੀ ਹੈ ਪਰ ਸਭ ਕੁਝ ਨਹੀਂ ਕਰ ਸਕੇ। ਮੁਫ਼ਤ ਦੀਆਂ ਸਹੂਲਤਾਂ ਨੇ ਪੰਜਾਬ ਵਿੱਚ ਕਰਜੇ ਦੀ ਪੰਡ ਭਾਰੀ ਕਰ ਦਿੱਤੀ ਹੈ। ਕਰਜਾ ਹਰ ਰਾਜ ਸਿਰ ਹੈ ਕਈ ਸੂਬਿਆਂ ਨਾਲੋਂ ਪੰਜਾਬ ਪਰ ਪਰਿਵਾਰ ਦੇ ਸਿਰ ਕਰਜਾ ਦੇਖੋ ਤਾਂ ਕਈ ਸੂਬਿਆਂ ਨਾਲੋਂ ਘੱਟ ਹੈ। ਬਹੁਤੇ ਇਸ ਤੋਂ ਵੱਧ ਕਰਜਦਾਰ ਹਨ, ਸਾਡੀ ਰੌਲੀ ਜ਼ਿਆਦਾ ਵਿਰੋਧੀ ਧਿਰ ਪਾਉਂਦੀ ਹੈ। ਇਸ ਕਰਕੇ ਜ਼ਿਆਦਾ ਭੰਡੀ ਪ੍ਰਚਾਰ ਹੋ ਰਿਹਾ ਹੈ। ਇਹ ਠੀਕ ਹੈ ਨਸ਼ਾ ਮੁਹਿੰਮ ਚੱਲ ਰਹੀ ਹੈ। ਇਸ ਵਿੱਚ ਕੁਝ ਸਹੀ ਫੜ ਹੋ ਰਹੇ ਹਨ, ਕੁਝ ਐਵੇਂ ਧਕੇਲ ਦਿੱਤੇ ਜਾਂਦੇ ਹਨ, ਬਦਲਾਖੋਰੀ ਜ਼ਿਆਦਾ ਹੈ। ਹੁਣ ਗੱਲ ਕਰੀਏ ਇਕ ਪੁਲਸ ਅਫਸਰ ਡੀ. ਜੀ. ਪੀ. ਨੂੰ ਬਦਲਣ ਨਾਲ ਕੀ ਫਰਕ ਪੈ ਸਕਦਾ ਹੈ। ਕੁਝ ਨਹੀਂ ਨਵਾਂ ਅਫਸਰ ਆਏਗਾ ਪਹਿਲਾਂ ਪਹਿਲਾਂ ਆਪਣਾ ਜ਼ੋਰ ਲਾਏਗਾ। ਅਗਰ ਬਾਕੀ ਅਫਸਰ ਜਾਂ ਪੂਰੀ ਪਬਲਿਕ ਸਾਥ ਨਹੀਂ ਦਿੰਦੀ ਉਹ ਕੀ ਕਰ ਸਕਦਾ ਹੈ, ਹੌਲੀ ਹੌਲੀ ਆਪੇ ਹੀ ਪਹਿਲੇ ਵਾਲੇ ਰਸਤੇ ਆ ਜਾਵੇਗਾ। ਜਿਵੇਂ ਪਹਿਲਾਂ ਗੱਡੀ ਚੱਲ ਰਹੀ ਹੈ ਚਲਦੀ ਰਹੇਗੀ। ਹਾਂ ਇਮਾਨਦਾਰ ਜਿਹੜਾ ਕੇਸ ਉਸ ਤੀਕਰ ਪਹੁੰਚ ਜਾਵੇਗਾ ਉਸ ਦਾ ਨਿਬੇੜਾ ਸ਼ਾਇਦ ਠੀਕ ਕਰ ਸਕੇ, ਅਵੱਲ ਤਾਂ ਸਿਆਸਤਦਾਨ, ਬਾਕੀ ਅਫਸਰ ਪੇਸ਼ ਨਹੀਂ ਜਾਣ ਦੇਣਗੇ। ਜ਼ਿਆਦਾ ਤੱਦ ਠੀਕ ਹੋ ਸਕਦਾ ਹੈ ਜਦੋਂ ਆਮ ਜਨਤਾ ਕੋਈ ਭੀ ਗਲਤ ਕੰਮ ਕਰਨ ਵਾਲੇ ਨੂੰ ਰੋਕੇ, ਉਸ ਦੀਆਂ ਸ਼ਿਕਾਇਤਾਂ ਉਪਰ ਤੱਕ ਕਰੇ, ਇਹ ਭੀ ਨਹੀਂ ਹੋ ਸਕਦਾ, ਸਾਡੇ ਤੁਸੀਂ ਲਿਖ ਦੇਵੋ ਕਿ ਖ਼ਤ ਜਾਂ ਸ਼ਿਕਾਇਤ ਸੀਕਰੇਟ ਹੋਣੀ ਚਾਹੀਦੀ, ਜਦੋਂ ਤਫ਼ਤੀਸ਼ ਹੁੰਦੀ ਹੈ ਅਫਸਰ ਝੱਟ ਦੱਸ ਦਿੰਦੇ ਹਨ ਕਿ ਤੇਰੀ ਸ਼ਿਕਾਇਤ ਫਲਾਣੇ ਨੇ ਕੀਤੀ ਹੈ। ਉਥੇ ਨਵਾਂ ਡੀ.ਜੀ.ਪੀ. ਸਾਹਿਬ ਕੀ ਕਰ ਲਵੇਗਾ। ਉਸਨੇ ਤਾਂ ਜੋ ਫਾਈਲ ਵਿੱਚ ਹੁੰਦਾ ਹੈ ਉਸ ਬਾਰੇ ਆਪਣੇ ਵਿਚਾਰ ਲਿਖਣੇ ਹਨ। ਜਦੋਂ ਥੱਲੇ ਤੋਂ ਲੈ ਕੇ ਉਪਰ ਤੀਕਰ ਲਕੀਰ ਦੇ ਫ਼ਕੀਰ ਹਨ ਫਿਰ ਇਮਾਨਦਾਰੀ ਕੀ ਕਰੇ? ਉਪਰੋਕਤ ਗਲਤੀ ਮੁਆਫ਼।



ਆਪ ਦਾ-ਕੇ.ਐਸ. ਜੋਗੀ

## ਸ਼ਾਮ ਵਿੱਚ ਅਟਾਰੀਵਾਲੇ

35 ਸਫ਼ੇ ਦੀ ਬਾਕੀ

ਸਰਦਾਰ ਸ਼ਾਮ ਸਿੰਘ ਦੀ ਚੜ੍ਹਤਲ ਅਤੇ ਅੰਗ੍ਰੇਜ਼ਾਂ ਦੀਆਂ ਤੋਪਾਂ ਤੇ ਬੇਸ਼ੁਮਾਰ ਫੌਜਾਂ ਦਾ ਜ਼ਿਕਰ ਕਰਦਾ ਹੋਇਆ ਕਵੀ ਮਟਕ ਲਿਖਦਾ ਹੈ ਕਿ:

ਨਿਮਸਕਾਰ ਕਰਿ ਸ਼ਸ਼ਤਰ ਪਹਿਰੇ,
ਤੋੜ ਬੰਦੂਕੀ ਜੜਿਆ, ਜਗ ਨਾ ਡਰਿਆ।
ਕਹਿਤ ਮਟਕ ਅਬ ਯੁੱਧ ਧਰਮ ਕਾ ਸਿਆਮ ਸਿੰਘ ਰਣ ਚੜ੍ਹਿਆ, ਖੰਡਾ ਫੜਿਆ।
ਦੋਹੀਂ ਧਿਰੀਂ ਤੰਬੂਰ ਖੜਕਦੇ, ਜੁੱਧ ਦੀ ਭਈ ਤਿਆਰੀ, ਲਸ਼ਕਰ ਭਾਰੀ।
ਚੜੇ ਰਸਾਲੇ ਔਰ ਪੜਤਣਾਂ ਗੋਰਾ ਬੇਸ਼ੁਮਾਰੀ, ਗਰਦ ਗਬਾਰੀ।
ਕਹਿਤ ਮਟਕ ਅਬ ਪੰਥ ਕੇ ਉਪਰ ਝੁਕ ਗਈ ਨੰਦਨ ਸਾਰੀ, ਲਸ਼ਕਰ ਭਾਰੀ।

10 ਫਰਵਰੀ 1846 ਨੂੰ ਸਵੇਰੇ ਹੀ ਅੰਗ੍ਰੇਜ਼ਾਂ ਨੇ ਖ਼ਾਲਸਾ ਫੌਜਾਂ 'ਤੇ ਹਮਲਾ ਕਰ ਦਿੱਤਾ। ਇਸ ਵੇਲੇ ਦੀ ਸਿੰਘਾਂ ਦੀ ਲੜਾਈ ਦਾ ਜ਼ਿਕਰ ਕਰਦਾ ਹੋਇਆ ਸ਼ਾਹ ਮੁਹੰਮਦ ਲਿਖਦਾ ਹੈ:

ਆਈਆਂ ਪੜਤਲਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖ਼ਾਂ ਹੋਏ ਸਿੱਧੇ,
ਹਲੇ ਤਿੰਨ ਫਰੰਗੀ ਦੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ ਸ਼ਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਸਿੱਖ ਫੌਜਾਂ ਦੇ ਬ੍ਰਾਹਮਣ ਕਮਾਂਡਰ ਲਾਲ ਸਿੰਘ ਤੇ ਤੇਜ ਸਿੰਘ ਅੰਗ੍ਰੇਜ਼ਾਂ ਨਾਲ ਕੀਤੇ ਵਾਅਦੇ ਅਨੁਸਾਰ ਭੱਖਦੀ ਲੜਾਈ ਵਿੱਚੋਂ ਭੱਜ ਨਿਕਲੇ ਅਤੇ ਜਾਣ ਲੱਗੇ ਕਿਸ਼ਤੀਆਂ ਵਾਲਾ ਪੁੱਲ ਵੀ ਤੋੜ ਗਏ, ਮਗਰੋਂ ਸਿੰਘਾਂ ਨੂੰ ਜਦੋਂ ਬਰੂਦ ਦੀ ਲੋੜ ਪਈ ਤਾਂ ਉਨ੍ਹਾਂ ਵੇਖਿਆ ਕਿ ਬੋਰੀਆਂ ਵਿੱਚ ਬਰੂਦ ਦੀ ਥਾਂ ਸਰੋਂ ਭਰੀ ਹੋਈ ਹੈ। ਇਸ ਢੈਂਹਦੀ ਕਲਾ ਵਿੱਚ ਵੀ ਸਰਦਾਰ ਸ਼ਾਮ ਸਿੰਘ ਨੇ ਦਿਲ ਨਾ ਛੱਡਿਆ, ਬਲਕਿ ਜਿਥੇ ਮੋਰਚਾ ਟੁੱਟਦਾ ਉਥੇ ਆਪ ਪਹੁੰਚਦਾ ਅਤੇ ਸਿੰਘਾਂ ਨੂੰ ਹੱਲਾਸ਼ੇਰੀ ਦਿੰਦਾ। ਸਰਦਾਰ ਦਾ ਚਿੱਟਾ ਦਾਹੜਾ, ਚਿੱਟਾ ਬਾਣਾ ਤੇ ਚਿੱਟੀ ਘੋੜੀ ਵੇਖਕੇ ਦੁਸ਼ਮਣ ਨੇ ਵੀ ਇਹ ਗੱਲ ਲਿਖੀ ਹੈ ਕਿ ਚਿੱਟੇ ਵਸਤਰਾਂ ਵਿੱਚ ਲਿਪਟੀ ਉਹ ਆਤਮਾ ਜੰਗ ਦੇ ਮੈਦਾਨ ਵਿੱਚ ਹਰ ਥਾਂ ਨਜ਼ਰ ਆ ਰਹੀ ਸੀ ਅਤੇ ਬਿਜਲੀ ਦੀ ਤੇਜੀ ਵਾਂਗ ਕਿਰਪਾਨ ਚੱਲਾਉਂਦੀ ਹੋਈ ਵੈਰੀਆਂ ਦੇ ਆਹੂ ਲਾਹ ਰਹੀ ਸੀ। ਉਸ ਦੇ ਸਾਥੀ ਸਿੱਖ ਸਿਪਾਹੀ ਵੀ ਆਖਰੀ ਦਮ ਤੱਕ ਸ਼ੇਰਾਂ ਵਾਂਗ ਲੜੇ। ਅੱਗੋਂ ਗੋਰਿਆਂ ਦੀ ਗੋਲੀ ਮੀਂਹ ਵਾਂਗ ਵਰ੍ਹ ਰਹੀ ਸੀ। ਸੱਤ ਗੋਲੀਆਂ ਸਰਦਾਰ ਦੀ ਛਾਤੀ ਤੇ ਸਰੀਰ ਨੂੰ ਛਾਨਣੀ ਕਰ ਗਈਆਂ। ਜਦੋਂ ਵਰਦੀ ਵਾਲੀਆਂ ਲਾਸ਼ਾਂ ਦੇ ਅੰਬਾਰ ਵਿੱਚੋਂ ਉਸ ਦਾ ਸਰੀਰ ਧੂਹ ਕੇ ਕੱਢਿਆ ਗਿਆ, ਤਾਂ ਉਸ ਥਾਂ 'ਤੇ ਦੁਸ਼ਮਣ ਦੀਆਂ ਲਾਸ਼ਾਂ ਸਭ ਤੋਂ ਵੱਧ ਸਨ। ਛੇ ਸਿਪਾਹੀ ਸਰਦਾਰ ਦੀ ਦੇਹ ਚੁੱਕ ਕੇ ਦਰਿਆ ਵਿੱਚੋਂ ਤੈਰ ਕੇ ਵਾਪਸ ਪਰਤੇ। 12 ਫਰਵਰੀ 1846 ਨੂੰ ਉਨ੍ਹਾਂ ਦਾ ਮ੍ਰਿਤਕ ਸਰੀਰ ਉਨ੍ਹਾਂ ਦੇ ਪਿੰਡ ਅਟਾਰੀ ਪਹੁੰਚਾ ਜਿਥੇ ਅਣਖੀਲੇ ਸ. ਸ਼ਾਮ ਸਿੰਘ ਦਾ ਸਸਕਾਰ ਕੀਤਾ ਗਿਆ। ਉਥੇ ਉਨ੍ਹਾਂ ਦੀ ਯਾਦ ਵਿੱਚ ਸਮਾਧ ਬਣਾਈ ਗਈ। ਅਟਾਰੀ ਵਿੱਚ ਇਹ ਵਿਸ਼ਵਾਸ਼ ਹੈ ਕਿ ਧਰੂ ਤਾਰੇ ਵਰਗਾ ਚਮਕਦਾਰ ਇਕ ਤਾਰਾ ਉਦੋਂ ਅਸਮਾਨ ਵਿੱਚ ਨਜ਼ਰ ਆਵੇਗਾ, ਜਦੋਂ ਧਰਤੀ 'ਤੇ ਸ਼ਾਮ ਸਿੰਘ ਵਰਗਾ ਇਕ ਹੋਰ ਮਨੁੱਖ ਜਨਮ ਲਵੇਗਾ। ਅਗਲੇ ਹਫ਼ਤੇ ਪੜ੍ਹੋ ਤਿੰਨ ਵੱਡੇ ਗ਼ਦਾਰਾਂ, (1) ਡੋਗਰਾ ਗੁਲਾਬ ਸਿੰਘ, (2) ਬ੍ਰਾਹਮਣ ਤੇਜ ਸਿੰਘ, (3) ਬ੍ਰਾਹਮਣ ਲਾਲ ਸਿੰਘ ਦਾ ਪਿਛੋਕੜ ਅਤੇ ਸਿੱਖ ਰਾਜ ਨਾਲ ਗ਼ਦਾਰੀ ਕਰਨ ਦਾ ਅੰਗ੍ਰੇਜ਼ਾਂ ਨੇ ਉਨ੍ਹਾਂ ਨੂੰ ਕੀ ਇਨਾਮ ਦਿੱਤਾ। ਹਵਾਲਾ ਪੁਸਤਕਾਂ (1) ਜੀਵਨੀ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਲੇਖਕ ਡਾ. ਗੰਡਾ ਸਿੰਘ, (2) ਪੰਜਾਬ ਉਤੇ ਅੰਗ੍ਰੇਜ਼ਾਂ ਦਾ ਕਬਜ਼ਾ, ਲੇਖਕ ਡਾ. ਗੰਡਾ ਸਿੰਘ, (3) ਰਾਜ ਕਰੇਗਾ ਖ਼ਾਲਸਾ-ਲੇਖਕ ਸਿਰਦਾਰ ਕਪੂਰ ਸਿੰਘ, (4) ਜੀਵਨੀ ਅਕਾਲੀ ਫੂਲਾ ਸਿੰਘ-ਲੇਖਕ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ, (5) ਸਿੰਘ ਨਾਦ-ਲੇਖਕ ਸ: ਗੁਰਤੇਜ ਸਿੰਘ, (6) ਖ਼ਾਲਸਾ ਰਾਜ ਦੇ ਉਸਰਈਏ-ਲੇਖਕ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ। ਭੁੱਲਾਂ ਚੁੱਕਾਂ ਦੀ ਖਿਮਾਂ

ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

* * * * * *

# ਤੇ ਹੁਣ ਸਾਰਾ ਸਾਲ ਇੱਕ ਸਾਰ ਹੀ ਚਲੇਗੀ ਘੜੀ ਦੀ 'ਟਿੱਕ ਟਿੱਕ'! ਬ੍ਰਿਟਿਸ਼ ਕੋਲੰਬੀਆ ਵਿੱਚ ਘੜੀਆਂ ਅੱਗੇ-ਪਿੱਛੇ ਕਰਨ ਦੀ ਰਵਾਇਤ ਖਤਮ

ਵੈਨਕੂਵਰ-(ਮਲਕੀਤ ਸਿੰਘ) - ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਪਿਛਲੇ 70 'ਤੋਂ ਵੱਧ ਸਮੇਂ ਤੋਂ ਚੱਲ ਰਹੀ ਘੜੀਆਂ ਨੂੰ ਹਰ ਸਾਲ ਬਸੰਤ ਅਤੇ ਪਤਝੜ ਦੇ ਮੌਸਮ ਵਿੱਚ ਇੱਕ ਘੰਟਾ ਅੱਗੇ-ਪਿੱਛੇ ਕਰਨ ਦੀ ਪਰੰਪਰਾ ਹੁਣ ਖਤਮ ਹੋਣ ਜਾ ਰਹੀ ਹੈ। ਇਸ ਐਤਵਾਰ ਤੋਂ ਬਾਅਦ ਇਹ ਰਵਾਇਤ ਇਤਿਹਾਸ ਬਣ ਜਾਵੇਗੀ ਅਤੇ ਸੂਬਾ ਸਾਲ ਭਰ ਲਈ ਇੱਕੋ ਸਮਾਂ ਪ੍ਰਣਾਲੀ ਅਪਣਾਏਗਾ।ਸੂਬੇ ਦੇ ਵੱਡੇ ਹਿੱਸੇ ਵਿੱਚ ਦਹਾਕਿਆਂ ਤੋਂ ਲੋਕ ਦਿਨ ਦੀ ਵਧੀਕ ਰੌਸ਼ਨੀ ਦੇ ਲਾਭ ਲਈ ਬਸੰਤ ਵਿੱਚ ਘੜੀਆਂ ਇੱਕ ਘੰਟਾ ਅੱਗੇ ਕਰਦੇ ਅਤੇ ਪਤਝੜ ਵਿੱਚ ਇੱਕ ਘੰਟਾ ਪਿੱਛੇ ਕਰਦੇ ਆ ਰਹੇ ਸਨ। ਪਰ ਹੁਣ ਸਰਕਾਰ ਨੇ ਇਹ ਦੋਹਰਾ ਬਦਲਾਅ ਸਮਾਪਤ ਕਰਨ ਦਾ ਫੈਸਲਾ ਕੀਤਾ ਹੈ।ਜਾਣਕਾਰੀ ਮੁਤਾਬਕ ਇਸ ਸਬੰਧੀ 1993 ਚ ਸੂਬਾਈ ਸਰਕਾਰ ਵੱਲੋਂ ਕਰਵਾਈ ਇੱਕ ਰਾਇਸ਼ੁਮਾਰੀ ਮੁਤਾਬਕ ਬਹੁ ਗਿਣਤੀ ਲੋਕਾਂ ਨੇ ਸਾਲ ਭਰ ਇੱਕੋ ਸਮਾਂ ਰੱਖਣ ਦੇ ਹੱਕ ਵਿੱਚ ਰਾਏ ਦਿੱਤੀ ਸੀ। ਕਈ ਵਪਾਰਕ ਸੰਸਥਾਵਾਂ ਅਤੇ ਆਮ ਨਾਗਰਿਕਾਂ ਦਾ ਮੰਨਣਾ ਸੀ ਕਿ ਵਾਰ-ਵਾਰ ਸਮਾਂ ਬਦਲਣ ਨਾਲ ਰੋਜਾਨਾ ਦੇ ਰੁਝੇਵਿਆ , ਸਿਹਤ ਅਤੇ ਕਾਰੋਬਾਰ 'ਤੇ ਅਸਰ ਪੈਂਦਾ ਹੈ।ਸਮਾਂ ਬਦਲਾਅ ਦੀ ਇਹ ਪਰੰਪਰਾ ਦੂਜੇ ਵਿਸ਼ਵ ਯੁੱਧ ਦੇ ਦੌਰਾਨ ਅਤੇ ਉਸ ਤੋਂ ਬਾਅਦ ਉੱਤਰੀ ਅਮਰੀਕਾ ਦੇ ਕਈ ਖਿੱਤਿਆਂ ਵਿੱਚ ਸ਼ੁਰੂ ਹੋਈ ਸੀ।

ਮਕਸਦ ਬਿਜਲੀ ਦੀ ਬਚਤ ਅਤੇ ਦਿਨ ਦੀ ਰੌਸ਼ਨੀ ਦਾ ਵੱਧ ਤੋਂ ਵੱਧ ਲਾਭ ਲੈਣਾ ਸੀ। ਹਾਲਾਂਕਿ ਸਮੇਂ ਦੇ ਨਾਲ ਇਸ ਦੀ ਲੋੜ ਅਤੇ ਪ੍ਰਭਾਵਸ਼ੀਲਤਾ 'ਤੇ ਸਵਾਲ ਉੱਠਦੇ ਰਹੇ।ਹੁਣ ਬ੍ਰਿਟਿਸ਼ ਕੋਲੰਬੀਆ ਵਿੱਚ ਸਮਾਂ ਬਦਲਣ ਦੀ ਇਹ ਦੂਰੀ ਰਵਾਇਤ ਖਤਮ ਕਰਕੇ ਸਾਲ ਭਰ ਲਈ ਪ੍ਰਸ਼ਾਂਤ ਸਮਾਂ ਲਾਗੂ ਕੀਤਾ ਜਾ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਹਰ ਛੇ ਮਹੀਨੇ ਬਾਅਦ ਘੜੀਆਂ ਸੈੱਟ ਕਰਨ ਦੀ ਝੰਝਟ ਤੋਂ ਮੁਕਤੀ ਮਿਲੇਗੀ।

# ਵਰਿੰਦਰ ਘੁੰਮਣ ਦੀ ਮੈਡੀਕਲ ਰਿਪੋਰਟ 'ਚ ਵੱਡਾ ਖੁਲਾਸਾ, ਆਪ੍ਰੇਸ਼ਨ ਦੌਰਾਨ ਹਸਪਤਾਲ ਦੀ ਲਾਪਰਵਾਹੀ ਨਾਲ ਹੋਈ ਮੌਤ

**ਜਲੰਧਰ ਦੇ ਰਹਿਣ ਵਾਲੇ ਅਤੇ ਏਸ਼ੀਆ ਦੇ ਇਕਲੌਤੇ ਸ਼ਾਕਾਹਾਰੀ ਬਾਡੀ ਬਿਲਡਰ ਵਰਿੰਦਰ ਘੁੰਮਣ ਦੇ ਪਰਿਵਾਰ ਨੇ ਉਸਦੀ ਮੌਤ ਦੇ ਮਾਮਲੇ ਵਿੱਚ ਇੱਕ ਮਹੱਤਵਪੂਰਨ ਖੁਲਾਸਾ ਕੀਤਾ ਹੈ। ਪਰਿਵਾਰਕ ਮੈਂਬਰ ਰੱਬੀ ਨੇ ਕਿਹਾ ਕਿ ਉਸਦੇ ਭਰਾ ਦੀ ਮੌਤ ਦੀ ਜਾਂਚ ਲਈ ਬਣਾਈ ਗਈ ਸ਼ੀਠ ਰਿਪੋਰਟ ਆ ਗਈ ਹੈ। ਰੱਬੀ ਨੇ ਦਾਅਵਾ ਕੀਤਾ ਕਿ ਮੌਤ ਦਾ ਕਾਰਨ ਹਸਪਤਾਲ ਲਾਪਰਵਾਹੀ ਹੈ।**

ਰੱਬੀ ਨੇ ਕਿਹਾ ਕਿ ਪਰਿਵਾਰ ਨੂੰ ਭਰੋਸਾ ਸੀ ਕਿ ਡਾਕਟਰਾਂ ਦਾ ਪੈਨਲ ਉਨ੍ਹਾਂ ਨਾਲ ਇਨਸਾਫ਼ ਕਰੇਗਾ। ਉਨ੍ਹਾਂ ਨੇ ਪਹਿਲੇ ਦਿਨ ਅੰਮ੍ਰਿਤਸਰ ਦੇ ਫੋਰਟਿਸ ਹਸਪਤਾਲ ਤੇ ਜੋ ਦੋਸ਼ ਲਗਾਏ ਸਨ ਉਹ ਸੱਚ ਸਾਬਤ ਹੋਏ ਹਨ। ਹੁਣ, ਇਸ ਰਿਪੋਰਟ ਦੇ ਆਧਾਰ ਤੇ, ਉਹ ਜਲਦੀ ਹੀ ਫੋਰਟਿਸ ਅੰਮ੍ਰਿਤਸਰ ਵਿਰੁੱਧ ਕਾਨੂੰਨੀ ਕਾਰਵਾਈ ਕਰਨਗੇ। ਉਨ੍ਹਾਂ ਨੇ ਡਾਕਟਰਾਂ ਦੀ ਟੀਮ ਅਤੇ ਸਰਕਾਰ ਦਾ ਵਰਿੰਦਰ ਘੁੰਮਣ ਦੀ ਮੌਤ ਦੇ ਪਿੱਛੇ ਦੀ ਸੱਚਾਈ ਨੂੰ ਉਜਾਗਰ ਕਰਨ ਲਈ ਡੂੰਘਾ ਧੰਨਵਾਦ ਪ੍ਰਗਟ ਕੀਤਾ।

ਇਹ ਧਿਆਨ ਦੇਣ ਯੋਗ ਹੈ ਕਿ ਪੰਜਾਬ ਦੇ ਮਸ਼ਹੂਰ ਬਾਡੀ ਬਿਲਡਰ ਵਰਿੰਦਰ ਸਿੰਘ ਘੁੰਮਣ ਦੀ ਮੌਤ 9 ਅਕਤੂਬਰ, 2025 ਨੂੰ ਅੰਮ੍ਰਿਤਸਰ ਵਿੱਚ ਸਰਜਰੀ ਦੌਰਾਨ ਹੋਈ ਸੀ। ਪਰਿਵਾਰ ਨੇ ਹਸਪਤਾਲ ਤੇ ਲਾਪਰਵਾਹੀ ਦਾ ਦੋਸ਼ ਲਗਾਇਆ ਸੀ ਅਤੇ ਲਾਸ਼ ਦੀ ਹਾਲਤ ਤੇ ਸਵਾਲ ਉਠਾਏ ਸਨ। ਪਰਿਵਾਰ ਨੇ ਕਿਹਾ



ਸੀ ਕਿ ਵਰਿੰਦਰ ਘੁੰਮਣ ਦਾ ਸਰੀਰ ਸਿਰ ਤੋਂ ਮੋਢੇ ਤੱਕ ਕਾਲਾ ਅਤੇ ਨੀਲਾ ਹੋ ਗਿਆ ਸੀ।

ਸਰਕਾਰ ਨੇ ਤੁਰੰਤ ਵਰਿੰਦਰ ਘੁੰਮਣ ਦੀ ਮੌਤ ਦੀ ਜਾਂਚ ਲਈ ਅੰਮ੍ਰਿਤਸਰ ਸਿਵਲ ਹਸਪਤਾਲ ਦੇ ਡਾਕਟਰਾਂ ਅਤੇ ਐਸਐਮਓ ਦੀ ਸ਼ਮੂਲੀਅਤ ਵਾਲੀ ਇੱਕ ਐਸਆਈਟੀ (ਵਿਸ਼ੇਸ਼ ਜਾਂਚ ਟੀਮ) ਬਣਾਈ। ਇਹ ਐਸਆਈਟੀ ਅੰਮ੍ਰਿਤਸਰ ਫੋਰਟਿਸ ਹਸਪਤਾਲ ਦੇ ਡਾਕਟਰਾਂ ਤੋਂ ਪੁੱਛਗਿੱਛ ਕਰ ਰਹੀ ਹੈ। ਡਾਕਟਰੀ ਪਹਿਲੂਆਂ ਦੀ ਜਾਂਚ ਕਰਨ ਤੋਂ ਬਾਅਦ, ਪੈਨਲ ਨੇ ਆਪਣੀ ਰਿਪੋਰਟ ਸਰਕਾਰ ਅਤੇ ਸਿਹਤ ਵਿਭਾਗ ਨੂੰ ਸੌਂਪ ਦਿੱਤੀ ਹੈ। ਪਰਿਵਾਰ ਦਾ ਕਹਿਣਾ ਹੈ ਕਿ ਰਿਪੋਰਟ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਮੌਤ ਡਾਕਟਰੀ ਲਾਪਰਵਾਹੀ ਕਾਰਨ ਹੋਈ ਸੀ। ਵਰਿੰਦਰ ਘੁੰਮਣ ਆਪਣੀ ਬਾਂਹ ਦਾ ਇਲਾਜ ਕਰਵਾਉਣ ਤੱਕ ਪੂਰੀ ਤਰ੍ਹਾਂ ਤੰਦਰੁਸਤ ਸੀ।

## ਅਮਰੀਕਾ 'ਚ ਗੋਲੀਬਾਰੀ ਵਿਚ ਇਕ ਭਾਰਤੀ ਮੂਲ ਦੀ ਵਿਦਿਆਰਥਣ ਸਮੇਤ 4 ਲੋਕਾਂ ਦੀ ਮੌਤ

*ਅਮਰੀਕੀ ਰਾਜ ਟੈਕਸਸ ਦੀ ਰਾਜਧਾਨੀ ਆਸਟਿਨ ਵਿੱਚ ਐਤਵਾਰ ਤੜਕੇ ਹੋਈ ਗੋਲੀਬਾਰੀ ਵਿੱਚ 21 ਸਾਲਾ ਭਾਰਤੀ ਮੂਲ ਦੀ ਵਿਦਿਆਰਥਣ ਸਵਿਤਾ ਸ਼ਾਨ ਸਮੇਤ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ 14 ਹੋਰ ਜ਼ਖ਼ਮੀ ਹੋ ਗਏ। ਪੁਲਿਸ ਦੇ ਅਨੁਸਾਰ 53 ਸਾਲਾ ਹਮਲਾਵਰ ਨਡਿਆਗਾ ਡਾਇਗਨ ਨੇ ਆਸਟਿਨ ਵਿੱਚ ਇੱਕ ਬੀਅਰ ਗਾਰਡਨ ਦੇ ਬਾਹਰ ਆਪਣੀ ਕਾਰ ਖੜ੍ਹੀ ਕੀਤੀ ਅਤੇ ਉੱਥੇ ਬੈਠੇ ਲੋਕਾਂ 'ਤੇ ਪਿਸਤੌਲ ਨਾਲ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਉਹ ਕਾਰ ਤੋਂ ਬਾਹਰ ਨਿਕਲਿਆ ਅਤੇ ਰਾਹਗੀਰਾਂ 'ਤੇ ਰਾਈਫਲ ਨਾਲ ਗੋਲੀਬਾਰੀ ਕੀਤੀ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਹਮਲਾਵਰ ਨੂੰ ਢੇਰ ਕਰ ਦਿੱਤਾ।*



ਐਫਬੀਆਈ ਡਾਇਰੈਕਟਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਐਲਾਨ ਕੀਤਾ ਕਿ ਅੱਤਵਾਦ ਵਿਰੋਧੀ ਅਤੇ ਖੁਫੀਆ ਟੀਮਾਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਇਹ ਕਦਮ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਸ਼ਨੀਵਾਰ ਨੂੰ ਇਰਾਨ 'ਤੇ ਬੰਬਾਰੀ ਸ਼ੁਰੂ ਕਰਨ ਤੋਂ ਬਾਅਦ ਆਇਆ ਹੈ, ਜਿਸ ਨਾਲ ਦੇਸ਼ ਭਰ ਦੀਆਂ ਸੁਰੱਖਿਆ ਏਜੰਸੀਆਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ।

## ਸਪੇਨ ਵੱਲੋਂ ਅਮਰੀਕਾ ਨੂੰ ਝਟਕਾ: ਆਪਣੇ ਫੌਜੀ ਟਿਕਾਣਿਆਂ ਦੀ ਵਰਤੋਂ 'ਤੇ ਲਗਾਈ ਪਾਬੰਦੀ

ਈਰਾਨ ਤੇ ਹਮਲਿਆਂ ਦੇ ਵਿਚਕਾਰ, ਸਪੇਨ ਨੇ ਅਮਰੀਕਾ ਨੂੰ ਵੱਡਾ ਝਟਕਾ ਦਿੱਤਾ। ਰੋਟਾ ਅਤੇ ਮੋਰੋਨ ਏਅਰਬੇਸਾਂ ਤੋਂ ਪੰਦਰਾਂ ਅਮਰੀਕੀ ਫੌਜੀ ਜਹਾਜ਼ ਵਾਪਸ ਕਰ ਦਿੱਤੇ ਗਏ। ਸਪੇਨ ਨੇ ਕਿਹਾ ਕਿ ਉਸਦੀ ਪ੍ਰਭੂਸੱਤਾ ਅਧੀਨ ਬੇਸਾਂ ਦੀ ਵਰਤੋਂ ਈਰਾਨ ਤੇ ਹਮਲਿਆਂ ਲਈ ਨਹੀਂ ਕੀਤੀ ਜਾਵੇਗੀ। ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਵਧਦੇ ਫੌਜੀ ਤਣਾਅ ਦੇ ਵਿਚਕਾਰ, ਸਪੇਨ ਨੇ ਅਮਰੀਕਾ ਨੂੰ ਇੱਕ ਸਪੱਸ਼ਟ ਸੰਦੇਸ਼ ਜਾਰੀ ਕੀਤਾ ਹੈ। ਸਪੇਨ ਨੇ ਸਪੱਸ਼ਟ ਕੀਤਾ ਹੈ ਕਿ ਉਸਦੀ ਪ੍ਰਭੂਸੱਤਾ ਅਧੀਨ ਸੰਚਾਲਿਤ ਸਾਂਝੇ ਫੌਜੀ ਠਿਕਾਣਿਆਂ ਦੀ ਵਰਤੋਂ ਈਰਾਨ ਤੇ ਹਮਲਿਆਂ ਲਈ ਨਹੀਂ ਕੀਤੀ ਜਾ ਸਕਦੀ। ਇਸ ਫੈਸਲੇ ਤੋਂ ਬਾਅਦ, ਘੱਟੋ-ਘੱਟ 15 ਅਮਰੀਕੀ ਫੌਜੀ ਜਹਾਜ਼ ਜਰਮਨੀ ਅਤੇ ਫਰਾਂਸ ਲਈ ਸਪੈਨਿਸ਼ ਠਿਕਾਣਿਆਂ ਤੋਂ ਰਵਾਨਾ ਹੁੰਦੇ ਦੇਖੇ ਗਏ।

ਸਪੇਨ ਦੇ ਵਿਦੇਸ਼ ਮੰਤਰੀ ਜੋਸ ਮੈਨੁਅਲ ਅਲਬਾਰੇਸ ਨੇ ਕਿਹਾ ਕਿ ਸਪੇਨ ਆਪਣੇ ਫੌਜੀ ਠਿਕਾਣਿਆਂ, ਜੋ ਕਿ ਅਮਰੀਕਾ ਅਤੇ ਸਪੇਨ ਦੁਆਰਾ ਸਾਂਝੇ ਤੌਰ ਫ਼ਲਸਤੁਰੇਤੇ ਸੰਚਾਲਿਤ ਹਨ ਪਰ ਸਪੈਨਿਸ਼ ਪ੍ਰਭੂਸੱਤਾ ਅਧੀਨ ਹਨ, ਨੂੰ ਈਰਾਨ ਫ਼ਲਸਤੁਰੇਤੇ ਹਮਲਿਆਂ ਲਈ ਵਰਤਣ ਦੀ ਇਜਾਜ਼ਤ ਨਹੀਂ ਦੇਵੇਗਾ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਸਪੇਨ ਕਿਸੇ ਵੀ ਫੌਜੀ ਕਾਰਵਾਈ ਦਾ ਸਮਰਥਨ ਨਹੀਂ ਕਰੇਗਾ ਜੋ ਸੰਯੁਕਤ ਰਾਸ਼ਟਰ ਚਾਰਟਰ ਜਾਂ ਅਮਰੀਕਾ ਨਾਲ ਦੁਵੱਲੇ ਸਮਝੌਤਿਆਂ ਦੇ ਅਨੁਸਾਰ ਨਹੀਂ ਹੈ।

ਫਲਾਈਟ ਟਰੈਕਿੰਗ ਵੈੱਬਸਾਈਟ ਅਨੁਸਾਰ, ਦੱਖਣੀ ਸਪੇਨ ਦੇ ਰੋਟਾ ਅਤੇ ਮੋਰੋਨ ਹਵਾਈ ਅੱਡਿਆਂ ਤੋਂ ਘੱਟੋ-ਘੱਟ 15 ਅਮਰੀਕੀ ਜਹਾਜ਼ਾਂ ਨੇ ਉਡਾਣ ਭਰੀ ਹੈ। ਇਨ੍ਹਾਂ ਵਿੱਚੋਂ ਸੱਤ ਜਹਾਜ਼ਾਂ ਨੂੰ ਜਰਮਨੀ ਦੇ ਰਾਮਸਟਾਈਨ ਹਵਾਈ ਅੱਡਿਆਂ ਤੇ ਉਤਰਦੇ ਦੇਖਿਆ ਗਿਆ। ਰੋਟਾ ਅਤੇ ਮੋਰੋਨ ਦੋਵੇਂ ਫੌਜੀ ਅੱਡੇ ਅਮਰੀਕਾ ਅਤੇ ਸਪੇਨ ਦੁਆਰਾ ਸਾਂਝੇ ਤੌਰ ਤੇ ਚਲਾਏ ਜਾਂਦੇ ਹਨ, ਪਰ ਸਪੇਨ ਕੋਲ ਅੰਤਮ ਅਧਿਕਾਰ ਹੈ।

ਸ਼ੁਰੂਆਤ ਵਿੱਚ, ਬ੍ਰਿਟੇਨ ਨੇ ਵੀ ਈਰਾਨ ਤੇ ਹਮਲਿਆਂ ਲਈ ਆਪਣੇ ਫੌਜੀ ਠਿਕਾਣਿਆਂ ਦੀ ਵਰਤੋਂ ਕਰਨ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ, ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਬਾਅਦ ਵਿੱਚ ਸਮੂਹਿਕ ਸਵੈ-ਰੱਖਿਆ ਦੇ ਤਹਿਤ ਸੀਮਤ ਵਰਤੋਂ ਨੂੰ ਮਨਜ਼ੂਰੀ ਦਿੱਤੀ। ਸਪੇਨੀ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਪਹਿਲਾਂ ਹੀ ਈਰਾਨ ਵਿੱਚ ਅਮਰੀਕਾ-ਇਜ਼ਰਾਈਲੀ ਫੌਜੀ ਕਾਰਵਾਈ ਦੀ ਆਲੋਚਨਾ ਕਰ ਚੁੱਕੇ ਹਨ। ਸਪੇਨ ਦਾ ਰੁਖ਼ ਪੱਛਮੀ ਏਸ਼ੀਆਈ ਸੰਕਟ ਦੇ ਵਿਚਕਾਰ ਇਸਨੂੰ ਯੂਰਪ ਦੇ ਅੰਦਰ ਇੱਕ ਵਿਲੱਖਣ ਸਥਿਤੀ ਵਿੱਚ ਰੱਖਦਾ ਹੈ ਅਤੇ ਵਾਸ਼ਿੰਗਟਨ ਨਾਲ ਸਬੰਧਾਂ ਵਿੱਚ ਤਣਾਅ ਵਧਣ ਦਾ ਖਦਸ਼ਾ ਹੈ।

## ਭਾਰਤ ਕੋਲ 40-45 ਦਿਨਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਹਨ ਕੱਚੇ ਤੇਲ ਦੇ ਭੰਡਾਰ

**ਨਵੀਂ ਦਿੱਲੀ: ਈਰਾਨ ਸੰਕਟ ਦੇ ਵਿਚਕਾਰ ਹੋਰਮੁਜ਼ ਜਲਡਮਰੂ ਰਾਹੀਂ ਕੱਚੇ ਤੇਲ ਦੀ ਸਪਲਾਈ ਵਿੱਚ ਵਿਘਨ ਪੈਣ ਦੀ ਸਥਿਤੀ ਵਿੱਚ, ਭਾਰਤ ਕੋਲ ਕੱਚੇ ਤੇਲ ਦੇ ਭੰਡਾਰ ਹਨ ਜੋ ਲਗਭਗ 40-45 ਦਿਨਾਂ ਦੀਆਂ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਹਨ। ਊਰਜਾ ਬਾਜ਼ਾਰ ਵਿਸ਼ਲੇਸ਼ਣ ਫਰਮ ਕੇਪਲਰ ਨੇ ਇਹ ਮੁਲਾਂਕਣ ਜਾਰੀ ਕੀਤਾ ਹੈ। ਕੇਪਲਰ ਦੇ ਅਨੁਸਾਰ, ਭਾਰਤ ਕੋਲ ਲਗਭਗ 100 ਮਿਲੀਅਨ ਬੈਰਲ ਵਪਾਰਕ ਕੱਚਾ ਤੇਲ ਹੈ। ਇਸ ਵਿੱਚ ਰਿਫਾਇਨਰੀਆਂ, ਭੂਮੀਗਤ ਰਣਨੀਤਕ ਪੈਟਰੋਲੀਅਮ ਭੰਡਾਰ (ਐਸਪੀਆਰ) ਦੁਆਰਾ ਰੱਖੇ ਗਏ ਸਟਾਕ ਅਤੇ ਦੇਸ਼ ਵਿੱਚ ਆਉਣ ਵਾਲੇ ਜਹਾਜ਼ਾਂ 'ਤੇ ਲੋਡ ਕੀਤਾ ਜਾਣ ਵਾਲਾ ਤੇਲ ਸ਼ਾਮਲ ਹੈ। ਭਾਰਤ ਆਪਣੀਆਂ ਕੱਚੇ ਤੇਲ ਦੀਆਂ ਜ਼ਰੂਰਤਾਂ ਦਾ ਲਗਭਗ 88 ਪ੍ਰਤੀਸ਼ਤ ਆਯਾਤ ਕਰਦਾ ਹੈ। ਕੁੱਲ ਆਯਾਤ ਦਾ ਅੱਧਾ ਤੋਂ ਵੱਧ ਪੱਛਮੀ ਏਸ਼ੀਆ ਤੋਂ ਆਉਂਦਾ ਹੈ, ਅਤੇ ਇਸਦਾ ਇੱਕ ਵੱਡਾ ਹਿੱਸਾ ਹੋਰਮੁਜ਼ ਜਲਡਮਰੂ ਵਿੱਚੋਂ ਲੰਘਦਾ ਹੈ।**

**ਭਾਰਤ ਰੋਜ਼ਾਨਾ ਔਸਤਨ ਲਗਭਗ 5 ਮਿਲੀਅਨ ਬੈਰਲ ਕੱਚਾ ਤੇਲ ਆਯਾਤ ਕਰਦਾ ਹੈ, ਜਿਸ ਵਿੱਚੋਂ ਲਗਭਗ 2.5 ਮਿਲੀਅਨ ਬੈਰਲ ਹੋਰਮੁਜ਼ ਜਲਡਮਰੂ ਰਾਹੀਂ ਆਉਂਦਾ ਹੈ। ਕਪਲਰ ਦੇ ਪ੍ਰਮੁੱਖ ਖੋਜ ਵਿਸ਼ਲੇਸ਼ਕ ਸੁਮਿਤ ਰਿਟੋਲੀਆ ਨੇ ਕਿਹਾ, "ਜੇਕਰ ਪੱਛਮੀ ਏਸ਼ੀਆ ਤੋਂ ਤੇਲ ਦੀ ਸਪਲਾਈ ਅਸਥਾਈ ਤੌਰ 'ਤੇ ਵਿਘਨ ਪਾਉਂਦੀ ਹੈ, ਤਾਂ ਇਸਦਾ ਤੁਰੰਤ ਪ੍ਰਭਾਵ ਸਪਲਾਈ ਲੜੀ ਅਤੇ ਕੀਮਤਾਂ 'ਤੇ ਪਵੇਗਾ। ਹਾਲਾਂਕਿ, ਰਿਫਾਇਨਰੀਆਂ ਆਮ ਤੌਰ 'ਤੇ ਵਪਾਰਕ ਸਟਾਕ ਬਣਾਈ ਰੱਖਦੀਆਂ ਹਨ, ਅਤੇ ਪਹਿਲਾਂ ਹੀ ਰਵਾਨਾ ਹੋ ਚੁੱਕੇ ਤੇਲ ਕੈਰੀਅਰਾਂ ਦੀ ਆਮਦ ਥੋੜ੍ਹੇ ਸਮੇਂ ਲਈ ਰਾਹਤ ਪ੍ਰਦਾਨ ਕਰੇਗੀ।" ਹਾਲਾਂਕਿ, ਰਿਟੋਲੀਆ ਨੇ ਕਿਹਾ ਕਿ ਜੇਕਰ ਇਹ ਵਿਘਨ ਲੰਬੇ ਸਮੇਂ ਤੱਕ ਜਾਰੀ ਰਹਿੰਦਾ ਹੈ, ਤਾਂ ਤੇਲ ਆਯਾਤ ਲਾਗਤਾਂ, ਆਵਾਜਾਈ ਲਾਗਤਾਂ ਅਤੇ ਵਿਕਲਪਕ ਰੂਟਾਂ ਕਾਰਨ ਦਬਾਅ ਵਧੇਗਾ। ਗਲੋਬਲ ਤੇਲ ਬੈਂਚਮਾਰਕ ਬ੍ਰੈਂਟ ਕਰੂਡ ਦੀ ਕੀਮਤ ਪ੍ਰਤੀ ਬੈਰਲ $80 ਨੂੰ ਪਾਰ ਕਰ ਗਈ ਹੈ, ਜੋ ਕਿ ਈਰਾਨ ਸੰਕਟ ਸ਼ੁਰੂ ਹੋਣ ਤੋਂ ਪਹਿਲਾਂ ਦੇ ਪੱਧਰ ਨਾਲੋਂ ਲਗਭਗ 10 ਪ੍ਰਤੀਸ਼ਤ ਵੱਧ ਹੈ। ਭਾਰਤ ਨੇ ਪਿਛਲੇ ਵਿੱਤੀ ਸਾਲ ਵਿੱਚ ਕੱਚੇ ਤੇਲ ਦੀ ਦਰਾਮਦ 'ਤੇ $137 ਬਿਲੀਅਨ ਖਰਚ ਕੀਤੇ ਸਨ। ਮੌਜੂਦਾ ਵਿੱਤੀ ਸਾਲ ਦੇ ਅਪ੍ਰੈਲ-ਜਨਵਰੀ ਦੀ ਮਿਆਦ ਵਿੱਚ, ਇਹ ਪਹਿਲਾਂ ਹੀ 206.3 ਮਿਲੀਅਨ ਟਨ ਕੱਚੇ ਤੇਲ ਦੀ ਦਰਾਮਦ 'ਤੇ $100.4 ਬਿਲੀਅਨ ਖਰਚ ਕਰ ਚੁੱਕਾ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਪੱਛਮੀ ਏਸ਼ੀਆ ਵਿੱਚ ਟਕਰਾਅ ਨੇ ਹੋਰ-ਮੁਜ਼ ਜਲਡਮਰੂ ਰਾਹੀਂ ਆਵਾਜਾਈ ਨੂੰ ਪ੍ਰਭਾਵਿਤ ਕੀਤਾ ਹੈ। ਇਹ 33 ਕਿਲੋਮੀਟਰ ਚੌੜਾ ਸਮੁੰਦਰੀ ਰਸਤਾ ਫਾਰਸ ਦੀ ਖਾੜੀ ਨੂੰ ਅਰਬ ਸਾਗਰ ਨਾਲ ਜੋੜਦਾ ਹੈ ਅਤੇ ਦੁਨੀਆ ਦੇ ਕੱਚੇ ਤੇਲ ਦੇ ਨਿਰਯਾਤ ਦਾ ਲਗਭਗ ਇੱਕ ਤਿਹਾਈ ਹਿੱਸਾ ਅਤੇ ਇਸਦੀ ਗੈਸ ਸਪਲਾਈ ਦਾ 20 ਪ੍ਰਤੀਸ਼ਤ ਇਸ ਤੋਂ ਆਉਂਦਾ ਹੈ।**

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਸੰਘੋਲ

ਪੰਜਾਬ ਦੇ ਰੋਪੜ ਤੋਂ 20 ਕਿਲੋਮੀਟਰ ਦੂਰ ਦੱਖਣ ਵੱਲ ਇਹ ਪਿੰਡ ਸੰਘੋਲ ਹੈ। ਇਸ ਥਾਂ ਗੁਰੂ ਗੋਬਿੰਦ ਸਿੰਘ ਸਾਹਿਬ ਕੁਰੁਕਸ਼ੇਤਰ ਵੱਲ ਜਾਣ ਸਮੇਂ ਠਹਿਰੇ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੈ। ਗੁਰਦੁਆਰਾ ਸਾਹਿਬ ਰਾਣਵਾਂ ਪਿੰਡ ਦੀ ਹਦੂਦ ਅੰਦਰ ਆਉਂਦਾ ਹੈ। ਇਸ ਪਿੰਡ ਤੋਂ ਪੂਰਬ ਵੱਲ ਦੋ ਫਰਲਾਂਗ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦੁਆਰਾ ਗੋਬਿੰਦਗੜ੍ਹ ਹੈ। ਇਮਾਰਤ ਮਹਾਰਾਜਾ ਕਰਮ ਸਿੰਘ ਪਟਿਆਲੇ ਨੇ ਬਣਵਾਈ ਹੈ। ਪਟਿਆਲਾ ਰਿਆਸਤ ਵੱਲੋਂ 20 ਏਕੜ ਜ਼ਮੀਨ ਮਰਾਲਾ ਪਿੰਡ ਵਿੱਚ ਹੈ। ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਕਮੇਟੀ ਕਰਦੀ ਹੈ।

ਪੁਸਤਕ ਸੂਚੀ:–

1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸੰਘ੍ਰੇੜੀ

ਪੰਜਾਬ ਦੇ ਮਾਨਸਾ ਜ਼ਿਲ੍ਹੇ ਦਾ ਇਕ ਪਿੰਡ ਸੰਘ੍ਰੇੜੀ ਹੈ। ਸੰਘ੍ਰੇੜੀ, ਬਰੇਟਾ ਪਿੰਡ ਤੋਂ 5 ਕਿਲੋਮੀਟਰ ਪੱਛਮ ਦਿਸ਼ਾ ਵੱਲ ਹੈ। ਬਰੇਟਾ ਦਾ ਅਕਸ਼ਾਂਸ਼ 290–52 ਅਤੇ ਰੇਖਾਂਸ਼ ਦੇਸ਼ਾਂਤਰ 750–42 ਹੈ। ਇਸ ਪਿੰਡ ਗੁਰੂ ਤੇਗ ਬਹਾਦਰ ਸਾਹਿਬ ਆ ਕੇ ਠਹਿਰੇ ਸਨ, ਆਪਣੇ ਇਕ ਪ੍ਰਚਾਰ ਸਫ਼ਰ ਦੌਰਾਨ। ਇਹ ਗੁਰਦੁਆਰਾ ਪਾਤਸ਼ਾਹੀ ਨੌਵੀਂ ਕਰਕੇ ਪ੍ਰਸਿੱਧ ਹੈ, ਜੋ ਪਿੰਡ ਦੀ ਉੱਤਰੀ ਨੁੱਕਰ ਵੱਲ, ਤਾਲਾਬ ਦੇ ਕੰਢੇ ਹੈ। ਗੁਰਦੁਆਰਾ ਮੁਰੱਬਾ, ਗੁੰਬਦ–ਦਾਰ ਕਮਰੇ ਵਿੱਚ ਇਕ ਛੋਟਾ ਬੜ੍ਹਾ ਬਣਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾਲ ਵਾਲੇ ਕਮਰੇ ਵਿੱਚ ਹੁੰਦਾ ਹੈ।

ਪਿੰਡ ਵੱਲੋਂ ਇਸ ਗੁਰਦੁਆਰੇ ਨਾਲ ਚਾਰ ਏਕੜ ਜ਼ਮੀਨ ਲੱਗੀ ਹੋਈ ਹੈ। ਇਹ ਗੁਰ–ਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:–

1. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975

2. ਫੌਜਾ ਸਿੰਘ– ਗੁਰੂ ਤੇਗ ਬਹਾਦਰ, ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976

## ਸੰਤੋਖਪੁਰਾ

ਪੰਜਾਬ ਦੇ ਜ਼ਿਲ੍ਹਾ ਅੰਬਾਲਾ ਦਾ ਇਕ ਪਿੰਡ ਸੰਤੋਖਪੁਰਾ ਹੈ। ਇਹ ਪਿੰਡ ਛਛਰੌਲੀ ਸ਼ਹਿਰ ਦੇ ਪੂਰਵ ਵੱਲ 2 ਕਿਲੋਮੀਟਰ ਦੂਰ ਹੈ। ਇਹ ਡਾਰਪੁਰ ਵਾਲੀ ਸੜਕ ਪਾਸ ਸਰਕਾਰੀ ਬੀੜ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਗੁਰਦੁਆਰਾ ਹੈ। ਪਹਿਲਾਂ ਇਸ ਥਾਂ ਯਾਦਗਾਰ ਵਜੋਂ ਕੋਈ ਅਸਥਾਨ ਨਹੀਂ ਸੀ। 1920, 1 ਨਵੰਬਰ ਨੂੰ ਸੰਤ ਖ਼ਾਲਸਾ ਹਰਨਾਮ ਸਿੰਘ (ਮਸਤੂਆਣੇ ਵਾਲੇ) ਦੇ ਰਾਹੀਂ ਇਹ ਅਸਥਾਨ ਪ੍ਰਗਟ ਕੀਤਾ ਗਿਆ ਹੈ। ਇਹ ਅਸਥਾਨ ਜਗਾਧਰੀ ਤੋਂ ਈਸ਼ਾਨ ਕੋਣ 12 ਕਿਲੋਮੀਟਰ ਦੂਰ ਹੈ । ਪੋਹ ਸੁਦੀ 7 ਨੂੰ ਜੋੜ–ਮੇਲਾ ਹੁੰਦਾ ਹੈ। ਇਸ ਗੁਰ–ਅਸਥਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:–

1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸੰਮੀ

ਇਹ ਪਿੰਡ ਹੁਣ ਸਮੀਰ ਦੇ ਨਾਂ ਨਾਲ ਪ੍ਰਸਿੱਧ ਹੈ। ਇਹ ਬਠਿੰਡੇ ਤੋਂ ਸੱਤ ਕਿਲੋਮੀਟਰ ਦੂਰ ਹੈ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਸਾਹਿਬ ਬਠਿੰਡੇ ਤੋਂ ਚੱਲ ਕੇ ਇਥੇ ਬਿਰਾਜੇ ਹਨ, ਉਲੰਘ ਪੰਥ ਕੌਤਕ ਜਬ ਆਏ, ਡੇਰਾ ਸੰਮੀ ਗ੍ਰਾਮ ਸੁ ਪਾਏ, (ਗੁਰੂ ਪ੍ਰਤਾਪ ਸੂਰਜ ਗ੍ਰੰਥ) ਇਸ ਥਾਂ ਹੁਣ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਬਣਾਇਆ ਗਿਆ ਹੈ। ਸੰਮੀ ਪਿੰਡ ਤੋਂ ਚੱਲ ਕੇ ਗੁਰੂ ਸਾਹਿਬ ਦਮਦਮਾ ਪਧਾਰੇ ਸਨ।

ਪੁਸਤਕ ਸੂਚੀ:–

1. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਸ੍ਰੀ ਹਰਿਗੋਬਿੰਦਪੁਰ



ਗੁਰਦੁਆਰਾ ਸ੍ਰੀ ਦਮਦਮਾ ਸਾਹਿਬ
ਸ੍ਰੀ ਹਰਿਗੋਬਿੰਦਪੁਰ ਗੁਰਦਾਸਪੁਰ

www.historicalgurudwaras.net

ਇਸ ਨੂੰ ਸ੍ਰੀ ਗੋਬਿੰਦਪੁਰਾ ਵੀ ਆਖਿਆ ਜਾਂਦਾ ਹੈ। ਸ੍ਰੀ ਹਰਿਗੋਬਿੰਦਪੁਰਾ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਆਉਂਦਾ ਹੈ। ਸ੍ਰੀ ਹਰਿਗੋਬਿੰਦਪੁਰਾ ਦਾ ਅਕਸ਼ਾਂਸ਼ 300–41 ਅਤੇ ਰੇਖਾਂਸ਼ ਦੇਸ਼ਾਂਤਰ 750–29 ਹੈ। ਇਹ ਇਕ ਛੋਟਾ ਜਿਹਾ ਸ਼ਹਿਰ ਹੈ, ਜੋ ਦਰਿਆ ਬਿਆਸ ਦੇ ਕੰਢੇ ਸਥਿਤ ਹੈ। ਅਸਲੋਂ ਇਹ ਸ਼ਹਿਰ ਰੋਹਿਲਾ ਪਿੰਡ ਦੀ ਬਰਬਾਦ ਥੇਹ 'ਤੇ ਵਸਿਆ ਹੈ, ਜੋ ਮੁਗਲਾਂ ਦੇ ਦੀਵਾਨ ਚੰਦੂਸ਼ਾਹ ਦੀ ਅਸਟੇਟ ਸੀ। ਗੁਰੂ ਹਰਿਗੋਬਿੰਦ ਸਾਹਿਬ, ਇਸ ਸ਼ਹਿਰ 1629 ਨੂੰ ਬਰਸਾਤ ਸਮੇਂ ਕਰਤਾਰਪੁਰ ਤੋਂ ਆਏ ਸਨ। ਜਦੋਂ ਗੁਰੂ ਸਾਹਿਬ ਨੇ ਇਥੇ ਕਦਮ ਰੱਖੇ ਤਾਂ ਇਥੋਂ ਦੇ ਵਾਯੂਮੰਡਲ ਤੇ ਰਮਣੀਕ ਫ਼ਿਜ਼ਾਅ ਤੋਂ ਬਹੁਤ ਖੁਸ਼ ਹੋਏ ਅਤੇ ਇਸ ਨਗਰ ਦਾ ਨਾਂ ਸ੍ਰੀ ਗੋਬਿੰਦਪੁਰ ਰੱਖਿਆ, ਪਰ ਛੇਵੇਂ ਨਾਨਕ ਦਾ ਬਹੁਤਾ ਸੰਪਰਕ ਇਸ ਨਗਰ ਨਾਲ ਹੋਣ ਕਾਰਨ, ਤਵਾਰੀਖ਼ ਵਿੱਚ ਸ੍ਰੀ ਹਰਿਗੋਬਿੰਦਪੁਰ ਤੋਂ ਹੀ ਪ੍ਰਸਿੱਧ ਹੋ ਗਿਆ।

ਇਕ ਹੋਰ ਸੋਮੇ ਮੁਤਾਬਕ ਇਹ ਨਗਰ ਰੋਹਿਲਾ ਦੀ ਥੇਹ 'ਤੇ ਗੁਰੂ ਅਰਜਨ ਸਾਹਿਬ ਨੇ 1587 ਨੂੰ ਵਸਾਇਆ ਸੀ ਅਤੇ ਨਾਂ ਸ੍ਰੀ ਹਰਿਗੋਬਿੰਦਪੁਰ ਰੱਖਿਆ। ਭਗਵਾਨ ਦਾਸ ਘਰੇੜ, ਚੰਦੂ ਸ਼ਾਹ ਦੀ ਮਦਦ ਕਾਰਨ ਇਸ ਪਿੰਡ 'ਤੇ ਕਬਜ਼ਾ ਕਰੀ ਬੈਠਾ ਸੀ। ਇਹ ਨਗਰ ਗੁਰੂ ਹਰਿਗੋਬਿੰਦ ਸਾਹਿਬ ਨੇ ਕੁਝ ਸਮਿਆਂ ਬਾਅਦ ਆਜ਼ਾਦ ਕੀਤਾ। ਭਗਵਾਨ ਦਾਸ ਜੋ ਅਰੇੜ ਜਾਤ ਦਾ ਅਮੀਰ ਖ਼ੱਤਰੀ ਸੀ ਨੇ ਇਕ ਵੇਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੰਗਾਰਿਆ ਅਤੇ ਪਿੰਡ ਖਾਲੀ ਕਰਨ ਲਈ ਆਖਿਆ। ਇਕ ਜ਼ਬਰਦਸਤ ਲੜਾਈ ਹੋਈ, ਜਿਸ ਵਿੱਚ ਭਗਵਾਨ ਦਾਸ ਮਾਰਿਆ ਗਿਆ ਅਤੇ ਉਸ ਦਾ ਬੇਟਾ ਰਤਨ ਚੰਦ, ਚੰਦੂ ਦਾ ਬੇਟਾ ਕਰਮ ਚੰਦ ਦੀ ਮਦਦ ਨਾਲ, ਜਲੰਧਰ ਦੇ ਫੌਜਦਾਰ ਦੀ ਕਮਾਨ ਹੇਠ ਕੁਝ ਫੌਜੀ ਲਿਆ ਕੇ ਗੁਰੂ ਸਾਹਿਬ ਤੋਂ ਪਿੰਡ ਖਾਲੀ ਕਰਨ ਲਈ ਹਮਲਾ ਕੀਤਾ। ਇਸ ਲੜਾਈ ਵਿੱਚ ਦੋਵੇਂ ਰਤਨ ਚੰਦ ਅਤੇ ਕਰਮ ਚੰਦ ਮਾਰੇ ਗਏ। ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਰੋਹੀਲਾ ਵਿੱਚ ਦੋ ਇਤਿਹਾਸਕ ਅਸਥਾਨ ਬਣੇ ਹਨ। ਇਹ ਗੁਰ–ਅਸਥਾਨ ਨੋਟੀਫਾਈਡ ਹਨ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹਨ।

### (ੳ) ਗੁਰਦੁਆਰਾ ਗੁਰੂ ਕੇ ਮਹਿਲ (ਮੰਜੀ ਸਾਹਿਬ) :

ਇਸ ਨੂੰ ਗੁਰੂ ਕੀ ਹਵੇਲੀ ਵੀ ਆਖਿਆ ਜਾਂਦਾ ਹੈ, ਜੋ ਸ਼ਹਿਰ ਦੀ ਕੇਂਦਰੀ ਹਦੂਦ ਦੇ ਅੰਦਰ ਹੈ। ਇਹ ਕਰਤਾਰਪੁਰ ਦੇ ਸੋਢੀ ਪਰਿਵਾਰਾਂ ਦੀ ਵੰਸ਼ ਦੇ ਬੰਦਿਆਂ ਦੀ ਨਿੱਜੀ ਜਾਇਦਾਦ ਹੈ। ਬਾਅਦ ਵਿੱਚ ਨਿਹੰਗ ਸਿੰਘਾਂ, ਇਕ ਕਮਰੇ ਵਾਲਾ ਗੁਰਦੁਆਰਾ ਤਾਮੀਰ ਕੀਤਾ ਅਤੇ ਸੋਢੀ ਪਰਿਵਾਰਾਂ ਨੇ ਇਸ ਸੰਬੰਧੀ ਕਚਹਿਰੀ ਮੁਕੱਦਮਾ ਦਾਇਰ ਕਰ ਦਿੱਤਾ ਹੈ।

### (ਅ) ਗੁਰਦੁਆਰਾ ਦਮਦਮਾ ਸਾਹਿਬ:

ਇਹ ਉਹ ਥਾਂ ਹੈ, ਜਿਥੇ ਗੁਰੂ ਸਾਹਿਬ ਨੇ ਲੜਾਈ ਖ਼ਤਮ ਕਰਕੇ ਦੀਵਾਨ ਸਜਾਇਆ ਸੀ। ਇਹ ਸ਼ਹਿਰ ਤੋਂ ਪੱਛਮ ਵੱਲ ਇਕ ਕਿਲੋਮੀਟਰ ਦੂਰ ਹੈ। ਵਿਸਾਖੀ ਅਤੇ ਹੋਲੇ–ਮਹੱਲੇ ਨੂੰ ਜੋੜ–ਮੇਲਾ ਹੁੰਦਾ ਹੈ।

### (ੲ) ਗੁਰੂ ਕੀ ਮਸੀਤ :

ਇਹ ਦਰਿਆ ਕੋਲ ਸ਼ਹਿਰ ਦੀ ਪੂਰਬੀ ਦਿਸ਼ਾ ਵੱਲ ਹੈ। ਸਿੱਖ ਤਵਾਰੀਖ ਅਨੁਸਾਰ ਗੁਰੂ ਸਾਹਿਬ ਨੇ ਮੁਸਲਮਾਨਾਂ ਲਈ ਇਕ ਮਸੀਤ ਅਤੇ ਹਿੰਦੂਆਂ ਲਈ ਇਕ ਧਰਮਸ਼ਾਲਾ ਬਣਾਈ ਸੀ। 1947 ਤੋਂ ਬਾਅਦ ਮੁਸਲਮਾਨਾਂ ਦੇ ਇਥੋਂ ਜਾਣ ਬਾਅਦ ਮਸੀਤ ਦੀ ਹਾਲਤ ਤਸੱਲੀਬਖ਼ਸ਼ ਨਹੀਂ ਸੀ। ਹੁਣ ਨਿਹੰਗ ਸਿੰਘਾਂ ਨੇ ਮਸੀਤ ਵਿੱਚ ਗੁਰਦੁਆਰਾ ਬਣਾ ਦਿੱਤਾ ਹੈ।

ਕਈ ਇਤਿਹਾਸਕਾਰਾਂ ਨੇ ਇਸ ਦਾ ਨਾਂ ਸ੍ਰੀ ਹਰਿਗੋਬਿੰਦਪੁਰ ਲਿਖਿਆ ਹੈ, ਪਰ ਗੁਰੂ ਅਰਜਨ ਸਾਹਿਬ ਨੇ ਨਾਂ ਸ੍ਰੀ ਗੋਬਿੰਦਪੁਰ ਰੱਖਿਆ ਹੈ।

ਪੁਸਤਕ ਸੂਚੀ:–

1. ਗਿਆਨ ਸਿੰਘ, ਗਿ.– ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।

2. ਤਾਰਾ ਸਿੰਘ– ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975

3. ਕਾਨ੍ਹ ਸਿੰਘ ਨਾਭਾ– ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

4. ਸੰਤੋਖ ਸਿੰਘ– ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਅੰਮ੍ਰਿਤਸਰ, 1927–35

5. ਸਰਨਾ, ਜਸਬੀਰ ਸਿੰਘ (ਡਾ.)– ਤੇਗਜ਼ਨ ਗੁਰੂ ਹਰਿਗੋਬਿੰਦ ਸਾਹਿਬ, ਕਸ਼ਮੀਰ, 2001

6. ਗਿ. ਜੋਗਿੰਦਰ ਸਿੰਘ ਵੇਦਾਂਤੀ, ਡਾ. ਅਮਰਜੀਤ ਸਿੰਘ (ਸੰ.)– ਗੁਰਬਿਲਾਸ ਪਾਤਸ਼ਾਹੀ ਛੇਵੀਂ, ਅੰਮ੍ਰਿਤਸਰ, 1998

ਬਾਕੀ ਅਗਲੇ ਹਫ਼ਤੇ ਪੜ੍ਹੋ

## ਮਿੰਨੀ ਕਹਾਣੀ–ਰੰਗਾਂ 'ਚ ਕੀ ਰੱਖਿਆ

ਬਿਮਲਾ ਦੀ ਕੁੜੀ ਦੇ ਅਨੰਦ ਕਾਰਜ ਹੋ ਕੇ ਹਟੇ ਹੀ ਸਨ ਕਿ ਉਸ ਦੀ ਗੁਆਂਢਣ ਜੀਤੋ ਕਹਿਣ ਲੱਗੀ, "ਭੈਣੇ, ਗੁੱਸਾ ਨਾ ਕਰੀਂ, ਤੇਰੀ ਕੁੜੀ ਦਾ ਰੰਗ ਕਿੰਨਾ ਸਾਫ ਆ, ਤੇਰੀ ਕੁੜੀ ਮੂਹਰੇ ਪ੍ਰਾਹੁਣਾ ਤਾਂ ਕੁਛ ਵੀ ਨ੍ਹੀ। ਰਿਸ਼ਤਾ ਕਰਨ ਵੇਲੇ ਕੁਛ ਦੇਖ ਤਾਂ ਲੈਂਦੇ।" ਇਹ ਸੁਣ ਕੇ ਬਿਮਲਾ ਨੂੰ ਗੁੱਸਾ ਆ ਗਿਆ। ਉਸ ਨੇ ਆਲਾ, ਦੁਆਲਾ ਦੇਖੇ ਬਗੈਰ ਆਖਿਆ, "ਤੂੰ ਤਿੰਨ ਸਾਲ ਪਹਿਲਾਂ ਆਪਣੀ ਕੁੜੀ ਦਾ ਵਿਆਹ ਸੋਹਣਾ, ਸੁਨੱਖਾ ਮੁੰਡਾ ਲੱਭ ਕੇ ਕੀਤਾ ਸੀ। ਤੇਰੀ ਕੁੜੀ ਨੂੰ ਉਸ ਨੇ ਕਿੰਨੀ ਵਾਰੀ ਸ਼ਰਾਬ ਪੀ ਕੇ ਕੁੱਟਿਆ। ਨਿੱਤ ਤੀਏ ਦਿਨ ਉਹ ਤੇਰੇ ਕੋਲ ਪੈਸੇ ਮੰਗਣ ਆਈ ਰਹਿੰਦੀ ਆ। ਮੇਰੀ ਕੁੜੀ ਦਾ ਪ੍ਰਾਹੁਣਾ ਸਰਕਾਰੀ ਨੌਕਰੀ ਕਰਦਾ ਆ। ਅੱਸੀ ਹਜ਼ਾਰ ਤੋਂ ਵੱਧ ਉਸ ਦੀ ਤਨਖਾਹ ਆ। ਉਹ ਖਾਂਦਾ, ਪੀਂਦਾ ਵੀ ਕੁਛ ਨ੍ਹੀ। ਰੰਗਾਂ 'ਚ ਕੀ ਰੱਖਿਆ ? ਘੱਟੋ, ਘੱਟ ਮੇਰੀ ਕੁੜੀ ਉਸ ਦੇ ਘਰ ਆਪਣੀ ਜ਼ਿੰਦਗੀ ਚੱਜ ਨਾਲ ਤਾਂ ਕੱਟੂ।"

ਬਿਮਲਾ ਤੋਂ ਖ਼ਰੀਆਂ, ਖ਼ਰੀਆਂ ਸੁਣ ਕੇ ਬਗੈਰ ਕੁੱਝ ਬੋਲੇ ਜੀਤੋ ਉੱਥੋਂ ਛੂ ਮੰਤਰ ਹੋ ਗਈ।

-ਮਹਿੰਦਰ ਸਿੰਘ ਮਾਨ


– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ–32**

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਨਾਗਰੀ ਪ੍ਰਚਾਰਨੀ ਸਭਾ ਦੇ ਸੰਸਥਾਪਕਾਂ ਵਿੱਚੋਂ ਪ੍ਰਸਿੱਧ ਹੋਏ ਹਨ, ਬਾਬੂ ਸ਼ਿਆਮ ਸੁੰਦਰ ਦਾਸ ਜੀ। ਉਨ੍ਹਾਂ ਨੇ ਕਬੀਰ ਜੀ ਬਾਰੇ ਦੋ ਪੁਸਤਕਾਂ ਸੰਪਾਦਨ ਕਰਕੇ ਨਾਗਰੀ ਪ੍ਰਚਾਰਣੀ ਸਭਾ ਵੱਲੋਂ ਹੀ ਛਾਪੀਆਂ। ਜਿਨ੍ਹਾਂ ਵਿੱਚ ਇਕ ਕਬੀਰ ਗ੍ਰੰਥਾਵਲੀ ਪ੍ਰਸਿੱਧ ਹੈ। ਦੂਜੀ ਪੁਸਤਕ ਕਬੀਰ ਬਚਨਾਵਲੀ ਅਤੇ ਪੰਡਤ ਅਯੁਧਿਆ ਸਿੰਘ ਉਪਾਧਯ ਦੇ ਭਾਸ਼ਣ ਭੀ ਹਨ। ਕਬੀਰ ਗ੍ਰੰਥਾਵਲੀ ਦਾ ਮੂਲ ਅਧਾਰ ਆਪ ਨੇ ਇਕ ਪ੍ਰਾਚੀਨ ਹੱਥ ਲਿਖਤ ਪੱਤਰੀ ਨੂੰ ਠਹਿਰਾਇਆ ਹੈ। ਸ਼ਿਆਮ ਸੁੰਦਰ ਦਾਸ ਜੀ ਨੇ ਕਬੀਰ ਗ੍ਰੰਥਾਵਲੀ ਗ੍ਰੰਥ ਦੀ ਭੂਮਿਕਾ ਵਿੱਚ ਪ੍ਰਾਪਤ ਸੂਚਨਾਵਾਂ ਬਾਰੇ ਵਿਚਾਰ ਕਰਕੇ ਕਬੀਰ ਜੀ ਦੇ ਚਲਾਣੇ ਦਾ ਸੰਮਤ 1575 ਹੀ ਨਿਰਧਾਰਤ ਕੀਤਾ ਹੈ।**




ਰਵਿਦਾਸ, ਪੀਪਾ ਆਦਿ ਸਮਕਾਲੀ ਭਗਤਾਂ ਵੱਲੋਂ ਆਪਣੀਆਂ ਰਚਨਾਵਾਂ ਵਿੱਚ ਦਿੱਤੇ ਕਬੀਰ ਜੀ ਬਾਰੇ ਵਿਵਰਣ; ਕਬੀਰ ਦੇ ਪਹਿਲਾਂ ਹੋਣ ਦੀ ਕਲਪਨਾ ਨਿਰਅਧਾਰ ਕਰ ਦਿੰਦੇ ਹਨ। ਰਵਿਦਾਸ ਜੀ ਦਾ ਸਮਾਂ ਸੋਲ੍ਹਵੀਂ ਸਦੀ ਦੇ ਅੰਤ ਤੱਕ ਸਭ ਵਿਦਵਾਨਾਂ ਨੇ ਮੰਨਿਆ ਹੈ। ਰਵਿਦਾਸ ਜੀ ਕਬੀਰ ਜੀ ਦੇ ਚੰਗੇ ਮੇਲੀ ਸਨ। ਗੋਬਿੰਦ ਤ੍ਰਿਗੁਣਾਇਤ ਨੇ ਰਵਿਦਾਸ ਦੇ ਚਲਾਣੇ ਦਾ ਸੰਮਤ 1597 ਲਿਖਿਆ ਹੈ। ਕੁਝ ਵਿਦਵਾਨਾਂ ਨੇ ਹੋਰ ਪਿੱਛੋਂ ਦਾ ਭੀ ਦੱਸਿਆ ਹੈ। ਰਵਿਦਾਸ ਅਤੇ ਕਬੀਰ ਜੀ ਦੀ ਇਕ ਗੋਸ਼ਟ ਸਰਬਣ ਗੁਟਕਾ ਭਗਤ ਸੈਣ ਜੀ ਦੀ ਲਿਖੀ ਹੋਈ ਮਿਲਦੀ ਹੈ। (ਉਸਦਾ ਗੁਰਮੁਖੀ ਰੂਪ ਢਾਈ ਸੌ ਸਾਲ ਪਹਿਲਾਂ ਦਾ ਲਿਖਤੀ ਮੇਰੇ ਪਾਸ ਹੈ)। ਹਿੰਦੀ ਵਿੱਚ ਇਸ ਦੀਆਂ ਹੋਰ ਪੁਰਾਤਨ ਪੱਤ੍ਰੀਆਂ ਮਿਲੀਆਂ ਹਨ। ਇਸ ਰਚਨਾ ਬਾਰੇ ਹਿੰਦੀ ਸਾਹਿਤ ਦੇ ਆਲੋਚਨਾਤਮਕ ਇਤਿਹਾਸ ਦੇ ਲੇਖਕ ਰਾਮ ਕੁਮਾਰ ਵਰਮਾ ਨੇ ਇਹ ਮੱਤ ਨਿਰਧਾਰਤ ਕੀਤਾ ਹੈ:–

ਯਹੀ ਗ੍ਰੰਥ ਪ੍ਰਸਿੱਧ ਭਗਤ ਸੈਨ ਜੀ ਰਚਿਤ ਔਰ ਰੈਦਾਸ ਸੰਵਾਦ (69) ਛੰਦੋਂ ਮੇਂ ਲਿਖਾ ਗਿਆ ਔਰ ਇਸ ਮੇਂ ਕਬੀਰ ਔਰ ਰੈਦਾਸ ਕਾ ਵਿਵਾਦ ਵਰਣਣ ਹੈ। ਯੇ ਸੈਣ ਵੇ ਹੀ ਹੈਂ ਜਿਨ ਕਾ ਨਿਰਦੇਸ਼ਨ ਸ੍ਰੀ ਨਾਭਾ ਦਾਸ ਨੇ ਆਪਨੇ ਭਗਤ ਮਾਲ ਮੇਂ ਰਾਮਾਨੰਦ ਕੇ ਸ਼ਿਸ਼ੋਂ ਮੇਂ ਸ਼ਾਮਲ ਕੀਆ ਹੈ। ਕਬੀਰ ਔਰ ਰੈਦਾਸ ਮੇਂ ਨਿਰਗੁਣ ਸਰਗੁਣ ਕੇ ਸਬੰਧ ਮੇਂ ਵਾਦ–ਵਿਵਾਦ ਹੁਆ ਹੈ। ਅੰਤ ਮੇਂ ਰੈਦਾਸ ਨੇ ਕਬੀਰ ਕੇ ਸਿਧਾਂਤੋਂ ਕੋ ਮਾਨਾ ਹੈ।

ਰੈਦਾਸ ਕਹੈ ਹੈ : ਤੁਮ ਸਾਚੀ ਕਹੀ ਸਤਵਾਦੀ। ਸਵਲਾਂ ਸਜਯ ਲਗਾਈ।
ਸਵਲ ਸਿੰਘਾਰਿਆ ਨਿਵਲਾ ਤਾਰਯਾ,
ਸੁਨੋ ਕਬੀਰ ਗੁਰ ਭਾਈ।
ਕਬੀਰ ਕਹੈ ਜੀ: ਭਰਮ ਹੀ ਡਾਰ ਕੇ ਕਰਮ ਹੀ ਡਾਰਿ ਦੇ ਡਾਰ ਦੇ ਜੀਵ ਕੀ ਦੁਬਧਾਈ।
ਆਤਮ ਰਾਮ ਕਰੈ ਵਿਸਰਾਮਾ,
ਹਮ ਤੁਮ ਦੋਨੋ ਗੁਰ ਭਾਈ।
ਕਬੀਰ ਕਹੈ ਜੀ: ਨਿਰਗੁਣ ਬ੍ਰਹਿਮ ਸਕਲ ਕੈ ਦਾਤਾ ਸੁਸਿਮਰੇ ਚਿੱਤ ਲਈ।
ਕੋਹੈ ਲਘੁ ਦੀਰਘ ਕੋ ਨਾਹੀ,
ਹਮ ਤੁਮ ਦੋਨੋ ਗੁਰ ਭਾਈ॥66॥

ਰਾਮ ਕੁਮਾਰ ਵਰਮਾ ਜੀ ਕਬੀਰ ਗ੍ਰੰਥ ਵਿੱਚ ਲਿਖਦੇ ਹਨ: ਇਨ ਅਵਤਰਣੋਂ ਸੇ ਗਯਾਤ ਹੋਤਾ ਹੈ ਕਿ ਕਬੀਰ ਔਰ ਰੈਦਾਸ ਏਕ ਹੀ ਗੁਰੂ ਕੇ ਸ਼ਿਸ਼ ਥੇ, ਔਰ ਯੇ ਗੁਰੂ ਰਾਮਾਨੰਦ ਥੇ, ਉਨਕੀ ਪਰੰਪਰਾ ਮੇਂ ਅਨਯ ਸ਼ਿਸ਼ੋਂ ਕੇ ਸਾਥ ਕਬੀਰ ਔਰ ਰੈਦਾਸ ਕਾ ਨਾਮ ਭੀ ਹੈ। ਸੈਣ ਦਵਾਰਾ ਯਹਿ ਨਿਰਦੇਸ਼ਨ ਅਧਿਕ ਪ੍ਰਮਾਣਤ ਹੈ।

ਰਾਮ ਕੁਮਾਰ ਵਰਮਾ ਜੀ ਨੇ ਧਰਮਦਾਸ ਦੇ ਦੱਸੇ ਗਏ (ਸਫ਼ਾ 246) ਕਬੀਰ ਜੀ ਦੇ ਚਲਾਣੇ ਦਾ ਸੰਮਤ 1569 (ਪੰਦਰਾਂ ਸੌ ਉਨੱਤਰ) ਭਕਤ ਮਾਲ ਦੇ ਦੱਸੇ ਗਏ ਸੰਮਤ 1549 ਕਬੀਰ ਪੰਥੀਆਂ ਦੀ ਪਰੰਪਰਾ ਅਨੁਸਾਰ ਪ੍ਰਚੱਲਤ ਸੰਮਤ 1575 ਉਪਰ ਖੁੱਲ੍ਹੀ ਚਰਚਾ ਕਰਕੇ, ਅਨੰਤ ਦਾਸ ਦੀ ਲਿਖਤ, ਜਿਸ ਵਿੱਚ ਸਿਕੰਦਰ ਵੱਲੋਂ ਕਬੀਰ ਜੀ ਨੂੰ ਤਸੀਹੇ ਦਿੱਤੇ ਗਏ ਹਨ, ਪ੍ਰਮਾਣਿਕ ਮੰਨੀ ਹੈ। 120 ਵਰ੍ਹੇ ਦੀ ਉਮਰ ਪ੍ਰਵਾਨ ਕਰਕੇ ਭੀ 1575 ਸੰਮਤ ਚਲਾਣੇ ਦਾ ਠੀਕ ਬਣਦਾ ਲਿਖਿਆ ਹੈ। ਬਹਿਸ ਲਈ ਇਕ ਨਵਾਂ ਸੰਮਤ (1551) ਚਲਾਣੇ ਦਾ ਵਰਮਾ ਜੀ ਨੇ ਜਾਪਦਾ ਹੈ ਇਸ ਲਈ ਕਲਪਿਆ ਹੈ ਕਿ ਉਸ ਤਰ੍ਹਾਂ ਕਬੀਰ ਜੀ ਦੀ ਬਹੁਤ ਵੱਡੀ ਆਯੂ 120 ਵਰ੍ਹੇ ਦੀ (ਸ਼ਾਇਦ) ਮੰਨਣੀ ਮੁਸ਼ਕਲ ਹੋਵੇ, ਜਦੋਂ ਕਿ ਹੋਰ ਹਿੰਦੀ ਵਿਦ–ਵਾਨ ਕਬੀਰ ਜੀ ਦੀ ਉਮਰ ਇਤਨੀ ਅਤੇ ਰਾਮਾਨੰਦ ਜੀ ਦੀ ਇਸ ਤੋਂ ਵੱਡੀ 148 ਵਰ੍ਹੇ ਤੱਕ ਦੀ ਵੀ ਮੰਨ ਰਹੇ ਹਨ। ਹਿੰਦੀ ਸਾਹਿਤ ਦਾ ਬ੍ਰਹਿਤ ਇਤਿਹਾਸ ਨਾਗਰੀ ਪ੍ਰਚਾਰਣੀ ਸਭਾ ਕਾਂਸ਼ੀ ਨੇ ਛਾਪਿਆ ਹੈ। ਬ੍ਰਹਿਤ ਇਤਿਹਾਸ ਦੇ ਨਿਰਗੁਣ ਭਗਤੀ ਕਾਲ ਦੀ ਜਿਲਦ ਚੌਥੀ ਵਿੱਚ ਕਬੀਰ ਜੀ ਦੇ ਜਨਮ ਤਿਥੀ ਬਾਰੇ ਵਿਦਵਾਨਾਂ ਵਿੱਚ ਹੋਈ ਬਹਿਸ ਦਾ ਸਾਰ ਲਿਖਿਆ ਹੈ:

ਕਬੀਰ ਕੇ ਇਕ ਪਦ ਮੇਂ ਉਸ ਕੋ ਕਾਜ਼ੀ ਦੁਆਰਾ ਹਾਥੀ ਸੇ ਕੁਚਲਨੇ ਕੀ ਆਗਿਆ ਦੀ ਜਾਨੇ ਸੇ ਔਰ ਏਕ ਅਨਯ ਪਦ ਮੇਂ ਉਸੇ ਬਾਂਧ ਕਰ ਗੰਗਾ ਮੇਂ ਡੁਬਾਨੇ ਕਾ ਪ੍ਰਯਤਨ ਕੀਏ ਜਾਨੇ ਕਾ ਉਲੇਖ ਹੈ। (ਗੰਗਾ ਕੀ ਲਹਿਰ ਮੇਰੀ ਟੂਟੀ ਜ਼ੰਜੀਰ) ਸਿਕੰਦਰ ਲੋਧੀ ਨੇ ਸੰਮਤ 1547 ਸੇ 1575 ਤੱਕ ਸ਼ਾਸਨ ਕੀਆ, ਔਰ 1553 ਉਨ ਕਾ ਕਾਸ਼ੀ ਮੇਂ ਆਨਾ ਹੈ। ਯਦਿ ਯਹਿ ਘਟਨਾ ਕੋ ਸਤ ਮਾਨਾ ਜਾਏ ਤੋ ਕਬੀਰ ਕਾ ਮ੍ਰਿਤੂ ਕਾਲ 1575 ਸੰਮਤ ਹੀ ਜਾਣ ਪੜਤਾ ਹੈ। ਇਸ ਕੇ ਪੱਖ ਮੇਂ ਯਹ ਭੀ ਕਹਾ ਜਾ ਸਕਤਾ ਹੈ ਕਿ ਅਨੰਤ ਰਾਮ ਨੇ ਅਪਨੀ ਕਬੀਰ ਭੇਟ ਮੇਂ ਉਨ ਕੇ ਜਨਮ ਔਰ ਮ੍ਰਿਤੂ ਸੰਮਤ ਨਹੀਂ ਦੀਆ ਹੈ ਤਥਾ ਲਿਖਾ ਹੈ ਕਿ ਬੀਸ ਬਰਸ ਮੇਂ ਵੇ (ਕਬੀਰ) ਚੇਤਨ ਹੁਏ ਔਰ ਸੌ ਵਰਸ਼ ਭਗਤੀ ਕਰਨੇ ਕੇ ਬਾਅਦ ਉਨ੍ਹੋਂ ਨੇ ਮੁਕਤੀ ਪਾਈ ਅਰਥਾਤ ਉਨ੍ਹੋਂ ਨੇ 120 ਵਰਸ਼ ਕੀ ਆਯੂ ਪਾਈ ਥੀ। ਸੰਮਤ 1455–1575 ਤੱਕ 120 ਵਰਸ਼ ਹੋਤੇ ਹੈਂ। ਯਹਿ ਆਯੂ ਅਸਧਾਰਨ ਲਗਨੇ ਪਰ ਭੀ ਕਬੀਰ ਜੈਸੇ ਪਵਿੱਤਰ ਜੀਵਨ ਸੰਤ ਕੇ ਲੀਏ ਅਸੰਭਵ ਨਹੀਂ।

(ਹਿੰਦੀ ਸਾਹਿਤ ਕਾ ਇਤਿਹਾਸ, ਚਤ੍ਰਥ ਭਾਗ, ਖੰਡ 2 ਸਫ਼ਾ 127)

ਨਾਗਰੀ ਪ੍ਰਚਾਰਣੀ ਸਭਾ ਕਾਂਸ਼ੀ, ਪ੍ਰਸਿੱਧ ਖੋਜ ਸੰਸਥਾ ਵੱਲੋਂ ਇਕ ਗ੍ਰੰਥ, ਹਿੰਦੀ ਸਾਹਿਤ ਕਾ ਇਤਿਹਾਸ ਛਾਪਿਆ ਹੋਇਆ ਹੈ– ਉਸ ਦੇ ਲੇਖਕ ਪ੍ਰਸਿੱਧ ਵਿਦਵਾਨ ਪੰਡਤ ਰਾਮ ਚੰਦਰ ਜੀ ਸ਼ੁਕਲ ਹਨ। ਇਨ੍ਹਾਂ ਨੇ ਕਬੀਰ ਜੀ ਦੇ ਚਲਾਣਾ 1575 ਹੋਣ ਬਾਰੇ ਇੰਝ ਲਿਖਿਆ ਹੈ:

ਕਬੀਰ ਨੇ ਮਗਹਰ ਮੇਂ ਜਾਕੇ ਸਰੀਰ ਕਾ ਤਿਆਗ ਕੀਆ। ਯਹਾਂ ਉਨ ਕੀ ਸਮਾਧੀ ਅਬ ਤੱਕ ਬਨੀ ਹੈ। ਇਨ ਕਾ ਮ੍ਰਿਤੂ ਕਾਲ 1575 ਮਾਨਾ ਜਾਤਾ ਹੈ। ਜਿਸ ਅਨੁਸਾਰ ਇਨਕੀ ਆਯੂ 120 ਵਰਸ਼ ਠਹਿਰਤੀ ਹੈ। (ਪ੍ਰਕਾਸ਼ਕ ਨਾਗਰੀ ਪ੍ਰਚਾਰਨੀ ਸਭਾ, ਸਫ਼ਾ 69)

ਨਾਗਰੀ ਪ੍ਰਚਾਰਨੀ ਸਭਾ ਦੇ ਸੰਸਥਾਪਕਾਂ ਵਿੱਚੋਂ ਪ੍ਰਸਿੱਧ ਹੋਏ ਹਨ, ਬਾਬੂ ਸ਼ਿਆਮ ਸੁੰਦਰ ਦਾਸ ਜੀ। ਉਨ੍ਹਾਂ ਨੇ ਕਬੀਰ ਜੀ ਬਾਰੇ ਦੋ ਪੁਸਤਕਾਂ ਸੰਪਾਦਨ ਕਰਕੇ ਨਾਗਰੀ ਪ੍ਰਚਾਰਣੀ ਸਭਾ ਵੱਲੋਂ ਹੀ ਛਾਪੀਆਂ। ਜਿਨ੍ਹਾਂ ਵਿੱਚ ਇਕ ਕਬੀਰ ਗ੍ਰੰਥਾਵਲੀ ਪ੍ਰਸਿੱਧ ਹੈ। ਦੂਜੀ ਪੁਸਤਕ ਕਬੀਰ ਬਚਨਾਵਲੀ ਅਤੇ ਪੰਡਤ ਅਯੁਧਿਆ ਸਿੰਘ ਉਪਾਧਯ ਦੇ ਭਾਸ਼ਣ ਭੀ ਹਨ। ਕਬੀਰ ਗ੍ਰੰਥਾਵਲੀ ਦਾ ਮੂਲ ਅਧਾਰ ਆਪ ਨੇ ਇਕ ਪ੍ਰਾਚੀਨ ਹੱਥ ਲਿਖਤ ਪੱਤਰੀ ਨੂੰ ਠਹਿਰਾਇਆ ਹੈ। ਸ਼ਿਆਮ ਸੁੰਦਰ ਦਾਸ ਜੀ ਨੇ ਕਬੀਰ ਗ੍ਰੰਥਾਵਲੀ ਗ੍ਰੰਥ ਦੀ ਭੂਮਿਕਾ ਵਿੱਚ ਪ੍ਰਾਪਤ ਸੂਚਨਾਵਾਂ ਬਾਰੇ ਵਿਚਾਰ ਕਰਕੇ ਕਬੀਰ ਜੀ ਦੇ ਚਲਾਣੇ ਦਾ ਸੰਮਤ 1575 ਹੀ ਨਿਰਧਾਰਤ ਕੀਤਾ ਹੈ। ਉਨ੍ਹਾਂ ਪਿੱਛੋਂ ਕਬੀਰ ਬਾਰੇ ਲਿਖਣ ਵਾਲੇ ਵਿਦਵਾਨ, ਡਾ. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਜੈਸੇ ਖੋਜੀਆਂ ਨੇ ਵੀ ਇਹੋ ਸੰਮਤ ਪ੍ਰਮਾਣਿਕ ਮੰਨਿਆ ਹੈ।

ਡਾ. ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ ਨੇ ਡਾ. ਸ਼ਿਆਮ ਸੁੰਦਰ ਦਾ ਕਬੀਰ ਗ੍ਰੰਥਾਵਲੀ ਵਾਲਾ ਮੱਤ ਠੀਕ ਸਮਝਕੇ ਇਨ੍ਹਾਂ ਸ਼ਬਦਾਂ ਵਿੱਚ ਇਹ ਸੰਮਤ ਪ੍ਰਵਾਨ ਕੀਤਾ ਹੈ:

ਸੰਨ 1450 ਈਸਵੀ ਮੇਂ ਬਿਜਲੀ ਖਾਂ ਦੁਆਰਾ ਬਨਵਾਏ ਗਏ ਸਮ੍ਰਿਤੀ ਚਿੰਨ੍ਹ ਕੋ ਲੋਗੋਂ ਨੇ ਯਾ ਸਵੰਯਮ ਨਵਾਬ ਫਿਦਾਈ ਖਾਂ ਨੇ ਸਮਾਧੀ ਜਾਂ ਰੋਜ਼ਾ ਨਿਰਮਾਨ ਕੀਆ। ਇਸ ਦ੍ਰਿਸ਼ਟੀਕੋਣ ਸੇ ਸੰਨ 1450 ਕਾ ਸਮਯ ਬਿਜਲੀ ਖਾਂ ਦੁਆਰਾ ਕਬੀਰ ਕਾ ਪ੍ਰਸਿੱਧ ਕਾਲ ਹੀ ਹੈ ਔਰ ਵੋਹ 1450 ਬਾਅਦ ਜੀਵਤ ਰਹਿ ਕਰ ਸਿਕੰਦਰ ਲੋਧੀ ਕੇ ਸਮਕਾਲੀਨ ਕਹਿ ਮਾਨਤੇ ਹੈਂ। ਮਗਹਰ ਮੇਂ ਉਨ ਕੇ ਨਿਰੋਚਤ ਹੋਨੇ ਕਾ ਕਾਲ ਸੰਨ 1575 ਬਿਕਰਮੀ ਅਗਹਨ ਸੁਦੀ ਏਕਾਦਸ਼ੀ ਕਹਾ ਜਾਤਾ ਹੈ। ਸਭੀ ਬਾਤੋਂ ਕਾ ਬਿਚਾਰ ਕਰਕੇ ਬਾਬੂ ਸੁੰਦਰ ਦਾਸ ਜੀ ਕਾ ਯਹੀ ਸੰਮਤ ਸਹੀ ਜਾਨ ਪੜਾ ਹੈ ਕਿ ਕਬੀਰ ਦਾਸ ਜੀ ਕਾ ਜਨਮ ਸੰਮਤ 1456 ਮੇਂ ਔਰ ਮ੍ਰਿਤੂ 1575 ਮੇਂ ਹੁਈ।

(ਕਬੀਰ–ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ)

ਜਨਮ ਦੇ ਸੰਮਤ ਬਾਰੇ ਹੋਰ ਲੰਮੀ ਚਰਚਾ ਕਰਨੀ ਵਾਧੂ ਜਾਪਦੀ ਹੈ। ਕਬੀਰ ਜੀ ਕਦੋਂ ਪੈਦਾ ਹੋਏ, ਇਸ ਦੀ ਤਾਰੀਖ ਕੋਈ ਵੀ ਹੋਵੇ, ਚਲਾਣਾ 1575 ਵਿੱਚ ਹੋਇਆ, ਆਮ ਪ੍ਰਸਿੱਧ ਹੈ। ਇਨ੍ਹਾਂ ਸਾਧੂ ਸੰਤਾਂ ਦੇ ਰੋਜ਼ਨਾਮਚੇ ਉਸ ਵੇਲੇ ਕਿਸੇ ਨੇ ਨਹੀਂ ਲਿਖੇ। ਜੋ ਜੀਅ ਵਿੱਚ ਪ੍ਰੇਮੀਆਂ ਦੇ ਆਈ ਸੋਈ ਕਲਪਨਾ ਕਰਕੇ ਸ਼ਰਧਾਲੂਆਂ ਨੇ ਤਿੱਥੀ ਮੰਨ ਲਈ। ਪ੍ਰੰਤੂ ਚਲਾਣੇ ਦਾ ਸੰਮਤ, ਜੀਵਨ ਵਿੱਚ ਪ੍ਰਸਿੱਧ ਹੋ ਜਾਣ ਕਰਕੇ ਅਰਥ ਭਰਪੂਰ ਹੋ ਜਾਂਦਾ ਸੀ। ਸ਼ਿਆਮ ਸੁੰਦਰ ਦਾਸ ਜੀ ਦੀ ਕਬੀਰ–ਕਾਲ ਉਪਰ ਕੀਤੀ ਵਿਚਾਰ ਚਰਚਾ ਦਾ ਸਾਰ ਉਨ੍ਹਾਂ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਹੈ:–

ਬਿਜਲੀ ਦਾਸ ਕੇ ਹੋਨੇ ਕੇ ਜਨਮ ਸੰਮਤ ਕੋ 1456 ਕੋ ਮਾਨ ਲੇਨੇ ਸੇ ਇਨ ਕੇ (ਕਬੀਰ ਜੀ ਕੀ) ਆਯੂ ਕੇਵਲ 49 ਵਰਸ਼ ਰਹਿਤੀ ਹੈ। (ਸਫ਼ਾ 19) ਮੇਂ ਬਹੁਤ ਪ੍ਰਸੰਨ ਥਾ ਕਿ ਉਸ ਰੋਜ਼ੇ ਕੋ ਸ਼ਿਲਾਲੇਖ ਕੇ ਆਧਾਰ ਪਰ ਕਬੀਰ ਜੀ ਕਾ ਸਮਯ ਨਿਸ਼ਚਿਤ ਹੋ ਜਾਏਗਾ, ਪਰ ਪੂਛ ਤਾਛ ਕਰਨੇ ਪਰ ਪਤਾ ਲਗਾ ਹੈ ਕਿ ਵਹਾਂ ਕੋਈ ਸ਼ਿਲਾਲੇਖ ਹੀ ਨਹੀਂ ਹੈ। ਇਨ ਸਭੀ ਬਾਤੋਂ ਪਰ ਇਕ ਸਾਥ ਵਿਚਾਰ ਕਰਨੇ ਸੇ ਯਹੀ ਸੰਭਵ ਜਾਨ ਪੜਤਾ ਹੈ ਕਿ ਕਬੀਰ ਦਾਸ ਕਾ ਜਨਮ 1456 ਮੇਂ ਔਰ ਮ੍ਰਿਤੂ 1575 ਮੇਂ ਹੁਈ। ਇਸ ਹਿਸਾਬ ਸੇ ਉਨਕੀ ਆਯੂ 119 ਵਰਸ਼ ਹੋਤੀ ਹੈ। ਜੋ ਇਸ ਯੁੱਗ ਮੇਂ ਭੀ ਅਸੰਭਵ ਨਹੀਂ।

(ਕਬੀਰ ਗ੍ਰੰਥਾਵਲੀ)

ਚਲਾਣੇ ਦੇ ਸੰਮਤ ਬਾਰੇ ਤਿਥੀ–ਭੇਦਾਂ ਬਾਰੇ ਕੁਝ ਵਿਵਾਦਾਂ ਦਾ ਅਕਾਰਥੀ ਚੱਕਰ ਚੱਲਦਾ ਰਿਹਾ, ਪਿੱਛੋਂ ਜਾਕੇ ਕੁਝ ਵਿਦਵਾਨਾਂ ਨੇ ਇਹ ਭੁਲੇਖਾ ਦੂਰ ਕਰ ਲਿਆ ਹੈ ਅਤੇ ਹੁਣ ਜੋਤਸ਼ ਤੇ ਹੋਰ ਪੜਤਾਲ ਅਨੁਸਾਰ ਚਲਾਣੇ ਦੀ ਤਿਥ 1575 ਹੀ ਸਹੀ ਮੰਨ ਲਈ ਹੈ।

ਚਲਦਾ......

# ਯੂ ਕੇ ਨੇ ਈਰਾਨ ਦੇ 'ਵਧ ਰਹੇ ਅੰਨ੍ਹੇਵਾਹ' ਹਮਲਿਆਂ ਦੀ ਕੀਤੀ ਨਿੰਦਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਨੇ ਪੱਛਮੀ ਏਸ਼ੀਆ ਵਿੱਚ "ਵਧ ਰਹੇ ਅੰਨ੍ਹੇਵਾਹ" ਹਮਲਿਆਂ ਲਈ ਈਰਾਨ ਦੀ ਨਿੰਦਾ ਕੀਤੀ ਹੈ ਅਤੇ ਨਾਲ ਹੀ ਕਿਹਾ ਕਿ ਯੂ ਕੇ ਖੇਤਰ ਦੀ ਰੱਖਿਆ ਨੂੰ ਪੂਰੀ ਸਰਗਰਮੀ ਨਾਲ ਮਜ਼ਬੂਤ ਕਰ ਰਿਹਾ ਹੈ।

ਈਰਾਨ ਦੇ ਨੇਤਾ ਅਯਾਤੁੱਲਾ ਅਲੀ ਖਮੇਨੀ ਦੇ ਅਮਰੀਕੀ-ਇਜ਼ਰਾਈਲੀ ਹਮਲਿਆਂ ਵਿੱਚ ਮਾਰੇ ਜਾਣ ਤੋਂ ਬਾਅਦ ਯੂ ਕੇ ਦੇ ਰੱਖਿਆ ਮੰਤਰੀ ਜੌਨ ਹੀਲੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਬਹੁਤ ਘੱਟ ਲੋਕ ਉਸਦੀ ਮੌਤ 'ਤੇ ਸੋਗ ਮਨਾਉਣਗੇ ਕਿਉਂਕਿ ਉਨ੍ਹਾਂ ਦੀ ਅਗਵਾਈ ਵਾਲਾ ਸ਼ਾਸਨ "ਬੁਰਾਈ ਦਾ ਸਰੋਤ" ਸੀ।

ਉਹਨਾ ਕਿਹਾ ਕਿ ਸਾਡੀਆਂ ਕੋਸ਼ਿਸ਼ਾਂ ਖੇਤਰ ਵਿੱਚ ਬਰਤਾਨਵੀ ਕਰਮਚਾਰੀਆਂ, ਲੋਕਾਂ, ਫੌਜ ਅਤੇ ਨਾਗਰਿਕਾਂ ਲਈ ਵੱਧ ਰਹੇ ਖਤਰਿਆਂ 'ਤੇ ਕੇਂਦ੍ਰਿਤ ਹਨ।ਹੀਲੀ ਨੇ ਕਿਹਾ ਕਿ ਖਾਮੇਨੀ ਦਾ ਸ਼ਾਸਨ ਦਹਾਕਿਆਂ ਤੋਂ ਬੁਰਾਈ ਦੇ ਸਰੋਤ ਵਜੋਂ ਚੱਲਿਆ ਹੈ, ਇਸਨੇ ਆਪਣੇ ਹੀ ਨਾਗਰਿਕਾਂ ਦਾ ਕਤਲ ਕੀਤਾ ਹੈ ਅਤੇ ਅੱਤਵਾਦ ਫੈਲਾਇਆ ਹੈ।

ਉਹਨਾਂ ਕਿਹਾ ਕਿ ਈਰਾਨ ਅੰਨ੍ਹੇਵਾਹ ਹਮਲੇ ਕਰ ਰਿਹਾ ਹੈ ਜਿਸ ਨੂੰ ਲੈ ਕੇ ਲੋਕ ਚਿੰਤਤ ਹਨ। ਇਰਾਨ ਵੱਲੋਂ ਕੁਵੈਤ ਦੇ ਨਾਗਰਿਕ ਹਵਾਈ ਅੱਡੇ, ਦੁਬਈ ਅਤੇ ਬਹਿਰੀਨ ਦੇ ਹੋਟਲਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਰੱਖਿਆ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਯੂ ਕੇ ਦੇ ਹਵਾਈ ਹਮਲੇ ਖੇਤਰੀ ਸਥਿਰਤਾ ਨੂੰ ਮਜ਼ਬੂਤ ਕਰਨ ਲਈ ਹਨ ਅਤੇ ਰਾਇਲ ਏਅਰ ਫੋਰਸ ਇਹ ਕਰਨਾ ਜਾਰੀ ਰੱਖੇਗੀ ਅਤੇ ਭਵਿੱਖ ਵਿੱਚ ਤਣਾਅ ਦੇ ਖਤਰੇ ਨੂੰ ਘਟਾਉਣ ਦੀ ਕੋਸ਼ਿਸ਼ ਕਰੇਗੀ। ਹੀਲੀ ਨੇ ਦੱਸਿਆ ਕਿ ਆਰ ਏ ਐਫ ਜੈੱਟ ਕਤਰ ਅਤੇ ਸਾਈਪ੍ਰਸ ਤੋਂ ਉਡਾਣ ਭਰ ਰਹੇ ਹਨ ਅਤੇ ਇਨ੍ਹਾਂ ਦੋਵਾਂ ਦੇਸ਼ਾਂ ਵੱਲ ਕੀਤੇ ਗਏ ਈਰਾਨੀ ਮਿਜ਼ਾਈਲਾਂ ਜਾਂ ਡਰੋਨ ਹਮਲਿਆਂ ਤੋਂ ਬਚਾਅ ਕਰ ਰਹੇ ਹਨ।

ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਯੂ ਕੇ ਦੀ ਭੂਮਿਕਾ ਬਾਰੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਦੁਆਰਾ ਈਰਾਨ ਤੇ ਕੀਤੇ ਸਾਂਝੇ ਹਮਲਿਆਂ ਵਿੱਚ ਬਰਤਾਨੀਆ ਦੀ ਕੋਈ ਭੂਮਿਕਾ ਨਹੀਂ ਹੈ, ਆਰ ਏ ਐਫ ਜੈੱਟ ਪੱਛਮੀ ਏਸ਼ੀਆ ਵਿੱਚ "ਰੱਖਿਆਤਮਕ ਕਾਰਜਾਂ" ਦੇ ਹਿੱਸੇ ਵਜੋਂ "ਅਸਮਾਨ ਵਿੱਚ ਹਨ"।

ਬਰਤਾਨਵੀ ਨਾਗਰਿਕਾਂ ਨੂੰ ਵਿਦੇਸ਼ੀ, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ ਵੱਲੋਂ ਸੁਰੱਖਿਆ ਸਲਾਹਾਂ ਜਾਰੀ ਕੀਤੀਆਂ ਗਈਆਂ ਹਨ। ਹਮਲਿਆਂ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਸਟਾਰਮਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਅਤੇ ਕਤਰ ਦੇ ਅਮੀਰ ਤਮੀਮ ਬਿਨ ਹਮਦ ਬਿਨ ਖਲੀਫਾ ਅਲ ਥਾਨੀ ਨਾਲ ਵੀ ਗੱਲ ਕੀਤੀ ਹੈ।

## ਲੰਡਨ ਵਿੱਚ ਫੋਨ ਖੋਹਣ ਦੀਆਂ ਘਟਨਾਵਾਂ ਨੂੰ ਰੋਕਣ ਲਈ 45 ਲੱਖ ਪੌਂਡ ਦਾ ਨਿਵੇਸ਼ ਕਰੇਗੀ ਲੰਡਨ ਅਥਾਰਟੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮੋਬਾਇਲ ਫੋਨਾਂ ਦੀ ਚੋਰੀ ਜਾਂ ਖੋਹਣ ਦੀਆਂ ਘਟਨਾਵਾਂ ਵਿਸ਼ਵ ਭਰ ਵਿੱਚ ਹੋ ਰਹੀਆਂ ਹਨ। ਪਰ ਲੰਡਨ ਵਿੱਚ ਦਿਨ ਦਿਹਾੜੇ ਵਾਪਰ ਰਹੀਆਂ ਇਹਨਾਂ ਘਟਨਾਵਾਂ ਨੂੰ ਰੋਕਣ ਲਈ ਲੰਡਨ ਮੇਅਰ ਸਦੀਕ ਖਾਨ ਨੇ ਕਿਹਾ ਕਿ ਅਸੀਂ ਖਾਸ ਇੰਤਜ਼ਾਮ ਕਰ ਰਹੇ ਹਾਂ। ਜਿਸ ਲਈ ਲੰਡਨ ਅਥਾਰਟੀ ਵੱਲੋਂ 45 ਲੱਖ ਪੌਂਡ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਲੰਡਨ ਵਿਚ ਹਰ ਸਾਲ ਲੱਗਭੱਗ 5 ਕਰੋੜ ਪੌਂਡ ਦੇ ਫੋਨ ਖੋਹੇ ਜਾਂ ਚੋਰੀ ਹੁੰਦੇ ਹਨ। ਮੋਬਾਇਲ ਚੋਰਾਂ ਦਾ ਇੱਕ ਨੈਟਵਰਕ ਹੈ। ਇੱਕ ਜਾਂਚ ਵਿੱਚ ਪਾਇਆ ਗਿਆ ਕਿ ਲੰਡਨ ਵਿੱਚੋਂ ਚੋਰੀ ਕੀਤੇ ਫੋਨ ਚੀਨ, ਅਲਜ਼ੀਰੀਆ ਵਰਗੇ ਜਾਂ ਹੋਰ ਦੇਸ਼ਾਂ ਵਿੱਚ ਵੇਚੇ ਜਾਂਦੇ ਹਨ। ਲੰਡਨ ਪੁਲਿਸ ਇਸ ਚੋਰੀ/ਲੁੱਟ ਖੋਹ ਨੂੰ ਰੋਕਣ ਲਈ ਸਾਦੇ ਕੱਪੜਿਆਂ ਵਿੱਚ ਖਾਸ ਖੇਤਰਾਂ ਵਿੱਚ ਤਾਇਨਾਤ ਕੀਤੇ ਗਏ ਹਨ। ਰਿਪੋਰਟਾਂ ਅਨੁਸਾਰ ਹੁਣ ਤੱਕ ਸੈਂਕੜੇ ਗ੍ਰਿਫਤਾਰੀਆਂ ਹੋਈਆਂ ਅਤੇ ਹਜ਼ਾਰਾਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ।

ਲੰਡਨ ਮੇਅਰ ਨੇ ਕਿਹਾ ਕਿ ਕਿਸੇ ਸਮੇਂ ਕਾਰਾਂ ਵਿੱਚੋਂ ਸਟੀਰੀਓ ਚੋਰੀ ਕਰਨਾ ਆਮ ਗੱਲ ਸੀ, ਪਰ ਕਾਰ ਕੰਪਨੀਆਂ ਨੇ ਇਸ ਨੂੰ ਹੁਣ ਲੱਗਭੱਗ ਖ਼ਤਮ ਕਰ ਦਿੱਤਾ ਹੈ, ਇਸੇ ਤਰ੍ਹਾਂ ਮੋਬਾਇਲ ਕੰਪਨੀਆਂ ਨੂੰ ਵੀ ਅੱਗੇ ਆਉਣ ਦੀ ਲੋੜ ਹੈ। ਤਾਂ ਕਿ ਤਕਨੀਕੀ ਉਪਾਅਵਾਂ ਨਾਲ ਇਸ ਕਾਲੇ ਕਾਰੋਬਾਰ ਨੂੰ ਖ਼ਤਮ ਕੀਤਾ ਜਾ ਸਕੇ। ਅੰਕੜਿਆਂ ਮੁਤਾਬਿਕ ਇਕੱਲੇ ਲੰਡਨ ਵਿੱਚ 2024 ਵਿੱਚ 81000 ਫੋਨ ਚੋਰੀ ਹੋਏ ਅਤੇ 2025 ਵਿੱਚ ਪਿਛਲੇ ਸਾਲ ਦੇ ਮੁਕਾਬਲੇ 10,000 ਘੱਟ ਫੋਨ ਚੋਰੀ ਹੋਏ ਹਨ। ਲੰਡਨ ਮੇਅਰ ਨੇ ਕਿਹਾ ਕਿ ਡਕੈਤੀਆਂ, ਚਾਕੂ ਅਪਰਾਧ, ਹਥਿਆਰਬੰਦ ਅਪਰਾਧਾਂ ਵਿੱਚ ਪਹਿਲਾਂ ਨਾਲੋਂ ਕਮੀ ਦੇਖੀ ਗਈ ਹੈ।

## ਚੰਡੀਗੜ੍ਹ ‘ਚ 60 ਫੀਸਦੀ ਮਹਿੰਗੀ ਹੋਵੇਗੀ ਜ਼ਮੀਨ, 1 ਅਪ੍ਰੈਲ ਤੋਂ ਨਵੇਂ ਕਲੈਕਟਰ ਰੇਟ ਹੋਣਗੇ ਲਾਗੂ



ਚੰਡੀਗੜ੍ਹ ਵਿੱਚ ਜਾਇਦਾਦ ਦੀਆਂ ਕੀਮਤਾਂ ਇੱਕ ਵਾਰ ਫਿਰ ਮਹਿੰਗੀਆਂ ਹੋਣ ਵਾਲੀਆਂ ਹਨ। ਪ੍ਰਸ਼ਾਸਨ ਕੁਲੈਕਟਰ ਦਰਾਂ ਵਧਾਉਣ ਦੀ ਤਿਆਰੀ ਕਰ ਰਿਹਾ ਹੈ। ਡੀਸੀ ਨਿਸ਼ਾਂਤ ਯਾਦਵ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਹੋਈ, ਜਿਸ ਵਿੱਚ ਕੁਲੈਕਟਰ ਦਰਾਂ ਨੂੰ ਸੋਧਣ ਲਈ ਇੱਕ ਕਮੇਟੀ ਬਣਾਈ ਗਈ। ਪ੍ਰਸ਼ਾਸਨ ਨੇ ਸ਼ਹਿਰ ਦੇ ਵੱਖ-ਵੱਖ ਖੇਤਰਾਂ ਲਈ ਕੁਲੈਕਟਰ ਦਰਾਂ ਵਿੱਚ 30 ਤੋਂ 60 ਪ੍ਰਤੀਸ਼ਤ ਵਾਧੇ ਦਾ ਪ੍ਰਸਤਾਵ ਰੱਖਿਆ ਹੈ। ਪ੍ਰਸਤਾਵਿਤ ਨਵੀਆਂ ਦਰਾਂ ਸੰਬੰਧੀ ਇੱਕ ਡਰਾਫਟ ਨੋਟੀਫਿਕੇਸ਼ਨ ਅਗਲੇ ਹਫ਼ਤੇ ਜਾਰੀ ਕੀਤਾ ਜਾਵੇਗਾ, ਜਿਸ ਵਿੱਚ ਜਨਤਾ ਤੋਂ ਸੁਝਾਅ ਅਤੇ ਇਤਰਾਜ਼ ਮੰਗੇ ਜਾਣਗੇ। ਰਿਪੋਰਟਾਂ ਮੁਤਾਬਕ ਡਰਾਫਟ ਨੋਟੀਫਿਕੇਸ਼ਨ 5-6 ਮਾਰਚ ਤੱਕ ਜਾਰੀ ਹੋਣ ਦੀ ਉਮੀਦ ਹੈ। ਯੋਜਨਾ 1 ਅਪ੍ਰੈਲ ਤੋਂ ਨਵੀਆਂ ਕੁਲੈਕਟਰ ਦਰਾਂ ਨੂੰ ਲਾਗੂ ਕਰਨ ਦੀ ਹੈ। ਪਿਛਲੇ ਸਾਲ ਵੀ ਕੁਲੈਕਟਰ ਦਰਾਂ ਵਿੱਚ ਵਾਧਾ ਕੀਤਾ ਗਿਆ ਸੀ। ਪਿਛਲੀਆਂ ਸੋਧਾਂ 2021 ਅਤੇ 2017 ਵਿੱਚ ਵੀ ਕੀਤੀਆਂ ਗਈਆਂ ਸਨ।

## ਬਰਤਾਨੀਆ ਨੇ ਅੱਜ ਤੋਂ ਡਿਜੀਟਲ ਯਾਤਰਾ ਪ੍ਰਣਾਲੀ ਕੀਤੀ ਲਾਗੂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਵਿੱਚ ਬੁੱਧਵਾਰ ਤੋਂ ਲਾਗੂ ਹੋਣ ਵਾਲੇ ਨਵੇਂ ਨਿਯਮਾਂ ਵਿੱਚ ਡਿਜੀਟਲ ਟ੍ਰਾਂਜ਼ਿਟ ਪ੍ਰਣਾਲੀ ਵੀ ਸ਼ਾਮਲ ਹੈ, ਜਿਸ ਵਿੱਚ ਭਾਰਤੀ ਯਾਤਰੀਆਂ ਲਈ ਲਾਜ਼ਮੀ ਈ-ਵੀਜ਼ਾ ਅਤੇ ਵੀਜ਼ਾ-ਮੁਕਤ ਸੈਲਾਨੀਆਂ ਲਈ ਇਲੈਕਟ੍ਰਾਨਿਕ ਯਾਤਰਾ ਅਧਿਕਾਰ (ਈ ਟੀ ਏ) ਦੀ ਲੋੜ ਹੈ। ਇਹ ਨਵੀਂ ਪ੍ਰਕਿਰਿਆ ਜੋ ਹਾਲ ਹੀ ਦੇ ਸਾਲਾਂ ਵਿੱਚ ਪੜਾਅਵਾਰ ਲਾਗੂ ਕੀਤੀ ਗਈ ਹੈ ਜੋ ਹੁਣ ਕਾਗਜ਼-ਅਧਾਰਤ ਵੀਜ਼ਾ 'ਸਟਿੱਕਰਾਂ' ਦੀ ਥਾਂ ਲਵੇਗੀ। ਨਵੀਂ ਪ੍ਰਣਾਲੀ ਲਈ ਬਾਇਓਮੈਟ੍ਰਿਕ ਰਜਿਸਟ੍ਰੇਸ਼ਨ ਲਈ ਇੱਕ ਐਪਲੀਕੇਸ਼ਨ ਸੈਂਟਰ ਵਿੱਚ ਵਿਅਕਤੀਗਤ ਤੌਰ 'ਤੇ ਜਾਣ ਦੀ ਲੋੜ ਹੋਵੇਗੀ, ਪਰ ਪ੍ਰਕਿਰਿਆ ਦੌਰਾਨ ਪਾਸਪੋਰਟ ਜਾਂ ਦਸਤਾਵੇਜ਼ਾਂ ਨੂੰ ਜਮ੍ਹਾਂ ਕਰਾਉਣ ਦੀ ਜ਼ਰੂਰਤ ਨਹੀਂ ਹੋਵੇਗੀ।**

ਯੂ ਕੇ ਦੇ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਮੰਤਰੀ ਮਾਈਕ ਟੈਪ ਨੇ ਕਿਹਾ ਕਿ ਮੈਂ ਯੂ ਕੇ ਦੀ ਯਾਤਰਾ ਕਰਨ ਦੇ ਚਾਹਵਾਨਾਂ ਨੂੰ ਪੂਰੀ ਤਰ੍ਹਾਂ ਤਿਆਰ ਰਹਿਣ ਅਤੇ ਇੱਕ ਸੁਚਾਰੂ ਯਾਤਰਾ ਨੂੰ ਯਕੀਨੀ ਬਣਾਉਣ ਲਈ ਲੋੜੀਂਦੀਆਂ ਇਜਾਜ਼ਤਾਂ ਰੱਖਣ ਦੀ ਅਪੀਲ ਕਰਾਂਗਾ। ਯੂ ਕੇ ਪਹੁੰਚਣ ਵਾਲੇ ਯਾਤਰੀਆਂ ਨੂੰ ਇੱਕ ਡਿਜੀਟਲ ਯਾਤਰਾ ਅਧਿਕਾਰ ਪ੍ਰਾਪਤ ਕਰਨ ਦੀ ਲੋੜ ਹੋਵੇਗੀ, ਜਿਸਦਾ ਮਤਲਬ ਹੈ ਕਿ ਜੇਕਰ ਉਨ੍ਹਾਂ ਕੋਲ ਈ-ਵੀਜ਼ਾ, ਈ ਟੀ ਏ, ਜਾਂ ਹੋਰ ਵੈਧ ਦਸਤਾਵੇਜ਼ ਨਹੀਂ ਹਨ ਤਾਂ ਏਅਰਲਾਈਨਾਂ ਯਾਤਰੀਆਂ ਨੂੰ ਬੋਰਡਿੰਗ ਤੋਂ ਇਨਕਾਰ ਕਰ ਸਕਦੀਆਂ ਹਨ। ਯੂ ਕੇ ਸਰਕਾਰ ਨੇ ਪਿਛਲੇ ਸਾਲ ਈ-ਵੀਜ਼ਾ ਪ੍ਰਣਾਲੀ ਸ਼ੁਰੂ ਕੀਤੀ ਸੀ, ਅਤੇ ਇਸ ਹਫ਼ਤੇ ਤੱਕ, ਭੌਤਿਕ ਦਸਤਾਵੇਜ਼ ਸਵੀਕਾਰ ਕੀਤੇ ਜਾਂਦੇ ਸਨ।

ਗ੍ਰਹਿ ਵਿਭਾਗ ਦਾ ਮੰਨਣਾ ਹੈ ਕਿ ਈ-ਵੀਜ਼ਾ ਗੁੰਮ ਨਹੀਂ ਹੋ ਸਕਦਾ, ਚੋਰੀ ਨਹੀਂ ਹੋ ਸਕਦਾ ਅਤੇ ਇਸ ਨਾਲ ਛੇੜਛਾੜ ਵੀ ਨਹੀਂ ਕੀਤੀ ਜਾ ਸਕਦੀ। ਇਹ ਵੀਜ਼ਾ ਧਾਰਕਾਂ ਨੂੰ ਆਪਣੇ ਇਮੀਗ੍ਰੇਸ਼ਨ ਅਧਿਕਾਰਾਂ ਨੂੰ ਜਲਦੀ ਅਤੇ ਸੁਰੱਖਿਅਤ ਢੰਗ ਨਾਲ ਸਾਬਤ ਕਰਨ ਦੀ ਆਗਿਆ ਦਿੰਦੇ ਹਨ। ਈ-ਵੀਜ਼ਾ ਪ੍ਰਾਪਤ ਕਰਨ ਨਾਲ ਯਾਤਰੀ ਦੇ ਮੌਜੂਦਾ ਅਧਿਕਾਰਾਂ ਜਾਂ ਇਮੀਗ੍ਰੇਸ਼ਨ ਸਥਿਤੀ ਵਿੱਚ ਕੋਈ ਫਰਕ ਨਹੀਂ ਪਵੇਗਾ।

ਯੂ ਕੇ ਦੀਆਂ ਸਰਹੱਦਾਂ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਡਿਜੀਟਾਈਜ਼ ਕਰਨ ਦੀਆਂ ਯੋਜਨਾਵਾਂ ਦੇ ਹਿੱਸੇ ਵਜੋਂ, ਭੌਤਿਕ ਬਾਇਓਮੈਟ੍ਰਿਕ ਨਿਵਾਸ ਪਰਮਿਟ (ਦੇਸ਼ ਵਿੱਚ ਉਨ੍ਹਾਂ ਦੀ 'ਅਣਮਿੱਥੇ ਪ੍ਰਵੇਸ਼/ਰਹਿਣ ਆਗਿਆ' ਦੀ ਪੁਸ਼ਟੀ ਕਰਨ ਵਾਲੇ ਵੀਜ਼ਾ 'ਵਿਗਨੇਟ ਸਟਿੱਕਰ' ਜਾਂ ਸਿਆਹੀ ਵਾਲੀ ਮੋਹਰ ਵਾਲੇ ਪਾਸਪੋਰਟ) ਜਾਂ ਬਾਇਓਮੈਟ੍ਰਿਕ ਨਿਵਾਸ ਕਾਰਡਾਂ ਦੀ ਵਰਤੋਂ ਕਰਨ ਵਾਲੇ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਇਮੀਗ੍ਰੇਸ਼ਨ ਅਧਿਕਾਰਾਂ ਦੇ ਸਬੂਤ ਵਜੋਂ ਪੂਰੀ ਤਰ੍ਹਾਂ ਔਨਲਾਈਨ ਬ੍ਰਿਟਿਸ਼ ਵੀਜ਼ਾ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

ਗ੍ਰਹਿ ਦਫ਼ਤਰ ਨੇ ਕਿਹਾ ਕਿ ਈ-ਵੀਜ਼ਾ ਅਪਣਾਉਣ ਲਈ ਕਈ ਸਾਲਾਂ ਤੋਂ ਭੌਤਿਕ ਦਸਤਾਵੇਜ਼ਾਂ ਨੂੰ ਪੜਾਅਵਾਰ ਖਤਮ ਕੀਤਾ ਜਾ ਰਿਹਾ ਹੈ ਅਤੇ ਅੱਜ ਤੱਕ 10 ਮਿਲੀਅਨ ਤੋਂ ਵੱਧ ਈ-ਵੀਜ਼ੇ ਜਾਰੀ ਕੀਤੇ ਜਾ ਚੁੱਕੇ ਹਨ।

ਨਵੇਂ ਨਿਯਮਾਂ ਅਨੁਸਾਰ ਅਮਰੀਕਾ, ਕੈਨੇਡਾ ਅਤੇ ਫਰਾਂਸ ਦੇ ਨਾਗਰਿਕਾਂ ਸਮੇਤ 85 ਦੇਸ਼ਾਂ ਦੇ ਸੈਲਾਨੀ, ਜਿਨ੍ਹਾਂ ਨੂੰ ਵੀਜ਼ੇ ਦੀ ਲੋੜ ਨਹੀਂ ਹੈ, ਨੂੰ ਹੁਣ ਯੂ ਕੇ ਦੀ ਯਾਤਰਾ ਕਰਨ ਵੇਲੇ ਈ ਟੀ ਏ ਦੀ ਲੋੜ ਹੋਵੇਗੀ।

### -ਟਰੰਪ ਦਾ ਵੱਡਾ ਦਾਅਵਾ-

## ਇਰਾਨ ਦਾ ਏਅਰ ਡਿਫੈਂਸ ਤੇ ਫੌਜ ਪੂਰੀ ਤਰ੍ਹਾਂ ਤਬਾਹ !

**ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਰੁੱਥ ਸੋਸ਼ਲ 'ਤੇ ਦਾਅਵਾ ਕੀਤਾ ਹੈ ਕਿ ਇਰਾਨ ਦੀ ਹਵਾਈ ਰੱਖਿਆ ਪ੍ਰਣਾਲੀ, ਹਵਾਈ ਫੌਜ, ਨੇਵੀ ਅਤੇ ਲੀਡਰਸ਼ਿਪ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਗਿਆ ਹੈ। ਟਰੰਪ ਨੇ ਲਿਖਿਆ ਕਿ ਅਮਰੀਕੀ ਕਾਰਵਾਈ ਬਹੁਤ ਪ੍ਰਭਾਵਸ਼ਾਲੀ ਰਹੀ ਅਤੇ 49 ਇਰਾਨੀ ਨੇਤਾਵਾਂ ਨੂੰ ਖ਼ਤਮ ਕੀਤਾ ਗਿਆ। ਉਨ੍ਹਾਂ ਕਿਹਾ ਵੱਡੀ ਕਾਰਵਾਈ ਅਜੇ ਬਾਕੀ ਹੈ।**

# ਪੰਜਾਬੀ ਨੌਜਵਾਨਾਂ ਵਿਚ ਟਰੈਕਟਰ ਸ਼ਿੰਗਾਰਨ ਦਾ ਰੁਝਾਨ ਕਿਉਂ ਵਧਿਆ

## ✪ ਲੱਖਾਂ ਰੁਪਏ ਖਰਚ ਕਰਕੇ ਟਰੈਕਟਰਾਂ ਨੂੰ ਸ਼ਿੰਗਾਰ ਰਹੇ ਹਨ ਪੰਜਾਬੀ ✪ ਸੜਕੀ ਸੁਰੱਖਿਆ ਦੀਆਂ ਚਿੰਤਾਵਾਂ ਵੀ ਵਧੀਆਂ

ਖਾਸ ਖ਼ਬਰ

ਪੰਜਾਬ ਵਿੱਚ ਖੇਤਾਂ ਦਾ ਰਾਜਾ ਕਹੇ ਜਾਣ ਵਾਲੇ ਟਰੈਕਟਰ ਨੂੰ ਹੁਣ ਨੌਜਵਾਨ ਪੀੜੀ ਨੇ ਆਪਣੇ ਸ਼ੌਕ ਦਾ ਹਿੱਸਾ ਬਣਾ ਲਿਆ ਹੈ। ਇੱਕ ਪਾਸੇ ਇਹ ਰੁਝਾਨ ਪੰਜਾਬੀ ਸੱਭਿਆਚਾਰ ਅਤੇ ਰੁਤਬੇ ਨੂੰ ਦਰਸਾਉਂਦਾ ਹੈ, ਤਾਂ ਦੂਜੇ ਪਾਸੇ ਲੱਖਾਂ ਰੁਪਏ ਖਰਚ ਕਰਕੇ ਟਰੈਕਟਰਾਂ ਨੂੰ ਸ਼ਿੰਗਾਰਨ ਨਾਲ ਜੁੜੀਆਂ ਸੜਕੀ ਸੁਰੱਖਿਆ ਦੀਆਂ ਚਿੰਤਾਵਾਂ ਵੀ ਵਧ ਰਹੀਆਂ ਹਨ। ਪੰਜਾਬ ਵਿੱਚ ਟਰੈਕਟਰਾਂ ਨੂੰ ਮੋਡੀਫਾਈ ਕਰਨ ਦਾ ਇਹ ਸ਼ੌਕ ਨੌਜਵਾਨਾਂ ਵਿੱਚ ਤੇਜ਼ੀ ਨਾਲ ਵਧ ਰਿਹਾ ਹੈ, ਜਿੱਥੇ ਉਹ ਆਪਣੇ ਟਰੈਕਟਰਾਂ ਨੂੰ ਲਗਜ਼ਰੀ ਗੱਡੀਆਂ ਵਾਂਗ ਸਜਾਉਂਦੇ ਹਨ। ਪਰ ਇਸ ਨਾਲ ਜੁੜੀਆਂ ਆਲੋਚਨਾਵਾਂ ਵੀ ਘੱਟ ਨਹੀਂ ਹਨ। ਬਹੁਤ ਸਾਰੇ ਪੰਜਾਬੀ ਨੌਜਵਾਨ ਇਸ ਨੂੰ ਆਪਣੀ ਪਛਾਣ ਅਤੇ ਸੋਸ਼ਲ ਮੀਡੀਆ ਤੇ ਵਾਇਰਲ ਹੋਣ ਦਾ ਜ਼ਰੀਆ ਮੰਨਦੇ ਹਨ, ਪਰ ਮਾਹਿਰ ਇਸ ਨੂੰ ਖਤਰਨਾਕ ਅਤੇ ਬੇਲੋੜਾ ਖਰਚਾ ਕਹਿੰਦੇ ਹਨ।








### ਟਰੈਕਟਰ ਸ਼ਿੰਗਾਰਨ ਦਾ ਵਧ ਕਿਉਂ ਰਿਹਾ ਹੈ ਰੁਝਾਨ

ਪੰਜਾਬ ਵਿੱਚ ਟਰੈਕਟਰ ਨੂੰ ਸਿਰਫ਼ ਖੇਤੀ ਦਾ ਸੰਦ ਨਹੀਂ ਮੰਨਿਆ ਜਾਂਦਾ, ਬਲਕਿ ਇਹ ਕਿਸਾਨ ਪਰਿਵਾਰਾਂ ਲਈ ਰੁਤਬੇ ਅਤੇ ਸ਼ਾਨ ਦਾ ਪ੍ਰਤੀਕ ਵੀ ਹੈ। ਅੱਜ-ਕੱਲ੍ਹ ਨੌਜਵਾਨ ਪੀੜ੍ਹੀ ਟਰੈਕਟਰਾਂ ਨੂੰ ਸ਼ਿੰਗਾਰਨ ਦੇ ਨਾਂ ਤੇ ਮੋਡੀਫਾਈ ਕਰਨ ਵਿੱਚ ਲੱਗੀ ਹੋਈ ਹੈ। ਇਸ ਵਿੱਚ ਲੇਜ਼ਰ ਕਟਿੰਗ ਨਾਲ ਬਣੇ ਹੈਵੀ ਬੰਪਰ, ਸੁਰੱਖਿਆ ਫਰੇਮ, ਸਾਈਡ ਰੇਲਿੰਗਾਂ ਅਤੇ ਗਾਰਡ ਲਗਾਏ ਜਾਂਦੇ ਹਨ।

ਨਾਲ ਹੀ ਵੱਡੇ ਟਾਇਰ, ਅਲੋਏ ਰਿੰਮ, ਚੇਨ ਕਵਰ ਅਤੇ ਮਿੱਟੀ ਰੋਕਣ ਵਾਲੇ ਫਲੈਪ ਵੀ ਸ਼ਾਮਲ ਹੁੰਦੇ ਹਨ। ਟਰੈਕਟਰ ਨੂੰ ਹੋਰ ਆਕਰਸ਼ਕ ਬਣਾਉਣ ਲਈ ਐਲਈਡੀ ਲਾਈਟਾਂ, ਮਲਟੀ-ਕਲਰ ਫਲੈਸ਼ ਲਾਈਟਾਂ ਅਤੇ ਵੱਡੇ ਸਪੀਕਰ ਵਾਲੇ ਮਿਊਜ਼ਿਕ ਸਿਸਟਮ ਲਗਾਏ ਜਾਂਦੇ ਹਨ। ਕਈ ਨੌਜਵਾਨ ਤਾਂ ਡੀਜੇ ਵਾਂਗ ਸੈਟਅੱਪ ਵੀ ਬਣਵਾਉਂਦੇ ਹਨ, ਜਿਸ ਵਿੱਚ ਸਬ-ਵੂਫਰ, ਐਂਪਲੀਫਾਇਰ ਅਤੇ ਮਾਈਕ ਸ਼ਾਮਲ ਹੁੰਦੇ ਹਨ।

ਮਨੋਵਿਗਿਆਨੀ ਮਾਹਿਰਾਂ ਅਨੁਸਾਰ, ਨੌਜਵਾਨਾਂ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ, ਰੁਤਬਾ ਦਿਖਾਉਣ ਅਤੇ ਸੋਸ਼ਲ ਮੀਡੀਆ ਤੇ ਪ੍ਰਸਿੱਧੀ ਹਾਸਲ ਕਰਨ ਦੀ ਇੱਛਾ ਨਾਲ ਜੁੜਿਆ ਹੋਇਆ ਹੈ। ਇੰਸਟਾਗ੍ਰਾਮ ਅਤੇ ਯੂਟਿਊਬ ਤੇ ਵਾਇਰਲ ਵੀਡੀਓਜ਼ ਵਿੱਚ ਅਜਿਹੇ ਸ਼ਿੰਗਾਰੇ ਟਰੈਕਟਰਾਂ ਨੂੰ ਵੇਖ ਕੇ ਨੌਜਵਾਨ ਪ੍ਰਭਾਵਿਤ ਹੁੰਦੇ ਹਨ। ਬਾਲੀਵੁੱਡ ਅਤੇ ਪਾਲੀਵੁੱਡ ਗੀਤਾਂ ਵਿੱਚ ਵੀ ਅਜਿਹੇ ਟਰੈਕਟਰਾਂ ਦੀ ਮੰਗ ਵਧੀ ਹੈ, ਜੋ ਨੌਜਵਾਨਾਂ ਨੂੰ ਹੋਰ ਪ੍ਰੇਰਿਤ ਕਰਦੀ ਹੈ। ਵਿਦੇਸ਼ ਵਿੱਚ ਵੱਸੇ ਪੰਜਾਬੀ ਨੌਜਵਾਨ ਵੀ ਆਪਣੇ ਟਰੈਕਟਰਾਂ ਨੂੰ ਸ਼ਿੰਗਾਰ ਕੇ ਬਰਾਤਾਂ ਲੈ ਜਾਂਦੇ ਹਨ, ਜੋ ਪੰਜਾਬੀ ਸ਼ਾਨ ਅਤੇ ਮਿੱਟੀ ਨਾਲ ਜੁੜਾਅ ਨੂੰ ਦਰਸਾਉਂਦਾ ਹੈ। ਪਰ ਇਹ ਸ਼ੌਕ ਟਰੈਕਟਰ ਦੇ ਮੂਲ ਉਦੇਸ਼ ਯਾਨੀ ਖੇਤੀ ਤੋਂ ਭਟਕਣ ਵੀ ਹੈ। ਪੰਜਾਬ ਵਿੱਚ ਕਿਸਾਨ ਵੱਡੇ ਅਤੇ ਸ਼ਕਤੀਸ਼ਾਲੀ ਟਰੈਕਟਰ ਖਰੀਦਣ ਵਿੱਚ ਮੋਹਰੀ ਹਨ, ਅਤੇ ਹੁਣ ਸਜਾਉਣ ਵਿੱਚ ਵੀ ਅੱਗੇ ਹਨ। ਕੁਦਰਤੀ ਆਫਤਾਂ ਅਤੇ ਕਿਸਾਨੀ ਅੰਦੋਲਨਾਂ ਵਿੱਚ ਟਰੈਕਟਰਾਂ ਨੇ ਸਮਾਜਿਕ ਜ਼ਿੰਮੇਵਾਰੀ ਨਿਭਾਈ ਹੈ, ਪਰ ਅੱਜ ਵਾਧੂ ਮੋਡੀਫਿਕੇਸ਼ਨ ਨੇ ਨਵੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਤਾਰੀਫ਼ਾਂ ਅਤੇ ਲਾਇਕਾਂ ਦੀ ਦੌੜ ਵਿੱਚ ਨੌਜਵਾਨ ਸੁਰੱਖਿਆ ਨੂੰ ਭੁੱਲ ਜਾਂਦੇ ਹਨ। ਇਹ ਰੁਝਾਨ ਪੰਜਾਬੀ ਨੌਜਵਾਨਾਂ ਵਿੱਚ ਸੋਸ਼ਲ ਮੀਡੀਆ ਦੇ ਪ੍ਰਭਾਵ ਕਰਕੇ ਵੀ ਵਧਿਆ ਹੈ, ਜਿੱਥੇ ਉਹ ਆਪਣੇ ਸ਼ਿੰਗਾਰੇ ਟਰੈਕਟਰਾਂ ਦੀਆਂ ਵੀਡੀਓਜ਼ ਅਪਲੋਡ ਕਰਕੇ ਪ੍ਰਸਿੱਧੀ ਹਾਸਲ ਕਰਦੇ ਹਨ। ਪਰ ਇਸ ਨਾਲ ਜੁੜੀਆਂ ਆਲੋਚਨਾਵਾਂ ਵੀ ਵਧ ਰਹੀਆਂ ਹਨ, ਕਿਉਂਕਿ ਇਹ ਬੇਲੋੜੇ ਖਰਚੇ ਅਤੇ ਖਤਰੇ ਨੂੰ ਵਧਾਉਂਦਾ ਹੈ।

### ਪੰਜਾਬੀ ਨੌਜਵਾਨਾਂ ਵੱਲੋਂ ਇਸ ਸ਼ੌਕ ਉਪਰ ਕੀਤਾ ਜਾਣ ਵਾਲਾ ਖਰਚਾ ਅਤੇ ਆਰਥਿਕ ਪ੍ਰਭਾਵ

ਟਰੈਕਟਰ ਸ਼ਿੰਗਾਰਨ ਤੇ ਨੌਜਵਾਨ ਲੱਖਾਂ ਰੁਪਏ ਖਰਚ ਕਰ ਰਹੇ ਹਨ, ਜੋ ਉਨ੍ਹਾਂ ਦੇ ਆਰਥਿਕ ਹਾਲਾਤ ਤੇ ਅਸਰ ਪਾਉਂਦਾ ਹੈ। ਇੱਕ ਆਮ ਮੋਡੀਫਿਕੇਸ਼ਨ ਤੇ 1 ਤੋਂ 5 ਲੱਖ ਰੁਪਏ ਤੱਕ ਖਰਚਾ ਆ ਜਾਂਦਾ ਹੈ। ਜਿਵੇਂ ਕਿ ਹੈਵੀ ਬੰਪਰ ਅਤੇ ਗਾਰਡ ਲਗਾਉਣ ਤੇ 50 ਹਜ਼ਾਰ ਤੋਂ 1 ਲੱਖ, ਵੱਡੇ ਟਾਇਰ ਅਤੇ ਰਿੰਮ ਤੇ 1 ਤੋਂ 2 ਲੱਖ, ਅਤੇ ਮਿਊਜ਼ਿਕ ਸਿਸਟਮ ਤੇ 50 ਹਜ਼ਾਰ ਤੋਂ 2 ਲੱਖ ਰੁਪਏ ਖਰਚ ਹੁੰਦੇ ਹਨ। ਕਈ ਨੌਜਵਾਨ ਤਾਂ ਵਿਦੇਸ਼ ਤੋਂ ਆ ਕੇ ਆਪਣੇ ਟਰੈਕਟਰਾਂ ਨੂੰ ਸਜਾਉਂਦੇ ਹਨ ਅਤੇ ਬਰਾਤਾਂ ਲੈ ਜਾਂਦੇ ਹਨ, ਜਿਸ ਨਾਲ ਖਰਚਾ ਹੋਰ ਵਧ ਜਾਂਦਾ ਹੈ।

ਪੰਜਾਬ ਵਿੱਚ ਟਰੈਕਟਰਾਂ ਦੀ ਵਿਕਰੀ ਵੀ ਵਧ ਰਹੀ ਹੈ, ਅਤੇ ਇਸ ਨਾਲ ਜੁੜੇ ਵਰਕਸ਼ਾਪਾਂ ਅਤੇ ਪਾਰਟਸ ਵਾਲੇ ਵਪਾਰ ਨੂੰ ਫਾਇਦਾ ਹੋ ਰਿਹਾ ਹੈ। ਪਰ ਇਹ ਖਰਚਾ ਨੌਜਵਾਨਾਂ ਨੂੰ ਕਰਜ਼ੇ ਵਿੱਚ ਧੱਕ ਰਿਹਾ ਹੈ, ਜਿੱਥੇ ਉਹ ਬੈਂਕਾਂ ਜਾਂ ਨਿੱਜੀ ਲੈਂਡਰਾਂ ਤੋਂ ਪੈਸੇ ਉਧਾਰ ਲੈਂਦੇ ਹਨ। ਆਰਥਿਕ ਮਾਹਿਰਾਂ ਅਨੁਸਾਰ, ਇਹ ਰੁਝਾਨ ਪੰਜਾਬ ਵਿੱਚ ਵਧਦੇ ਬੇਰੁਜ਼ਗਾਰੀ ਅਤੇ ਆਮਦਨੀ ਦੀ ਅਸਮਾਨਤਾ ਨਾਲ ਜੁੜਿਆ ਹੈ, ਜਿੱਥੇ ਨੌਜਵਾਨ ਆਪਣੀ ਨਿਰਾਸ਼ਾ ਨੂੰ ਸ਼ੌਕ ਵਿੱਚ ਬਦਲ ਰਹੇ ਹਨ। ਪੰਜਾਬ ਵਿੱਚ ਟਰੈਕਟਰਾਂ ਦੀ ਵਿਕਰੀ ਦੇਸ਼ ਵਿੱਚ ਸਭ ਤੋਂ ਵੱਧ ਹੈ, ਅਤੇ ਮੋਡੀਫਿਕੇਸ਼ਨ ਨਾਲ ਇਹ ਵਪਾਰ ਹੋਰ ਵਧ ਰਿਹਾ ਹੈ। ਪਰ ਇਸ ਨਾਲ ਜੁੜੀ ਬੇਲੋੜੀ ਖਰਚੇ ਨੇ ਪਰਿਵਾਰਾਂ ਨੂੰ ਆਰਥਿਕ ਮੁਸੀਬਤ ਵਿੱਚ ਪਾ ਰਹੀ ਹੈ।

### ਪੰਜਾਬ ਸਰਕਾਰ ਵੱਲੋਂ ਲਗਾਈਆਂ ਜਾਣ ਵਾਲੀਆਂ ਪਾਬੰਦੀਆਂ ਅਤੇ ਨਿਯਮ

ਟਰੈਕਟਰ ਮੋਡੀਫਿਕੇਸ਼ਨ ਨਾਲ ਜੁੜੀਆਂ ਸੁਰੱਖਿਆ ਚਿੰਤਾਵਾਂ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਨੇ ਕਈ ਪਾਬੰਦੀਆਂ ਲਗਾਈਆਂ ਹਨ। 2023 ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਟਰੈਕਟਰ ਅਤੇ ਖੇਤੀ ਸੰਦਾਂ ਨਾਲ ਖਤਰਨਾਕ ਸਟੰਟਸ ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ । ਇਹ ਫੈਸਲਾ ਇੱਕ ਸਪੋਰਟਸ ਫੇਅਰ ਵਿੱਚ ਇੱਕ ਸਟੰਟਮੈਨ ਦੀ ਮੌਤ ਬਾਅਦ ਆਇਆ, ਜਿੱਥੇ ਉਸ ਨੂੰ ਟਰੈਕਟਰ ਨਾਲ ਕੁਚਲ ਦਿੱਤਾ ਗਿਆ ਸੀ। ਸਰਕਾਰ ਨੇ ਇਨ੍ਹਾਂ ਸਟੰਟਸ ਨੂੰ "ਮੌਤ ਦੇ ਦੂਤ" ਕਹਿ ਕੇ ਬੈਨ ਕੀਤਾ । ਟ੍ਰੈਫਿਕ ਮਾਹਿਰਾਂ ਅਨੁਸਾਰ, ਬਿਨਾਂ ਮਨਜ਼ੂਰੀ ਵਾਲੀਆਂ ਸੋਧਾਂ ਜਿਵੇਂ ਵਧੀ ਉਚਾਈ, ਭਾਰੀ ਬੰਪਰ ਅਤੇ ਤਿੱਖੀਆਂ ਲਾਈਟਾਂ ਹਾਦਸਿਆਂ ਦਾ ਕਾਰਨ ਬਣਦੀਆਂ ਹਨ। 2025 ਵਿੱਚ ਵੀ ਸਰਕਾਰ ਨੇ ਗ੍ਰੀਨ ਟਰੈਕਟਰ ਸਕੀਮ ਨੂੰ ਚਲਾਇਆ, ਪਰ ਮੋਡੀਫਿਕੇਸ਼ਨ ਤੇ ਕੋਈ ਨਵੀਂ ਪਾਬੰਦੀ ਨਹੀਂ ਲਗਾਈ ਗਈ ਸੀ। ਫਿਰ ਵੀ, ਵਿਦਵਾਨਾਂ ਅਤੇ ਟ੍ਰੈਫਿਕ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਸਪੱਸ਼ਟ ਨਿਯਮ ਅਤੇ ਨਿਗਰਾਨੀ ਨਾ ਵਧੀ ਤਾਂ ਇਹ ਰੁਝਾਨ ਗੰਭੀਰ ਨਤੀਜੇ ਲਿਆ ਸਕਦਾ ਹੈ। ਪੰਜਾਬ ਸਰਕਾਰ ਨੇ ਟਰੈਕਟਰਾਂ ਨੂੰ ਸਬਸਿਡੀ ਤੇ ਦੇਣਾ ਸ਼ੁਰੂ ਕੀਤਾ ਹੈ, ਪਰ ਮੋਡੀਫਿਕੇਸ਼ਨ ਨੂੰ ਰੋਕਣ ਲਈ ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾ ਰਹੀਆਂ ਹਨ। ਟ੍ਰੈਫਿਕ ਮਾਹਿਰਾਂ ਅਨੁਸਾਰ, ਵਧੀਕ ਉਚਾਈ ਅਤੇ ਭਾਰੀ ਬੰਪਰ ਹਾਦਸਿਆਂ ਨੂੰ ਵਧਾਉਂਦੇ ਹਨ, ਜਿਵੇਂ ਕਿ ਰੋਲ ਓਵਰ ਹੋਣ ਜਾਂ ਹੋਰ ਵਹੀਕਲਾਂ ਨਾਲ ਟਕਰਾਉਣਾ। ਐਲਈਡੀ ਲਾਈਟਾਂ ਨਾਲ ਅੱਖਾਂ ਨੂੰ ਨੁਕਸਾਨ ਅਤੇ ਆਵਾਜ਼ ਨਾਲ ਪ੍ਰਦੂਸ਼ਣ ਵਧਦਾ ਹੈ। ਸਮਾਜ ਵਿੱਚ ਇਹ ਰੁਝਾਨ ਰੁਤਬੇ ਦੀ ਦੌੜ ਨੂੰ ਵਧਾਉਂਦਾ ਹੈ, ਜਿੱਥੇ ਨੌਜਵਾਨ ਆਪਣੇ ਨਾਲੋਂ ਵੱਧ ਖਰਚ ਕਰਕੇ ਕਰਜ਼ੇ ਵਿੱਚ ਫਸ ਜਾਂਦੇ ਹਨ। ਮਨੋਵਿਗਿਆਨੀ ਕਹਿੰਦੇ ਹਨ ਕਿ ਇਹ ਸੋਸ਼ਲ ਮੀਡੀਆ ਦੀ ਵਾਇਰਲ ਦੌੜ ਨਾਲ ਜੁੜਿਆ ਹੈ, ਜਿੱਥੇ ਤਾਰੀਫ਼ਾਂ ਅਤੇ ਲਾਇਕਾਂ ਲਈ ਨੌਜਵਾਨ ਸੁਰੱਖਿਆ ਨੂੰ ਨਜ਼ਰਅੰਦਾਜ਼ ਕਰਦੇ ਹਨ। ਭਵਿੱਖ ਵਿੱਚ ਇਹ ਰੁਝਾਨ ਹਾਦਸੇ ਅਤੇ ਆਰਥਿਕ ਨੁਕਸਾਨ ਵਧਾ ਸਕਦਾ ਹੈ, ਇਸ ਲਈ ਜਾਗਰੂਕਤਾ ਅਤੇ ਨਿਯਮਾਂ ਦੀ ਲੋੜ ਹੈ। ਪੰਜਾਬੀ ਸਮਾਜ ਨੂੰ ਇਸ ਨੂੰ ਸੰਤੁਲਿਤ ਰੱਖਣਾ ਚਾਹੀਦਾ ਹੈ, ਨਹੀਂ ਤਾਂ ਇਹ ਖਤਰੇ ਦੀ ਘੰਟੀ ਬਣ ਸਕਦਾ ਹੈ।

## ਹੋਲਾ ਮਹੱਲਾ

ਹੋਲਾ ਤੇ ਮਹੱਲਾ ਹੈ ਜੈਕਾਰੇ ਲਉਣ ਵਾਲਾ
ਬਾਂਹ ਖੜ੍ਹੀ ਕਰ, ਜ਼ਿੰਦਗੀ ਨੂੰ ਚਹੁਣ ਵਾਲਾ

ਨਿਸਚੇ ਦੀ ਜਿੱਤ ਦਾ, ਜੈਕਾਰਾ ਜਿਹਨੇ ਦਿੱਤਾ
ਜੈਕਾਰਿਆਂ ਚੋਂ ਜਾਪੇ, ਬਾਜਾਂ ਵਾਲਾ ਆਉਣ ਵਾਲਾ

ਜ਼ਿੰਦਗੀ ਤਾਂ ਲੋੜਦੀ ਹੈ ਹਰ ਪਲ ਖਾਲਸਾ
ਬਦੀ ਦੇ ਇਰਾਦੇ ਠੁੱਡ ਮਾਰ ਢਉਣ ਵਾਲਾ

ਬਹੁ ਸੰਮਤੀ ਤਾਂ ਸਦਾ ਹੌਸਲੇ ਦੀ ਹੁੰਦੀ
ਸਵਾ ਲੱਖ ਨਾਲ ਇੱਕ ਨੂੰ ਲੜਾਉਣ ਵਾਲਾ

ਦੀਵਾਨਾ, ਮਸਤਾਨਾ ਰਣ ਤੱਤੇ ਵਿਚ ਗੱਜਦਾ
ਛੰਦ ਬੀਰ ਰਸ ਦੇ ਹੈ ਚਿੱਤ ਗਉਣ ਵਾਲਾ

ਖਜ਼ਾਨੇ ਭਰਪੂਰ ਨੇ ਤੇ ਕਦੀ ਵੀ ਨਾ ਡੋਲਣਾ
ਨਾਮ ਹੈ ਅਕਾਲ ਦਾ ਹੀ ਪੂਰੀ ਪਉਣ ਵਾਲਾ

ਸਮੇਂ ਨੇ ਚਣੌਤੀਆਂ ਤੋਂ ਬਾਜ ਨਹੀਓਂ ਆਉਣਾ
ਪੰਥ ਹੈ ਪਿਆਰਾ ਗੱਜ ਕੇ ਦਿਖਾਉਣ ਵਾਲਾ

ਚੜ੍ਹਦੀ ਕਲਾ ਤੇ ਚੜ੍ਹਾਈ ਹੋਵੇ ਸਦਾ 'ਢੇਸੀ'
ਸ਼ਬਦ ਇਲਾਹੀ ਸਾਧਨਾ ਸਿਖਾਉਣ ਵਾਲਾ

ਕੁਲਵੰਤ ਸਿੰਘ 'ਢੇਸੀ' ਯੂ ਕੇ



## ਜਣਨੀ ਹੋਣ 'ਤੇ ਸ਼ਰਮ

ਔਰਤ ਚੋਂ ਹੀ
ਨਿਕਲ ਕੇ
ਔਰਤ ਦਾ ਵਜੂਦ
ਮਿਟਾਉਣ ਵਾਲਾ
ਮਰਦ
ਉਸ ਨੂੰ ਬਾਂਝ ਕਹਿ ਕੇ
ਦੁਤਕਾਰਨ ਵਾਲਾ
ਮਰਦ
ਉਸ 'ਤੇ ਤੇਜ਼ਾਬ ਸੁੱਟ ਕੇ
ਉਸਨੂੰ ਕਰੂਪ ਕਰ ਦੇਣ ਵਾਲਾ
ਮਰਦ
ਉਸਦੀ ਇੱਜ਼ਤ ਲੁੱਟ ਕੇ
ਉਸਨੂੰ ਸਾੜਨ ਵਾਲਾ
ਮਰਦ
ਉਸਨੂੰ ਕੁਲੱਛਣੀ ਕਹਿ ਕੇ
ਅਪਮਾਨਿਤ ਕਰਨ ਵਾਲਾ
ਮਰਦ
ਸਭ ਪਾਸੇ ਉਸਨੂੰ
ਨੀਵਾਂ ਦਿਖਾਉਣ ਵਾਲਾ
ਮਰਦ
ਜਦ ਔਰਤ ਦਿਵਸ 'ਤੇ
ਉਸਨੂੰ ਸਨਮਾਨਿਤ ਕਰਨ
ਦਾ ਢੌਂਗ ਰਚਾਉਂਦਾ ਏ
ਤਾਂ
ਮੈਨੂੰ ਉਸਦੀ ਜਣਨੀ
ਹੋਣ 'ਤੇ
ਸ਼ਰਮ ਆਉਣ ਲੱਗਦੀ ਏ।

**ਲੇਖਕ–ਨੀਰੂ ਜੱਸਲ**
**ਧੰਨਵਾਦ ਸਹਿਤ ਨਾਮ ਤੁਸਾਂ ਆਪ ਰੱਖ ਲੈਣਾ ਕਿਤਾਬ ਵਿੱਚੋਂ**

# ਕਾਵਿ-ਕਿਆਰੀ

## ਹੋਲਾ ਮਹੱਲਾ



ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਸਰਰ ਸਰਰ ਤੇਗ਼ ਚੱਲੇ, ਕਮਾਨਾਂ ਵਿਚੋਂ ਤੀਰ ਚੱਲੇ
ਸਿਖਾਉਂਦਾ ਪੈਂਤੜੇ ਗੁਬਿੰਦ, ਮਾਰੋ ਮਾਰ ਹੱਲੇ ਹੱਲੇ
ਸਭ ਦੇ ਦੁਮਾਲੇ ਸਿਰੀਂ, ਗਲ਼ੀਂ ਨੀਲਾ ਪੀਲ਼ਾ ਚੋਲਾ ਏ
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਆਉ ਨਿੱਤਰੋ ਭੁਜੰਗ, ਜੀਹਨੇ ਕਰਨੀਂ ਏਂ ਜੰਗ
ਸਿੱਖਣੇ ਚਲਾਉਣੇ ਜੀਹਨੇ, ਤੀਰ ਤੇ ਤੁਫੰਗ
ਫ਼ਤਿਹ ਦੇ ਜੈਕਾਰੇ, ਸਾਡਾ ਮਾਹੀਆ ਅਤੇ ਢੋਲਾ ਏ
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਨਗਾਰੇ ਡੰਮ ਡੰਮ ਬਾਜੇਂ, ਜੈਕਾਰੇ ਗਜ ਗਜ ਗਾਜੇਂ
ਹਾਥੀ ਮਾਰਤੇ ਚਿੰਘਾੜੇਂ, ਘੋੜੇ ਸਰਪੱਟ ਭਾਜੇਂ
ਦਿਲ ਵੈਰੀਉਂ ਕਾ ਅਬ, ਪਾਰੇ ਵਾਂਗ ਡੋਲਾ ਹੈ।
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਘੋੜਾ ਕਿਵੇਂ ਹੈ ਭਜਾਉਣਾ, ਕਿੰਜ ਹਾਥੀਆਂ ਨੂੰ ਢਾਹੁਣਾ
ਵਾਰ ਰੋਕਣਾ ਹੈ ਕਿਵੇਂ, ਤੇ ਕਿੰਜ ਖੰਡੇ ਨੂੰ ਹੈ ਵਾਹੁਣਾ
ਜੰਗ ਜਿੱਤਦਾ ਹੈ ਉਹੀਓ,ਜਿਹੜਾ ਵਗ ਜਾਂਦਾ ਛੁਹ਼ਲਾ ਏ
ਲੋਕਾਂ ਦੀਆਂ ਹੋਲੀਆਂ, ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ, ਖ਼ਾਲਸੇ ਦਾ ਬੋਲਾ ਏ

ਵੈਰੀ ਚੁਣ ਚੁਣ ਮਾਰੇਂ, ਸਭੇ ਦੁਸ਼ਟਨ ਸੰਘਾਰੇਂ
ਰੱਬ ਕੇ ਪਿਆਰੇ ਜੋ, ਉਨ੍ਹੇ ਸਦਾ ਹੀ ਉਬਾਰੇਂ
ਇਹੋ ਸਾਡੀ ਖੇਡ, ਅਤੇ ਇਹੋ ਹੀ ਕਲੋਲਾ ਏ।
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ।
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ

ਜੱਟ ਬੂਟ ਤੇ ਝਿਊਰ ਨਾਈ, ਸੋਢੀ ਬੇਦੀ ਤੇ ਕਸਾਈ
ਇਕੱਠੇ ਕਰ ਏਕ ਜਗ੍ਹਾ, ਹੈਨ ਫੌਜੇਂ ਖਾਲਸ ਬਣਾਈ
ਪੈਰੋਂ ਤਲੇ ਖ਼ਾਲਸੇ ਨੇ ਜਾਤੀ ਅਭਿਮਾਨ ਸਾਰਾ ਰੋਲਾ ਹੈ
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ

ਜੀਹਨੇ ਆਨੰਦਪੁਰ ਆਉਣੈ, ਸੀਸ ਤਲੀ 'ਤੇ ਟਿਕਾਵੇ
ਕੱਲਾ ਲੱਖਾਂ ਨਾਲ਼ ਜੂਝੇ, ਮਸਤ ਹਾਥੀਆਂ ਨੂੰ ਢਾਹਵੇ
ਨਾਨਕ ਦਾ ਦਰ ਏਥੇ ਨਹੀਂ ਰੱਖਦਾ ਕੋਈ ਓਹਲਾ
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ


ਜੀਣਾ ਸ਼ਾਨ ਸੇ ਸਿਖਾਵੇ, ਸੁੱਤੀ ਅਣਖ ਜਗਾਵੇ
ਜਾਨ ਮੁਰਦੋਂ ਮੇਂ ਪਾਵੇ, ਭੈਅ ਕੋ ਦੂਰ ਸੇ ਭਗਾਵੇ
ਸਕੂਲ ਐਸਾ ਗੁਬਿੰਦ ਰਾਇ ਅਨੰਦਪੁਰ ਖੋਲ੍ਹਾ ਹੈ
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ

ਰਾਜ ਜ਼ੁਲਮੀਂ ਨੂੰ ਹੋਰ ਹੁਣ, ਰਹਿਣ ਨਹੀਉਂ ਦੇਣਾ
ਰਹਿਣ ਜ਼ਾਲਮਾਂ ਨੂੰ ਏਥੇ, ਹੁਣ ਮੂਲ਼ ਨਹੀਉਂ ਦੇਣਾ
ਰਾਜਾ ਹੈ ਪਹਾੜੀ ਕੋਈ, ਭਾਵੇਂ ਕੋਈ ਮੰਗੋਲਾ ਹੈ
ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ
ਬੋਲੀਆਂ ਨੇ ਲੋਕਾਂ ਦੀਆਂ ਖ਼ਾਲਸੇ ਦਾ ਬੋਲਾ ਏ

ਨਿਰਮਲ ਸਿੰਘ ਕੰਧਾਲਵੀ

## ਰੈਲੀਆਂ ਦੇ ਆਸਰੇ

ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517



ਚੜ੍ਹਦਾ ਚਾਅ ਬਿਅੰਤ ਹੈ ਚਮਚਿਆਂ ਨੂੰ
ਮਾਲਕ ਖੋਲ੍ਹਦੇ ਮੂੰਹ ਜਦ 'ਥੈਲੀਆਂ' ਦੇ।
'ਕੱਠੇ ਕਰਕੇ ਲਿਆਇਉ ਜੀ ਯਾਰ ਬੇਲੀ
ਘਰੇ ਗੱਡੀਆਂ ਭੇਜਦੇ 'ਟਹਿਲੀਆਂ' ਦੇ।
ਜੋ ਮੂੰਹ ਆਵੇ ਸੋ 'ਕੱਠਾਂ ਵਿਚ ਬੋਲਦੇ ਨੇ
'ਦਰਦੀ' ਬਣਦੇ ਨੇ ਜੈਲੇ ਤੇ ਜੈਲੀਆਂ ਦੇ।
'ਗੱਫੇ' ਦਿੰਦੇ ਨੇ 'ਛਕਣ ਛਕਾਉਣ' ਵਾਲ਼ੇ
ਚਿਹਰੇ ਖਿੜ ਜਾਂਦੇ ਸ੍ਰੋਤਿਆਂ ਵੈਲੀਆਂ ਦੇ।
ਲੋਕ-ਹਿਤਾਂ ਲਈ ਸੀਗੇ ਸੰਘਰਸ਼ ਕਰਦੇ
ਲੀਡਰ ਰਹੇ ਨਾ ਉਹ ਹੁਣ ਪਹਿਲੀਆਂ ਦੇ।
ਜਨਤਾ ਵਿੱਚ 'ਬਣਾਉਣੀ' ਮੁੜ ਲੋਚਦੇ ਨੇ
'ਟੌਹਰ' ਆਪਣੀ 'ਆਸਰੇ' ਰੈਲੀਆਂ ਦੇ!

## ਹਾਸ ਵਿਅੰਗ

ਮਹਿੰਦਰ ਸਿੰਘ ਰਾਏ



ਕੁੜਤੇ ਨੂੰ ਇੱਕ ਸੀਣ ਕੀ ਲਾ ਲਈ,
ਅਸੀਂ ਆਪੇ ਗਜ਼ ਤੋਂ ਥਾਨ ਹੋਏ।
ਉਸ ਲਿਖਿਆ ਕਿ ਰਵਾਨਗੀ ਪਾਉਣੀ,
ਅਸੀਂ ਰਵਾਨੀ ਸਮਝ ਪਰੇਸ਼ਾਨ ਹੋਏ।
ਉਹ ਲਿਖਦੀ ਰਹੀ ਕਿਊਟ ਸਾਨੂੰ,
ਅਸੀਂ (ਚੁਟਏ) ਕੁੱਤੇ ਸਮਝ ਹੈਰਾਨ ਹੋਏ।
ਉਸ ਥੋੜੀ ਜਿਹੀ ਸਾਡੀ ਸਿਫ਼ਤ ਕੀ ਕੀਤੀ,
ਅਸੀਂ ਛੱਜੂ ਤੋਂ ਸ਼ਾਹ ਇਰਾਨ ਹੋਏ।
ਪਰ ਸ਼ਾਹ ਇਰਾਨ ਨੂੰ ਜਦੋਂ ਦੇਖਿਆ,
ਅਸੀਂ ਫਿਰ ਸਮੁੰਦਰ ਤੋਂ ਖਤਾਨ ਹੋਏ।
ਉਹਨੀ ਕਿਹਾ ਕਿ ਰੰਗ ਸਾਡਾ ਸ਼ਾਹ ਕਾਲਾ,
ਤਾਂ ਅਸੀਂ ਆਪੇ ਥਾਪੇ ਹੋਏ ਕਾਨ੍ਹ ਹੋਏ।
ਕਈ ਲੰਘ ਗਏ ਬੱਤੀ ਲਾਲ ਹੋਈ ਤੇ ਵੀ,
ਪਰ ਸਾਡੇ ਖੜ੍ਹਿਆਂ ਦੇ ਹੀ ਚਲਾਨ ਹੋਏ।
ਉਹ ਕਹਿੰਦੇ ਕਿ ਕਾਗਜ਼ ਨਾਲੋਂ ਧਾਤੂ ਚੰਗੀ,
ਤਾਂ ਅਸੀਂ ਝੱਟ ਰੁਪਈਆਂ ਤੋਂ ਭਾਨ ਹੋਏ।
ਉਹ ਕਹਿੰਦੇ ਕਿ ਬੇਸੁਰੇ ਤੋਂ ਬੇਤਾਲਾ ਚੰਗਾ,
ਅਸੀਂ ਬੇਸੁਰੇ ਸੀ, ਬੇਤਾਲਾ ਹੋ ਬੇ-ਤਾਨ ਹੋਏ।
ਧਮਕੀ ਸੀ ਦਿੱਤੀ, ਕਿ ਮੈਂ ਸਵੇਰੇ ਘਰ ਛੱਡ ਜਾਣਾ,
ਉਹ ਪੁੱਛਣ ਸਵੇਰੇ ਕਿ ਅਜੇ ਕਿਉਂ ਨਹੀਂ ਜਾਣ ਹੋਏ।
ਭੇਜ ਕੇ ਬਾਹਰ ਸਾਨੂੰ ਘਰਦਿਆਂ ਲਵਾ ਲਏ ਏ. ਸੀ.
ਪਰ ਡੁਬਈ ਵਿੱਚ ਅਸੀਂ ਧੁੱਪੇ ਵੀਰਾਨ ਹੋਏ।
ਪਤਨੀ ਅਤੇ ਸਿਗਰਟ ਦਾ ਕੋਈ ਵੀ ਨੁਕਸਾਨ ਨਾ,
'ਰਾਏ' ਤੀਲੀ ਜਦੋਂ ਲਾਉਂਦੇ ਹੋ ਤਾਂ ਹੀ ਨੁਕਸਾਨ ਹੋਏ।

## ਡਿਜੀਟਲ ਦੁਨੀਆਂ

ਕੁਲਵੰਤ ਸਿੰਘ 'ਢੇਸੀ' ਯੂ ਕੇ

**ਕੰਪਿਊਟਰ, ਵੀਡੀਓ,**
**ਟੀ ਵੀ ਨਾਂ ਸਕਰੀਨਾ ਦੇ**
**ਘੇਰੇ ਹੋਏ ਨੇ ਸ਼ਹਿਰ ਗਿਰਾਂ ਸਕਰੀਨਾਂ ਦੇ**
**ਗਿਆਨੀ, ਧਿਆਨੀ, ਬਾਬਾ ਜੀ ਨੇ ਫੋਨਾਂ 'ਤੇ**
**ਹਰ ਕੋਈ ਵੱਸ ਪਿਆ ਹੈ ਹਾਂ ਸਕਰੀਨਾ ਦੇ**
**ਬੱਚਿਆਂ ਨੂੰ ਹੁਣ ਦੱਸੋ ਕਿਹੜਾ ਤਾੜੂਗਾ**
**ਸ਼ੌਕੀਨ ਹੋਏ ਨੇ ਬਾਪੂ ਮਾਂ ਸਕਰੀਨਾ ਦੇ**
**ਇਹਨਾ ਦਾ ਜਾਦੂ ਸਿਰ ਚੜ੍ਹਕੇ ਹੈ ਬੋਲ ਰਿਹਾ**
**ਮੰਤਰ ਵੱਸ ਹੈ ਨਵਾਂ ਨਵਾਂ ਸਕਰੀਨਾ ਦੇ**
**ਸਭ ਤੋਂ ਵੱਡੇ ਹੁਣ ਇਹ ਕਾਰੋਬਾਰੀ ਨੇ**
**ਖਾਤੇ ਹੁੰਦੇ ਰੋਜ਼ ਜਮ੍ਹਾਂ ਸਕਰੀਨਾ ਦੇ**
**ਸ਼ਾਇਦ ਈ ਕੋਈ ਮਾਰ ਤੋਂ ਬਚਿਆ ਹੋਵੇਗਾ**
**ਦਾਅ ਵੱਜਦੇ ਨੇ ਕਈ ਤਰਾਂ ਸਕਰੀਨਾ ਦੇ**
**ਹਰ ਕੋਈ ਆਖੇ, ਟੈਮ ਨਹੀਂ ਹੈ, ਟੈਮ ਨਹੀਂ**
**ਕਾਬੂ ਕੀਤਾ ਹੈ ਸਮਾਂ ਸਕਰੀਨਾ ਦੇ**
**ਇਹਨਾ ਤੋਂ ਡਰਦੇ ਪੰਛੀ ਸਾਰੇ ਸਹਿਮੇ ਹੋਏ**
**ਦਹਿਸ਼ਤ ਵਿਚ ਨੇ ਉੱਲੂ, ਕਾਂ ਸਕਰੀਨਾ ਦੇ**
**'ਢੇਸੀ' ਤੇਰੇ ਜੀਵਨ ਦਾ ਦੱਸ ਕੀ ਕਰਨਾ**
**ਵੱਸ ਮਸ਼ੀਨਾ ਦੇ ਹੈ ਜਾਂ ਸਕਰੀਨਾ ਦੇ**

### ਰਣਜੀਤ ਸਿੰਘ ਫਰਜ਼ੀ ਐਨਕਾਊਂਟਰ

——→ 6 ਸਫ਼ੇ ਦੀ ਬਾਕੀ

ਪਰਿਵਾਰ ਵੱਲੋਂ ਪੀਜੀਆਈ ਜਾਂ ਏਮਜ਼ ਤੋਂ ਪੋਸਟਮਾਰਟਮ ਦੀ ਮੰਗ ਠੁਕਰਾ ਦਿੱਤੀ ਗਈ ਹੈ । ਇਹ ਮਾਮਲਾ ਹੁਣ ਹਾਈਕੋਰਟ ਵੱਲ ਵਧ ਰਿਹਾ ਹੈ। ਰਣਜੀਤ ਸਿੰਘ ਦੇ ਐਨਕਾਊਂਟਰ ਮਾਮਲੇ ਨੂੰ ਹਾਈਕੋਰਟ ਵਿੱਚ ਲਿਜਾਣ ਅਤੇ ਉੱਥੇ ਕੇਸ ਲੜਨ ਦਾ ਐਲਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਇਮਾਨ ਸਿੰਘ ਮਾਨ ਵੱਲੋਂ ਕੀਤਾ ਗਿਆ ਸੀ। ਇਸ ਮਾਮਲੇ ਦੀ ਪੈਰਵੀ ਲਈ ਇੱਕ ਮਜ਼ਬੂਤ ਕਾਨੂੰਨੀ ਟੀਮ ਗਠਿਤ ਕੀਤੀ ਗਈ ਹੈ, ਜਿਸ ਵਿੱਚ ਸ਼ਾਮਲ ਹਨ: ਐਡਵੋਕੇਟ ਅਜੈ ਮਰਵਾਹਾ (ਸੁਪਰੀਮ ਕੋਰਟ), ਐਡਵੋਕੇਟ ਰਵੀ ਦੀਪ ਬਡਿਆਲ (ਸੁਪਰੀਮ ਕੋਰਟ), ਐਡਵੋਕੇਟ ਭਜਨਪ੍ਰੀਤ ਸਿੰਘ (ਗੁਰਦਾਸਪੁਰ)

ਸਿਆਸੀ ਆਗੂ ਤੇ ਪੰਥਕ ਜਥੇਬੰਦੀਆਂ ਮਨੁੱਖੀ ਅਧਿਕਾਰਾਂ ਲਈ ਸਰਗਰਮ-ਸ਼੍ਰੋਮਣੀ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੇ ਟਵੀਟ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਐਡਹਾਕ ਡੀਜੀਪੀ ਗੌਰਵ ਯਾਦਵ ਦੇ ਅਸਤੀਫਿਆਂ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ, "ਅਦਾਲਤ ਵੱਲੋਂ ਉਠਾਏ ਗਏ ਸਵਾਲਾਂ ਤੋਂ ਭਗਵੰਤ ਮਾਨ ਅਤੇ ਡੀਜੀਪੀ ਬੇਨਕਾਬ ਹੋ ਚੁੱਕੇ ਹਨ।" ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ, ਸੁਖਜਿੰਦਰ ਸਿੰਘ ਰੰਧਾਵਾ, ਪ੍ਰਤਾਪ ਸਿੰਘ ਬਾਜਵਾ ਆਦਿ ਪਰਿਵਾਰ ਨਾਲ ਮਿਲੇ ਅਤੇ ਸੀਬੀਆਈ ਜਾਂਚ ਦੀ ਮੰਗ ਕੀਤੀ। ਖਹਿਰਾ ਨੇ ਐੱਸਐੱਸਪੀ ਗੌਰਵ ਤੂਰਾ ਉੱਤੇ ਵੀ ਤਿੱਖਾ ਹਮਲਾ ਬੋਲਿਆ ਅਤੇ ਮਾਨਸਾ ਵਿੱਚ ਸਿੱਧੂ ਮੂਸੇਵਾਲਾ ਕਤਲ ਦੌਰਾਨ ਉਸ ਦੀ ਭੂਮਿਕਾ ਉੱਤੇ ਸਵਾਲ ਉਠਾਏ।

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ, "ਕਾਨੂੰਨ ਦਾ ਰਾਜ ਹੋਣਾ ਚਾਹੀਦਾ ਹੈ, ਨਾ ਕਿ ਪੁਲਿਸ ਦਾ।"

ਵਾਰਿਸ ਪੰਜਾਬ ਜਥੇਬੰਦੀ ਦੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਸ ਨੂੰ ਆਪ ਸਰਕਾਰ ਦਾ 'ਐਂਟੀ-ਸਿੱਖ ਚਿਹਰਾ' ਦੱਸਿਆ।

ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਅਤੇ ਪੀਐੱਚਆਰਓ ਨੇ ਹਾਈਕੋਰਟ ਵਿੱਚ ਸੁਓ ਮੋਟੋ ਨੋਟਿਸ ਲੈਣ ਦੀ ਅਪੀਲ ਕੀਤੀ ਹੈ।

ਬੁੜੈਲ ਜੇਲ੍ਹ ਵਿੱਚ ਬੰਦ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਨਾਲ ਜੁੜੇ ਭਾਈ ਜਗਤਾਰ ਸਿੰਘ ਤਾਰਾ ਨੇ ਵਕੀਲ ਇਮਾਨ ਸਿੰਘ ਖਾਰਾ ਰਾਹੀਂ ਸੁਨੇਹਾ ਭੇਜਿਆ ਹੈ ਕਿ ਪੰਜਾਬ ਨੂੰ ਮੁੜ ਪੁਲਿਸ ਰਾਜ ਬਣਨ ਤੋਂ ਰੋਕਣ ਲਈ ਸਿੱਖ ਕੌਮ ਇੱਕਜੁੱਟ ਹੋਵੇ। ਉਨ੍ਹਾਂ ਕਿਹਾ, "1980-90 ਵਾਂਗ ਝੂਠੇ ਮੁਕਾਬਲੇ ਹੋ ਰਹੇ ਹਨ।"

ਧਰਨਾ ਅਤੇ ਰੋਸ-ਪਰਿਵਾਰ ਅਤੇ ਹਮਖਿਆਲੀ ਜਥੇਬੰਦੀਆਂ ਨੇ ਬਟਾਲਾ ਜੀਟੀ ਰੋਡ ਉੱਤੇ ਅਣਮਿਥੇ ਸਮੇਂ ਲਈ ਧਰਨਾ ਲਗਾਇਆ ਸੀ। ਸੁਖਪਾਲ ਖਹਿਰਾ, ਲੱਖਾ ਸਿਧਾਣਾ, ਸਤਬੀਰ ਸੁਲਤਾਨੀ, ਗੁਰਮੀਤ ਸਿੰਘ ਬਖਤਪੁਰ ਆਦਿ ਨੇ ਸੰਬੋਧਨ ਕੀਤਾ ਸੀ। ਇੰਦਰਜੀਤ ਸਿੰਘ ਦੀਆਂ ਦੋ ਭੈਣਾਂ ਅਤੇ ਭਾਬੀ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਣ ਦਾ ਵੀ ਵਿਰੋਧ ਕੀਤਾ ਗਿਆ ਸੀ। ਭਾਰੀ ਰੋਸ ਤੋਂ ਬਾਅਦ ਸਿੱਖ ਇਸਤਰੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਪੰਥਕ ਜਥੇਬੰਦੀਆਂ ਨੇ ਰਿਹਾਈ ਤੱਕ ਮੋਰਚਾ ਚਲਾਉਣ ਦਾ ਐਲਾਨ ਕੀਤਾ।

## ਭਵਿੱਖੀ ਖਤਰਾ ਅਤੇ ਹੱਲ

ਮਨੁੱਖੀ ਅਧਿਕਾਰ ਸੰਸਥਾਵਾਂ ਚੇਤਾਵਨੀ ਦੇ ਰਹੀਆਂ ਹਨ ਕਿ ਜੇ ਇਸ ਤਰ੍ਹਾਂ ਦੀਆਂ ਘਟਨਾਵਾਂ ਜਾਰੀ ਰਹੀਆਂ ਤਾਂ ਪੰਜਾਬ ਵਿੱਚ ਫਿਰ ਉਹੀ ਬੇਵਿਸ਼ਵਾਸੀ ਪੈਦਾ ਹੋਵੇਗੀ ਜਿਸ ਨੇ 80-90 ਵਿੱਚ ਹਿੰਸਾ ਜਨਮੀ ਸੀ। ਨੌਜਵਾਨ ਮੁੱਖ ਧਾਰਾ ਤੋਂ ਟੁੱਟ ਕੇ ਬਾਗੀ ਬਣ ਸਕਦੇ ਹਨ। ਲੋੜ ਹੈ ਉੱਚ ਪੱਧਰੀ ਨਿਆਂਇਕ ਕਮਿਸ਼ਨ ਦੀ, ਪੁਲਿਸ ਰਿਪੋਰਟਾਂ ਨੂੰ ਜਨਤਕ ਕਰਨ ਦੀ ਅਤੇ ਤਕਨੀਕੀ ਤਫ਼ਤੀਸ਼ ਵਧਾਉਣ ਦੀ। ਅਪਰਾਧੀਆਂ ਨੂੰ ਅਦਾਲਤੀ ਸਜ਼ਾ ਦਿਵਾਉਣੀ ਚਾਹੀਦੀ ਹੈ, ਨਾ ਕਿ ਪੁਲਿਸ ਨੂੰ ਖੁਦ ਜਲਾਦ ਬਣਨ ਦੀ ਛੁੱਟੀ ਦੇਣੀ ਚਾਹੀਦੀ ਹੈ। ਰਣਜੀਤ ਸਿੰਘ ਮਾਮਲਾ ਇੱਕ ਟੈਸਟ ਕੇਸ ਬਣ ਗਿਆ ਹੈ। ਜੇ ਸੀਬੀਆਈ ਜਾਂਚ ਹੋਈ ਅਤੇ ਸੱਚ ਸਾਹਮਣੇ ਆਇਆ ਤਾਂ ਭਰੋਸਾ ਬਹਾਲ ਹੋਵੇਗਾ। ਨਹੀਂ ਤਾਂ ਆਪ ਸਰਕਾਰ ਨੂੰ ਇਸ ਦਾ ਭਾਰੀ ਮੁੱਲ ਚੁਕਾਉਣਾ ਪਵੇਗਾ। ਪੰਜਾਬ ਵਿੱਚ ਇੱਕ ਵਾਰ ਫਿਰ 'ਜੱਜ ਅਤੇ ਜਲਾਦ' ਵਾਲੀ ਮਾਨਸਿਕਤਾ ਖਤਮ ਹੋਣੀ ਚਾਹੀਦੀ ਹੈ। ਲੋਕਤੰਤਰ ਤੇ ਕਾਨੂੰਨ ਦਾ ਰਾਜ ਬਚਾਉਣ ਲਈ ਹਾਈਕੋਰਟ, ਸੀਬੀਆਈ ਅਤੇ ਪੂਰੀ ਸਿੱਖ ਕੌਮ ਨੂੰ ਇੱਕਜੁੱਟ ਹੋਣਾ ਪਵੇਗਾ। ਇਤਿਹਾਸ ਤੋਂ ਸਿੱਖਿਆ ਨਾ ਲਈ ਤਾਂ ਇਤਿਹਾਸ ਆਪਣੇ ਆਪ ਨੂੰ ਦੁਹਰਾਉਣ ਵਿੱਚ ਦੇਰ ਨਹੀਂ ਲੱਗਦੀ। ਪੰਜਾਬੀਓ ! ਹੁਣ ਵੀ ਨਾ ਬੋਲੇ ਤਾਂ ਫਿਰ ਕਦੋਂ ਅਤੇ ਕਿੱਥੇ ਬੋਲੋਗੇ ?

ਇਤਿਹਾਸ ਤੋਂ ਕੀ ਸਿੱਖਿਆ?-ਪੰਜਾਬ ਵਿੱਚ ਪਿਛਲੇ ਤਿੰਨ ਮਹੀਨਿਆਂ ਵਿੱਚ ਹਰ ਤਿੰਨ ਦਿਨ ਵਿੱਚ ਇੱਕ ਐਨਕਾਊਂਟਰ ਹੋ ਰਿਹਾ ਹੈ। ਇੱਕ ਤਿਹਾਈ ਤੋਂ ਵੱਧ ਮੁਲਜ਼ਮ ਹਿਰਾਸਤ ਵਿੱਚ ਹੋਣ ਦੇ ਬਾਵਜੂਦ 'ਹਥਿਆਰ ਬਰਾਮਦਗੀ' ਲਈ ਲਿਜਾਏ ਗਏ ਅਤੇ ਮਾਰੇ ਗਏ। ਸੇਵਾਮੁਕਤ ਆਈਪੀਐੱਸ ਗੁਰਿੰਦਰ ਸਿੰਘ ਢਿੱਲੋਂ ਅਤੇ ਵਕੀਲ ਸਰਬਜੀਤ ਸਿੰਘ ਵੇਰਕਾ ਕਹਿੰਦੇ ਹਨ ਕਿ ਪੁਲਿਸ ਅਜੇ ਵੀ ਪੁਰਾਣੀਆਂ ਤਕਨੀਕਾਂ ਉੱਤੇ ਨਿਰਭਰ ਹੈ। ਸੁਪਰੀਮ ਕੋਰਟ ਦੇ 2014 ਦੇ ਆਦੇਸ਼ਾਂ (ਪੀਯੂਸੀਐੱਲ ਬਨਾਮ ਮਹਾਰਾਸ਼ਟਰ) ਅਨੁਸਾਰ ਹਰ ਐਨਕਾਊਂਟਰ ਵਿੱਚ ਤੁਰੰਤ ਐੱਫਆਈਆਰ, ਨਿਆਂਇਕ ਮੈਜਿਸਟ੍ਰੇਟ ਪੜਤਾਲ ਅਤੇ ਐੱਨਐੱਚਆਰਸੀ ਨੂੰ 48 ਘੰਟਿਆਂ ਵਿੱਚ ਸੂਚਨਾ ਲਾਜ਼ਮੀ ਹੈ, ਪਰ ਇਸ ਦੀ ਪਾਲਣਾ ਨਹੀਂ ਹੋ ਰਹੀ।

ਐਡਵੋਕੇਟ ਐਚ.ਐੱਸ. ਫੂਲਕਾ ਨੇ ਪੁੱਛਿਆ, "ਜੇ ਰਣਜੀਤ ਇੰਨਾ ਵੱਡਾ ਅਪਰਾਧੀ ਸੀ ਤਾਂ ਉਸ ਨੂੰ ਬਿਨਾਂ ਸੁਰੱਖਿਆ ਦੇ ਅੱਧੀ ਰਾਤ ਨੂੰ ਹਥਿਆਰ ਬਰਾਮਦ ਕਰਨ ਲਈ ਕਿਉਂ ਲੈ ਗਏ ?" ਉਨ੍ਹਾਂ ਨੇ ਇਹ ਵੀ ਪੁੱਛਿਆ ਕਿ ਗੱਡੀ ਪਲਟਣ ਤੋਂ ਬਾਅਦ ਰਣਜੀਤ ਨੂੰ ਸੱਟ ਕਿਉਂ ਨਾ ਲੱਗੀ ਅਤੇ ਉਹ 30 ਕਿਲੋਮੀਟਰ ਕਿਵੇਂ ਭੱਜ ਗਿਆ ?

ਸਿੱਖ ਵਿਦਵਾਨ ਪਰਮਿੰਦਰ ਸਿੰਘ ਸ਼ੌਂਕੀ ਲਿਖਦੇ ਹਨ, "ਪੁਲਿਸ ਵੱਲੋਂ ਕੀਤੇ ਜਾਣ ਵਾਲੇ ਫੇਕ ਇਨਕਾਊਂਟਰ ਕਿਸੇ ਵੀ ਰਾਜ ਦੀ ਮਰੀ ਹੋਈ ਆਤਮਾ ਦੀ ਸਭ ਤੋਂ ਡਰਾਉਣੀ ਨਿਸ਼ਾਨੀ ਹੁੰਦੇ ਹਨ।" ਉਨ੍ਹਾਂ ਨੇ ਹੰਨਾ ਅਰੈਂਟ ਅਤੇ ਉਪੇਂਦਰ ਬਕਸ਼ੀ ਦਾ ਹਵਾਲਾ ਦਿੱਤਾ ਕਿ ਜਦੋਂ ਰਾਜ ਨਿਆਂ ਦੀ ਪ੍ਰਕਿਰਿਆ ਤੋੜਦਾ ਹੈ ਤਾਂ ਹਿੰਸਾ ਆਮ ਬਣ ਜਾਂਦੀ ਹੈ। ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਇਸ ਵੇਲੇ ਖਾਲੜਾ ਵਰਗੇ ਵਾਰਸਾਂ ਦੀ ਲੋੜ ਹੈ ਅਤੇ ਹਾਈਕੋਰਟ ਨੂੰ ਸੁਓ ਮੋਟੋ ਲੈਣਾ ਚਾਹੀਦਾ ਹੈ।

# ਜਲੰਧਰ 'ਚ ਗੈਂਗਸਟਰਾਂ ਦੀ ਦਹਿਸ਼ਤ, ਨਿੱਤ ਚਲਨ ਲੱਗੀਆਂ ਗੋਲੀਆਂ

## ✪ 93 ਗੈਂਗਸਟਰ, 7 ਵੱਡੇ ਗੈਂਗ ਸਰਗਰਮ ਅਤੇ ਖੁੱਲ੍ਹੇਆਮ ਘੁੰਮਦੇ ਹਨ ਅਪਰਾਧੀ ✪ ਕੀ ਅਪਰਾਧ ਦਾ ਗੜ੍ਹ ਬਣ ਰਿਹਾ ਹੈ ਇਹ ਸ਼ਹਿਰ ?

ਜਲੰਧਰ-ਪੰਜਾਬ ਦਾ ਉਦਯੋਗਿਕ ਸ਼ਹਿਰ ਜਲੰਧਰ, ਜੋ ਕਦੇ ਵਪਾਰ ਅਤੇ ਸੱਭਿਆਚਾਰ ਲਈ ਜਾਣਿਆ ਜਾਂਦਾ ਸੀ, ਹੁਣ ਅਪਰਾਧਿਕ ਗਤੀਵਿਧੀਆਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਪਿਛਲੇ 6 ਮਹੀਨਿਆਂ ਦੇ ਅੰਕੜੇ ਡਰਾਉਣ ਵਾਲੇ ਹਨ। ਸਤੰਬਰ ਤੋਂ ਫਰਵਰੀ ਦੇ ਅੰਤ ਤੱਕ, ਸ਼ਹਿਰ ਵਿਚ 15 ਵਾਰ ਗੋਲ਼ੀਆਂ ਚੱਲੀਆਂ ਹਨ, ਜਿਸ ਵਿੱਚ 5 ਲੋਕਾਂ ਨੂੰ ਆਪਣੀ ਜਾਨ ਗਵਾਉਣੀ ਪਈ ਹੈ। ਆਮ ਆਦਮੀ ਪਾਰਟੀ ਦੇ ਆਗੂ ਲੱਕੀ ਓਬਰਾਏ ਦਾ ਕਤਲ ਇਸ ਸੂਚੀ ਦੀ ਸਭ ਤੋਂ ਚਰਚਿਤ ਘਟਨਾ ਹੈ। ਪੁਲਸ ਰਿਕਾਰਡ ਮੁਤਾਬਕ ਜਲੰਧਰ ਜ਼ਿਲ੍ਹੇ ਵਿੱਚ ਕੁੱਲ 93 ਗੈਂਗਸਟਰ ਸੂਚੀਬੱਧ ਹਨ। ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਇਨ੍ਹਾਂ ਵਿੱਚੋਂ ਲਗਭਗ 68 ਫ਼ੀਸਦੀ (64 ਗੈਂਗਸਟਰ) ਪੁਲਸ ਦੀ ਹਿਰਾਸਤ ਤੋਂ ਬਾਹਰ ਹਨ ਲ਼ਾਰੈਂਸ ਬਿਸ਼ਨੋਈ ਗੈਂਗ (40 ਮੈਂਬਰ), ਗੋਲਡੀ ਬਰਾੜ ਗੈਂਗ (17 ਮੈਂਬਰ), ਬੰਬੀਹਾ ਗੈਂਗ ਅਤੇ ਰਿੰਦਾ-ਲੰਡਾ ਗੈਂਗ (12-12 ਮੈਂਬਰ) ਸਮੇਤ ਕੁੱਲ 7 ਵੱਡੇ ਗੈਂਗ ਸਰਗਰਮ ਹਨ। 9 ਖ਼ਤਰਨਾਕ ਅਪਰਾਧੀ 'ਏ ਪਲਸ' ਸ਼੍ਰੇਣੀ ਵਿੱਚ ਆਉਂਦੇ ਹਨ, ਜਿਨ੍ਹਾਂ ਵਿੱਚੋਂ 4 ਅਜੇ ਵੀ ਜੇਲ੍ਹ ਤੋਂ ਬਾਹਰ ਹਨ।

### ਜਲੰਧਰ ਗੈਂਗਸਟਰਾਂ ਲਈ 'ਸੇਫ਼ ਹੈਵਨ' ਕਿਉਂ ਬਣ ਰਿਹਾ ਹੈ ?

ਜਲੰਧਰ ਦਾ ਭੂਗੋਲਿਕ ਅਤੇ ਆਰਥਿਕ ਪਹਿਲੂ ਇਸ ਨੂੰ ਗੈਂਗਸਟਰਾਂ ਲਈ ਆਕਰਸ਼ਕ ਬਣਾਉਂਦਾ ਹੈ। ਰਿਪੋਰਟਾਂ ਦਰਸਾਉਂਦੀਆਂ ਹਨ ਕਿ ਇੱਥੇ ਸਿਰਫ਼ ਸਥਾਨਕ ਹੀ ਨਹੀਂ, ਸਗੋਂ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਅਪਰਾਧੀ ਵੀ ਸਰਗਰਮ ਹਨ (ਜਿਵੇਂ ਬੰਬੀਹਾ ਗੈਂਗ ਨਾਲ ਜੁੜੇ ਪੀਲੀਭੀਤ ਦੇ ਅਪਰਾਧੀ)। ਸ਼ਹਿਰ ਵਿੱਚ ਕਾਰੋਬਾਰੀ ਅਦਾਰਿਆਂ ਦੀ ਭਰਮਾਰ ਹੋਣ ਕਾਰਨ ਗੈਂਗਸਟਰਾਂ ਨੂੰ ਫਿਰੌਤੀ ਉਗਰਾਹੁਣ ਲਈ ਵੱਡਾ ਮੈਦਾਨ ਮਿਲਦਾ ਹੈ। ਸੀ. ਸੀ. ਟੀ. ਵੀ. ਫੁਟੇਜ ਹੋਣ ਦੇ ਬਾਵਜੂਦ, ਹਾਲੀਆ ਘਟਨਾਵਾਂ ਵਿੱਚ ਦੋਸ਼ੀਆਂ ਦੀ ਪਛਾਣ ਅਤੇ ਗ੍ਰਿਫ਼ਤਾਰੀ ਨਾ ਹੋਣਾ ਇਹ ਦਰਸਾਉਂਦਾ ਹੈ ਕਿ ਅਪਰਾਧੀਆਂ ਦੇ ਹੌਸਲੇ ਕਿੰਨੇ ਬੁਲੰਦ ਹਨ।

### ਕਾਜ਼ੀ ਮੰਡੀ ਅਤੇ ਨਸ਼ਾ ਤਸਕਰੀ: ਕਿਉਂ ਸਰਗਰਮ ਹਨ ਸਮਗਲਰ ?

ਕਾਜ਼ੀ ਮੰਡੀ ਵਰਗੇ ਇਲਾਕਿਆਂ ਵਿੱਚ ਨਸ਼ਾ ਤਸਕਰੀ ਦਾ ਸਰਗਰਮ ਹੋਣਾ ਪ੍ਰਸ਼ਾਸਨ ਲਈ ਵੱਡੀ ਚੁਣੌਤੀ ਹੈ। ਅਜਿਹੇ ਇਲਾਕੇ ਅਕਸਰ ਸੰਘਣੀ ਆਬਾਦੀ ਵਾਲੇ ਅਤੇ ਗਲੀਆਂ-ਮੁਹੱਲਿਆਂ ਦੇ ਜਾਲ ਵਾਂਗ ਹੁੰਦੇ ਹਨ, ਜਿੱਥੇ ਬਾਹਰੀ ਲੋਕਾਂ ਜਾਂ ਪੁਲਸ ਦੀ ਨਜ਼ਰ ਤੋਂ ਬਚਣਾ ਆਸਾਨ ਹੁੰਦਾ ਹੈ। ਨਸ਼ਾ ਤਸਕਰ ਅਜਿਹੀਆਂ ਥਾਵਾਂ ਨੂੰ ਆਪਣਾ 'ਸੇਫ਼ ਜ਼ੋਨ' ਬਣਾ ਲੈਂਦੇ ਹਨ, ਐਸ ਕਿਉਂਕਿ ਇੱਥੇ ਨੈੱਟਵਰਕ ਫੈਲਾਉਣਾ ਅਤੇ ਗਾਹਕਾਂ ਤੱਕ ਪਹੁੰਚਣਾ ਸੌਖਾ ਹੁੰਦਾ ਹੈ। ਜਦੋਂ ਤੱਕ ਇਲਾਕੇ ਦੀ ਸਥਾਨਕ ਕਮਿਊਨਿਟੀ ਦਾ ਸਹਿਯੋਗ ਅਤੇ ਸਖ਼ਤ ਪੁਲਸ ਨਾਕਾਬੰਦੀ ਨਹੀਂ ਹੁੰਦੀ, ਇਹ ਤਸਕਰ ਆਪਣਾ ਅੱਡਾ ਮਜ਼ਬੂਤ ਰੱਖਣ ਵਿੱਚ ਕਾਮਯਾਬ ਰਹਿੰਦੇ ਹਨ।

### ਕੀ ਗੈਂਗਸਟਰਾਂ ਪਿੱਛੇ ਸਿਆਸੀ ਥਾਪੜਾ ਹੈ ?

ਇਹ ਸਵਾਲ ਅੱਜ ਹਰ ਆਮ ਨਾਗਰਿਕ ਦੀ ਜ਼ੁਬਾਨ 'ਤੇ ਹੈ। ਜਦੋਂ ਕਿਸੇ ਸ਼ਹਿਰ ਵਿੱਚ ਲਗਾਤਾਰ 6 ਮਹੀਨਿਆਂ ਵਿੱਚ 15 ਵਾਰ ਗੋਲ਼ੀਆਂ ਚੱਲਣ ਅਤੇ ਗੈਂਗਸਟਰ ਖੁੱਲ੍ਹੇਆਮ ਘੁੰਮਣ, ਤਾਂ ਸਿਆਸੀ ਸਰਪ੍ਰਸਤੀ ਦੀਆਂ ਚਰਚਾਵਾਂ ਆਮ ਹੋ ਜਾਂਦੀਆਂ ਹਨ ਆਮ ਲੋਕਾਂ ਵਿੱਚ ਇਹ ਮੰਨਣਾ ਹੈ ਕਿ ਬਿਨਾਂ ਕਿਸੇ ਸਿਆਸੀ ਜਾਂ ਅਧਿਕਾਰਤ ਸ਼ਹਿ ਦੇ ਇੰਨੇ ਵੱਡੇ ਪੱਧਰ 'ਤੇ ਅਪਰਾਧਿਕ ਨੈੱਟਵਰਕ ਚਲਾਉਣਾ ਮੁਸ਼ਕਲ ਹੈ। ਲੱਕੀ ਓਬਰਾਏ ਵਰਗੇ ਸਿਆਸੀ ਆਗੂਆਂ ਦਾ ਕਤਲ ਹੋਣਾ ਇਸ ਸ਼ੱਕ ਨੂੰ ਹੋਰ ਡੂੰਘਾ ਕਰਦਾ ਹੈ। ਹਾਲਾਂਕਿ, ਇਹ ਸਾਬਤ ਕਰਨ ਲਈ ਪੁਲਸ ਦੀ ਨਿਰਪੱਖ ਜਾਂਚ ਜ਼ਰੂਰੀ ਹੈ, ਪਰ ਫਿਲਹਾਲ ਪੁਲਸ ਦੀ ਸੁਸਤ ਕਾਰਗੁਜ਼ਾਰੀ ਇਸ ਸ਼ੱਕ ਨੂੰ ਹੋਰ ਹਵਾ ਦੇ ਰਹੀ ਹੈ। ਜਲੰਧਰ ਦੀ ਸਥਿਤੀ ਗੰਭੀਰ ਹੈ। ਸਿਰਫ਼ ਗ੍ਰਿਫ਼ਤਾਰੀਆਂ ਹੀ ਨਹੀਂ, ਸਗੋਂ ਗੈਂਗਸਟਰਾਂ ਦੇ ਨੈੱਟਵਰਕ ਨੂੰ ਜੜ੍ਹੋਂ ਖਤਮ ਕਰਨ ਲਈ ਪੁਲਸ ਨੂੰ ਆਪਣੀ ਖੁਫੀਆ ਨੈੱਟਵਰਕਿੰਗ ਅਤੇ ਤਕਨੀਕੀ ਜਾਂਚ ਨੂੰ ਤੇਜ਼ ਕਰਨਾ ਹੋਵੇਗਾ। ਕੀ ਪ੍ਰਸ਼ਾਸਨ ਇਸ 'ਗੋਲ਼ੀਆਂ ਦੇ ਸੱਭਿਆਚਾਰ' ਨੂੰ ਰੋਕਣ ਵਿੱਚ ਕਾਮਯਾਬ ਹੋਵੇਗਾ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

# ਭਖਿਆ ਪੰਜਾਬ ਦਾ ਸਿਆਸੀ ਅਖਾੜਾ

### 5 ਸਫ਼ੇ ਦੀ ਬਾਕੀ

ਗੈਂਗਸਟਰਾਂ ਵਲੋਂ ਗੈਂਗਵਾਰ ਦੀਆਂ ਘਟਨਾਵਾਂ ਤਾਂ ਆਮ ਹੀ ਵਾਪਰ ਰਹੀਆਂ ਹਨ, ਫਿਰੌਤੀਆਂ ਨਾ ਮਿਲਣ 'ਤੇ ਹੁਣ ਤੱਕ ਅਨੇਕਾਂ ਕਾਰੋਬਾਰੀਆਂ, ਵਪਾਰੀਆਂ, ਦੁਕਾਨਦਾਰਾਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ ਹਨ। ਪੰਜਾਬ 'ਚ ਪਿਛਲੇ 5 ਸਾਲਾਂ 'ਚ 226 ਫੀਸਦੀ ਅਪਰਾਧਕ ਘਟਨਾਵਾਂ ਵਿਚ ਵਾਧਾ ਹੋਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਰੁਜ਼ਗਾਰ ਦੇ ਮੌਕੇ ਨਾਂਹ ਦੇ ਬਰਾਬਰ ਹਨ। ਨੌਜਵਾਨਾਂ ਨੂੰ ਸੂਬੇ ਵਿਚ ਆਪਣਾ ਭਵਿੱਖ ਹਨੇਰੇ ਵਿਚ ਦਿਸਦਾ ਹੈ। ਅਜਿਹੀ ਸਥਿਤੀ ਤੋਂ ਅੱਕੇ ਲੋਕ ਜੇਕਰ ਪਹੁੰਚ ਹੋਵੇ ਤਾਂ ਵਿਦੇਸ਼ ਚਲੇ ਜਾਂਦੇ ਹਨ ਜਾਂ ਫਿਰ ਨਸ਼ੇ ਵਰਗੀਆਂ ਅਲਾਮਤਾਂ ਲਗਾ ਬੈਠਦੇ ਹਨ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ 'ਝੂਠੇ ਪੁਲਿਸ ਮੁਕਾਬਲਿਆਂ' ਦਾ ਜ਼ਿਕਰ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਸੰਵੇਦਨਸ਼ੀਲ ਰਿਹਾ ਹੈ। ਜਦੋਂ ਵੀ ਅਜਿਹਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ, ਤਾਂ ਲੋਕਾਂ ਦੇ ਮਨਾਂ ਵਿੱਚ ਪੁਰਾਣੇ ਦੌਰ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਗੁਰਦਾਸਪੁਰ ਵਿੱਚ ਹੋਏ ਪੁਲਿਸ ਮੁਕਾਬਲੇ ਦੌਰਾਨ ਰਣਜੀਤ ਸਿੰਘ ਦੀ ਹੋਈ ਮੌਤ ਦਾ ਮਾਮਲਾ ਮਹਿਜ਼ ਇੱਕ ਕਾਨੂੰਨ-ਵਿਵਸਥਾ ਦਾ ਕੇਸ ਨਹੀਂ ਰਿਹਾ, ਸਗੋਂ ਇਹ ਆਪ ਸਰਕਾਰ ਲਈ ਇੱਕ ਗੰਭੀਰ ਸਿਆਸੀ ਚੁਣੌਤੀ ਬਣ ਕੇ ਉੱਭਰਿਆ ਹੈ। ਡਾਕਟਰ ਖੁਸ਼ਹਾਲ ਸਿੰਘ ਚੰਡੀਗੜ੍ਹ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਰਣਜੀਤ ਸਿੰਘ ਦੀ ਜਾਂਚ ਵਿੱਚ ਦੇਰੀ ਕਰਦੀ ਹੈ ਤਾਂ ਜਨਤਕ ਰੋਸ ਵਧੇਗਾ। ਇਹ ਆਪ ਲਈ 'ਸਿਆਸੀ ਨੁਕਸਾਨ' ਦਾ ਕਾਰਨ ਬਣੇਗਾ। ਪਰਿਵਾਰ ਵੱਲੋਂ ਪੀ.ਜੀ.ਆਈ. ਤੋਂ ਪੋਸਟਮਾਰਟਮ ਅਤੇ ਸੀ.ਬੀ.ਆਈ. ਜਾਂਚ ਦੀ ਮੰਗ ਸਿੱਧੇ ਤੌਰ 'ਤੇ ਪੰਜਾਬ ਪੁਲਿਸ ਦੀ ਜਾਂਚ ਪ੍ਰਕਿਰਿਆ 'ਤੇ ਅਵਿਸ਼ਵਾਸ ਪ੍ਰਗਟਾਉਂਦੀ ਹੈ। ਇੱਕ ਸੂਬਾ ਸਰਕਾਰ ਲਈ ਇਹ ਮੰਨਣਾ ਕਿ "ਸਾਡੀ ਪੁਲਿਸ ਜਾਂਚ ਕਰਨ ਦੇ ਸਮਰੱਥ ਨਹੀਂ ਹੈ," ਬਹੁਤ ਵੱਡਾ ਸਿਆਸੀ ਝਟਕਾ ਹੁੰਦਾ ਹੈ। ਇਸੇ ਲਈ ਸਰਕਾਰ ਇਸ ਮੰਗ ਨੂੰ ਮੰਨਣ ਤੋਂ ਕਤਰਾ ਰਹੀ ਹੈ, ਪਰ ਇਨਕਾਰ ਕਰਨਾ ਲੋਕਾਂ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਨੂੰ ਹੋਰ ਵੀ ਦੋਸ਼ੀ ਸਾਬਤ ਕਰ ਰਿਹਾ ਹੈ।

ਮਨੁੱਖੀ ਅਧਿਕਾਰ ਸੰਗਠਨ ਅਤੇ ਸਿਵਲ ਸੁਸਾਇਟੀ ਲਗਾਤਾਰ ਪੁਲੀਸ ਦੀ ਕਾਰਜਸ਼ੈਲੀ 'ਤੇ ਸਵਾਲ ਚੁੱਕ ਰਹੇ ਹਨ। ਜੇਕਰ ਚੋਣਾਂ ਵਿੱਚ ਇਹ ਮੁੱਦਾ ਭਖਦਾ ਹੈ, ਤਾਂ ਇਹ ਸੱਤਾਧਾਰੀ ਧਿਰ ਲਈ ਮੁਸੀਬਤ ਬਣ ਸਕਦਾ ਹੈ। ਮਾਰਚ ਮਹੀਨਾ ਬਜਟ ਸੈਸ਼ਨ ਨਾਲ ਸ਼ੁਰੂ ਹੋ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲੀਆਂ ਰੈਲੀਆਂ ਅਤੇ ਸਰਕਾਰੀ ਐਲਾਨ ਇਹ ਤੈਅ ਕਰਨਗੇ ਕਿ ਪੰਜਾਬ ਦੀ ਸਿਆਸੀ ਦਿਸ਼ਾ ਕੀ ਹੋਵੇਗੀ। ਧਰਮ ਪਰਿਵਰਤਨ ਵਰਗੇ ਮੁੱਦੇ ਜਿਨ੍ਹਾਂ ਨੂੰ ਕੇਂਦਰੀ ਆਗੂ ਉਭਾਰ ਰਹੇ ਹਨ, ਉਹ ਵੀ ਚੋਣਾਂ ਵਿੱਚ ਇੱਕ ਨਵਾਂ ਮੋੜ ਲਿਆ ਸਕਦੇ ਹਨ।

ਪੰਜਾਬ ਦੇ ਲੋਕਾਂ ਨੂੰ ਇੱਕ ਮਜ਼ਬੂਤ ਅਤੇ ਇਮਾਨਦਾਰ ਲੀਡਰਸ਼ਿਪ ਦੀ ਭਾਲ ਹੈ। ਜੋ ਵੀ ਪਾਰਟੀ ਨਸ਼ਿਆਂ, ਬੇਰੁਜ਼ਗਾਰੀ ਅਤੇ ਖੇਤੀਬਾੜੀ ਦੇ ਮੁੱਦਿਆਂ 'ਤੇ ਠੋਸ ਅਤੇ ਵਿਹਾਰਕ ਹੱਲ ਪੇਸ਼ ਕਰੇਗੀ, ਪੰਜਾਬੀ ਉਸੇ ਨੂੰ ਅਪਣਾਉਣਗੇ।

# ਦੁਸਾਂਝ ਕਲਾਂ ਵਿਖੇ ਹੱਡਾ ਰੋੜੀ ਦੀ ਆੜ ਵਿਚ ਨਕਲੀ ਘਿਓ ਤੇ ਗਊ ਮਾਸ ਦਾ ਕਾਰੋਬਾਰ, 4 ਗ੍ਰਿਫਤਾਰ

ਜਲੰਧਰ-ਥਾਣਾ ਗੁਰਾਇਆ ਅਧੀਨ ਪੈਂਦੀ ਪੁਲਿਸ ਚੌਕੀ ਦੁਸਾਂਝ ਕਲਾਂ ਨੇ ਇੱਕ ਵੱਡੇ ਰੈਕੇਟ ਦਾ ਪਰਦਾਫਾਸ਼ ਕੀਤਾ ਹੈ, ਜਿੱਥੇ ਹੱਡਾ ਰੋੜੀ ਦੀ ਆੜ ਵਿੱਚ ਨਾ ਸਿਰਫ਼ ਗਊ ਮਾਸ ਵੇਚਿਆ ਜਾ ਰਿਹਾ ਸੀ, ਸਗੋਂ ਜਾਨਵਰਾਂ ਦੀ ਚਰਬੀ ਤੋਂ ਘਿਓ ਤਿਆਰ ਕਰਕੇ ਬਾਜ਼ਾਰ ਵਿੱਚ ਸਪਲਾਈ ਕੀਤਾ ਜਾ ਰਿਹਾ ਸੀ। ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਹਰਸ ਭੱਲਾ (ਵਾਸੀ ਫਗਵਾੜਾ) ਨੇ ਪੁਲਿਸ ਨੂੰ ਇਸ ਗੈਰ-ਕਾਨੂੰਨੀ ਕਾਰੋਬਾਰ ਦੀ ਸ਼ਿਕਾਇਤ ਕੀਤੀ। ਸ਼ਿਕਾਇਤ ਮਿਲਦਿਆਂ ਹੀ ਪੁਲਿਸ ਚੌਕੀ ਦੁਸਾਂਝ ਕਲਾਂ ਦੇ ਇੰਚਾਰਜ ਥਾਣੇਦਾਰ ਜੰਗ ਬਹਾਦਰ ਸਿੰਘ ਨੇ ਆਪਣੀ ਟੀਮ ਸਮੇਤ ਕੋਟ ਗਰੇਵਾਲ ਰੋਡ ਸਥਿਤ ਹੱਡਾ ਰੋੜੀ 'ਤੇ ਛਾਪੇਮਾਰੀ ਕੀਤੀ। ਮੌਕੇ ਤੋਂ ਪੁਲਿਸ ਨੇ ਇੱਕ ਟਾਟਾ ਐਸ ਗੱਡੀ ਜ਼ਬਤ ਕੀਤੀ ਹੈ। ਇਸ 'ਤੇ "ਗਊਸ਼ਾਲਾ" ਲਿਖਿਆ ਹੋਇਆ ਸੀ, ਜਿਸਦੀ ਵਰਤੋਂ ਕਰਕੇ ਦੋਸ਼ੀ ਸ਼ੱਕ ਤੋਂ ਬਚਣ ਲਈ ਘਿਓ ਦੀ ਸਪਲਾਈ ਕਰਦੇ ਸਨ। ਗੱਡੀ ਵਿੱਚੋਂ 12 ਪੀਪੇ ਨਕਲੀ ਘਿਓ ਤੇ ਹੋਰ ਇਤਰਾਜ਼ਯੋਗ ਸਮੱਗਰੀ ਬਰਾਮਦ ਕੀਤੀ ਗਈ ਹੈ। ਪੁਲਿਸ ਨੇ ਮੌਕੇ 'ਤੇ ਚਾਰ ਵਿਅਕਤੀਆਂ ਅਵਤਾਰ ਚੰਦ ਉਰਫ ਭਲਵਾਨ (ਵਾਸੀ ਕੋਟ ਗਰੇਵਾਲ), ਸੁਲੈਮਾਨ ਉਰਫ ਸੁਲਤਾਨ (ਵਾਸੀ ਬਿਹਾਰ) (ਵਾਸੀ ਸਹਾਰਨਪੁਰ, ਯੂ.ਪੀ.), ?ਬਲਾਲ (ਵਾਸੀ ਸਹਾਰਨਪੁਰ, ਯੂ.ਪੀ.)ਨੂੰ ਕਾਬੂ ਕੀਤਾ ਹੈ।

ਦੁਸਾਂਝ ਕਲਾਂ ਪੁਲਿਸ ਨੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ ਅਤੇ ਮੁਲਜ਼ਮਾਂ ਨੂੰ ਅੱਗੇ ਦੀ ਕਾਰਵਾਈ ਲਈ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਸ੍ਰੀ ਅਨੰਦਪੁਰ ਸਾਹਿਬ ਵਿੱਚ ਮੀਟ ਵਿਕਰੀ ਬਾਰੇ ਹਾਈ ਕੋਰਟ ਤੋਂ ਵਪਾਰੀਆਂ ਨੂੰ ਵੱਡੀ ਰਾਹਤ

ਅਨੰਦਪੁਰ ਸਾਹਿਬ-ਸ੍ਰੀ ਅਨੰਦਪੁਰ ਸਾਹਿਬ ਨੂੰ 'ਪਵਿੱਤਰ ਸ਼ਹਿਰ' ਐਲਾਨੇ ਜਾਣ ਤੋਂ ਬਾਅਦ ਮੀਟ ਦੀ ਵਿਕਰੀ 'ਤੇ ਲੱਗਣ ਵਾਲੀ ਸੰਭਾਵਿਤ ਪਾਬੰਦੀ ਨੂੰ ਲੈ ਕੇ ਪੈਦਾ ਹੋਏ ਭੰਬਲਭੂਸੇ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਦੂਰ ਕਰ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਤੱਕ ਸਰਕਾਰ ਵੱਲੋਂ ਪਾਬੰਦੀ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਸਬੰਧੀ ਕੋਈ ਵੱਖਰਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਜਾਂਦਾ, ਉਦੋਂ ਤੱਕ ਮੀਟ ਵਿਕਰੀ 'ਤੇ ਕੋਈ ਰੋਕ ਨਹੀਂ ਹੋਵੇਗੀ। ਹਾਈ ਕੋਰਟ ਨੇ ਸਾਫ਼ ਕਿਹਾ ਹੈ ਕਿ ਵਪਾਰੀ ਆਪਣਾ ਜਾਇਜ਼ ਕਾਰੋਬਾਰ ਬਿਨਾਂ ਕਿਸੇ ਡਰ ਦੇ ਜਾਰੀ ਰੱਖ ਸਕਦੇ ਹਨ। ਸੁਣਵਾਈ ਦੌਰਾਨ ਸੂਬਾ ਸਰਕਾਰ ਨੇ ਮੰਨਿਆ ਕਿ 15 ਦਸੰਬਰ 2025 ਦੇ ਨੋਟੀਫਿਕੇਸ਼ਨ ਤੋਂ ਬਾਅਦ ਪਾਬੰਦੀ ਲਾਗੂ ਕਰਨ ਵਾਲਾ ਕੋਈ ਰਸਮੀ ਹੁਕਮ ਅਜੇ ਜਾਰੀ ਨਹੀਂ ਹੋਇਆ ਹੈ।

# ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ ਸੂਫ਼ੀ ਗਾਇਕ ਹੰਸ ਰਾਜ ਹੰਸ

## ✪ ਰਾਜਨੀਤੀ ਤੋਂ ਪੂਰੀ ਤਰ੍ਹਾਂ ਦੂਰ ਰਹਿਣ ਦਾ ਕੀਤਾ ਐਲਾਨ



ਅੰਮ੍ਰਿਤਸਰ-ਮਸ਼ਹੂਰ ਪੰਜਾਬੀ ਸੂਫੀ ਗਾਇਕ ਹੰਸ ਰਾਜ ਹੰਸ ਬੀਤੇ ਦਿਨੀਂ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਗੁਰੂ ਘਰ ਵਿਚ ਮੱਥਾ ਟੇਕਣ ਤੋਂ ਬਾਅਦ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਅਤੇ ਇਥੋਂ ਮਿਲੀ ਰੂਹਾਨੀ ਖੁਸ਼ੀ ਨੂੰ ਗੂੰਗੇ ਗੁੜ ਵਾਲੀ ਉਦਾਹਰਣ ਦਿੰਦਿਆਂ ਬਿਆਨ ਨਾ ਕਰ ਸਕਣਯੋਗ ਦੱਸਿਆ। ਰਾਜਨੀਤੀ ਤੋਂ ਪੂਰੀ ਤਰ੍ਹਾਂ ਦੂਰ ਰਹਿਣ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ, "ਹੁਣ ਮੈਂ ਸਭ ਕੁਝ ਪ੍ਰਭੂ ਅਤੇ ਸੰਗਤ ਅੱਗੇ ਸਮਰਪਿਤ ਕਰ ਦਿੱਤਾ ਹੈ।" ਸੰਗੀਤ ਨੂੰ ਆਪਣੀ ਜਾਨ ਦੱਸਦਿਆਂ ਉਨ੍ਹਾਂ ਸਰੋਤਿਆਂ ਨੂੰ ਪੁਰਾਤਨ ਕੀਰਤਨ ਸੁਣਨ ਦੀ ਸਲਾਹ ਦਿੱਤੀ। ਫਿਲਮਾਂ ਵਿਚ ਵਾਪਸੀ ਬਾਰੇ ਉਨ੍ਹਾਂ ਕਿਹਾ ਕਿ ਉਮਰ ਅਨੁਸਾਰ ਚੰਗੀ ਆਫਰ ਆਈ ਤਾਂ ਜ਼ਰੂਰ ਕੰਮ ਕਰਨਗੇ।

# 2027 ਵਿਧਾਨ ਸਭਾ ਚੋਣਾਂ ਲਈ ਅਕਾਲੀ ਦਲ ਨੇ ਰਾਮਪੁਰਾ ਫੂਲ ਤੋਂ ਮਲੂਕਾ ਨੂੰ ਐਲਾਨਿਆ ਉਮੀਦਵਾਰ



ਬਠਿੰਡਾ-ਰਾਮਪੁਰਾ ਫੂਲ ਵਿਖੇ ਹੋਈ 'ਪੰਜਾਬ ਬਚਾਓ ਰੈਲੀ' ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨੇ ਸਿਕੰਦਰ ਸਿੰਘ ਮਲੂਕਾ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਰਾਮਪੁਰਾ ਫੂਲ ਤੋਂ ਪਾਰਟੀ ਦਾ ਉਮੀਦਵਾਰ ਐਲਾਨ ਦਿੱਤਾ ਹੈ। ਸੁਖਬੀਰ ਬਾਦਲ ਨੇ ਮਲੂਕਾ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਕੀਤੀ।

# ਬਠਿੰਡਾ ਵਿਚ ਬੇਅਦਬੀ ਦੀ ਮੰਦਭਾਗੀ ਘਟਨਾ ਵਾਪਰੀ

## ✪ ਬਾਬਾ ਦੀਪ ਸਿੰਘ ਨਗਰ ਵਿਚ ਗੁਟਕਾ ਸਾਹਿਬ ਦੇ ਅੰਗ ਖਿੰਡੇ ਮਿਲੇ, ਇਲਾਕੇ ਵਿਚ ਰੋਸ



ਬਠਿੰਡਾ-ਬਠਿੰਡਾ ਦੇ ਬਾਬਾ ਦੀਪ ਸਿੰਘ ਨਗਰ ਇਲਾਕੇ ਵਿਚ ਗੁਰਦੁਆਰਾ ਸਾਹਿਬ ਦੇ ਨੇੜੇ ਗੁਟਕਾ ਸਾਹਿਬ ਦੀ ਬੇਅਦਬੀ ਦਾ ਇੱਕ ਹੋਰ ਮੰਦਭਾਗਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਨੇ ਇਲਾਕੇ ਦੀ ਸੰਗਤ ਵਿਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਸਵੇਰੇ ਜਦੋਂ ਸੰਗਤ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੀ, ਤਾਂ ਉਨ੍ਹਾਂ ਨੇ ਗੁਟਕਾ ਸਾਹਿਬ ਦੇ ਅੰਗ ਫਟੇ ਹੋਏ ਅਤੇ ਇੱਧਰ-ਉੱਧਰ ਖਿੱਲਰੇ ਦੇਖੇ।

ਘਟਨਾ ਦਾ ਪਤਾ ਲੱਗਦਿਆਂ ਹੀ ਗੁਰਦੁਆਰਾ ਕਮੇਟੀ ਵੱਲੋਂ ਤੁਰੰਤ ਸਥਾਨਕ ਪੁਲਸ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਸੂਚਿਤ ਕੀਤਾ ਗਿਆ। ਮੌਕੇ 'ਤੇ ਪਹੁੰਚੇ ਅਧਿਕਾਰੀਆਂ ਅਤੇ ਸੰਗਤ ਵੱਲੋਂ ਗੁਟਕਾ ਸਾਹਿਬ ਦੇ ਅੰਗਾਂ ਨੂੰ ਇਕੱਤਰ ਕਰਕੇ ਬੜੇ ਸਤਿਕਾਰ ਸਹਿਤ ਗੁਰਦੁਆਰਾ ਸਾਹਿਬ ਵਿਖੇ ਪਹੁੰਚਾਇਆ ਗਿਆ।ਥਾਣਾ ਕੈਨਾਲ ਦੀ ਪੁਲਸ ਵੱਲੋਂ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।ਤਲਵੰਡੀ ਸਾਬੋ ਸਥਿਤ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇੱਕ ਟੀਮ ਮੌਕੇ 'ਤੇ ਪਹੁੰਚੀ ਹੈ ਅਤੇ ਉਹ ਖੁਦ ਵੀ ਮਾਮਲੇ ਦੀ ਪੜਤਾਲ ਕਰ ਰਹੀ ਹੈ।

# ਚੰਡੀਗੜ੍ਹ ਵਿੱਚ ਹੋਲੀ ਤੋਂ ਪਹਿਲਾਂ ਬੰਬ ਧਮਾਕੇ ਦੀ ਧਮਕੀ

## ✪ ਸੁਰੱਖਿਆ ਏਜੰਸੀਆਂ ਹਾਈ ਅਲਰਟ ਉਪਰ

ਚੰਡੀਗੜ੍ਹ-ਹੋਲੀ ਦੇ ਤਿਉਹਾਰ ਤੋਂ ਠੀਕ ਪਹਿਲਾਂ ਚੰਡੀਗੜ੍ਹ ਵਿੱਚ ਇੱਕ ਈ-ਮੇਲ ਰਾਹੀਂ ਬੰਬ ਧਮਾਕੇ ਦੀ ਧਮਕੀ ਦਿੱਤੀ ਗਈ ਹੈ, ਜਿਸ ਤੋਂ ਬਾਅਦ ਸ਼ਹਿਰ ਵਿੱਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਇਸ ਧਮਕੀ ਭਰੀ ਈ-ਮੇਲ ਨੇ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਹਾਈ ਅਲਰਟ 'ਤੇ ਲਿਆ ਦਿੱਤਾ ਹੈ। ਈ-ਮੇਲ ਵਿੱਚ ਸ਼ਹਿਰ ਦੇ ਦੋ ਮੁੱਖ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਸੀ: ਸੈਕਟਰ-34 ਸਥਿਤ ਪਾਸਪੋਰਟ ਦਫ਼ਤਰ, ਇੰਡਸਟਰੀਅਲ ਏਰੀਆ ਫੇਜ਼-2, ਪੁਲਿਸ ਵੱਲੋਂ ਕੀਤੀ ਗਈ ਕਾਰਵਾਈ। ਸੂਚਨਾ ਮਿਲਦਿਆਂ ਹੀ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਤੁਰੰਤ ਹਰਕਤ ਵਿੱਚ ਆ ਗਈਆਂ। ਦੋਵਾਂ ਸ਼ੱਕੀ ਸਥਾਨਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਗਈ। ਫਿਲਹਾਲ, ਕੋਈ ਵੀ ਵਿਸਫੋਟਕ ਸਮੱਗਰੀ ਜਾਂ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਹੈ। ਸੈਕਟਰ-34 ਅਤੇ ਇੰਡਸਟਰੀਅਲ ਏਰੀਆ ਵੱਲ ਜਾਣ ਵਾਲੇ ਸਾਰੇ ਰਸਤਿਆਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ। ਖਾਸ ਤੌਰ 'ਤੇ ਦੂਜੇ ਰਾਜਾਂ ਤੋਂ ਆਉਣ ਵਾਲੇ ਵਾਹਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਸਿੱਖ ਵਿਦਵਾਨ ਤੇ ਰਾਜਨੀਤਕ ਵਿਸ਼ਲੇਸ਼ਕ ਭਾਈ ਹਰਿਸਿਮਰਨ ਸਿੰਘ ਦਾ ਸਦੀਵੀ ਵਿਛੋੜਾ

**ਤਲਵਿੰਦਰ ਸਿੰਘ ਬੁੱਟਰ**



ਭਾਈ ਹਰਿਸਿਮਰਨ ਸਿੰਘ ਸ੍ਰੀ ਅਨੰਦਪੁਰ ਸਾਹਿਬ ਦੇ ਤੁਰ ਜਾਣ ਨਾਲ ਅਸੀਂ ਇਕ ਬਹੁਪੱਖੀ ਤੇ ਗੰਭੀਰ ਦਾਰਸ਼ਨਿਕ ਸ਼ਖ਼ਸੀਅਤ ਤੋਂ ਵਾਂਝੇ ਹੋ ਗਏ ਹਾਂ, ਜਿਨ੍ਹਾਂ ਨੂੰ ਕੁਦਰਤ ਨੇ ਕਈ ਬਰਕਤਾਂ ਨਾਲ ਨਿਵਾਜਿਆ ਹੋਇਆ ਸੀ। ਉਹ ਇਕ ਤੁਰਦਾ-ਫਿਰਦਾ ਇਤਿਹਾਸ ਸਨ। ਉਹ ਇਕੋ ਸਮੇਂ ਵਿਦਵਾਨ, ਰਾਜਨੀਤਕ ਵਿਸ਼ਲੇਸ਼ਕ, ਸਿੱਖ ਚਿੰਤਕ ਤੇ ਰਹੱਸਵਾਦੀ ਸਨ ਅਤੇ ਬੇਬਾਕੀ ਨਾਲ ਨਿਰਵੈਰ ਹੋ ਕੇ ਆਪਣੀ ਗੱਲ ਕਰਨ ਦੀ ਜੁਰੱਅਤ ਵੀ ਰੱਖਦੇ ਸਨ। ਉਨ੍ਹਾਂ ਨੇ ਨਾ-ਸਿਰਫ਼ ਸਿੱਖ ਦਰਸ਼ਨ ਤੇ ਸਿੱਖ ਇਤਿਹਾਸ ਨੂੰ ਆਲਮੀ ਤੇ ਵਿਸਮਾਦੀ ਚਿੰਤਨ ਦੀਆਂ ਅੰਤਰ-ਦ੍ਰਿਸ਼ਟੀਆਂ ਤੋਂ ਪੇਸ਼ ਕੀਤਾ, ਸਗੋਂ ਉਨ੍ਹਾਂ ਨੇ ਵੀਹਵੀਂ ਸਦੀ ਦੇ ਬਿਖੜੇ ਪੰਥਕ ਦੌਰ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਤੇ ਅਜੋਕੇ ਸਿੱਖ ਇਤਿਹਾਸ ਦਾ ਇਕ ਪਾਤਰ ਬਣ ਕੇ ਵੀ ਜੀਵਨ ਜੀਵਿਆ। ਉਨ੍ਹਾਂ ਨੇ ਜਿਵੇਂ ਡੇਢ ਦਰਜਨ ਦੇ ਕਰੀਬ ਕਿਤਾਬਾਂ ਵਿਚ ਆਪਣੇ ਅਨੁਭਵ ਨੂੰ ਪੇਸ਼ ਕੀਤਾ, ਉਹ ਸਿੱਖ ਦਰਸ਼ਨ, ਸਿੱਖ ਰਾਜਨੀਤੀ ਤੇ ਧਰਮ ਇਤਿਹਾਸ ਦਾ ਸੁਨਹਿਰੀ ਪੰਨਾ ਹੈ।

ਮਾਤਾ ਬਲਵੰਤ ਕੌਰ ਤੇ ਪਿਤਾ ਗਿਆਨੀ ਕਰਤਾਰ ਸਿੰਘ ਦੇ ਘਰ ਲੁਧਿਆਣਾ ਵਿਚ 4 ਅਗਸਤ 1950 ਨੂੰ ਜਨਮੇ ਭਾਈ ਹਰਿਸਿਮਰਨ ਸਿੰਘ ਦੇ ਵੱਡ-ਵਡੇਰਿਆਂ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਰਿਹਾ ਹੈ। ਇਨ੍ਹਾਂ ਦੇ ਪੜਦਾਦੇ ਦੇ ਪਿਤਾ ਭਾਈ ਚਾਨਣਾ ਸਿੰਘ 'ਸਰਕਾਰ-ਏ-ਖ਼ਾਲਸਾ' ਦੇ ਲਾਹੌਰ ਕਿਲ੍ਹੇ ਦੀ ਬਾਰਾਂਦਰੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਤੇ ਪੜਦਾਦਾ ਭਾਈ ਪੰਜਾਬ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਰੱਖਿਆ ਦਸਤੇ ਵਿਚ 'ਘੋੜ ਚੜ੍ਹੇ' ਸਨ। ਇਸੇ ਕਾਰਨ ਖੂਨ ਵਿਚ ਹੀ ਭਾਈ ਹਰਿਸਿਮਰਨ ਸਿੰਘ ਨੂੰ ਪੰਥਕ ਸਮਰਪਣ, ਦਲੇਰੀ, ਵਿਦਵਤਾ, ਸਿੱਖ ਸਿਧਾਂਤਵੇਤਾ ਅਤੇ ਭਵਿੱਖਮੁਖੀ ਨੀਤੀਵੇਤਾ ਵਾਲੇ ਗੁਣ ਮਿਲੇ। 1956 ਵਿਚ ਇਨ੍ਹਾਂ ਦੇ ਮਾਤਾ-ਪਿਤਾ ਪਰਿਵਾਰ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆ ਕੇ ਵਸੇ ਕਿਉਂਕਿ 1947 ਦੀ ਵੰਡ ਵੇਲੇ ਪਾਕਿਸਤਾਨ ਦੇ ਜ਼ਿਲ੍ਹਾ ਸਰਗੋਧਾ ਲੰਗਰ ਮਖ਼ਦੂਮ ਤੋਂ ਉੱਜੜ ਕੇ ਚੜ੍ਹਦੇ ਪੰਜਾਬ ਵੱਲ ਆਉਣ ਵੇਲੇ ਪਿਤਾ ਗਿਆਨੀ ਕਰਤਾਰ ਸਿੰਘ ਨੇ ਇਕ ਅਰਦਾਸ ਕੀਤੀ ਸੀ ਕਿ ਜੇ ਫਿਰਕੂ ਤੇ ਜਨੂੰਨੀ ਅੱਗ ਤੋਂ ਬਚ ਕੇ ਉਹ ਸਹੀ ਸਲਾਮਤ ਪੁੱਜ ਗਏ ਤਾਂ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਵਸਣਗੇ। ਬਚਪਨ ਤੋਂ ਲੈ ਕੇ ਆਪਣੇ ਆਖ਼ਰੀ ਸਾਹਾਂ ਤੱਕ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਜੀਵਨ ਬਿਤਾਉਂਦਿਆਂ ਭਾਈ ਹਰਿਸਿਮਰਨ ਸਿੰਘ ਨੇ ਜਿਥੇ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਸਜੀਵ ਵਿਰਾਸਤ, ਫ਼ਲਸਫ਼ੇ ਤੇ ਵਿਸਮਾਦੀ ਫ਼ਿਜ਼ਾ ਨੂੰ ਆਪਣੇ ਅਨੁਭਵ ਦੇ ਤਲ 'ਤੇ ਮਾਣਿਆ, ਉੱਥੇ ਇਸ ਗੁਰੂ ਨਗਰੀ ਦੇ ਭੂਗੋਲਿਕ, ਰਾਜਨੀਤਕ ਤੇ ਵਿਚਾਰਕ ਰੂਪ-ਆਕਾਰ ਵੀ ਬਦਲਦੇ ਅੱਖੀਂ ਵੇਖੇ। ਇਸੇ ਕਾਰਨ ਉਹ ਇਹ ਗੱਲ ਜ਼ੋਰ ਦੇ ਕੇ ਕਹਿੰਦੇ ਸਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਬਰਾਬਰੀ, ਭਾਈਚਾਰੇ ਤੇ ਨਿਰਮਲ ਸਮਾਜ ਦੀ ਨੀਂਹ ਰੱਖੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸੇ ਦੀ ਸਾਜਨਾ ਦੇ ਨਾਲ ਇਸ ਨੂੰ ਮੁਕੰਮਲਤਾ ਦਿੱਤੀ। 1970 ਦੇ ਦਹਾਕੇ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੜ੍ਹਾਈ ਦੌਰਾਨ ਸਿੱਖ ਵਿਦਿਆਰਥੀ ਲਹਿਰ ਨਾਲ ਜੁੜਨ ਤੋਂ ਬਾਅਦ ਉਹ ਲਗਾਤਾਰ ਆਪਣੀਆਂ ਅਗਲੇਰੀਆਂ ਮੰਜ਼ਿਲਾਂ ਵੱਲ ਵਧਦੇ ਗਏ ਅਤੇ ਪੰਥਕ ਸਰਗਰਮੀਆਂ ਦੇ ਨਾਲ-ਨਾਲ ਐਮ.ਏ. ਤੇ ਐਲ.ਐਲ.ਬੀ. ਵੀ ਕੀਤੀ। 1972 ਵਿਚ ਬੀਬੀ ਕੁਲਵੰਤ ਕੌਰ ਦੇ ਨਾਲ ਗ੍ਰਿਹਸਥ ਜੀਵਨ ਵਿਚ ਪ੍ਰਵੇਸ਼ ਕੀਤਾ। ਭਾਈ ਹਰਿਸਿਮਰਨ ਸਿੰਘ ਨੂੰ 80ਵਿਆਂ ਦੇ ਦਹਾਕੇ ਦੌਰਾਨ ਪੰਜਾਬ ਵਿਚ ਪੰਥਕ ਤੇ ਰਾਜਨੀਤਕ ਅਧਿਕਾਰਾਂ ਦੇ ਸੰਘਰਸ਼ ਨੇ ਡਾਢਾ ਪ੍ਰਭਾਵਿਤ ਕੀਤਾ। ਉਨ੍ਹਾਂ ਨੂੰ ਸਿਰਦਾਰ ਕਪੂਰ ਸਿੰਘ ਵਰਗੇ ਰੌਸ਼ਨ-ਦਿਮਾਗ਼ ਸਿੱਖ ਆਗੂਆਂ ਦੀ ਸੰਗਤ ਵਿਚ ਰਹਿਣ ਦਾ ਸੁਭਾਗ ਵੀ ਮਿਲਿਆ ਅਤੇ ਉਹ 1978 ਵਿਚ ਗਠਿਤ ਹੋਈ ਦਲ ਖ਼ਾਲਸਾ ਜਥੇਬੰਦੀ ਦੇ ਪੰਜ ਮੁਢਲੇ ਸੰਸਥਾਪਕ ਮੈਂਬਰਾਂ 'ਚੋਂ ਇਕ ਸਨ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿਚ 29 ਸਤੰਬਰ 1981 ਨੂੰ ਦਲ ਖ਼ਾਲਸਾ ਵਲੋਂ ਭਾਈ ਗਜਿੰਦਰ ਸਿੰਘ ਦੀ ਅਗਵਾਈ ਹੇਠ ਪੰਜ ਮੈਂਬਰਾਂ ਨੇ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਅਗਵਾ ਕਰ ਲਿਆ। ਭਾਈ ਹਰਿਸਿਮਰਨ ਸਿੰਘ ਨੂੰ ਇਸ ਘਟਨਾ ਦਾ ਮੁੱਖ ਸਾਜਿਸ਼ਕਾਰ ਮੰਨਿਆ ਗਿਆ। ਜਨਵਰੀ 1982 ਨੂੰ ਭਾਈ ਹਰਿਸਿਮਰਨ ਸਿੰਘ ਨੂੰ ਮੁਹਾਲੀ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ 'ਤੇ ਅਥਾਹ ਤਸ਼ੱਦਦ ਢਾਹਿਆ ਗਿਆ। ਜੇਲ੍ਹ ਯਾਤਰਾ ਦੌਰਾਨ ਇਨ੍ਹਾਂ ਨੇ ਅਕਾਦਮਿਕ ਅਧਿਐਨ ਤੇ ਲਿਖਣ ਦੇ ਕਾਰਜਾਂ 'ਤੇ ਜ਼ੋਰ ਦਿੱਤਾ। 1986 ਵਿਚ ਰਿਹਾਈ ਤੋਂ ਬਾਅਦ ਉਹ ਸ੍ਰੀ ਅਨੰਦਪੁਰ ਸਾਹਿਬ ਆ ਕੇ ਰਹਿਣ ਲੱਗੇ ਅਤੇ 'ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸਡ ਸਿੱਖ ਸਟੱਡੀਜ਼' ਦੀ ਸਥਾਪਨਾ ਕਰ ਕੇ ਸਿੱਖ ਧਰਮ, ਇਤਿਹਾਸ, ਫ਼ਲਸਫ਼ੇ ਤੇ ਆਲਮੀ ਪ੍ਰਸੰਗ ਨੂੰ ਸਾਹਮਣੇ ਰੱਖ ਕੇ ਪੰਥਕ ਰਾਜਨੀਤੀ ਦੇ ਡੂੰਘਾਈ ਨਾਲ ਅਧਿਐਨ ਕਾਰਜ ਆਰੰਭ ਦਿੱਤੇ। ਉਨ੍ਹਾਂ ਨੇ ਸਿੱਖ ਪੰਥ ਦੀ ਝੋਲੀ 18 ਪੁਸਤਕਾਂ ਪਾਈਆਂ, ਜਿਨ੍ਹਾਂ 'ਚ ਸਿੱਖ ਹੱਕਾਂ ਦੀ ਭੂਮਿਕਾ (1977), ਸਿੱਖ ਰਾਜਨੀਤੀ ਸ਼ਾਸਤਰ ਦੀ ਭੂਮਿਕਾ (1995), ਸਿੱਖ ਨੈਤਿਕਤਾ ਦਾ ਨੀਤੀ ਸ਼ਾਸਤਰ-ਇਕ ਪੰਥਕ ਏਜੰਡਾ (1998), ਸਿੱਖ ਵਿਜ਼ਨ-2025 (2006), ਤੀਸਰੇ ਬਦਲ ਦਾ ਸੱਚ : ਅਕਾਲ ਤਖ਼ਤ ਸਾਹਿਬ ਗਲੋਬਲ ਦ੍ਰਿਸ਼ਟੀ (2011), ਅਕਾਲ ਤਖ਼ਤ ਸਾਹਿਬ ਦੇ ਪੰਥਕ ਸਰੋਕਾਰ (2014), ਵਿਸਮਾਦ : ਤੀਸਰਾ ਬਦਲ (ਬ੍ਰਹਿਮੰਡ ਅਤੇ ਮਾਨਵ ਜਾਤੀ ਦਾ ਸਾਬਤ ਸਿਧਾਂਤ) (2016), ਵਿਸਮਾਦੀ ਵਿਸ਼ਵ ਆਰਡਰ (ਵਿਸ਼ਵ ਸੱਭਿਆਚਾਰਾਂ ਦਾ ਬਹੁ-ਸੰਘ (2019), ਖ਼ਾਲਸਾ ਨੀਤੀ ਸ਼ਾਸਤਰ (ਰਾਜ ਕਰੇਗਾ ਖ਼ਾਲਸਾ ਦੇ ਵਿਸਮਾਦੀ ਗਲੋਬਲ ਪਸਾਰ) (2020), ਬਦਲਵਾਂ ਵਿਕਾਸ ਮਾਡਲ (ਖੇਤੀ



ਸਮੱਸਿਆਵਾਂ ਦੇ ਸਥਾਈ ਹੱਲ (2021), ਅੰਗਰੇਜ਼ੀ ਦੀ ਪੁਸਤਕ ਆਲਟਰਨੇਟਿਵ ਸਟੇਟ ਐਂਡ ਗਲੋਬਲ ਆਰਡਰ (ਸੋਸ਼ਲ ਐਪਲੀਕੇਸ਼ਨ ਆਫ ਨੇਚਰ, 2022), ਪੰਜਾਬ ਏਜੰਡਾ (ਕਰਤਾਰਪੁਰੀ ਮਾਡਲ ਦੀਆਂ ਲੀਹਾਂ 'ਤੇ ਪੰਜਾਬ ਦੀ ਵਿਸਮਾਦੀ ਨਵ-ਉਸਾਰੀ ਦਾ ਰਾਜਨੀਤਕ ਅਤੇ ਸੱਤਾ ਬਿਰਤਾਂਤ, 2024) ਸ਼ਾਮਿਲ ਹਨ ਅਤੇ 19ਵੀਂ ਪੁਸਤਕ ਉਨ੍ਹਾਂ ਆਪਣੀ 'ਸਵੈ-ਜੀਵਨੀ : ਇਕ ਸੰਘਰਸ਼ਸ਼ੀਲ ਕਲਮੀ ਯੋਧੇ ਦਾ ਜੀਵਨ ਸਫ਼ਰ' ਲਿਖੀ ਸੀ, ਜਿਸ ਦੀ ਸੁਧਾਈ ਦੇ ਅੰਤਿਮ ਕਾਰਜ ਸ. ਸਰਬਜੀਤ ਸਿੰਘ ਘੁਮਾਣ ਕਰ ਰਹੇ ਸਨ।

ਪਿਛਲੇ ਕੁਝ ਮਹੀਨਿਆਂ ਤੋਂ ਭਾਈ ਹਰਿਸਿਮਰਨ ਸਿੰਘ ਬੇਹੱਦ ਸਰੀਰਕ ਕਸ਼ਟਾਂ 'ਚੋਂ ਗੁਜ਼ਰਦੇ ਹੋਏ ਵੀ ਮਾਨਸਿਕ ਤੌਰ 'ਤੇ ਚੜ੍ਹਦੀ ਕਲਾ 'ਚ ਅਤੇ ਪੰਥ ਤੇ ਮਾਨਵਤਾ ਲਈ ਹੋਰ ਵਧੇਰੇ ਬੌਧਿਕ ਤੇ ਅਕਾਦਮਿਕ ਕਾਰਜ ਕਰਨ ਦੀ ਇੱਛਾ ਰੱਖਦੇ ਸਨ, ਪਰ ਲੰਘੀ 26 ਫਰਵਰੀ ਨੂੰ ਉਹ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦੇ ਪਰਿਵਾਰ 'ਚ ਸੁਪਤਨੀ ਬੀਬੀ ਕੁਲਵੰਤ ਕੌਰ, ਸਪੁੱਤਰ ਬੀਰਦਵਿੰਦਰ ਸਿੰਘ, ਸਪੁੱਤਰੀਆਂ ਪ੍ਰੋ. ਸਤਿੰਦਰ ਕੌਰ ਤੇ ਡਾ. ਰਵਨੀਤ ਕੌਰ ਹਨ।

ਭਾਈ ਹਰਿਸਿਮਰਨ ਸਿੰਘ ਦਾ ਤੁਰ ਜਾਣਾ ਸਿੱਖ ਅਕਾਦਮਿਕਤਾ ਲਈ ਵੱਡਾ ਖ਼ਸਾਰਾ ਹੈ ਤੇ ਉਨ੍ਹਾਂ ਦਾ ਵਿਗੋਚਾ (ਘਾਟ) ਬੌਧਿਕ ਹਲਕਿਆਂ 'ਚ ਲੰਬਾ ਸਮਾਂ ਰੜਕਦਾ ਰਹੇਗਾ। ਉਨ੍ਹਾਂ ਦੇ ਜੀਵਨ ਤੇ ਬੌਧਿਕ ਕਾਰਜਾਂ ਤੋਂ ਸਿੱਖ ਪੰਥ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਉਨ੍ਹਾਂ ਦੀਆਂ ਪੰਥਕ ਘਾਲਣਾਵਾਂ ਤੇ ਸੇਵਾਵਾਂ ਨੂੰ ਵੇਖਦਿਆਂ 2021 ਵਿਚ ਅਕਾਲ ਤਖ਼ਤ ਸਾਹਿਬ ਵਲੋਂ 'ਸਿੱਖ ਪੰਥ ਦੇ ਕੌਮੀ ਚਿੰਤਕ' ਦਾ ਸਨਮਾਨ ਵੀ ਦਿੱਤਾ ਗਿਆ ਸੀ। ਉਨ੍ਹਾਂ ਦੀ ਯਾਦ 'ਚ ਸਿੱਖ ਪੰਥ ਨੂੰ ਭਾਈ ਹਰਿਸਿਮਰਨ ਸਿੰਘ ਦੇ ਵਿਚਾਰਾਂ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਅਤੇ ਬ੍ਰਹਿਮੰਡੀ ਪਰਿਪੇਖ ਵਿਚ ਸਿੱਖ ਦਰਸ਼ਨ ਤੇ ਸਿੱਖ ਜੁਗਤ ਨੂੰ ਪੇਸ਼ ਕਰਨ ਲਈ ਅਕਾਦਮਿਕ ਤੇ ਬੌਧਿਕ ਕਾਰਜਾਂ ਦੀ ਉੱਚੀ ਪ੍ਰਵਾਜ਼ ਵੱਲ ਵਧਣਾ ਚਾਹੀਦਾ ਹੈ।

## ਹੰਬੋਲਟ ਬ੍ਰੋਂਕੋਸ ਬੱਸ ਹਾਦਸੇ ਲਈ ਜ਼ਿੰਮੇਵਾਰ ਵਿਅਕਤੀ ਨੂੰ ਕਨੇਡਾ ਤੋਂ ਡਿਪੋਰਟ ਕਰਨ ਦਾ ਮਾਮਲਾ ਮੁੜ ਚਰਚਾ 'ਚ ਆਇਆ

ਵੈਨਕੂਵਰ- (ਮਲਕੀਤ ਸਿੰਘ) - ਸਾਲ 2018 ਵਿੱਚ ਕੈਨੇਡਾ ਦੇ ਸਸਕੈਚਵਨ ਸੂਬੇ ਵਿੱਚ ਵਾਪਰੇ ਦਰਦਨਾਕ ਹੰਬੋਲਟ ਬ੍ਰੋਂਕੋਸ ਬੱਸ ਹਾਦਸੇ ਲਈ ਜ਼ਿੰਮੇਵਾਰ ਮੰਨੇ ਜਾਂਦੇ ਜਸਕੀਰਤ ਸਿੰਘ ਸਿੱਧੂ ਨੂੰ ਆਉਣ ਵਾਲਿਆਂ ਹਫ਼ਤਿਆਂ ਵਿੱਚ ਕੈਨੇਡਾ ਤੋਂ ਡਿਪੋਰਟ ਕਰਨ ਦਾ ਮਾਮਲਾ ਮੁੜ ਚਰਚਾ ਵਿੱਚ ਹੈ ਇਸ ਮਾਮਲੇ ਨੂੰ ਲੈ ਕੇ ਪੀੜਤ ਪਰਿਵਾਰਾਂ ਅਤੇ ਹਾਦਸੇ ਤੋਂ ਬਚੇ ਲੋਕਾਂ ਵਿੱਚ ਵੱਖ-ਵੱਖ ਵਿਚਾਰ ਸਾਹਮਣੇ ਆ ਰਹੇ ਹਨ।



ਹੰਬੋਲਟ ਬ੍ਰੋਂਕੋਸ ਬੱਸ ਹਾਦਸੇ ਨਾਲ ਸੰਬੰਧਿਤ ਜਸਕੀਰਤ ਸਿੰਘ ਸਿੱਧੂ ਦੀ ਇੱਕ ਤਸਵੀਰ

ਜਾਣਕਾਰੀ ਮੁਤਾਬਕ,ਜਸਕੀਰਤ ਸਿੰਘ ਸਿੱਧੂ ਉਹ ਟਰੱਕ ਚਲਾ ਰਿਹਾ ਸੀ ਜਿਸ ਦੀ ਹੰਬੋਲਟ ਬ੍ਰੋਂਕੋਸ ਜੂਨੀਅਰ ਆਈਸ ਹਾਕੀ ਟੀਮ ਦੀ ਬੱਸ ਨਾਲ ਭਿਆਨਕ ਟੱਕਰ ਹੋਈ ਸੀ। ਇਸ ਦਿਲ ਦਹਲਾ ਦੇਣ ਵਾਲੇ ਹਾਦਸੇ ਵਿੱਚ ਕਈ ਖਿਡਾਰੀਆਂ ਅਤੇ ਟੀਮ ਮੈਂਬਰਾਂ ਦੀ ਮੌਤ ਹੋ ਗਈ ਸੀ ਅਤੇ ਕਈ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਸਨ।

ਹੁਣ ਖ਼ਬਰਾਂ ਸਾਹਮਣੇ ਆ ਰਹੀਆਂ ਹਨ ਕਿ ਸਜ਼ਾ ਕੱਟਣ ਤੋਂ ਬਾਅਦ ਜਸਕੀਰਤ ਸਿੰਘ ਸਿੱਧੂ ਨੂੰ ਜਲਦ ਹੀ ਕੈਨੇਡਾ ਤੋਂ ਭਾਰਤ ਡਿਪੋਰਟ ਕੀਤਾ ਜਾ ਸਕਦਾ ਹੈ। ਇਸ ਮਾਮਲੇ ਵਿੱਚ ਕੁਝ ਪੀੜਤ ਪਰਿਵਾਰ ਉਸ ਦੀ ਡਿਪੋਰਟੇਸ਼ਨ ਦਾ ਸਮਰਥਨ ਕਰ ਰਹੇ ਹਨ, ਜਦਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਉਸ ਨੂੰ ਕੈਨੇਡਾ ਵਿੱਚ ਹੀ ਰਹਿਣ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ। ਦੂਜੇ ਪਾਸੇ, ਸਿੱਧੂ ਦੀ ਪਤਨੀ ਅਤੇ ਦੋ ਬੱਚੇ ਕੈਨੇਡਾ ਵਿੱਚ ਰਹਿੰਦੇ ਹਨ ਅਤੇ ਉਹ ਸਰਕਾਰ ਕੋਲ ਅਪੀਲ ਕਰ ਰਹੇ ਹਨ ਕਿ ਪਰਿਵਾਰਕ ਹਾਲਾਤਾਂ ਨੂੰ ਦੇਖਦੇ ਹੋਏ ਉਸ ਨੂੰ ਦੇਸ਼ ਵਿੱਚ ਰਹਿਣ ਦੀ ਆਗਿਆ ਦਿੱਤੀ ਜਾਵੇ।

# ਲੰਡਨ ਵਿੱਚ ਈਸਟ ਇੰਡੀਆ ਕੰਪਨੀ ਦਾ ਨਿਕਲਿਆ ਦੀਵਾਲਾ -170 ਸਾਲਾਂ ਬਾਅਦ ਦੁਬਾਰਾ ਹੋਈ ਬੰਦ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਈਸਟ ਇੰਡੀਆ ਕੰਪਨੀ ਜਿਸ ਨੇ ਕਦੇ ਭਾਰਤ ਤੇ ਰਾਜ ਕੀਤਾ, ਹੁਣ ਲੰਡਨ ਵਿੱਚ ਦੂਜੀ ਵਾਰ ਬੰਦ ਹੋ ਗਈ ਹੈ। 2000 ਦੇ ਦਹਾਕੇ ਵਿੱਚ ਭਾਰਤੀ ਕਾਰੋਬਾਰੀ ਸੰਜੀਵ ਮਹਿਤਾ ਨੇ ਮੇਫੇਅਰ ਲਗਜ਼ਰੀ ਬ੍ਰਾਂਡ ਦੇ ਰੂਪ ਵਿੱਚ ਇਸ ਨੂੰ ਦੁਬਾਰਾ ਲਾਂਚ ਕੀਤਾ ਸੀ, ਜੋ ਚਾਹ ਅਤੇ ਭੋਜਨ ਦਾ ਕਾਰੋਬਾਰ ਕਰਦੀ ਸੀ। ਜਿਸ ਤੇ ਹੁਣ 950,000 ਪੌਂਡ ਤੋਂ ਵੱਧ ਦਾ ਕਰਜ਼ਾ ਸੀ।

ਅਸਲ ਈਸਟ ਇੰਡੀਆ ਕੰਪਨੀ ਲਗਭਗ 152 ਸਾਲ ਪਹਿਲਾਂ ਹੀ ਖ਼ਤਮ ਹੋ ਗਈ ਸੀ, ਪਰ 2010 ਵਿੱਚ ਇੱਕ ਬ੍ਰਿਟਿਸ਼-ਭਾਰਤੀ ਵਪਾਰੀ ਦੁਆਰਾ ਨਾਮ ਦੇ ਅਧਿਕਾਰ ਖਰੀਦ ਕੇ ਇਸਨੂੰ ਮੁੜ ਸੁਰਜੀਤ ਕੀਤਾ। ਪਰ ਉਹ ਈਸਟ ਇੰਡੀਆ ਕੰਪਨੀ ਪ੍ਰੋਜੈਕਟ ਵੀ ਹੁਣ ਦੀਵਾਲੀਆ ਹੋਣ ਤੋਂ ਬਾਅਦ ਖਤਮ ਹੋ ਗਈ ਹੈ।

ਉਸ ਸਮੇਂ ਇਸਨੂੰ ਬਸਤੀਵਾਦੀਆਂ ਦੇ ਬਦਲੇ ਵਜੋਂ ਦੇਖਿਆ ਗਿਆ। ਜਿਸ ਨਾਲ ਵਿਸ਼ਵ ਭਰ ਵਿੱਚ ਚਰਚਾ ਹੋਈ ਕਿ ਭਾਰਤ 'ਤੇ ਰਾਜ ਕਰਨ ਵਾਲੀ ਕੰਪਨੀ ਹੁਣ ਇੱਕ ਭਾਰਤੀ ਵੱਲੋਂ ਚਲਾਈ ਜਾ ਰਹੀ ਹੈ।

ਈਸਟ ਇੰਡੀਆ ਕੰਪਨੀ ਲਿਮਟਿਡ ਨੇ



ਈਸਟ ਇੰਡੀਆ ਕੰਪਨੀ ਦੀ ਦੁਕਾਨ

ਅਕਤੂਬਰ 2025 ਵਿੱਚ ਦੀਵਾਲੀਆਪਨ ਐਲਾਨ ਦਿੱਤਾ। ਇਸ 'ਤੇ £600,000 (6.3 ਕਰੋੜ ਰੁਪਏ) ਤੋਂ ਵੱਧ ਕਰਜ਼ਾ, 193,789 ਪੌਂਡ (2.03 ਕਰੋੜ ਰੁਪਏ) ਟੈਕਸ ਅਤੇ 163,105 ਪੌਂਡ (1.71 ਕਰੋੜ ਰੁਪਏ) ਕਾਮਿਆਂ ਦਾ ਬਕਾਇਆ ਸੀ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੰਜੀਵ ਮਹਿਤਾ ਨਾਲ ਜੁੜੀਆਂ "ਈਸਟ ਇੰਡੀਆ" ਨਾਮ ਨਾਲ ਸਬੰਧਤ ਕੰਪਨੀਆਂ ਨੂੰ ਭੰਗ ਕਰ ਦਿੱਤਾ ਗਿਆ ਹੈ। ਲੰਡਨ ਦੇ ਮੇਫੇਅਰ ਵਿੱਚ 97 ਨਿਊ ਬਾਂਡ ਸਟਰੀਟ 'ਤੇ ਇਸਦੀ ਦੁਕਾਨ ਕਥਿਤ ਤੌਰ 'ਤੇ ਖਾਲੀ ਹੈ।

## ਪੁਲਸ ਐਨਕਾਊਂਟਰ 'ਚ ਮਾਰੇ ਗਏ ਰਣਜੀਤ ਸਿੰਘ ਦੀ ਘਰ ਪਹੁੰਚੀ ਲਾਸ਼, ਧਾਹਾਂ ਮਾਰ ਰੋਂਦੇ ਪਰਿਵਾਰ ਨੇ ਰੱਖੀ ਇਹ ਮੰਗ



ਗੁਰਦਾਸਪੁਰ ਦੇ ਐਕਾਊਂਟਰ ਦੌਰਾਨ ਮਾਰੇ ਗਏ ਰਣਜੀਤ ਸਿੰਘ ਦਾ ਬੀਤੇ ਦਿਨ ਪੋਸਟਮਾਰਟਮ ਹੋਣ ਤੋਂ ਉਪਰੰਤ ਅੱਜ ਪਿੰਡ ਆਦੀਆ ਵਿਖੇ ਉਸ ਦੀ ਲਾਸ਼ ਪਹੁੰਚੀ। ਜਿਵੇਂ ਹੀ ਪਿੰਡ ਵਿਚ ਲਾਸ਼ ਪਹੁੰਚੀ ਤਾਂ ਪੂਰੇ ਪਿੰਡ ਸੋਗ ਦੀ ਲਹਿਰ ਦੌੜ ਪਈ। ਇਸ ਮੌਕੇ ਪਰਿਵਾਰ ਵਾਲਿਆਂ ਦਾ ਰੋ-ਰੋ ਕੇ ਬੁਰਾ ਹਾਲ ਸੀ। ਉਧਰ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਦੋਂ ਤੱਕ ਰਣਜੀਤ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਹਨ। ਇਥੇ ਦੱਸ ਦੇਈਏ ਕਿ ਦੋ ਪੁਲਸ ਮੁਲਾਜ਼ਮਾਂ ਦੇ ਕਤਲ ਮਾਮਲੇ 'ਚ ਗੁਰਦਾਸਪੁਰ ਪੁਲਸ ਵੱਲੋਂ ਕੀਤੇ ਗਏ ਐਨਕਾਊਂਟਰ ਵਿੱਚ ਮਾਰਿਆ ਗਿਆ ਨੌਜਵਾਨ ਰਣਜੀਤ ਸਿੰਘ ਭਾਰਤ ਪਾਕਿਸਤਾਨ ਸਰਹੱਦ ਦੇ ਪਿੰਡ ਆਦੀਆਂ ਦਾ ਰਹਿਣ ਵਾਲਾ ਸੀ।

CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____
SON / DAUGHTER / WIFE OF MR ____
WHOSE PERMANENT ADDRESS IN INDIA IS ____
AND IS NOW LIVING AT ____
____ HEREBY GIVE NOTICE OF MY INTENTION
TO CHANGE MY NAME TO ____
TEL ____

Please send the completed form with payment to:
Panjab Times, Bridle Gate Lane, Derby, DE24 0QW
or email the wording to: panjabtimes@aol.com
TO PAY BY CREDIT CARD TEL: 01332-372851
Account Name: Punjab Times Trust Ltd
Account No: 20853011 Sort Code: 20-25-85

## ਪੰਜਾਬ ਦੇ ਸਿਰ ਕਰਜ਼ੇ ਦਾ ਬੋਝ: 4 ਲੱਖ ਕਰੋੜ ਤੋਂ ਪਾਰ

ਪੰਜਾਬ ਸਰਕਾਰ ਦੀਆਂ ਵਿੱਤੀ ਚੁਣੌਤੀਆਂ ਲਗਾਤਾਰ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ। ਤਾਜ਼ਾ ਅੰਕੜਿਆਂ ਮੁਤਾਬਕ, ਸੂਬੇ ਸਿਰ ਕਰਜ਼ੇ ਦਾ ਬੋਝ 4 ਲੱਖ ਕਰੋੜ ਰੁਪਏ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ, ਜੋ ਕਿ ਸੂਬੇ ਦੀ ਆਰਥਿਕ ਸਥਿਤੀ ਲਈ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ। ਪਿਛਲੇ ਕਈ ਸਾਲਾਂ ਵਿੱਚ ਕਰਜ਼ੇ ਦੇ ਵਾਧੇ ਦਾ ਰੁਝਾਨ ਕੁਝ ਇਸ ਤਰ੍ਹਾਂ ਰਿਹਾ ਹੈ:

ਸਮਾਂ-ਸੀਮਾ
ਕਰਜ਼ੇ ਦੀ ਰਕਮ
2007-08
55,982 ਕਰੋੜ ਰੁਪਏ
2017-18
1.82 ਲੱਖ ਕਰੋੜ ਰੁਪਏ
31 ਮਾਰਚ, 2025
3.83 ਲੱਖ ਕਰੋੜ ਰੁਪਏ
ਜਨਵਰੀ, 2026
4.03 ਲੱਖ ਕਰੋੜ ਰੁਪਏ
ਵਿੱਤੀ ਵਰ੍ਹੇ ਦੇ ਅੰਤ ਤੱਕ (ਅਨੁਮਾਨ)
4.17 ਲੱਖ ਕਰੋੜ ਰੁਪਏ

ਮੁੱਖ ਪਹਿਲੂ ਅਤੇ ਕਾਰਨ

ਨਵੀਂ ਕਰਜ਼ਾ: ਅਪਰੈਲ 2025 ਤੋਂ ਜਨਵਰੀ 2026 ਦੇ ਵਿਚਕਾਰ, ਪੰਜਾਬ ਸਰਕਾਰ ਨੇ 20,769.63 ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਹੈ।

ਵਿਰਾਸਤੀ ਕਰਜ਼ੇ ਦਾ ਭਾਰ: ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਕਹਿਣਾ ਹੈ ਕਿ ਸਰਕਾਰ ਜੋ ਵੀ ਨਵਾਂ ਕਰਜ਼ਾ ਲੈ ਰਹੀ ਹੈ, ਉਸ ਦਾ 85 ਫ਼ੀਸਦੀ ਹਿੱਸਾ ਪੁਰਾਣੇ (ਵਿਰਾਸਤੀ) ਕਰਜ਼ਿਆਂ ਅਤੇ ਉਨ੍ਹਾਂ ਦੇ ਵਿਆਜ ਦੀਆਂ ਕਿਸ਼ਤਾਂ ਨੂੰ ਮੋੜਨ ਲਈ ਵਰਤਿਆ ਜਾ ਰਿਹਾ ਹੈ। ਜੀਐੱਸਟੀ ਮੁਆਵਜ਼ੇ ਵਿੱਚ ਕਮੀ: ਮੌਜੂਦਾ ਸਰਕਾਰ ਨੂੰ ਕੇਂਦਰ ਤੋਂ ਮਿਲਣ ਵਾਲੇ ਜੀਐੱਸਟੀ ਮੁਆਵਜ਼ੇ ਵਿੱਚ ਭਾਰੀ ਕਮੀ ਆਈ ਹੈ। ਪਿਛਲੀ ਸਰਕਾਰ ਦੇ ਸਮੇਂ ਇਹ 72,340 ਕਰੋੜ ਰੁਪਏ ਸੀ, ਜਦਕਿ ਹੁਣ ਇਹ ਘੱਟ ਕੇ 27,832 ਕਰੋੜ ਰੁਪਏ ਰਹਿ ਗਿਆ ਹੈ।

ਆਰਥਿਕ ਬੋਝ: 31 ਮਾਰਚ 2025 ਤੱਕ ਦਾ ਕਰਜ਼ਾ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 44 ਫ਼ੀਸਦੀ ਤੋਂ ਵੀ ਵੱਧ ਬਣਦਾ ਹੈ, ਜੋ ਕਿ ਵਿੱਤੀ ਅਨੁਸ਼ਾਸਨ ਦੇ ਲਿਹਾਜ਼ ਨਾਲ ਕਾਫ਼ੀ ਉੱਚਾ ਹੈ।

### ਸਰਕਾਰ ਦਾ ਪੱਖ

ਸਰਕਾਰ ਦਾ ਤਰਕ ਹੈ ਕਿ ਉਹ ਵਿਰਾਸਤੀ ਕਰਜ਼ਿਆਂ ਦੀਆਂ ਕਿਸ਼ਤਾਂ ਭਰਨ ਲਈ ਮਜਬੂਰ ਹੈ। ਇਸ ਤੋਂ ਇਲਾਵਾ, ਸਰਕਾਰ ਨੇ ਕਰਮਚਾਰੀਆਂ ਦੇ 8,000 ਕਰੋੜ ਰੁਪਏ ਦੇ ਤਨਖ਼ਾਹ ਕਮਿਸ਼ਨ ਦੇ ਬਕਾਏ ਵੀ ਕਲੀਅਰ ਕੀਤੇ ਹਨ, ਜਿਸ ਦਾ ਅਸਰ ਸਰਕਾਰੀ ਖ਼ਜ਼ਾਨੇ 'ਤੇ ਪਿਆ ਹੈ। ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਪੰਜਾਬ ਨੂੰ ਆਉਣ ਵਾਲੇ ਸਮੇਂ ਵਿੱਚ ਆਪਣੀ ਆਮਦਨੀ ਦੇ ਸਰੋਤ ਵਧਾਉਣ ਅਤੇ ਖਰਚਿਆਂ ਨੂੰ ਨਿਯੰਤਰਿਤ ਕਰਨ ਲਈ ਸਖ਼ਤ ਵਿੱਤੀ ਫੈਸਲੇ ਲੈਣੇ ਪੈ ਸਕਦੇ ਹਨ।

## ਬਸਪਾ ਵੱਲੋਂ ਆਦਮਪੁਰ ਵਿਚ ਵੱਡਾ ਫੈਸਲਾ !
## ਐਡਵੋਕੇਟ ਬਲਵਿੰਦਰ ਕੁਮਾਰ ਬਣੇ ਹਲਕਾ ਇੰਚਾਰਜ




ਜਲੰਧਰ-ਬਹੁਜਨ ਸਮਾਜ ਪਾਰਟੀ (ਬਸਪਾ) ਨੇ ਹਲਕਾ ਆਦਮਪੁਰ ਲਈ ਐਡਵੋਕੇਟ ਬਲਵਿੰਦਰ ਕੁਮਾਰ ਨੂੰ ਨਵਾਂ ਇੰਚਾਰਜ ਨਿਯੁਕਤ ਕੀਤਾ ਹੈ। ਐਲਾਨ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਗੁਰਦੁਆਰਾ ਰਵਿਦਾਸ ਜੀ ਬਿਆਸ ਵਿਖੇ ਵਰਕਰਾਂ ਦੀ ਮੀਟਿੰਗ ਵਿੱਚ ਕੀਤਾ।

## ਯੂਕੇ ਨੇ ਵੀ ਇਰਾਨ ਜੰਗ 'ਚ ਐਂਟਰੀ ਮਾਰੀ !

### ✪ ਜੰਗੀ ਜਹਾਜ਼ ਤਾਇਨਾਤ

ਲੰਡਨ-ਇਰਾਨੀ ਡਰੋਨ ਵੱਲੋਂ ਸਾਈਪ੍ਰਸ ਵਿਚ ਬ੍ਰਿਟਿਸ਼ ਏਅਰ ਬੇਸ ਅਕਰੋਤੀਰੀ 'ਤੇ ਹਮਲੇ ਤੋਂ ਬਾਅਦ ਯੂਕੇ ਨੇ ਰਾਇਲ ਨੇਵੀ ਦਾ ਉੱਨਤ ਟਾਈਪ-45 ਡਿਸਟ੍ਰੋਇਰ ਜਹਾਜ਼ ਐਚਐਮਐਸ ਡਨਕੈਨ ਤਾਇਨਾਤ ਕਰ ਦਿੱਤਾ ਹੈ। ਰੱਖਿਆ ਮੰਤਰੀ ਜੌਨ ਹੀਲੀ ਨੇ ਇਹ ਫੈਸਲਾ ਲਿਆ। ਇਹ ਜਹਾਜ਼ ਡਰੋਨ ਤੇ ਮਿਜ਼ਾਈਲਾਂ ਰੋਕਣ ਵਿਚ ਮਾਹਿਰ ਹੈ।

## ਸਿਹਤ ਤੇ ਸੁੰਦਰਤਾ



# ਅਣਗਿਣਤ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ ਖੰਡ

## ਸਿਹਤ ਚਰਚਾ

ਅਸ਼ਵਨੀ ਚਤਰਥ

ਮੈਡੀਕਲ ਖੇਤਰ ਦੇ ਮਾਹਿਰਾਂ ਵਲੋਂ ਕੀਤੀਆਂ ਗਈਆਂ ਖੋਜਾਂ ਨੇ ਰਸੋਈ ਵਿਚ ਵਰਤੀ ਜਾਣ ਵਾਲੀ ਆਮ ਖੰਡ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਸਾਡੇ ਸਮਾਜ ਨੂੰ ਸੁਚੇਤ ਕੀਤਾ ਹੈ। ਇਹ ਖੰਡ ਇਨਸਾਨ ਦੀਆਂ ਕੈਲੋਰੀਆਂ ਭਾਵ ਕਿ ਖੂਨ ਵਿਚ ਗੁਲੂਕੋਜ਼ ਦੀ ਮਾਤਰਾ ਤਾਂ ਵਧਾ ਦਿੰਦੀ ਹੈ ਪਰ ਸਰੀਰ ਲਈ ਲੋੜੀਂਦੇ ਬਾਕੀ ਤੱਤਾਂ ਜਿਵੇਂ ਵਿਟਾਮਿਨ, ਖਣਿਜ ਤੇ ਪ੍ਰੋਟੀਨ ਆਦਿ ਦੀ ਪੂਰਤੀ ਨਹੀਂ ਕਰਦੀ। ਇਸ ਨਾਲ ਆਦਮੀ ਦਾ ਭਾਰ ਵਧ ਜਾਣ ਨਾਲ ਉਸ ਨੂੰ ਅਨੇਕਾਂ ਬਿਮਾਰੀਆਂ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ। ਵਿਗਿਆਨਕ ਖੋਜਾਂ ਨੇ ਸਿੱਧ ਕੀਤਾ ਹੈ ਕਿ ਖੰਡ ਭਰਪੂਰ ਭੋਜਨ ਪਦਾਰਥ ਖਾਣ ਨਾਲ ਡਿਪਰੈਸ਼ਨ ਹੁੰਦਾ ਹੈ, ਭਾਵ ਕਿ ਉਦਾਸੀ ਜਾਂ ਨਿਰਾਸ਼ਾਜਨਕ ਵਿਚਾਰ ਪੈਦਾ ਹੁੰਦੇ ਹਨ। ਖੰਡ ਮਾਨਸਿਕ ਤਣਾਅ ਪੈਦਾ ਕਰਨ ਵਾਲੇ ਤੱਤ ਵਧਾ ਦਿੰਦੀ ਹੈ, ਜਿਸ ਨਾਲ ਇਹ ਮਨੁੱਖ ਵਿਚ ਚਿੰਤਾ, ਚਿੜਚਿੜਾਪਣ ਅਤੇ ਮਾਨਸਿਕ ਦਬਾਅ ਦੇ ਹੋਰ ਲੱਛਣ ਪੈਦਾ ਹੁੰਦੇ ਹਨ।

ਖੰਡ ਦੀ ਵਧੇਰੇ ਵਰਤੋਂ ਨਾਲ ਬਲੱਡ ਪ੍ਰੈਸ਼ਰ ਅਤੇ ਟ੍ਰਾਈਗਲਿਸ੍ਰਾਇਡ ਵਧਦਾ ਹੈ, ਜੋ ਦਿਲ ਦੀਆਂ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਖੋਜਾਂ ਨੇ ਸਿੱਧ ਕੀਤਾ ਹੈ ਕਿ ਜੂਸ, ਠੰਢੇ ਪੀਣ ਵਾਲੇ ਪਦਾਰਥਾਂ ਦੀਆਂ ਬੋਤਲਾਂ ਅਤੇ ਸ਼ਰਬਤਾਂ ਦੇ ਵਰਤਣ ਨਾਲ ਉਨ੍ਹਾਂ ਵਿਚਲੀ ਖੰਡ ਆਦਮੀ ਦੇ ਭਾਰ ਨੂੰ ਵਧਾਉਂਦੀ ਹੈ, ਜੋ ਦਿਲ ਦੇ ਰੋਗਾਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਸਰੀਰ 'ਚ ਖੰਡ ਦੀ ਮਾਤਰਾ ਵਧ ਜਾਣ ਨਾਲ ਖ਼ੂਨ ਦੀਆਂ ਨਾਲੀਆਂ ਦੇ ਉੱਤੇ ਚਰਬੀ ਜੰਮਣ ਲਗਦੀ ਹੈ, ਜੋ ਦਿਲ ਦੇ ਰੋਗਾਂ ਨੂੰ ਜਨਮ ਦਿੰਦੀ ਹੈ। ਖੰਡ ਵੱਧ ਖਾਣ ਦਾ ਚਮੜੀ ਦੇ ਨਿਖ਼ਾਰ 'ਤੇ ਵੀ ਮਾੜਾ ਅਸਰ ਪੈਂਦਾ ਹੈ। ਖੂਨ ਵਿਚ ਖੰਡ ਦੀ ਮਾਤਰਾ ਵਧਣ ਨਾਲ ਫਿਣਸੀਆਂ, ਕਿੱਲ ਤੇ ਮੁਹਾਸੇ ਵੱਧ ਨਿਕਲਦੇ ਹਨ। ਇਸ ਲਈ ਚਮੜੀ ਅਤੇ ਚਿਹਰੇ ਦੀ ਤਾਜ਼ਗੀ ਨੂੰ ਬਰਕਰਾਰ ਰੱਖਣ ਲਈ ਸਾਨੂੰ ਆਪਣੀ ਰੋਜ਼ਾਨਾ ਖ਼ੁਰਾਕ ਵਿਚ ਚਿੱਟੀ ਖੰਡ ਦੀ ਮਾਤਰਾ ਨੂੰ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ। ਇਕ ਹੋਰ ਅਹਿਮ ਪੱਖ ਜਿਸ ਦਾ ਸਿੱਧਾ ਸਬੰਧ ਵੱਧ ਖੰਡ ਖਾਣ ਨਾਲ ਹੈ, ਉਹ ਹੈ ਸ਼ੂਗਰ ਦਾ ਰੋਗ। ਸਾਡੇ ਰੋਜ਼ਾਨਾ ਭੋਜਨ ਵਿਚ ਮਿੱਠੀਆਂ ਚੀਜ਼ਾਂ ਤੇ ਖੰਡ ਦੀ ਮਾਤਰਾ ਨੂੰ ਸੀਮਤ ਕਰਕੇ ਸਰੀਰ ਵਿਚ ਪੈਦਾ ਹੋਣ ਵਾਲੇ ਸ਼ੂਗਰ ਰੋਗ ਨੂੰ ਘਟਾਇਆ ਜਾ ਸਕਦਾ ਹੈ। ਮਿੱਠੀਆਂ ਚੀਜ਼ਾਂ ਖਾਣ ਨਾਲ ਸਾਡੇ ਦੰਦਾਂ 'ਤੇ ਮਾੜਾ ਅਸਰ ਪੈਂਦਾ ਹੈ। ਮਿੱਠੇ ਨਾਲ ਦੰਦਾਂ ਵਿਚ ਕੀੜਾ ਲੱਗ ਜਾਂਦਾ ਹੈ ਅਤੇ ਦੰਦਾਂ ਵਿਚ ਛੇਕ ਹੋ ਜਾਂਦੇ ਹਨ, ਜਿਸ ਨਾਲ ਉਮਰ ਤੋਂ ਪਹਿਲਾਂ ਹੀ ਦੰਦ ਨਿਕਲਣ ਲਗਦੇ ਹਨ।

ਮਿੱਠੀਆਂ ਚੀਜ਼ਾਂ ਤੇ ਚਿੱਟੀ ਖੰਡ ਖਾਣ ਨਾਲ ਜੋੜਾਂ ਦੇ ਦਰਦਾਂ ਦੇ ਰੋਗੀਆਂ ਦੀਆਂ ਪ੍ਰੇਸ਼ਾਨੀਆਂ ਵਧ ਜਾਂਦੀਆਂ ਹਨ। ਵੱਧ ਖੰਡ ਖਾਣ ਵਾਲੇ ਲੋਕ ਜਲਦੀ ਬੁੱਢੇ ਹੁੰਦੇ ਹਨ।




ਵਧੇਰੇ ਖੰਡ ਖਾਣ ਨਾਲ ਸਰੀਰ ਵਿਚ ਅਜਿਹੇ ਰਸਾਇਣ ਬਣਦੇ ਹਨ, ਜਿਨ੍ਹਾਂ ਨਾਲ ਚਮੜੀ 'ਤੇ ਝੁਰੜੀਆਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਵਿਗਿਆਨੀ ਦੱਸਦੇ ਹਨ ਕਿ ਸਾਡੀਆਂ ਅੰਤੜੀਆਂ ਵਿਚ ਕੁਦਰਤੀ ਤੌਰ 'ਤੇ ਕਰੋੜਾਂ ਕਿਸਮ ਦੇ ਫਾਇਦੇਮੰਦ ਕੀਟਾਣੂ ਹੁੰਦੇ ਹਨ, ਜਿਨ੍ਹਾਂ ਨਾਲ ਸਾਡੀਆਂ ਅੰਤੜੀਆਂ ਸਿਹਤਮੰਦ ਰਹਿੰਦੀਆਂ ਹਨ ਤੇ ਸਾਡੀ ਰੋਗ ਰੋਕੂ ਪ੍ਰਣਾਲੀ ਨੂੰ ਵੀ ਤਕੜਾ ਰੱਖਦੀਆਂ ਹਨ। ਤੰਦਰੁਸਤ ਅੰਤੜੀਆਂ ਕਰਕੇ ਹੀ ਮਨੁੱਖ ਦੀਆਂ ਸਾਰੀਆਂ ਸਰੀਰਕ ਪ੍ਰਣਾਲੀਆਂ ਸੁਚਾਰੂ ਢੰਗ ਨਾਲ ਕੰਮ ਕਰਦੀਆਂ ਹਨ। ਵਧੇਰੇ ਖੰਡ ਖਾਣ ਨਾਲ ਅੰਤੜੀਆਂ ਦਾ ਤੰਤਰ ਖਰਾਬ ਹੋ ਜਾਂਦਾ ਹੈ।

ਮੈਡੀਕਲ ਖੇਤਰ ਦੀ ਇਕ ਹੋਰ ਖੋਜ ਨੇ ਸਿੱਧ ਕੀਤਾ ਹੈ ਕਿ ਸਾਡੇ ਸਰੀਰ ਵਿਚ ਖੰਡ ਦੀ ਮਾਤਰਾ ਵਧਣ ਨਾਲ ਸਰੀਰ ਅੰਦਰ ਅਣਚਾਹੇ ਤੇ ਗ਼ੈਰ ਜ਼ਰੂਰੀ ਸੈੱਲਾਂ ਦਾ ਉਤਪਾਦਨ ਵਧ ਜਾਂਦਾ ਹੈ। ਅਜਿਹੇ ਹਾਲਾਤ ਕੈਂਸਰ ਵਰਗੀ ਭਿਆਨਕ ਬਿਮਾਰੀ ਨੂੰ ਜਨਮ ਦੇ ਸਕਦੇ ਹਨ। ਸਰੀਰ ਅੰਦਰ ਵਧੀ ਹੋਈ ਖੰਡ ਦੀ ਮਾਤਰਾ ਸਰੀਰ ਵਿਚ ਸੋਜਿਸ਼ ਦੇ ਪ੍ਰੋਟੀਨ ਪੈਦਾ ਕਰਦੀ ਹੈ। ਇਸ ਨਾਲ ਜੋੜਾਂ ਵਿਚ ਅਕੜਣ, ਦਰਦਾਂ ਤੇ ਸੋਜਾਂ ਪੈਦਾ ਹੋ ਜਾਂਦੀਆਂ ਹਨ। ਗਠੀਏ ਦੇ ਰੋਗੀਆਂ ਨੂੰ ਖ਼ਾਸ ਕਰਕੇ ਚਿੱਟੀ ਖੰਡ ਦੀ ਵਰਤੋਂ ਘਟਾਉਣੀ ਚਾਹੀਦੀ ਹੈ।

## * ਚੂੰਢੀਆਂ–ਪ੍ਰੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਐਪਸਟੀਨ ਨਾਲ ਸਬੰਧਾਂ ਬਾਰੇ ਟਰੰਪ ਤੋਂ ਪੁੱਛੇ ਜਾਣ ਸਵਾਲ- ਹਿਲੇਰੀ ਕਲਿੰਟਨ
-ਵੇ ਕੌਣ ਸੀ ਤੇਰੇ ਨਾਲ, ਦੱਸ ਕਿੱਥੇ ਗਿਆ ਸੈਂ।



*ਸ਼ੇਖ਼ ਹਸੀਨਾ ਨੇ ਕੀਤੀ ਵਤਨ ਵਾਪਸੀ ਦੀ ਤਿਆਰੀ- ਇਕ ਖ਼ਬਰ
-ਲਗਦੈ ਕੋਈ ਖਿਚੜੀ ਪੱਕ ਗਈ ਐ ਅੰਦਰੋ-ਅੰਦਰੀ।



*ਆਬਕਾਰੀ ਮਾਮਲੇ 'ਚ ਕੇਜਰੀਵਾਲ, ਸਿਸੋਦੀਆ ਤੇ 21 ਹੋਰ ਵਿਅਕਤੀ ਬਰੀ- ਇਕ ਖ਼ਬਰ
ਚਲੋ 27 ਦੀਆਂ ਚੋਣਾਂ ਲਈ ਕੁਝ ਮਸਾਲਾ ਤਾਂ ਮਿਲਿਆ ਬਈ।

*ਸ਼੍ਰੋਮਣੀ ਕਮੇਟੀ ਮੁਕਤ ਕਰਵਾਉਣ ਲਈ ਪੰਥ ਪ੍ਰਸਤ ਧਿਰਾਂ ਇਕ ਮੰਚ 'ਤੇ ਇਕੱਠੀਆਂ ਹੋਣ- ਗੁਰਵਤਨ ਸਿੰਘ ਮੁਲਤਾਨੀ
-ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ।



*ਕਰਜ਼ੇ ਦਾ ਵਿਆਜ਼ ਦੇਣ ਲਈ ਕੋਲ ਪੈਸੇ ਨਹੀਂ ਤੇ ਨਵੇਂ ਐਲਾਨਾਂ ਲਈ ਪੈਸਾ ਕਿੱਥੋਂ ਆਵੇਗਾ?- ਰਾਜਾ ਵੜਿੰਗ
-ਪੱਲੇ ਨਹੀਂ ਧੇਲਾ, ਤੇ ਕਰਦੀ ਮੇਲਾ ਮੇਲਾ।



*'ਮੇਰੀ ਰਸੋਈ' ਯੋਜਨਾ ਸਿਰਫ਼ ਇਕ ਚੋਣ ਜੁਮਲਾ- ਮਨੋਰੰਜਨ ਕਾਲੀਆ
-ਕਾਲੀਆ ਸਾਹਿਬ ਜ਼ਰਾ ਧਿਆਨ ਕਰੋ ਇਹ ਜੁਮਲਿਆਂ ਦੀ ਪਿਰਤ ਕੀਹਨੇ ਸ਼ੁਰੂ ਕੀਤੀ ਸੀ।



*ਹਰਿਆਣਾ ਸਰਕਾਰ ਇਕ ਇਕ ਪੈਸੇ ਦਾ ਹਿਸਾਬ ਰੱਖਦੀ ਹੈ- ਮੁੱਖ ਮੰਤਰੀ ਨਾਇਬ ਸਿੰਘ ਸੈਣੀ
-ਸੈਣੀ ਸਾਹਿਬ ਜੇ ਤੁਸੀਂ ਹਿਸਾਬ ਨਾ ਵੀ ਰੱਖੋਂ ਤਾਂ ਤੁਹਾਨੂੰ ਪੁੱਛਣਾ ਕੀਹਨੇ ਐਂ!



*ਬ੍ਰਿਟਿਸ਼ ਪ੍ਰਧਾਨ ਮੰਤਰੀ ਨੂੰ ਝਟਕਾ, ਗਰੀਨ ਪਾਰਟੀ ਨੇ ਜਿੱਤੀ ਸੰਸਦੀ ਸੀਟ- ਇਕ ਖ਼ਬਰ
-ਕੀਹਨੇ ਖਿੱਚ ਲਈ ਮੇਰੀ ਪਤੰਗ ਵਾਲੀ ਡੋਰ।




*ਪਾਸਟਰ ਨਰੂਲਾ ਦਾ ਚਮਤਕਾਰੀ ਇਲਾਜ ਦਾ ਦਾਅਵਾ ਹਾਈ ਕੋਰਟ 'ਚ ਫ਼ਸਿਆ, ਨੋਟਿਸ ਜਾਰੀ- ਇਕ ਖ਼ਬਰ
-ਜੇਠ ਦੇ ਬੁਰੇ ਦਿਨ ਆਏ, ਕਿੱਕਰਾਂ ਨੂੰ ਪਾਵੇ ਜੱਫੀਆਂ।



*ਸਾਡੀ ਸਰਕਾਰ ਆਉਣ 'ਤੇ ਗੈਂਗਸਟਰਾਂ ਤੇ ਨਸ਼ਾ ਤਸਕਰਾਂ ਨੂੰ ਅੱਤਿਵਾਦੀ ਐਲਾਨਿਆ ਜਾਵੇਗਾ- ਸੁਖਬੀਰ ਬਾਦਲ
-ਅੱਜ ਮੇਰੇ ਅਮਲੀ ਦੇ, ਫੀਮ ਰਗਾਂ ਵਿਚ ਬੋਲੇ।



*ਅਮਰੀਕੀ ਦਬਾਅ ਹੇਠ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਵਪਾਰ ਸਮਝੌਤਾ- ਰਾਹੁਲ ਗਾਂਧੀ
-ਗੱਭਰੂ ਨੇ ਬਾਂਹ ਫੜ ਲਈ, ਮੈਨੂੰ ਕੱਚੀਆਂ ਤ੍ਰੇਲੀਆਂ ਆਈਆਂ।



*ਪੰਜਾਬ 'ਚ ਧਰਮ ਪ੍ਰੀਵਰਤਨ ਹੋ ਰਿਹੈ- ਅਮਿਤ ਸ਼ਾਹ
-ਸਿੱਖ ਤਾਂ ਆਟੇ ਦੀ ਤੌਣ ਵਾਂਗ ਨੇ, ਬਾਹਰ ਕਾਂ ਪੈਂਦੇ ਹਨ ਤੇ ਅੰਦਰ ਚੂਹੇ ਟੁੱਕਦੇ ਨੇ।

*ਭਾਰਤ ਵਿਚ ਹੁਣ ਸਿਮ ਕਾਰਡ ਬਿਨਾਂ ਵਟਸਐਪ ਨਹੀਂ ਚੱਲੇਗਾ- ਇਕ ਖ਼ਬਰ
-ਲਉ ਜੀ ਅਗਲਿਆਂ ਨੇ ਬੰਨ੍ਹ ਦਿਤਾ ਗੱਡੇ ਨਾਲ ਕੱਟਾ!

*ਖਰੜ ਵਿਚ ਪਹਾੜ ਅਤੇ ਜੰਗਲ ਕੱਟ ਕੇ ਗ਼ੈਰ-ਕਾਨੂੰਨੀ ਪਲਾਟ ਅਤੇ ਫ਼ਾਰਮ ਹਾਊਸ ਵੇਚ ਰਿਹੈ ਭੂ-ਮਾਫ਼ੀਆ- ਇਕ ਖ਼ਬਰ
-ਚੋਰਾਂ ਦੇ ਕੱਪੜੇ ਤੇ ਲਾਠੀਆਂ ਦੇ ਗਜ਼।

* * * * *

MANAK
SOLICITORS



**Aneeta Kaur Kang LL.B (Hons.)**
Deputy Head of Family &
Matrimonial Department

Aneeta Kaur Kang joined this firm as a Trainee Solicitor in October 2009 and now leads one of our Family & Matrimonial Departments. Aneeta is recognised on the Law Society's Advanced Family Law panel. Her warm, caring approach and deep expertise guide you through Divorce, Financial Matters and Children Issues with ease.

Contact Aneeta on telephone 01689 870769 or by email aneeta@manaksolicitors.co.uk for compassionate and expert advice.

**Biggin Hill I Gravesend I Orpington I Sevenoaks**



manaksolicitors.co.uk
01689 870 769

reviewsolicitors Excellent

Lexcel Legal Practice Quality Mark Law Society Accredited



Rajbir Singh Manak MA (Hons)

Surinder Singh Manak LLB (Hons)

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

TAIL PIECE

# LET US ROOT OUT POVERTY THROUGH LEGISLATIVE PROCESS

**Dalip Singh Wasan, Advocate**
Email: dalipsinghwassan@yahoo.co.in

Time has come when we too must try to bring revolution inthe country through legislative process because we have already established a big Parliament with hundreds of members representing all the aras in the country. We have noted that the corporate units in the country hadcontributed much for creating more employment and more wages and helped us to lower down poverty in the country and when cooperative units like corporate units are established those too shall create more employment. Our people in rural areas are more poor because of small holdings and only corporate like cooperative units are the alternative and therefore, the whole Agriulture side shall have to be in cooperative system so tht the whole agriculture land mut bein corporate like cooperative units and and even growth shall increasebecause of use of science and technology. And we can think of going ahead and establish cooperative units for food processing, vegitable processing, milk processing, meat processing, egs processing, preparing kitchen items, dairy farming, cattle breeding farming, piggry, goat breeding farms or the like and even our own trainingcentres for preparing our own skilled workers. All land holders must join under the law because they shall be having rights ofownership, sale, purchase, mortgage or inherit transferring rights and others too shall become members of cooperative societies.

Even people in urban areas running small sales units must establish corporate like units and turn members providing better service to the people.The people in corporate sector too shall come forward and establish more units and let us ensure that in all these units there shall be proper accounting system and competent people shall be fixing MSP of each item processed avoiding losses.

If we provide job to each one or atleast two people from a family of five mebers and ensure atleast one lakh monthly wages co ing in the house, poverty shall go out immediately. We must know that we shall have to root out poverty immediately because slow process and first aid like system allows poverty to beed..

One contesting group is already working on Farms Act and let they think over this matter and must bring a comprehensive Bill in the Parliament so that we could go ahead. Bringing revolution through legislation would bring a revolution of its own type creating and converting us into a developed country with people having proper life having health, education, training, jobs and proper income.

## CONTESTING GROUPS MUST BE CLEAR FOR PERCENTAGE SHALL INCREASE

The people themselves are sorry to note that votes perentage had been low and even government could not established with desired absolute majority. Even the group forming government did not convey their thanks to the people. Actually the contesting groups were having faith that they had Votes Banks and accounts are duly maitain update and their number is enough to bring an absolute majority. But what they expected was notas per wishes of the people, they failed to bring here a running government. We are nearing completion of one century of independence and during this period the people have seen much and they know that all the politicians are one and in elections they jut form teams and contest just to play friendly act and therefore, they are not serious who wins and who loses. They are getting chance one by one.

The people have seen that the contesting groups are now not very much interested and none of them is coming up with Bills, Projects, Schemes and Policies with which they could root out poverty from India and bring proper life to all. We are still with broken society divided on religions, castes, colour and creeds and big gaps between rich and poor. All efforts made update were just to establish votes banks and not proper growth and bringing equality here in India.

The people want that all the contesting groups must be clear and must establish that now even revolution can be attained throughlegislation and therefore, they must come with specific and clear Bills, Projects, Plans, Schemes and Policies and tell the people that they shall start attaining revolution through legislation. The peole have shown that the contesting groups must know the psychology of the people and must be clear and should not simply confuse the people telling much against each other. One cause of low perentage of votesis this passing on adverse comments against each other.

Next time is away and therefore, the contesting groups must start planning and even the candidates must be identified and must be rained so that they could work in the House and should not remain mere supoorters and followers. The candidates too must start thinking that they are representatives of the people in the House and must work forthem and they had not be voted in for just support and follow.

## FOR PROPER FUNCTIONING OF PARLIAMENT A THIRD GROUP BE ESTABLISHED

At present there are two groups, the treasury benches and the oppositions and we have notice that the war between two groups which has started during campaigns for elections continues and our Parliament cannot function properly and go ahead. The only alternative is that we should establish a third group in the Parliament in which only those should join who are not interested to form government and undertake to see that each Bill, Project, Scheme and Policy put up for discussion, they must come with improvements and new suggestions and if those are accepted and the item is revised they must vote in favour of the item. They shall think over the item independehtly ad shall igore from which group it has come in Parliament. Till two groups are present in the Parliament, they are just opposing each other and there are chances of rejection of the item because of the present vote process.

When the government has been formed just on simple majority, its speed goes down and if this third group is there, there are chances the simple majority government too would be functioning properly. Let us begin with preparation of this third group and this group may take part in elections and must ensure that only properly educated, trained, experience and better past record people must be tken up as candidates so that each item coming in the Parliament may have better consideration and the items are considered on merits and voted for enactment. speed of our Parliament should not slow downjust because of just opposition.

# ਡਾਲਰ ਦੇ ਮੁਕਾਬਲੇ ਰੁਪਿਆ ਰਿਕਾਰਡ ਹੇਠਲੇ ਪੱਧਰ ‘ਤੇ, 69 ਪੈਸੇ ਟੁੱਟ ਕੇ 92.18 ‘ਤੇ ਪਹੁੰਚਿਆ

ਅਮਰੀਕਾ-ਈਰਾਨ ਤਣਾਅ ਵਿਚਾਲੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਉਛਾਲ ਦਾ ਅਸਰ ਭਾਰਤੀ ਮੁਦਰਾ ਤੇ ਸਾਫ ਦਿਖਿਆ।ਸ਼ੁਰੂਆਤੀ ਕਾਰੋਬਾਰ ਵਿਚ ਰੁਪਿਆ ਡਾਲਰ ਦੇ ਮੁਕ-ਾਬਲੇ ਹੇਠਲੇ ਪੱਧਰ ਤੇ ਪਹੁੰਚ ਗਿਆ। ਵਿਦੇਸ਼ੀ ਨਿਵੇਸ਼ਕਾਂ ਦੀ ਬਿਕਵਾਲੀ ਤੇ ਸੁਰੱਖਿਅਤ ਨਿਵੇਸ਼ ਬਦਲਾਂ ਵੱਲ ਰੁਖ ਨੇ ਦਬਾਅ ਵਧਾਇਆ। ਮਹਿੰਗੇ ਆਯਾਤ ਦੀ ਸ਼ੰਕਾ ਨਾਲ ਵਪਾਰ ਸੰਤੁਲਨ ਨੂੰ ਲੈ ਕੇ ਚਿੰਤਾ ਵਧੀ।

ਪੱਛਮੀ ਏਸ਼ੀਆ ਵਿਚ ਅਮਰੀਕਾ-ਈਰਾਨ ਤਣਾਅ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਿਚ ਤੇਜ਼ ਉਛਾਲ ਨਾਲ ਨਿਵੇਸ਼ਕਾਂ ਦਾ ਭਰੋਸਾ ਟੁੱਟਦਾ ਦਿਖਿਆ। ਇਸ ਦੇ ਚੱਲਦੇ ਸ਼ੁਰੂਆਤੀ ਕਾਰੋਬਾਰ ਵਿਚ ਰੁਪਿਆ 68 ਪੈਸੇ ਟੁੱਟ ਕੇ ਅਮਰੀਕੀ ਡਾਲਰ ਦੇ ਮੁਕਾਬਲੇ 92.19 ਦੇ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ ਤੇ ਪਹੁੰਚ ਗਿਆ।

ਵਿਦੇਸ਼ੀ ਮੁਦਰਾ ਬਾਜ਼ਾਰ ਵਿਚ ਰੁਪਿਆ 92.05 ਤੇ ਖੁੱਲ੍ਹਿਆ ਤੇ ਜਲਦ ਹੀ ਡਿੱਗ ਕੇ 92.18 ਪ੍ਰਤੀ ਡੀਲਰ ਦੇ ਸ਼ੁਰੂਆਤੀ ਹੇਠਲੇ ਪੱਧਰ ਤੇ ਪਹੁੰਚ ਗਿਆ ਇਹ ਆਪਣੇ ਪਿਛਲੇ ਬੰਦ ਪੱਧਰ 91.49 ਦੇ ਮੁਕਾਬਲੇ 69 ਪੈਸੇ ਦੀ ਗਿਰਾਵਟ ਦਰਸਾਉਂਦਾ ਹੈ। ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਹੋਲੀ ਦੀ ਵਜ੍ਹਾ ਤੋਂ ਵਿਦੇਸ਼ੀ ਮੁਦਰਾ ਬਾਜ਼ਾਰ ਬੰਦ ਸੀ।

ਫਾਰੈਕਸ ਕਾਰੋਬਾਰੀਆਂ ਮੁਤਾਬਕ ਈਰਾਨ ਸੰਕਟ ਦੇ ਬਾਅਦ ਬ੍ਰੇਂਟ ਕਰੂਡ ਦੀਆਂ ਕੀਮਤਾਂ ਵਿਚ ਤੇਜ਼ ਵਾਧੇ ਨਾਲ ਘਰੇਲੂ ਮੁਦਰਾ ਤੇ ਭਾਰੀ ਦਬਾਅ ਬਣਿਆ ਹੈ। ਵਾਅਦਾ ਕਾਰੋਬਾਰ ਵਿਚ ਬ੍ਰੇਂਟ ਕਰੂਡ 82 ਡਾਲਰ ਪ੍ਰਤੀ ਬੈਰਲ ਦੇ ਪੱਧਰ ਨੂੰ ਪਾਰ ਕਰ ਗਿਆ ਜਿਸ ਨਾਲ ਨਿਵੇਸ਼ਕਾਂ ਦਾ ਰੁਝਾਨ ਸੁਰੱਖਿਅਤ ਨਿਵੇਸ਼ ਬਦਲਾਂ ਵੱਲ ਵਧਿਆ ਹੈ। ਦੂਜੇ ਪਾਸੇ ਵਿਦੇਸ਼ੀ ਪੂੰਜੀ ਦੀ ਲਗਾਤਾਰ ਨਿਕਾਸੀ ਤੇ ਮਹਿੰਗੇ ਆਯਾਤ ਨਾਲ ਵਪਾਰ ਸੰਤੁਲਨ ਤੇ ਪੈਣ ਵਾਲੇ ਸੰਭਾਵਿਤ ਅਸਰ ਦੀ ਸ਼ੰਕਾ ਵੀ ਰੁਪਏ ਤੇ ਦਬਾਅ ਬਣਾ ਰਹੀ ਹੈ। 6 ਮੁੱਖ ਮੁਦਰਾਵਾਂ ਦੇ ਮੁਕਾਬਲੇ ਡਾਲਰ ਦੀ ਮਜ਼ਬੂਤੀ ਨੂੰ ਮਾਪਣ ਵਾਲਾ ਡਾਲਰ ਇੰਡੈਕਸ 0.03 ਪ੍ਰਤੀਸ਼ਤ ਵਧ ਕੇ 99.08 ਤੇ ਕਾਰੋਬਾਰ ਕਰ ਰਿਹਾ ਸੀ। ਵੈਸ਼ਵਿਕ ਤੇਲ ਬੇਂਚਮਾਰਕ ਬ੍ਰੇਂਟ ਕਰੂਡ ਵਾਅਦਾ ਵਿਚ 1.01 ਫੀਸਦੀ ਦੀ ਬੜ੍ਹਤ ਨਾਲ 82.22 ਡਾਲਰ ਪ੍ਰਤੀ ਬੈਰਲ ਤੇ ਸੀ।

# ਪੰਜਾਬੀ ਖੇਡ ਸਾਹਿਤ ਦਾ ਬਾਬਾ ਬੋਹੜ ਪ੍ਰਿੰਸੀਪਲ ਸਰਵਣ ਸਿੰਘ

**ਗੁਰਜੀਤ ਸਿੰਘ**
ਪੀਐੱਚ. ਡੀ. ਖੋਜਾਰਥੀ
ਮੋ.7526899013

ਪ੍ਰਿੰਸੀਪਲ ਸਰਵਣ ਸਿੰਘ ਪੰਜਾਬੀ ਸਾਹਿਤ ਖੇਡ ਸਾਹਿਤ ਦਾ ਬਾਬਾ ਬੋਹੜ ਹੈ। ਉਹ ਇੱਕ ਵਿਲੱਖਣ ਤੇ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ। ਬਤੌਰ ਖਿਡਾਰੀ ਯੂਨੀਵਰਸਿਟੀ ਦਾ ਸੈਕੰਡ ਬੈਸਟ ਐਥਲੀਟ, ਕਾਲਜ ਹਾਕੀ ਟੀਮ ਦਾ ਕਪਤਾਨ, ਕਾਲਜਾਂ ਦਾ ਪ੍ਰੋਫ਼ੈਸਰ ਤੇ ਪ੍ਰਿੰਸੀਪਲ, ਖੇਡ ਲੇਖਕ, ਖੇਡ ਪ੍ਰਬੰਧਕ, ਖੇਡ ਪ੍ਰੋਮਟਰ, ਕਬੱਡੀ ਦਾ ਕੌਮਾਂਤਰੀ ਕੁਮੈਂਟੇਟਰ ਆਦਿ ਉਸਦੀ ਸ਼ਖ਼ਸੀਅਤ ਦੇ ਵਿਸ਼ੇਸ਼ ਗੁਣ ਹਨ। ਬਤੌਰ ਲੇਖਕ ਉਹ ਉੱਘਾ ਵਾਰਤਾਕਾਰ, ਕਹਾਣੀਕਾਰ, ਸੰਪਾਦਕ, ਅਤੇ ਅਨੁਵਾਦਕ ਵੀ ਹੈ। ਉਸਨੇ ਆਪਣੇ ਕਲਮ ਦੀ ਤਾਕਤ ਨਾਲ ਪੰਜਾਬੀ ਖੇਡ ਸਾਹਿਤ ਨੂੰ ਬੁਲੰਦੀਆਂ ਉੱਤੇ ਹੀ ਨਹੀਂ ਪਹੁੰਚਾਇਆ ਬਲਕਿ ਖੇਡਾਂ ਤੇ ਖਿਡਾਰੀਆਂ ਬਾਰੇ ਬਿਆਨ ਕਰਨ ਵਾਲੀਆਂ ਹੋਰ ਵੀ ਅਨੇਕਾਂ ਕਲਮਾਂ ਪੈਦਾ ਕਰ ਦਿੱਤੀਆਂ। ਉਨ੍ਹਾਂ ਕਲਮਾਂ ਦੀ ਬਦੌਲਤ ਖੇਡ ਸਾਹਿਤ ਦੀਆਂ ਅਲਮਾਰੀਆਂ ਭਰੀਆਂ ਜਾ ਰਹੀਆਂ ਹਨ। ਉਸ ਦੁਆਰਾ 1966 ਵਿਚ ਲਿਖੇ ਰੇਖਾ-ਚਿੱਤਰ 'ਮੁੜਕੇ ਦਾ ਮੋਤੀ' ਤੋਂ ਲੈ ਕੇ ਮੇਰੀ ਕਲਮ ਦੀ ਮੈਰਾਥਨ ਤੱਕ ਉਸਦੀ ਖੇਡ ਸਾਹਿਤ ਸਿਰਜਣਾ ਦਾ ਸਮਾਂ ਅੱਧੀ ਸਦੀ ਤੋਂ ਵੀ ਦਸ ਸਾਲ ਉੱਤੇ ਟੱਪ ਗਿਆ ਹੈ। ਇਸ ਸਾਲ ਦੀ 8 ਜੁਲਾਈ ਨੂੰ ਉਹ ਛਿਆਸੀ ਵਰ੍ਹਿਆਂ ਦਾ ਹੋ ਜਾਵੇਗਾ। ਬਤੌਰ ਖੇਡ ਲੇਖਕ ਉਸਦੀ ਕਲਮ ਦੀ ਖੇਡ ਲੇਖਣੀ ਦੀ ਮੈਰਾਥਨ ਅਜੇ ਜਾਰੀ ਹੈ। ਬੇਸ਼ੱਕ ਪ੍ਰਿੰਸੀਪਲ ਸਰਵਣ ਸਿੰਘ ਨੇ ਹੋਰ ਸਾਹਿਤਕ ਵੰਨਗੀਆਂ ਤੇ ਵੱਖ-ਵੱਖ ਵਿਸ਼ਿਆਂ ਜਿਵੇਂ ਜੀਵਨੀ, ਸਵੈਜੀਵਨੀ, ਸਫ਼ਰਨਾਮਾ, ਅਨੁਵਾਦ, ਸੰਪਾਦਨ, ਸਭਿਆਚਾਰ, ਲੇਖਕਾਂ, ਰਾਜਨੀਤਕਾਂ, ਕਲਾਕਾਰਾਂ, ਕਿਸਾਨ ਅੰਦੋਲਨਾਂ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਸੰਬੰਧਿਤ ਮਸਲਿਆਂ ਬਾਰੇ ਵੀ ਸਾਹਿਤਕ ਰਚਨਾ ਕੀਤੀ ਹੈ। ਪਰ ਖੇਡ ਸਾਹਿਤ ਸਿਰਜਣਾ ਦੇ ਖੇਤਰ ਵਿਚ ਉਸਦਾ ਕਾਰਜ ਤੇ ਯੋਗਦਾਨ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਉਸਦੀ ਖੇਡ ਸ਼ੈਲੀ ਕਮਾਲ ਦੀ ਹੈ। ਨਾਵਲਕਾਰ ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਵਾਂਗ ਉਸਦੇ ਪਾਠਕਾਂ ਦੀ ਗਿਣਤੀ ਅਤੇ ਘੇਰਾ ਬਹੁਤ ਵਿਸ਼ਾਲ ਹੈ। ਖੇਡਾਂ ਬਾਰੇ ਲਿਖ ਕੇ ਉਸਨੇ ਲੱਖਾਂ ਪਾਠਕਾਂ ਨੂੰ ਪੁਸਤਕਾਂ ਨਾਲ ਅਤੇ ਖਿਡਾਰੀਆਂ ਨੂੰ ਖੇਡਾਂ ਨਾਲ ਜੋੜੀ ਰੱਖਿਆ। ਉਸਨੇ ਪੰਜਾਬ ਦੇ ਪਿੰਡਾਂ ਦੇ ਟੂਰਨਾਮੈਂਟਾਂ ਤੋਂ ਲੈ ਕੇ ਉਲੰਪਿਕ ਤੱਕ ਦੇ ਖੇਡਾਂ ਦੇ ਇਤਿਹਾਸ, ਪੰਜਾਬ ਦੇ ਖਿਡਾਰੀਆਂ ਤੋਂ ਲੈ ਕੇ ਅੰਤਰਰਾਸ਼ਟਰੀ ਖਿਡਾਰੀਆਂ ਤੱਕ ਦੇ ਰੇਖਾ-ਚਿੱਤਰ, ਪੰਜਾਬ ਦੇ ਖੇਡ-ਮੇਲਿਆਂ ਤੋਂ ਲੈ ਕੇ ਕੌਮਾਂਤਰੀ ਖੇਡ ਮੇਲਿਆਂ ਦੇ ਦ੍ਰਿਸ਼ ਆਪਣੀ ਕਲਮ ਰਾਹੀਂ ਸਾਕਾਰ ਕੀਤੇ। ਖੇਡ ਖੇਤਰ ਦਾ ਕੋਈ ਵੀ ਅਜਿਹਾ ਪੱਖ ਨਹੀਂ ਜੋ ਉਹਨਾਂ ਤੋਂ ਗੁੱਝਾ ਰਿਹਾ ਹੋਵੇ। ਏਸ਼ੀਆ ਤੋਂ ਉਲੰਪਿਕ ਖੇਡਾਂ ਤੱਕ ਦੇ ਸਰਵੇਖਣ, ਪੰਜਾਬੀ ਵਿਚ ਰਚੇ ਜਾ ਰਹੇ ਖੇਡ ਸਾਹਿਤ ਦੇ ਖੋਜ-ਕਾਰਜ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਖੇਡਾਂ ਨਾਲ ਸੰਬੰਧਿਤ ਕਰਵਾਏ ਜਾਂਦੇ ਪ੍ਰੋਗਰਾਮ ਸਭ ਉਹਨਾਂ ਦੇ ਧਿਆਨ ਵਿਚ ਹੁੰਦੇ ਹਨ। ਖੇਡਾਂ ਅਤੇ ਖਿਡਾਰੀਆਂ ਬਾਰੇ ਲਿਖ ਰਹੇ ਲੇਖਕਾਂ ਅਤੇ ਮੈਗਜ਼ੀਨ/ਰਸਾਲੇ ਆਦਿ ਸਭ ਉਸਦੀ ਜਾਣਕਾਰੀ ਵਿਚ ਹੁੰਦੇ ਹਨ। ਗੱਲ ਕੀ, ਉਹ ਖੇਡ ਖੇਤਰ ਦਾ ਇਨਸਾਈਕਲੋਪੀਡੀਆ ਹੈ।

ਉਸਨੇ ਆਪਣੀ ਸਾਹਿਤ ਸਿਰਜਣਾ ਦੇ ਸੱਠ ਸਾਲਾਂ ਦੀ ਯਾਤਰਾ ਤੈਅ ਕਰਦਿਆਂ ਪੰਜਾਹ ਤੋਂ ਉੱਪਰ ਪੁਸਤਕਾਂ ਦੀ ਸਿਰਜਣਾ ਕੀਤੀ। ਜਿਨ੍ਹਾਂ ਵਿਚੋਂ ਪੱਚੀ ਪੁਸਤਕਾਂ ਖੇਡ ਸਾਹਿਤ ਬਾਰੇ ਹੀ ਹਨ। ਉਸ ਦੀਆਂ ਖੇਡ ਪੁਸਤਕਾਂ ਇਸ ਪ੍ਰਕਾਰ ਹਨ- ਪੰਜਾਬ ਦੇ ਉੱਘੇ ਖਿਡਾਰੀ, ਖੇਡ ਸੰਸਾਰ, ਖੇਡ ਜਗਤ ਵਿਚ ਭਾਰਤ, ਪੰਜਾਬੀ ਖਿਡਾਰੀ, ਓਲੰਪਿਕ ਖੇਡਾਂ, ਪੰਜਾਬ ਦੀਆਂ ਦੇਸੀ ਖੇਡਾਂ, ਖੇਡ ਜਗਤ ਦੀਆਂ ਬਾਤਾਂ, ਖੇਡ ਪਰਿਕਰਮਾ, ਖੇਡ ਦਰਸ਼ਨ, ਓਲੰਪਿਕ ਖੇਡਾਂ ਦੀ ਸਦੀ, ਖੇਡ ਮੇਲੇ ਵੇਖਦਿਆਂ, ਪੰਜਾਬ ਦੇ ਚੋਣਵੇਂ ਖਿਡਾਰੀ, ਕਬੱਡੀ ਕਬੱਡੀ ਕਬੱਡੀ, ਖੇਡਾਂ ਦੀ ਦੁਨੀਆਂ, ਮੇਲੇ ਕਬੱਡੀ ਦੇ, ਅੱਖੀਂ ਡਿੱਠਾ ਕਬੱਡੀ ਵਰਲਡ ਕੱਪ, ਏਥਨਜ਼ ਤੋਂ ਲੰਡਨ(ਓਲੰਪਿਕ ਖੇਡਾਂ ਦਾ ਇਤਿਹਾਸ), ਖੇਡ ਅਤੇ ਸੇਹਤ ਵਾਰਤਾ, ਕਿੱਸਾ ਕਬੱਡੀ ਦਾ, ਗੋਲਡਨ ਗੋਲ (ਬਲਬੀਰ ਸਿੰਘ ਦੀ ਜੀਵਨੀ), ਭਾਰਤ ਵਿਚ ਹਾਕੀ (ਅਨੁਵਾਦ) ਪੰਜਾਬੀ ਖਿਡਾਰੀ (ਅੰਗਰੇਜ਼ੀ ਅਨੁਵਾਦ), ਉੱਡਣਾ ਸਿੱਖ ਮਿਲਖਾ ਸਿੰਘ(ਜੀਵਨੀ), ਖੇਡ ਖਿਡਾਰੀ, ਮੇਰੀ ਕਲਮ ਦੀ ਮੈਰਾਥਨ ਤੇ ਪੰਜਾਬੀਆਂ ਦਾ ਖੇਡ ਸਭਿਆਚਾਰ ਆਦਿ। ਕਰੋਨਾ ਕਾਲ ਦੌਰਾਨ ਉਸਨੇ ਪੰਜਾਬੀ ਖੇਡ ਸਾਹਿਤ ਦਾ ਇਤਿਹਾਸ, ਸ਼ਬਦਾਂ ਦੇ ਖਿਡਾਰੀ, ਖੇਡ ਸਾਹਿਤ ਦੀਆਂ ਬਾਤਾਂ, ਖੇਡ ਸਾਹਿਤ ਦੇ ਮੋਤੀ ਤੇ ਖੇਡ ਸਾਹਿਤ ਦੇ ਹੀਰੇ ਲਿਖ ਕੇ ਚਾਰ ਭਾਗਾਂ ਵਿਚ ਛਪਵਾਇਆ ਹੈ।

ਪੰਜਾਬੀ ਵਿਚ ਖੇਡ ਪੱਤਰਕਾਰੀ ਸ਼ੁਰੂ ਕਰਨ ਦਾ ਸਿਹਰਾ ਵੀ ਪ੍ਰਿੰਸੀਪਲ ਸਰਵਣ ਸਿੰਘ ਨੂੰ ਹੀ ਜਾਂਦਾ ਹੈ। ਉਸ ਦੁਆਰਾ 1966 ਵਿਚ ਪ੍ਰਸਿੱਧ ਅਥਲੀਟ 'ਗੁਰਬਚਨ ਸਿੰਘ ਰੰਧਾਵਾ' ਬਾਰੇ ਲਿਖਿਆ ਰੇਖਾ-ਚਿੱਤਰ 'ਮੁੜ੍ਹਕੇ ਦਾ ਮੋਤੀ' ਉਸ ਸਮੇਂ ਦੇ ਪ੍ਰਸਿੱਧ ਰਸਾਲੇ 'ਆਰਸੀ' ਵਿਚ ਛਪਿਆ। ਇਸ ਤੋਂ ਇਲਾਵਾ ਪ੍ਰਵੀਨ, ਸਰਦਾਰਾ, ਮਹਿੰਦਰ ਸਿੰਘ, ਅਜਮੇਰ ਸਿੰਘ, ਜੋਗਿੰਦਰ ਸਿੰਘ, ਜਰਨੈਲ ਸਿੰਘ ਆਦਿ ਖਿਡਾਰੀਆਂ ਬਾਰੇ ਲਿਖੇ ਰੇਖਾ-ਚਿੱਤਰ ਵੀ 'ਆਰਸੀ' ਵਿਚ ਛਪਦੇ ਰਹੇ। ਉਸਨੇ 1975 ਵਿਚ ਪ੍ਰਸਿੱਧ ਰਸਾਲੇ 'ਸਚਿੱਤਰ ਕੌਮੀ ਏਕਤਾ' ਵਿਚ ਖੇਡਾਂ ਨਾਲ ਸੰਬੰਧਿਤ ਇਕ ਕਾਲਮ 'ਖੇਡ ਮੈਦਾਨ 'ਚੋਂ' ਸ਼ੁਰੂ ਕੀਤਾ ਜੋ ਕਿ ਦਸ-ਬਾਰ੍ਹਾਂ ਸਾਲ ਚੱਲਿਆ। ਉਸਨੇ 1978 ਵਿਚ ਪੰਜਾਬੀ 'ਟ੍ਰਿਬਿਊਨ ਅਖ਼ਬਾਰ' ਲਈ ਬੰਬਈ ਦੇ ਵਿਸ਼ਵ ਹਾਕੀ ਕੱਪ ਟੂਰਨਾਮੈਂਟ ਅਤੇ ਦਿੱਲੀ ਦੀਆਂ ਏਸ਼ੀਆਈ ਖੇਡਾਂ ਬਾਰੇ ਰਿਪੋਰਟਾਂ ਲਿਖੀਆਂ। 'ਅਜੀਤ' ਅਖ਼ਬਾਰ ਲਈ ਸਿਓਲ ਦੀਆਂ ਏਸ਼ਿਆਈ ਖੇਡਾਂ ਬਾਰੇ ਲਿਖਿਆ।

ਉਸਨੇ 1984 ਤੋਂ 'ਪਿੰਡ ਦੀ ਸੱਥ 'ਚੋਂ' ਕਾਲਮ 'ਪਹਿਰੇਦਾਰ' ਨਾਂ ਹੇਠ 'ਸਚਿੱਤਰ ਕੌਮੀ ਏਕਤਾ' ਵਿਚ ਲਿਖਣਾ ਸ਼ੁਰੂ ਕੀਤਾ। ਵੈਨਕੂਵਰ ਦੇ ਰਸਾਲੇ 'ਇੰਡੋ-ਕਨੇਡੀਅਨ ਟਾਈਮਜ਼' ਵਿਚ ਇੱਕ ਕਾਲਮ 'ਬਾਤਾਂ ਵਤਨ ਦੀਆਂ' ਚਿੱਠੀਆਂ ਦੇ ਰੂਪ ਵਿਚ ਛਾਪਣਾ ਸ਼ੁਰੂ ਕੀਤਾ।



ਇਸ ਤੋਂ ਇਲਾਵਾ ਪਿੱਛੇ ਜਿਹੇ ਉਹ 'ਪੰਜਾਬੀ ਟ੍ਰਿਬਿਊਨ' ਦੇ ਇੰਟਰਨੈੱਟ ਐਡੀਸ਼ਨ 'ਤਬਸਰਾ' ਵਿਚ ਵੱਖ-ਵੱਖ ਸਾਹਿਤਕਾਰਾਂ, ਖੇਡ ਲੇਖਕਾਂ, ਆਦਿ ਦੁਆਰਾ ਖੇਡਾਂ ਬਾਰੇ ਰਚੀਆਂ ਰਚਨਾਵਾਂ ਨੂੰ ਪੇਸ਼ ਕਰਦੇ ਰਹੇ ਹਨ। ਅੱਜਕੱਲ੍ਹ 'ਪੰਜਾਬੀ ਟ੍ਰਿਬਿਊਨ' ਦੇ ਇੰਟਰਨੈੱਟ ਐਡੀਸ਼ਨ 'ਸਤਰੰਗ' ਵਿਚ 'ਵਿਸ਼ਵ ਦੇ ਮਹਾਨ ਖਿਡਾਰੀ' ਕਾਲਮ ਹਰ ਸ਼ਨੀਵਾਰ ਨੂੰ ਛਪ ਰਿਹਾ ਹੈ ਜੋ ਸੌ ਦੇ ਅੰਕੜੇ ਨੂੰ ਪਾਰ ਕਰਨ ਵਾਲਾ ਹੈ। ਉਨ੍ਹਾਂ ਦੀ ਪੁਸਤਕ 'ਸ਼ਬਦਾਂ ਦੇ ਖਿਡਾਰੀ' ਵਿਚੋਂ ਕੁਝ ਕੁ ਦਾ ਵੇਰਵਾ ਇਸ ਪ੍ਰਕਾਰ ਹੈ: ਵਰਿਆਮ ਸਿੰਘ ਸੰਧੂ ਦਾ ਗਰਾਈਂ ਕਰਤਾਰ ਸਿੰਘ ਭਲਵਾਨ, ਪਹਿਲਵਾਨ ਦਾਰਾ ਸਿੰਘ ਦੀ ਆਤਮ ਕਥਾ, ਡਾ. ਹਰਿਭਜਨ ਸਿੰਘ ਦੀ ਖੇਡ ਵਾਰਤਾ, ਮੇਰਾ ਖੇਡ ਸਾਹਿਤ ਦਾ ਸਫ਼ਰ, ਬਲਬੀਰ ਸਿੰਘ ਕੰਵਲ ਦੀ ਬੱਲੇ-ਬੱਲੇ, ਸੁਬਾ ਸਿੰਘ ਦੇ ਮੱਲ ਤੇ ਅਖਾੜੇ, ਨਵਦੀਪ ਗਿੱਲ ਦੀ ਖੇਡ ਪੱਤਰਕਾਰੀ, ਗੁਰਪ੍ਰੀਤ ਸਹਿਜੀ ਦਾ ਖੇਡ ਗਲਪ, ਕੁਲਵੰਤ ਬੁਢਲਾਡਾ ਦੀ ਕੁਮੈਂਟਰੀ ਤੇ ਕਲਮਕਾਰੀ ਆਦਿ। ਇਹਨਾਂ ਤਬਸਰਿਆਂ ਰਾਹੀਂ ਜਿਥੇ ਉਪਰੋਕਤ ਲੇਖਕਾਂ, ਖੇਡ ਕੁਮੈਂਟੇਟਰਾਂ, ਖੇਡ ਪ੍ਰੇਮੀਆਂ ਅਤੇ ਪੰਜਾਬੀ ਸਾਹਿਤ ਦੀਆਂ ਡਾ. ਹਰਿਭਜਨ ਸਿੰਘ ਵਰਗੀਆਂ ਹਸਤੀਆਂ ਦੇ ਖੇਡਾਂ ਪ੍ਰਤੀ ਨਜ਼ਰੀਏ ਨੂੰ ਪੇਸ਼ ਕੀਤਾ ਹੈ ਉੱਥੇ ਹੀ ਖਿੰਡਰੇ-ਪੁੰਡਰੇ ਰੂਪ ਵਿਚ ਪਈਆਂ ਅਣਗੌਲੇਪਣ ਦੀ ਬਿਰਤੀ ਦੀਆਂ ਸ਼ਿਕਾਰ ਹੋਈਆਂ ਇਹਨਾਂ ਰਚਨਾਵਾਂ ਨੂੰ ਇਕੱਤਰ ਕਰਕੇ ਸੰਭਾਲਣ ਦਾ ਯਤਨ ਵੀ ਕੀਤਾ ਗਿਆ ਹੈ। ਇਸ ਨਾਲ ਉਹ ਇੱਕ ਖੋਜਕਾਰ ਦੇ ਰੂਪ ਵਿਚ ਵੀ ਸਾਡੇ ਸਾਹਮਣੇ ਪੇਸ਼ ਹੁੰਦਾ ਹੈ।

ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਰਚਿਤ ਖੇਡ ਸਾਹਿਤ ਨਵੀਂ ਪੀੜ੍ਹੀ ਦੇ ਲੇਖਕਾਂ ਤੇ ਖਿਡਾਰੀਆਂ ਲਈ ਪੱਥ-ਪ੍ਰਦਰਸ਼ਕ ਦੇ ਤੌਰ ਤੇ ਭੂਮਿਕਾ ਨਿਭਾ ਰਿਹਾ ਹੈ। ਜਿਸ ਤੋਂ ਸੇਧ ਲੈ ਕੇ ਅਨੇਕਾਂ ਖਿਡਾਰੀ ਆਪਣੀ ਖੇਡ ਵਿਚ ਸੁਧਾਰ ਕਰਕੇ ਨਿਖਾਰ ਲਿਆਉਂਦੇ ਹਨ। ਅਨੇਕਾਂ ਖਿਡਾਰੀ ਖੇਡ ਸਾਹਿਤ ਤੋਂ ਪ੍ਰੇਰਨਾ ਲੈ ਕੇ ਜ਼ਿੰਦਗੀ ਦੇ ਅਗਲੇਰੇ ਪੈਂਡਿਆਂ ਵੱਲ ਉਤਸ਼ਾਹ ਨਾਲ ਕਦਮ ਪੁੱਟਦੇ ਹਨ। ਖੇਡਾਂ ਦੇ ਅਧਿਕਾਰੀ, ਕਲੱਬਾਂ ਵਾਲੇ, ਫੈਡਰੇਸ਼ਨਾਂ ਵਾਲੇ ਤੇ ਖੇਡ ਪ੍ਰਮੋਟਰ ਖੇਡਾਂ ਦੇ ਹੋਰ ਵਿਕਾਸ ਲਈ ਅਗਵਾਈ ਲੈਂਦੇ ਹਨ। ਇਹਨਾਂ ਦੇ ਖੇਡ ਸਾਹਿਤ ਤੋਂ ਪ੍ਰੇਰਿਤ ਹੋ ਕੇ ਅਨੇਕਾਂ ਖੇਡ ਲੇਖਕ ਪੈਦਾ ਹੋਏ ਤੇ ਉਹਨਾਂ ਵਿਚ ਸਰਵਣ ਸਿੰਘ ਵਾਂਗ ਖੇਡ ਰਚਨਾ ਕਰਨ ਦੀ ਤਾਂਘ ਪੈਦਾ ਹੋਈ, ਜਿਸ ਨਾਲ ਅਨੇਕਾਂ ਖੇਡ ਪੁਸਤਕਾਂ ਹੋਂਦ ਵਿਚ ਆਈਆਂ। ਖੇਡ ਪੁਸਤਕਾਂ ਹੋਂਦ ਵਿਚ ਆਉਣ ਨਾਲ ਖਿਡਾਰੀਆਂ/ਖੇਡਾਂ ਬਾਰੇ ਲੋਕਾਂ ਨੂੰ ਜਾਣਕਾਰੀ ਪ੍ਰਾਪਤ ਹੋਈ। ਖਿਡਾਰੀਆਂ ਦੇ ਜੀਵਨ ਦਾ ਇਤਿਹਾਸ ਸੰਭਾਲਿਆ ਗਿਆ ਜਿਹਨਾਂ ਤੋਂ ਪ੍ਰੇਰਨਾ ਲੈ ਕੇ ਹੋਰ ਖਿਡਾਰੀ ਆਪਣੇ ਮਿੱਥੇ ਟੀਚਿਆਂ ਨੂੰ ਪੂਰਾ ਕਰਨਗੇ। ਪ੍ਰਿੰਸੀਪਲ ਸਾਹਿਬ ਨਵੀਂ ਪੀੜ੍ਹੀ ਦੇ ਖੇਡ ਲੇਖਕਾਂ ਨੂੰ ਜਿੱਥੇ ਲਿਖਣ ਦੇ ਦਾਅ-ਪੇਚ ਦੱਸਦੇ ਹਨ, ਉੱਥੇ ਉਹਨਾਂ ਦੁਆਰਾ ਲਿਖੀਆਂ ਪੁਸਤਕਾਂ ਦੇ ਮੁੱਖ-ਬੰਧ ਵੀ ਲਿਖਦੇ ਆ ਰਹੇ ਹਨ। ਜਿਸ ਤੋਂ ਪ੍ਰੇਰਿਤ ਹੋ ਕੇ ਖੇਡ ਲੇਖਕ ਹੋਰ ਸ਼ਿੱਦਤ ਨਾਲ ਲੇਖਨ ਕਲਾ ਨੂੰ ਚਮਕਾਉਂਦੇ ਹਨ। ਪ੍ਰਿੰਸੀਪਲ ਸਰਵਣ ਸਿੰਘ ਨੇ 'ਪੰਜਾਬ ਦੀਆਂ ਦੇਸੀ ਖੇਡਾਂ' ਪੁਸਤਕ ਵਿਚ 87 ਲੋਕ-ਖੇਡਾਂ ਦਾ ਵਰਨਣ ਕੀਤਾ ਹੈ। ਇਹ ਪੁਸਤਕ ਪੰਜਾਬੀ ਯੂਨੀਵਰਸਿਟੀ ਨੇ ਵਿਸ਼ੇਸ਼ ਤੌਰ 'ਤੇ ਛਾਪੀ। ਉਹਨਾਂ ਦੀ ਲਿਖੀ ਪੁਸਤਕ 'ਪੰਜਾਬੀ ਖਿਡਾਰੀ' ਵੀ ਪੰਜਾਬੀ ਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ। ਅਜਿਹੀਆਂ ਪੁਸਤਕਾਂ ਲਿਖ ਕੇ ਉਸ ਨੇ ਇਤਿਹਾਸਕ ਕਾਰਜ ਕੀਤਾ ਹੈ। ਖੇਡਾਂ ਦੇ ਇਤਿਹਾਸ ਵੀ ਲਿਖੇ ਹਨ, ਜੋ ਕਿ ਬਹੁਤ ਹੀ ਮੁੱਲਵਾਨ ਕਾਰਜ ਹੈ।

ਆਪਣੀਆਂ ਰਚਨਾਵਾਂ ਵਿਚ ਖਿਡਾਰੀਆਂ ਦੇ ਤੁਲਨਾਤਮਿਕ ਅਧਿਐਨ ਰਾਹੀਂ ਇੱਕੋ ਹੀ ਖੇਡ ਦੇ ਇੱਕੋਂ ਜਿਹੇ ਨਾਵਾਂ ਵਾਲੇ ਖਿਡਾਰੀਆਂ ਦੇ ਨਾਵਾਂ ਦੇ ਮੇਲ ਖਾ ਜਾਣ ਕਾਰਨ ਉਹਨਾਂ ਸੰਬੰਧੀ ਪੈਦਾ ਹੋਈ ਅਸਪਸ਼ਟਤਾ, ਦਵੰਦ ਅਤੇ ਭੰਬਲਭੂਸੇ ਵਾਲੀ ਸਥਿਤੀ ਨੂੰ ਸਪਸ਼ਟ ਕਰਨ ਲਈ ਉਸਨੇ ਯਤਨ ਕੀਤੇ। ਅਣਗੌਲੇ ਨਾਇਕਾਂ ਨੂੰ ਪਛਾਣਿਆ ਗਿਆ ਤੱਥਾਂ/ਘਟਨਾਵਾਂ ਨੂੰ ਵੀ ਖਲਤ-ਮਲਤ ਹੋਣ ਤੋਂ ਬਚਾਇਆ ਹੈ। ਕੁਸ਼ਤੀ ਦੇ ਭਲਵਾਨਾਂ ਦਾਰਾ ਸਿੰਘ ਦੁਲਚੀਪੁਰੀਆ ਤੇ ਦਾਰਾ ਸਿੰਘ ਧਰਮੂਚੱਕੀਆ ਬਾਰੇ ਕੀਤਾ ਤੁਲਨਾਤਮਿਕ ਕਾਰਜ ਕੀਤਾ। ਹਾਕੀ ਖੇਡਣ ਵਾਲੇ ਓਲੰਪੀਅਨ ਬਲਬੀਰ ਸਿੰਘ ਚਾਰ ਸਨ। ਤਿੰਨ ਬਲਬੀਰ ਸਿੰਘ ਇਕੋ ਭਾਰਤੀ ਟੀਮ ਵਿਚ ਖੇਡੇ ਸਨ। ਉਹਨਾਂ ਦੀ ਖੇਡ ਵੀ ਇੱਕੋ ਹੋਣ ਕਾਰਨ ਉਹਨਾਂ ਤੋਂ ਅਗਲੇਰੀ ਪੀੜ੍ਹੀ ਦੇ ਪਾਠਕਾਂ ਨੂੰ ਤੇ ਖਿਡਾਰੀਆਂ ਨੂੰ ਤਿੰਨੋ ਬਲਬੀਰਾਂ ਦੇ ਨਾਵਾਂ ਸੰਬੰਧੀ ਪੈਂਦੇ ਭੁਲੇਖਿਆਂ ਤੋਂ ਬਚਾਉਣ ਲਈ ਵੀ ਉਸਨੇ ਸਲਾਹੁਣਯੋਗ ਕਾਰਜ ਕੀਤਾ ਹੈ। ਪੰਜਾਬੀ ਵਿਚ ਖੇਡ ਗਲਪ ਦੀ ਪਹਿਲੀ ਮੌਲਿਕ ਪੁਸਤਕ ਨਾਵਲ 'ਗੁੰਮਨਾਮ ਚੈਂਪੀਅਨ' ਦੀ ਕਥਾ ਦਾ ਤਾਂ ਆਧਾਰ ਹੀ ਦੋਵਾਂ ਦਾਰਿਆਂ ਬਾਰੇ ਕੀਤੇ ਨਿਖੇੜੇ ਦਾ ਅਣਗੌਲਿਆਂ ਭਲਵਾਨ ਦਾਰਾ ਦੁਲਚੀਪੁਰੀਆ ਬਣਦਾ ਹੈ। ਇਸ ਨਾਵਲ ਦਾ ਰਚਨਹਾਰਾ ਵੀ ਪ੍ਰਿੰਸੀਪਲ ਸਰਵਣ ਸਿੰਘ ਦਾ ਭਤੀਜਾ 'ਬਲਵੰਤ ਸਿੰਘ ਸੰਧੂ' ਹੈ। ਇਸ ਤੋਂ ਇਲਾਵਾ ਖੇਡਾਂ ਵਿਚ ਸਿਆਸਤ, ਭ੍ਰਿਸ਼ਟਾਚਾਰ, ਵਪਾਰ, ਮੈਚ ਫਿਕਸਿੰਗ, ਖੇਡਾਂ ਵਿਚ ਡੋਪਿੰਗ, ਫੈਡਰੇਸ਼ਨਾਂ ਦੇ ਧੱਕੇ, ਖਿਡਾਰੀਆਂ ਦੇ ਵਿਤਕਰੇ, ਖੇਡਾਂ ਵਿਚ ਆਏ ਨੈਤਿਕ ਨਿਘਾਰ, ਖੇਡਾਂ ਤੇ ਖਿਡਾਰੀਆਂ ਦੀ ਚੜ੍ਹਤ, ਖੇਡਾਂ ਵਿਚ ਤਰੱਕੀ ਲਈ ਸੇਧਾਂ ਤੇ ਅਗਵਾਈ, ਦੁਨੀਆ ਭਰ ਵਿਚ ਹੋਣ ਵਾਲੇ ਖੇਡ-ਮੇਲਿਆਂ ਦਾ ਜ਼ਿਕਰ ਆਦਿ ਕਿੰਨਾ ਹੀ ਕੁਝ ਪ੍ਰਿੰਸੀਪਲ ਸਰਵਣ ਸਿੰਘ ਦੀ ਕਲਮ ਪਾਠਕਾਂ ਤੇ ਲੋਕਾਂ ਦੇ ਰੂ-ਬ-ਰੂ ਕਰਦੀ ਹੈ।

**ਬਾਕੀ ਹਿਸਾ ਸਫ਼ਾ 51 ਤੇ ਪੜ੍ਹੋ**

### 50 ਸਫ਼ੇ ਦੀ ਬਾਕੀ

ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਲਿਖੀਆਂ ਕਈ ਪੁਸਤਕਾਂ ਤੇ ਰਚਨਾਵਾਂ ਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਆਪਣੇ ਪਾਠਕ੍ਰਮ ਦਾ ਹਿੱਸਾ ਬਣਾਇਆ 'ਅਖਾੜੇ ਦਾ ਸ਼ਹੀਦ' ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪਾਠਕ੍ਰਮ ਵਿਚ, 'ਪਿੰਡ ਦੀ ਸੱਥ 'ਚੋਂ' ਪੁਸਤਕ ਗਿਆਨੀ ਦੇ ਸਿਲੇਬਸ ਵਿਚ ਲੱਗੀ ਰਹੀਂ ਹੈ। ਸਫ਼ਰਨਾਮਾ 'ਅੱਖੀ ਵੇਖ ਨਾ ਰੱਜੀਆਂ' ਪੰਜਾਬ ਯੂਨੀਵਰਸਿਟੀ ਦੇ ਸਿਲੇਬਸ ਵਿਚ ਇਕ ਜਮਾਤ ਦੇ ਪਾਠਕ੍ਰਮ ਵਿਚ ਸ਼ਾਮਲ ਕਰੀ ਰੱਖਿਆ। 'ਉੱਡਣਾ ਸਿੱਖ ਮਿਲਖਾ ਸਿੰਘ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਪਾਠਕ੍ਰਮ ਵਿਚ ਲੱਗਿਆ ਹੋਇਆ ਹੈ। 'ਸਨਾਈਪਸ' ਨਾਂ ਦੀ ਖੇਡ ਸੁਸਾਇਟੀ ਗਵਾਲੀਅਰ ਜੋ ਕਿ ਭਾਰਤੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਸਰੀਰਕ ਸਿੱਖਿਆ ਅਤੇ ਖੇਡਾਂ ਦੀਆਂ ਪੁਸਤਕਾਂ ਨੂੰ ਪੁਰਸਕਾਰ ਪ੍ਰਦਾਨ ਕਰਦੀ ਹੈ, ਉਸਨੇ 'ਖੇਡ ਜਗਤ ਵਿਚ ਭਾਰਤ' ਪੁਸਤਕ ਨੂੰ ਇਨਾਮ ਲਈ ਚੁਣਿਆ ਅਤੇ ਪ੍ਰਿੰਸੀਪਲ ਸਰਵਣ ਸਿੰਘ ਨੂੰ 'ਨੈਸ਼ਨਲ ਐਵਾਰਡ' ਦਿੱਤਾ। ਭਾਸ਼ਾ ਵਿਭਾਗ ਪੰਜਾਬ ਨੇ 'ਸ਼੍ਰੋਮਣੀ ਪੰਜਾਬੀ ਲੇਖਕ' ਪੁਰਸਕਾਰ ਨਾਲ ਸਨਮਾਨਿਆ। 'ਕਰਤਾਰ ਸਿੰਘ ਧਾਲੀਵਾਲ' ਐਵਾਰਡ, 'ਸੱਯਦ ਵਾਰਿਸ ਸ਼ਾਹ' ਐਵਾਰਡ, 'ਪਰਵਾਸੀ ਲੇਖਕ' ਐਵਾਰਡ ਆਦਿ ਅਨੇਕਾਂ ਹੋਰ ਸਨਮਾਨ ਉਸ ਦੀ ਝੋਲੀ ਪਏ। ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਦੇ ਸਿੰਡੀਕੇਟ ਤੇ ਸੈਨੇਟ ਮੈਂਬਰ ਵਜੋਂ ਵੀ ਨਾਮਜ਼ਦ ਰਿਹਾ।

ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਪੰਜਾਬੀ ਖੇਡ ਸਾਹਿਤ ਦੇ ਖੇਤਰ ਵਿਚ ਕੀਤੀ ਮਿਹਨਤ ਮੁਸ਼ੱਕਤ ਅਤਿ ਸ਼ਲਾਘਾਯੋਗ ਹੈ। ਇਹ ਉਸਦੀ ਅੱਧੀ ਸਦੀ ਤੋਂ ਵੱਧ ਦੀ ਕੀਤੀ ਸੁਹਿਰਦ ਸਾਹਿਤਕ ਸਾਧਨਾ ਦਾ ਫਲ਼ ਹੈ। ਪੰਜਾਬੀ ਖੇਡ ਸਾਹਿਤ ਦੇ ਖੇਤਰ ਵਿਚ ਹਾਲੇ ਤੱਕ ਉਸਦਾ ਕੋਈ ਸਾਨੀ ਨਹੀਂ। ਉਸ ਨੇ ਆਪਣੀ ਸਾਹਿਤਕ ਸਾਧਨਾ ਤੇ ਮਾਂ-ਬੋਲੀ ਦੀ ਕਲਾਤਮਿਕਤਾ ਦੇ ਵਰਣਨ ਜ਼ਰੀਏ ਦੇਸ਼ਾਂ/ਵਿਦੇਸ਼ਾਂ ਵਿਚ ਵਸੇ ਪੰਜਾਬੀਆਂ/ਪਾਠਕਾਂ, ਖਿਡਾਰੀਆਂ, ਖੇਡ ਪ੍ਰਮੋਟਰਾਂ, ਖੇਡ ਪ੍ਰਸੰਸਕਾਂ ਦਾ ਦਿਲ ਜਿੱਤ ਲਿਆ ਹੈ।

2023 ਵਿੱਚ ਹਕੀਮਪੁਰ ਦੇ ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਖੇਡ ਮੇਲੇ 'ਚ ਪੁਰੇਵਾਲ ਭਰਾਵਾਂ ਤੇ ਦੇਸ਼ ਵਿਦੇਸ਼ ਦੇ ਖੇਡ ਪ੍ਰਮੋਟਰਾਂ ਵੱਲੋਂ ਪ੍ਰਿੰਸੀਪਲ ਸਰਵਣ ਸਿੰਘ ਨੂੰ ਉਨ੍ਹਾਂ ਦੀਆਂ ਉਮਰ ਭਰ ਦੀਆਂ ਖੇਡ ਸੇਵਾਵਾਂ ਲਈ 'ਖੇਡ ਰਤਨ' ਪੁਰਸਕਾਰ ਨਾਲ ਨਿਵਾਜਿਆ ਗਿਆ। ਉਸ ਪੁਰਸਕਾਰ ਵਿਚ ਸਵਾ ਦੋ ਤੋਲੇ ਦਾ ਗੋਲਡ ਮੈਡਲ, ਸਨਮਾਨ ਪਲੇਕ, ਕੰਬਲੀ, ਦਸਤਾਰ ਅਤੇ ਪੰਜ ਲੱਖ ਰੁਪਏ ਦੀ ਰਾਸ਼ੀ ਸ਼ਾਮਲ ਸੀ। ਧੰਨਵਾਦ ਕਰਦਿਆਂ ਉਨ੍ਹਾਂ ਨੇ ਪੰਜ ਲੱਖ ਦੀ ਰਾਸ਼ੀ ਇਹ ਕਹਿ ਕੇ ਮੋੜ ਦਿੱਤੀ ਕਿ ਇਸ ਨੂੰ ਪੰਜਾਬੀ ਖੇਡ ਸਾਹਿਤ ਦੀ ਪ੍ਰਮੋਸ਼ਨ ਲਈ ਕਿਤੇ ਹੋਰ ਵਰਤ ਲੈਣਾ। ਇੰਜ਼ ਮਹਿਸੂਸ ਹੋਇਆ ਜਿਵੇਂ ਪ੍ਰਿੰਸੀਪਲ ਸਰਵਣ ਸਿੰਘ ਜ਼ਰੀਏ ਇਹ ਸਨਮਾਨ ਪੰਜਾਬੀ ਖੇਡ ਸਾਹਿਤ ਦਾ ਸਨਮਾਨ ਕੀਤਾ ਗਿਆ ਹੋਵੇ। ਪ੍ਰਿੰਸੀਪਲ ਸਰਵਣ ਸਿੰਘ ਨੂੰ ਮੁਬਾਰਕਬਾਦ ਦਿੰਦੇ ਹੋਏ ਅਸੀਂ ਦੁਆ ਕਰਦੇ ਹਾਂ ਕਿ 86 ਸਾਲ ਦੀ ਉਮਰੇ ਵੀ ਉਹ ਆਪਣੀ ਖੇਡ ਲੇਖਣੀ ਦੀ ਮੈਰਾਥਨ ਦੌੜ ਇੰਜ ਹੀ ਦੌੜਦੇ ਰਹਿਣ ਤੇ ਅਸੀਂ ਵੀ ਉਨ੍ਹਾਂ ਦੀਆਂ ਪਾਈਆਂ ਪੈੜਾਂ 'ਤੇ ਦੌੜਦੇ ਰਹੀਏ।

## ਮਿੰਨੀ ਕਹਾਣੀ-ਦੇਣ




ਪਿੰਡ ਦੀ ਸੱਥ ਵਿੱਚ ਪੰਚਾਇਤ ਇਕੱਠੀ ਹੋਈ। ਸਰਬਸੰਮਤੀ ਨਾਲ ਮਤਾ ਪਾਸ ਹੋਇਆ ਕਿ ਪਿੰਡ ਦੇ ਵਿਚੋਂ ਨਸ਼ਿਆਂ ਦਾ ਬਿਲਕੁੱਲ ਸਫ਼ਾਇਆ ਕਰਨਾ ਹੈ। ਗੁਰਮੀਤ ਸਿੰਘ ਨੂੰ ਸਾਰੇ ਪਿੰਡ ਦੇ ਨਸ਼ੱਈ ਮੁੰਡਿਆਂ ਦੀ ਲਿਸਟ ਬਣਾਉਣ ਦੀ ਡਿਊਟੀ ਦਿੱਤੀ ਗਈ। ਕੋਈ ਵੀਹ ਕੁ ਜਾਣਿਆਂ ਦੀ ਸੂਚੀ ਬਣਾ ਕੇ ਗੁਰਮੀਤ ਨੇ ਸਰਪੰਚ ਨੂੰ ਦੇ ਦਿੱਤੀ। ਜਿਸ ਨੂੰ ਕਿ ਪਹਿਲਾਂ ਹੀ "ਨਸ਼ਾ ਛੁਡਾਊ ਸੰਮਤੀ" ਦਾ ਪ੍ਰਧਾਨ ਨਿਯੁੱਕਤ ਕਰ ਦਿੱਤਾ ਗਿਆ ਸੀ।

ਸਮਾਂ ਨਿਸ਼ਚਿਤ ਕਰ ਨਸ਼ਾ ਛੁਡਾਊ ਕੇਂਦਰ ਵਿੱਚ ਸਾਰੇ ਹੀ ਮੁੰਡਿਆਂ ਨੂੰ ਭਰਤੀ ਕਰਵਾ ਦਿੱਤਾ ਗਿਆ। ਸਾਰਾ ਪਿੰਡ ਸਰਪੰਚ ਦੇ ਇਸ ਕਾਰਜ਼ ਤੋਂ ਬਹੁਤ ਖੁਸ਼ ਸਨ। ਹੌਲੀ ਹੌਲੀ ਬਹੁਤ ਸਾਰੇ ਮੁੰਡਿਆਂ ਨੇ ਨਸ਼ਿਆਂ ਦੀ ਨਾਮੁਰਾਦ ਬੀਮਾਰੀ ਤੋਂ ਨਿਜ਼ਾਤ ਪਾ ਲਈ। ਪਰ ਕੁੱਝ ਕੁ ਦੋਸਤ ਹਾਲੇ ਵੀ ਸੈਂਟਰ ਵਿੱਚ ਦਾਖਲ ਸਨ। ਕੁੱਝ ਕੁ ਦਿਨਾਂ ਬਾਅਦ ਜਦ ਸਰਪੰਚ/ਪ੍ਰਧਾਨ ਜੀ ਮੁੰਡਿਆਂ ਦਾ ਹਾਲ ਚਾਲ ਜਾਨਣ ਲਈ ਸੈਂਟਰ ਪਹੁੰਚਿਆ ਤਾਂ ਗੋਪੀ ਕੇ ਲਾਣੇ ਚੋਂ ਗੇਲੀ ਨੇ ਦੱਬਵੀਂ ਜਿਹੀ ਆਵਾਜ਼ 'ਚ ਪ੍ਰਧਾਨ ਜੀ ਨੂੰ ਕਹਿ ਹੀ ਦਿੱਤਾ ਕਿ ਪ੍ਰਧਾਨ ਜੀ ਤੁਸੀਂ ਬਹੁਤ ਪਰਉਪਕਾਰੀ ਕਾਰਜ਼ ਕੀਤਾ ਹੈ, ਕਿਉਂਕਿ ਪਹਿਲਾਂ ਸਰਪੰਚੀ ਦੀ ਚੋਣ ਵਿੱਚ ਆਪ ਨੇ ਹੀ ਸਾਨੂੰ ਇਸ ਚਾਟ ਤੇ ਲਾਇਆ ਤੇ ਹੁਣ ਆਪ ਹੀ ਨਸ਼ਾ ਛੁਡਾਊ ਕਮੇਟੀ ਬਣਾ ਕੇ ਓਹਦੇ ਪ੍ਰਧਾਨ ਬਣ ਕੇ ਸਾਨੂੰ ਨਸ਼ਿਆਂ ਦੇ ਪ੍ਰਕੋਪ ਚੋਂ ਬਚਾਅ ਰਹੇ ਹੋ ? ਇਹ ਸਭ ਆਪ ਦੀ ਹੀ ਦੇਣ ਹੈ ਸਰਪੰਚ ਸਾਹਿਬ ਜੀ। ਸਰਪੰਚ ਸਾਹਿਬ ਜਿਵੇਂ ਨਿਰਉਤਰ ਹੋ ਗਏ ਸਨ, ਉਨ੍ਹਾਂ ਕੋਲ ਗੇਲੀ ਦੀ ਇਸ ਸਮੇਂ ਕਹੀ ਸੱਚੀ ਗੱਲ ਦਾ ਕੋਈ ਜਵਾਬ ਨਹੀਂ ਸੀ। -ਜਸਵੀਰ ਸ਼ਰਮਾ ਦੱਦਾਹੂਰ

# ...ਪੇਕੇ ਤੱਤੜੀ ਦੇ ਦੂਰ


ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445

ਗੁਰਬਤ ਦੇ ਝੰਬੇ ਪੇਂਡੂ ਸਮਾਜ ਵਿੱਚ ਔਰਤ ਹਮੇਸ਼ਾ ਹੀ ਹਿੰਸਾ ਦਾ ਸ਼ਿਕਾਰ ਰਹੀ ਹੈ। ਇਸ ਦੇ ਪ੍ਰਤੀ ਸਰਕਾਰਾਂ ਨੇ ਸਮੇਂ ਸਮੇਂ ਤੇ ਉਪਰਾਲੇ ਕੀਤੇ ਪਰ ਮਰਦ ਪ੍ਰਧਾਨ ਨੇ ਪੇਸ਼ ਨਹੀਂ ਜਾਣ ਦਿੱਤੀ। ਘਰੇਲੂ ਹਿੰਸਾ ਜਿਸ ਦਾ ਦੂਜਾ ਨਾਮ ਔਰਤ ਹੁੰਦੀ ਹੈ। ਇਹ ਘਰ ਅਤੇ ਬਾਹਰ ਸੁਰੱਖਿਅਤ ਨਹੀਂ ਰਹੀ। ਘਰਾਂ ਅੰਦਰ ਮਰਦ ਦਾ ਖੌਫ਼ ਅਤੇ ਘਰ ਤੋਂ ਬਾਹਰ ਦਰਿੰਦਿਆਂ ਦਾ ਖੌਫ਼ ਜਾਰੀ ਰਿਹਾ। ਇਸ ਲਈ ਅੰਮ੍ਰਿਤਾ ਪ੍ਰੀਤਮ ਨੇ ਵੀ ਕਿਹਾ ਸੀ ਕਿ ਬੀਹ ਹਜਾਰ ਸਾਲ ਹੋ ਗਏ ਸੱਭਿਅਤਾ ਬਣੀ ਨੂੰ ਮਰਦ ਅਜੇ ਵੀ ਔਰਤ ਪ੍ਰਤੀ ਭੁੱਖੇ ਦਾ ਭੁੱਖਾ ਹੀ ਹੈ। ਇਹ ਸਾਡੇ ਸਮਾਜ ਦਾ ਇੱਕ ਪਹਿਲੂ ਰਿਹਾ ਹੈ। ਇਸ ਲਈ ਕਈ ਪ੍ਰਕਾਰ ਦਾ ਸਾਹਿਤ ਵੀ ਰਚਿਆ ਗਿਆ। ਗਾਇਕਾਂ ਵਿੱਚ ਵੀ ਔਰਤ ਤੇ ਹਿੰਸਾ ਗੂੰਜਦੀ ਰਹੀ ਕਾਫੀ ਸਮੇਂ ਪਹਿਲਾਂ ਸਵਰਗੀ ਦੀਦਾਰ ਸੰਧੂ ਦਾ ਗਾਣਾ ਇਸ ਦੀ ਪੁਸ਼ਤ ਪਨਾਹੀ ਕਰਦਾ ਹੈ,

"ਉੱਠਦੀ ਬਹਿੰਦੀ ਜੀ ਜੀ ਕਹਿੰਦੀ,
ਉੱਠਦੀ ਬਹਿੰਦੀ ਜੀ ਜੀ ਕਹਿੰਦੀ,
ਤੈਨੂੰ ਤੇਰੀ ਹੂਰ ਵੇ,
ਨਾ ਮਾਰ ਜਾਲਮਾ ਵੇ
ਪੇਕੇ ਤੱਤੜੀ ਦੇ ਦੂਰ"

ਔਰਤ ਵਿਚਾਰੀ ਚੁੱਪ ਚੁਪੀਤੇ ਸਭ ਕੁਝ ਸਹਿ ਲੈਂਦੀ ਹੈ। ਅੱਜ ਵੀ ਦਸਤੂਰ ਜਾਰੀ ਹੈ। ਔਰਤ ਨੂੰ ਹਿੰਸਾ ਪ੍ਰਭਾਵਿਤ ਕਰਦੀ ਹੈ। ਪਿੰਡਾਂ ਦੇ ਸਮਾਜ ਦੀ ਇੱਕ ਵੱਡੀ ਬੁਰਾਈ ਹੈਕਿ ਕਈ ਲੋਕ ਚਾਪਰ ਕੇ ਆਪਣੇ ਘਰਦਿਆਂ ਨੂੰ ਦਿਖਾਉਣ ਲਈ ਵੀ ਔਰਤ ਤੇ ਹਿੰਸਾ ਕਰਦੇ ਹਨ। ਉਂਝ ਆਦਿ ਕਾਲ ਤੋਂ ਪਿੰਡਾਂ ਦੇ ਸਮਾਜ ਵਿੱਚ ਔਰਤ ਤੇ ਹਿੰਸਾ ਇੱਕ ਗੰਭੀਰ ਸਮੱਸਿਆ ਰਹੀ ਹੈ। ਇਸ ਨੂੰ ਹੱਲ ਕਰਨ ਦੇ ਉਪਰਾਲੇ ਮੱਧਮ ਹੀ ਰਹੇ ਘਰੇਲੂ ਹਿੰਸਾ ਦਾ ਦੂਜਾ ਨਾਮ ਔਰਤ ਹੁੰਦੀ ਹੈ, ਕੁੱਝ ਸਮਾਂ ਪਹਿਲੇ ਤਾਂ ਇਉਂ ਲੱਗਦਾ ਸੀ ਕਿ ਹਿੰਸਾ ਸ਼ਬਦ ਬਣਿਆ ਹੀ ਔਰਤ ਲਈ ਹੈ। ਇਸ ਦਾ ਕਾਰਨ ਇਹ ਹੈ ਕਿ ਮਰਦ ਪ੍ਰਧਾਨਤਾ, ਸਮਾਜਿਕ ਦਬਾਓ, ਘਰ ਦੀ ਗੱਲ ਘਰ ਵਿੱਚ ਰੱਖਣਾ ਵੀ ਇਸ ਘਾਗ ਨੂੰ ਹੋਰ ਡੂੰਘਾ ਕਰਦਾ ਰਿਹਾ। ਔਰਤ ਤੇ ਹਿੰਸਾ ਦੇ ਕਾਰਨ ਅਗਿਆਨਤਾ, ਦਾਜ ਪ੍ਰਥਾ, ਹਵਸ਼ ਦੀ ਪੂਰਤੀ ਅਤੇ ਜਾਗਰੂਕਤਾ ਦੀ ਘਾਟ ਹੁੰਦੀ ਹੈ। ਇਸ ਦੇ ਨਤੀਜੇ ਇਹ ਰਹੇ ਕਿ ਔਰਤਾਂ ਮਾਨਸਿਕ ਤਣਾਓ ਚ ਰਹਿੰਦੀਆਂ ਹਨ। ਇਸਦਾ ਸਿੱਧਾ ਅਸਰ ਬੱਚਿਆਂ ਤੇ ਪੈਂਦਾ ਹੈ। ਬਦਨਾਮੀ ਦੇ ਡਰੋਂ ਔਰਤਾਂ ਸ਼ਕਾਇਤ ਤੱਕ ਵੀ ਨਹੀਂ ਕਰਦੀਆ।



ਪ੍ਰੋਟੈਕਸ਼ਨ ਆਫ ਵੂਮਨ ਫਰੋਮ ਡੋਮੈਸਟਿਕ ਐਕਟ 2005 ਮੁਤਾਬਕ ਕਿਸੇ ਮਹਿਲਾ ਨੂੰ ਕਿਸੇ ਤਰੀਕੇ ਨਾਲ ਸਰੀਰਕ ਜਾਂ ਮਾਨਸਿਕ ਸੱਟ ਪਹੁੰਚਾਣਾ ਉਸਦੀ ਸਿਹਤ ਸੁਰੱਖਿਆ ਅਤੇ ਜ਼ਿੰਦਗੀ ਨੂੰ ਖਤਰੇ ਵਿੱਚ ਪਾਉਣਾ ਘਰੇਲੂ ਹਿੰਸਾ ਹੈ। ਭਾਰਤੀ ਸੰਸਕ੍ਰਿਤੀ ਅਮੀਰ ਹੈ ਇਸ ਲਈ ਇਹ ਹਿੰਸਾ ਨੂੰ ਸਮਾਜਿਕ ਬੁਰਾਈ ਮੰਨਦੀ ਹੈ। ਇਸਦੇ ਅਸਰ ਵੀ ਰਹੇ ਹਨ। ਦੂਜੇ ਪਾਸੇ ਹੁਣ ਅਫਗਾਨਿਸਤਾਨ ਵਿੱਚ ਇੱਕ ਕਾਨੂੰਨ ਪਾਸ ਕੀਤਾ ਹੈ ਜਿਸ ਨਾਲ ਔਰਤ ਦੇ ਅਧਿਕਾਰ ਮਾਰ ਦਿੱਤੇ ਗਏ ਹਨ। ਇਸ ਤਹਿਤ ਔਰਤ ਨੂੰ ਅਤੇ ਬੱਚਿਆਂ ਨੂੰ ਕੁੱਟਣਾ ਹਿੰਸਾ ਨਹੀਂ ਬਲਕਿ ਹੱਡੀ ਨਹੀਂ ਟੁੱਟਣੀ ਚਾਹੀਦੀ। ਇਹ ਇੱਕ ਵੱਡਾ ਅਗਿਆਨਤਾ ਭਰਪੂਰ ਅਤੇ ਹਾਸੋਹੀਣਾ ਫੈਸਲਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਔਰਤਾਂ ਪ੍ਰਤੀ ਵੱਖ ਵੱਖ ਕਾਨੂੰਨ ਔਰਤ ਦੇ ਹੱਕ ਵਿੱਚ ਹੀ ਹਨ। ਪਛੜੇ ਮੁਲਕਾਂ ਦੀ ਪਹਿਚਾਣ ਹੀ ਹੁੰਦੀ ਹੈ ਕਿ ਉਥੋਂ ਦੀ ਔਰਤ ਦਾ ਅੰਦਾਜ਼ਾ ਲਾ ਲਓ ਪਛੜੇਪਣ ਦੀ ਆਪ ਹੀ ਪਛਾਣ ਹੋ ਜਾਂਦੀ ਹੈ। ਔਰਤਾਂ ਵਿੱਚ ਘਰੇਲੂ ਹਿੰਸਾ ਲਈ ਯੂਐਨਓ ਨੇ 1993 ਵਿੱਚ ਇੱਕ ਐਲਾਨਨਾਮਾ ਵੀ ਜਾਰੀ ਕੀਤਾ ਸੀ। ਇੱਕ ਰਿਪੋਰਟ ਵੀ ਆਈ ਸੀ ਕਿ 2023 ਵਿੱਚ 85 ਹਜਾਰ ਔਰਤਾਂ ਅਤੇ ਬੱਚਿਆਂ ਦੀ ਹੱਤਿਆ ਜਾਣ ਬੁੱਝ ਕੇ ਕੀਤੀ ਗਈ ਸੀ।

ਔਰਤ ਭਾਰਤੀ ਸਮਾਜ ਦਾ ਸੰਵੇਦਨਸ਼ੀਲ ਅੰਗ ਹੈ। ਇੱਕ ਅਜਿਹਾ ਸਮਾਂ ਸੀ ਜਦੋਂ ਔਰਤ ਸਭ ਤੋਂ ਵੱਧ ਅਸੁਰੱਖਿਅਤ ਘਰ ਵਿੱਚ ਹੀ ਸੀ, ਮਰਦ ਆਪਣਾ ਹੱਕ ਔਰਤ ਨੂੰ ਕੁੱਟਣ ਤੇ ਸਮਝਦਾ ਸੀ। ਭਾਰਤ ਦੇ ਰਾਸ਼ਟਰੀ ਅਪਰਾਧ ਬਿਊਰੋ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਚ ਹਰ ਸਾਲ ਤਿੰਨ ਮਿੰਟ ਚ ਔਰਤਾਂ ਵਿਰੁੱਧ ਇਕ ਅਪਰਾਧ ਦਰਜ ਹੁੰਦਾ ਹੈ। 60 ਮਿੰਟਾਂ ਚ ਦੋ ਔਰਤਾਂ ਨਾਲ ਬਲਾਤਕਾਰ ਹੁੰਦਾ ਹੈ। ਹਰ ਛੇ ਘੰਟੇ ਨਵ ਵਿਆਹੁਤਾ ਦਾ ਕਤਲ ਹੁੰਦਾ ਹੈ। ਭਾਰਤ ਚ 2023 ਚ 15 ਤੋਂ 49 ਦੇ ਪੰਜ ਤੋਂ ਜਿਆਦਾ ਲਗਭਗ 20 ਫੀਸਦੀ ਮਹਿਲਾਵਾਂ ਨੂੰ ਆਪਣੇ ਸਾਥੀ ਤੋਂ ਹਿੰਸਾ ਦਾ ਸ਼ਿਕਾਰ ਹੋਣਾ ਪਿਆ। 30 ਫੀਸਦੀ ਔਰਤਾਂ ਆਪਣੇ ਜੀਵਨ ਚ ਅਜਿਹੇ ਅਪਰਾਧਾਂ ਦਾ ਸ਼ਿਕਾਰ ਹਨ। ਲੋਕ ਗੀਤ ਜੀਵਨ ਦਾ ਦਰਪਣ ਹਨ। ਇਹ ਅਸਲੀ ਚਿੱਤਰ ਪੇਸ਼ ਕਰਦੇ ਹਨ। ਦੀਦਾਰ ਸੰਧੂ ਦਾ ਗਾਣਾ ਇਸ ਦੀ ਗਵਾਹੀ ਭਰਦਾ ਹੈ। ਇਸ ਗਾਇਕ ਨੇ ਯਥਾਰਥਵਾਦ ਪੇਸ਼ ਕੀਤਾ ਹੈ। ਅੱਜ ਭਾਵੇਂ ਔਰਤਾਂ ਲਈ ਪਿੰਡਾਂ ਦੇ ਸਮਾਜ ਨੇ ਰੁੱਖ ਬਦਲਿਆ ਹੈ ਪਰ ਕਦੇ ਕਦੇ ਹਿੰਸਾ ਹੋ ਹੀ ਜਾਂਦੀ ਹੈ।" ਪੇਕੇ ਤੱਤੜੀ ਦੇ ਦੂਰ" ਇਹ ਦਰਸਾਉਂਦਾ ਹੈ ਕਿ ਪੇਕੇ ਆਪਣਾ ਦੁੱਖ ਵੀ ਨਹੀਂ ਦੱਸ ਪਾਉਂਦੀ ਸੀ।

ਔਰਤ ਪ੍ਰਤੀ ਸਮਾਜ ਦਾ ਨਜ਼ਰੀਆ ਬਦਲਿਆ ਜ਼ਰੂਰ ਹੈ। ਅੱਜ ਦੀ ਔਰਤ ਪ੍ਰੀਤਮ ਸਿੰਘ ਸਫੀਰ ਵਾਲੀ ਹੋਣੀ ਚਾਹੀਦੀ ਹੈ,

"ਟੁੱਟ ਜਾਵਣ ਕੈਦਾਂ ਹੱਦ ਬੰਦੀਆਂ, ਲੁੱਟ ਰਹੇ ਨਾ ਕਾਣੀ, ਹਰ ਇੱਕ ਬੰਦਾ ਸਾਹ ਦੁਨੀਆਂ ਦਾ, ਹਰ ਇੱਕ ਔਰਤ ਰਾਣੀ"

# ਚੁਣੌਤੀਆਂ ਤੇ ਸੰਭਾਵਨਾਵਾਂ ਦਾ ਪ੍ਰਯੋਜਨਮੁਖੀ ਪ੍ਰਵਚਨ: ਪਰਵਾਸ ਦੇ ਸਰੋਕਾਰ

## ਪੁਸਤਕ ਚਰਚਾ

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਸੰਪਰਕ : 98885-10185



**ਪੁਸਤਕ ਦਾ ਸਿਰਲੇਖ : ਪਰਵਾਸ ਦੇ ਸਰੋਕਾਰ**
**ਲੇਖਕ ਦਾ ਨਾਂ : ਮਲਵਿੰਦਰ**
**ਪ੍ਰਕਾਸ਼ਕ : ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**
**ਪੰਨੇ : 116, ਮੁੱਲ :220 ਰੁਪਏ ($ 10)**

'ਪਰਵਾਸ ਦੇ ਸਰੋਕਾਰ' ਪੁਸਤਕ ਦੀ ਆਮਦ ਨਾਲ ਮਲਵਿੰਦਰ ਆਪਣੀ 11ਵੀਂ ਪੁਸਤਕ ਲੈ ਕੇ ਆਪਣੇ ਪਾਠਕਾਂ ਨੂੰ ਮੁਖ਼ਾਤਿਬ ਹੋ ਰਿਹਾ ਹੈ। ਅਜੋਕੀ ਪੰਜਾਬੀ ਕਵਿਤਾ ਵਿੱਚ ਉਹ ਸਨਮਾਨਯੋਗ ਸਥਾਨ ਰੱਖਦਾ ਹੈ ਤੇ 9 ਪੁਸਤਕਾਂ ਦੀ ਰਚਨਾ ਕਰਕੇ ਪੰਜਾਬੀ ਕਾਵਿ ਸਾਹਿਤ ਵਿੱਚ ਉਸਨੇ ਚੰਗਾ ਨਾਮ ਕਮਾਇਆ ਹੈ। ਵਾਰਤਕ ਦੀ ਇਹ ਉਸਦੀ ਦੂਜੀ ਪੁਸਤਕ ਹੈ। ਇਸ ਵਿੱਚ ਉਹ ਕੈਨੇਡਾ ਜਾ ਕੇ ਰਹਿਣ ਦੇ ਆਪਣੇ ਕੁਝ ਕਠੋਰ ਤੇ ਕੁਝ ਖੁਸ਼ਨੁਮਾ ਅਨੁਭਵ ਉਲੀਕਦਾ ਹੈ। ਮਲਵਿੰਦਰ ਦੇ ਵਿਚਾਰ ਅਨੁਸਾਰ ਬਰੈਂਪਟਨ ਨਵਾਂ ਆਬਾਦ ਹੋ ਰਿਹਾ ਪੰਜਾਬ ਹੈ। ਉਥੇ ਪੰਜਾਬੀ ਜੀਵਨ ਦੇ ਵਿਭਿੰਨ ਰੰਗ-ਢੰਗ ਵੇਖੇ ਜਾ ਸਕਦੇ ਹਨ। ਨੂੰਹਾਂ-ਪੁੱਤਰਾਂ, ਧੀਆਂ-ਜਵਾਈਆਂ ਦੇ ਮਾਪੇ ਉਥੇ ਬੜੀ ਤਾਂਘ ਨਾਲ ਜਾਂਦੇ ਹਨ। ਸੁਭਾਵਿਕ ਹੈ ਕਿ ਉਥੇ ਉਨ੍ਹਾਂ ਦਾ ਦਿਲ ਨਹੀਂ ਲੱਗਦਾ। ਜਦੋਂ ਪਰਿਵਾਰ ਦਾ ਪਰਵਾਸ ਹੁੰਦਾ ਹੈ ਤਾਂ ਨਵੀਆਂ ਚੁਣੌਤੀਆਂ ਆ ਘੇਰਦੀਆਂ ਹਨ। ਆਪਣਿਆਂ ਦੇ ਵਿਵਹਾਰ ਵਿੱਚੋਂ ਰਿਸ਼ਤਿਆਂ ਦੇ ਸਵਾਰਥੀ ਤੇ ਮਸਨੂਈ ਹੋਣ ਦੀ ਅਸਲੀਅਤ ਸਮਝ ਆਉਣ ਲੱਗਦੀ ਹੈ। ਲੇਖਕ ਹਿਤਾਂ ਦੇ ਟਕਰਾਓ ਤੇ ਸਵਾਰਥੀ ਬਿਰਤੀ ਤੋਂ ਪੀੜਤ ਲੋਕਾਂ ਦੇ ਦਰਦ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਮਲਟੀਕਲਚਰਡ ਸਮਾਜ ਵਿੱਚ ਰਹਿਣਾ ਉਨ੍ਹਾਂ ਲਈ ਕਈ ਸਮੱਸਿਆਵਾਂ ਤੇ ਮਾਨਸਿਕ ਗੁੰਝਲਾਂ ਪੈਦਾ ਕਰਦਾ ਹੈ। ਮਲਵਿੰਦਰ ਲਿਖਦਾ ਹੈ-"ਇਸ ਪੁਸਤਕ ਵਿਚ ਮੈਂ ਪਰਵਾਸ ਹੰਢਾ ਰਹੇ ਵੱਖ-ਵੱਖ ਉਮਰ ਵਰਗ ਦੇ ਲੋਕਾਂ ਦੀ ਮਾਨਸਿਕਤਾ ਨੂੰ ਫੜਨ ਦਾ ਯਤਨ ਕੀਤਾ ਹੈ।" (ਪੰਨਾ 11)।

ਮਲਵਿੰਦਰ 2018 ਵਿੱਚ ਪਹਿਲੀ ਵਾਰ ਕੈਨੇਡਾ ਜਾਂਦਾ ਹੈ। ਉਸ ਪਿੱਛੋਂ ਉਸਦਾ ਉਥੇ ਜਾਣਾ-ਆਉਣਾ ਹੁਣ ਤੱਕ ਜਾਰੀ ਹੈ।ਆਪਣੀਆਂ ਕੈਨੇਡਾ ਦੀਆਂ ਫੇਰੀਆਂ ਦੌਰਾਨ ਮਲਵਿੰਦਰ ਵੱਖ ਵੱਖ ਤਰ੍ਹਾਂ ਦੇ ਅਨੁਭਵ ਗ੍ਰਹਿਣ ਕਰਦਾ ਹੈ। ਦੋ ਸੌ ਦੇ ਕਰੀਬ ਮੁਲਕਾਂ ਤੋਂ ਪਰਵਾਸ ਕਰਕੇ ਉਥੇ ਜਾ ਵੱਸੇ ਲੋਕ ਉਸ ਮੁਲਕ ਨੂੰ ਮਲਟੀਕਲਚਰਡ ਦੇਸ਼ ਬਣਾਉਂਦੇ ਹਨ। ਪੀੜ੍ਹੀ ਪਾੜੇ ਨਾਲ ਕਦਰਾਂ-ਕੀਮਤਾਂ ਤੇ ਸੱਭਿਆਚਾਰਕ ਮਾਨਤਾਵਾਂ ਵਿੱਚ ਤਣਾਓ ਆਉਂਦਾ ਹੈ ਤਾਂ ਘਰ-ਪਰਿਵਾਰ ਹਿੱਲਦੇ ਹਨ, ਰਿਸ਼ਤੇ ਲੜਖੜਾਉਂਦੇ ਹਨ ਤੇ ਸਮਾਜਿਕ ਤਾਣਾ-ਬਾਣਾ ਉਲਝਦਾ ਹੈ। ਮਲਵਿੰਦਰ ਲਿਖਦਾ ਹੈ-"ਸਾਡਾ ਸੱਭਿਆਚਾਰ ਤੇ ਕਦਰਾਂ-ਕੀਮਤਾਂ, ਜਿਸਨੂੰ ਅਸੀਂ ਆਪਣਾ ਮਾਣ ਸਨਮਾਨ ਬਣਾ ਰੱਖਿਆ ਹੈ, ਸਾਡੇ ਘਰਾਂ ਵਿੱਚ ਸੰਸਥਾਵਾਂ ਵਿੱਚ ਤੇ ਸਮਾਜ ਵਿੱਚ ਪ੍ਰੇਸ਼ਾਨੀਆਂ ਪੈਦਾ ਕਰ ਰਿਹਾ ਹੈ।... ਕਿੱਲੇ ਨਾਲ ਬੱਧੇ ਸੱਭਿਆਚਾਰ ਤੇ ਕਦਰਾਂ-ਕੀਮਤਾਂ ਨੂੰ ਖੋਲ੍ਹਣਾ ਪੈਣਾ ਹੈ। ਕਦਰਾਂ-ਕੀਮਤਾਂ ਨੂੰ ਲਚਕਦਾਰ ਬਣਾਉਣਾ ਪੈਣਾ ਹੈ।.....ਜਿਨ੍ਹਾਂ ਲੋਕਾਂ ਨੇ ਕੈਨੇਡਾ ਦੇ ਸਿਸਟਮ ਨੂੰ ਸਮਝ ਲਿਆ ਹੈ, ਉਹ ਜਾਣਦੇ ਹਨ ਕਿ ਇਸ ਸਿਸਟਮ ਦੇ ਦਾਇਰੇ ਦੀ ਸਮਝ ਵਿੱਚ ਹੀ ਸਮੱਸਿਆਵਾਂ ਦਾ ਹੱਲ ਸੰਭਵ ਹੈ।" (ਪੰਨੇ 13-14)। ਪਿਛਲੇ ਕੁਝ ਦਹਾਕਿਆਂ ਤੋਂ ਪੀੜ੍ਹੀ ਪਾੜੇ ਕਾਰਨ ਪੈਦਾ ਹੁੰਦਾ ਸੱਭਿਆਚਾਰਕ ਸੰਕਟ/ਤਣਾਓ ਹੁਣ ਵਿਸ਼ਵ ਵਿਆਪੀ ਚਲਨ ਬਣ ਗਿਆ ਹੈ। ਕੈਨੇਡਾ ਜਾ ਵੱਸੇ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਆਉਂਦੇ ਵਿਗਾੜਾਂ ਨੂੰ ਸਮਝਦਿਆਂ ਸੁੱਖ-ਸ਼ਾਂਤੀ ਪੂਰਵਕ ਜੀਵਨ ਜੀਉਣ ਦੀ ਸਲਾਹ ਦਿੰਦਿਆਂ ਮਲਵਿੰਦਰ ਲਿਖਦਾ ਹੈ-"ਇਸ ਮਲਟੀਕਲਚਰਡ ਸਿਸਟਮ ਵਿੱਚ ਵੀ ਕੁਝ ਗੱਲਾਂ ਚੰਗੀਆਂ ਹਨ। ਚੰਗੀਆਂ ਗੱਲਾਂ ਚੀਜ਼ਾਂ ਨੂੰ ਅਪਨਾ ਲੈਣਾ ਤੇ ਬਾਕੀਆਂ ਨੂੰ ਵਿਸਾਰ ਦੇਣਾ ਵਕਤ ਦੀ ਲੋੜ ਹੈ।"(ਪੰਨਾ 16)।

'ਸਾਡੇ ਰਹਿਣ-ਸਹਿਣ ਵਿੱਚ ਮੰਡੀ ਦਾ ਦਖ਼ਲ' ਵਿੱਚ ਮਲਵਿੰਦਰ ਕਬੀਲਾ ਸੱਭਿਆਚਾਰ ਤੋਂ ਲੈ ਕੇ ਮੰਡੀ ਸੱਭਿਆਚਾਰ, ਖਪਤ ਸੱਭਿਆਚਾਰ ਤੇ ਮਨੁੱਖ ਵੱਲੋਂ ਅਖੌਤੀ 'ਸਟੇਟਸ ਸਿੰਬਲ' ਦੇ ਸਿਰਜੇ ਜਾ ਰਹੇ ਭਰਮ ਦੀ ਗੱਲ ਕਰਦਾ ਹੈ। ਸਮਾਜਕ ਵਿਗਾੜ ਦੇ ਵਧ ਰਹੇ ਕਾਰਨਾ ਵਿੱਚੋਂ ਇਕ ਕਾਰਨ ਲੇਖਕ ਅਜਿਹੇ ਰੁਝਾਨ ਨੂੰ ਵੀ ਮੰਨਦਾ ਹੈ। ਲੇਖਕ ਇਸਨੂੰ 'ਵਿਕਸਤ ਸਮਾਜ ਦੀ ਅਵਿਕਸਿਤ ਜੀਵਨ ਜਾਚ'(ਪੰਨੇ 20-21) ਕਹਿੰਦਾ ਹੈ। 'ਪਰਵਾਸ ਦੀਆਂ ਚੁਣੌਤੀਆਂ ਦੇ ਨਵੇਂ ਮੁਹਾਂਦਰੇ' ਵਿੱਚ ਲੇਖਕ ਪਰਵਾਸ ਧਾਰਨ ਕਰਨ ਵਾਲੇ ਲੋਕਾਂ ਨੂੰ ਦਰਪੇਸ਼ ਨਿੱਤ ਨਵੀਆਂ ਚੁਣੌਤੀਆਂ ਵੱਲ ਸੰਕੇਤ ਕਰਦਾ ਹੈ। ਉਹ ਲਿਖਦਾ ਹੈ-"ਪਰਵਾਸੀ ਬੰਦੇ ਨੂੰ ਬਹੁਤੇ ਝੱਖੜ ਆਪਣੇ ਨੰਗੇ ਪਿੰਡੇ 'ਤੇ ਆਪ ਹੀ ਝੱਲਣੇ ਪੈਂਦੇ ਹਨ।" (ਪੰਨਾ 22)। ਉਥੋਂ ਦੀਆਂ ਕਠਿਨ ਤੇ ਕਠੋਰ ਜੀਵਨ ਹਾਲਤਾਂ ਦੀ ਗੱਲ ਛੋਹ ਕੇ ਉਸਨੇ ਪਰਵਾਸ ਧਾਰਨ ਕਰਨ ਦੀਆਂ ਵਿਉਂਤਾਂ ਬਣਾ ਰਹੇ ਲੋਕਾਂ ਨੂੰ ਆਗਾਹ ਕਰਨ ਦਾ ਯਤਨ ਕੀਤਾ ਹੈ। 'ਭਾਈਚਾਰਕ ਸਾਂਝ ਤੋੜਦੀਆਂ ਭੀੜਾਂ' ਵਿੱਚ ਲੇਖਕ ਨੇ ਅਮਨ ਕਾਨੂੰਨ ਦੀ ਪ੍ਰਵਾਹ ਨਾ ਕਰਨ ਵਾਲੇ ਤੇ ਹੁੜਦੰਗ ਮਚਾਉਣ ਵਾਲੇ ਸਵਾਰਥੀ ਲੋਕਾਂ ਦੀ ਮਾਨਸਿਕਤਾ ਦੀ ਗੱਲ ਕੀਤੀ ਹੈ। ਪਵਿੱਤਰ ਅਸਥਾਨਾਂ ਦੀ ਆੜ ਹੇਠ ਅਜਿਹੇ ਲੋਕ ਚੱਲਦੇ ਕੰਮ ਵਿੱਚ ਵਿਘਨ ਪਾਉਣ ਦੀ ਤਾਕ ਵਿੱਚ ਰਹਿੰਦੇ ਹਨ। ਅਸੁਵਿਧਾਜਨਕ ਹਾਲਾਤ ਪੈਦਾ ਕਰਨਾ ਹੀ ਇਨ੍ਹਾਂ ਲੋਕਾਂ ਦਾ ਮੰਤਵ ਹੁੰਦਾ ਹੈ। ਇਸ ਪਿੱਛੇ ਏਜੰਸੀਆਂ ਵੀ ਕੰਮ ਕਰ ਰਹੀਆਂ ਹੋ ਸਕਦੀਆਂ ਹਨ। ਸਥਿਤੀ ਦੀ ਵਿਡੰਬਨਾ ਤੇ ਹੈਰਾਨੀ ਵਾਲੀ ਗੱਲ ਇਹ ਕਿ ਮੀਡੀਆ ਬਲਦੀ 'ਤੇ ਤੇਲ ਪਾਉਣ ਦੀ ਭੂਮਿਕਾ ਨਿਭਾ ਰਿਹਾ ਹੁੰਦਾ ਹੈ। ਲੇਖਕ ਦੇਸ਼ ਵਿਦੇਸ਼ ਵਿੱਚ ਕਾਰਜਸ਼ੀਲ ਅਜਿਹੀਆਂ ਫੁੱਟ ਪਾਊ ਤਾਕਤਾਂ ਤੋਂ ਸੁਚੇਤ ਰਹਿਣ ਦੀ ਲੋੜ ਵੱਲ ਧਿਆਨ ਦੇਣ 'ਤੇ ਬਲ ਦਿੰਦਾ ਹੈ। 'ਕੈਨੇਡਾ ਵਿਚ ਪੰਜਾਬੀ ਮਾਤ-ਭਾਸ਼ਾ ਦਾ ਵਰਤਮਾਨ ਤੇ ਭਵਿੱਖ'ਵਿੱਚ ਲੇਖਕ ਲਿਖਦਾ ਹੈ-"ਵਿਦੇਸ਼ੀ ਭੋਇੰ 'ਤੇ ਜਾ ਕੇ ਆਪਣੀ ਭੋਇੰ,ਭਾਸ਼ਾ ਤੇ ਸੱਭਿਆਚਾਰ ਦਾ ਹੇਰਵਾ ਜਾਗਦਾ ਹੈ। ਅਸੀਂ ਇਸ ਗੱਲ ਲਈ ਫਿਕਰਮੰਦ ਹੁੰਦੇ ਹਾਂ ਕਿ ਸਾਡੇ ਬੱਚੇ ਆਪਣੀ ਭਾਸ਼ਾ ਅਤੇ ਰਿਸ਼ਤਿਆਂ ਨੂੰ ਵਿਸਰ ਨਾ ਜਾਣ।" (ਪੰਨੇ 29-30)। ਇਕੱਠਾਂ ਵਿੱਚ ਬੈਠਿਆਂ ਅਜਿਹੇ ਫਿਕਰ ਸਾਂਝੇ ਕੀਤੇ ਜਾਂਦੇ ਹਨ। ਪਿਛਲੇ ਤੀਹ ਸਾਲਾਂ ਤੋਂ 'ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ' ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਪ੍ਰਮੋਟ ਕਰਨ ਦੇ ਮੰਤਵ ਹਿਤ ਸਿਫਤੀ ਭੂਮਿਕਾ ਨਿਭਾ ਰਹੀ ਹੈ। ਕੁਝ ਗੁਰਦੁਆਰੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੀ ਸਿੱਖਿਆ ਦੇਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ। ਘਰਾਂ ਵਿੱਚ ਪੰਜਾਬੀ ਬੋਲਣ, ਪੰਜਾਬੀ ਅਖਬਾਰਾਂ ਪੜ੍ਹਨ, ਰੇਡੀਓ ਅਤੇ ਟੈਲੀਵਿਜ਼ਨ 'ਤੇ ਪੰਜਾਬੀ ਪ੍ਰੋਗਰਾਮ ਸੁਣਨ,ਵੇਖਣ ਨਾਲ ਵੀ ਪੰਜਾਬੀ ਭਾਸ਼ਾ ਪ੍ਰਤੀ ਪਿਆਰ ਪੈਦਾ ਕੀਤਾ ਜਾ ਸਕਦਾ ਹੈ ਤੇ ਇਸਨੂੰ ਆਪਣੇ ਬੱਚਿਆਂ ਦੇ ਦਿਲਾਂ ਤੱਕ ਅਸਰ ਕਰਨ ਯੋਗ ਬਣਾਇਆ ਜਾ ਸਕਦਾ ਹੈ।ਲੇਖਕ ਤਸੱਲੀ ਪ੍ਰਗਟ ਕਰਦਾ ਹੈ ਕਿ ਕੈਨੇਡਾ ਵਿੱਚ ਜੰਮੇ-ਪਲੇ ਬੱਚਿਆਂ ਨੂੰ ਪੰਜਾਬੀ ਪੜ੍ਹਨ, ਲਿਖਣ,ਬੋਲਣ ਲਈ ਸਿੱਖਿਆ ਪ੍ਰਦਾਨ ਕਰਨ ਦੇ ਉਚਿਤ ਉਪਰਾਲੇ ਹੋ ਰਹੇ ਹਨ ਤੇ ਉਨ੍ਹਾਂ ਯਤਨਾਂ ਦੇ ਬਿਹਤਰ ਨਤੀਜੇ ਵੀ ਸਾਹਮਣੇ ਆ ਰਹੇ ਹਨ।

ਬਰੈਂਪਟਨ ਨੂੰ ਕੇਂਦਰ ਵਿੱਚ ਰੱਖ ਕੇ ਮਲਵਿੰਦਰ ਦੱਸਦਾ ਹੈ ਕਿ ਪੰਜਾਬੀ ਦੀਆਂ ਦਰਜਨ ਤੋਂ ਵੱਧ ਹ਼ਫ਼ਤਾਵਾਰੀ ਅਖਬਾਰਾਂ ਉਥੋਂ ਛਪਦੀਆਂ ਹਨ। ਪੰਜਾਬ ਦੀਆਂ ਖਬਰਾਂ ਦੇ ਨਾਲ-ਨਾਲ ਉਹ ਵਿਸ਼ਵੀ ਪਾਸਾਰ ਵਾਲੇ ਸਰੋਕਾਰਾਂ ਨੂੰ ਵੀ ਉਭਾਰਦੀਆਂ ਹਨ।ਏਨੀਆਂ ਕੁ ਪੰਜਾਬੀ ਸਾਹਿਤ ਸਭਾਵਾਂ ਵੀ ਉਥੇ ਸਰਗਰਮ ਹਨ। ਪੰਜਾਬ ਦੀਆਂ ਸਾਹਿਤ ਸਭਾਵਾਂ ਵਾਂਗ ਉਥੇ ਵੀ ਧੜੇਬੰਦੀਆਂ ਹਨ। ਵਿਸ਼ਵ ਪੰਜਾਬੀ ਕਾਨਫਰੰਸ ਦੇ ਨਾਂ 'ਤੇ ਪੈਸੇ ਵਾਲੇ ਲੋਕ ਆਪਣੀ ਤੇ ਆਪਣਿਆਂ ਦੀ ਚੌਧਰ ਚਮਕਾਉਂਦੇ ਹਨ। ਮਲਵਿੰਦਰ ਲਿਖਦਾ ਹੈ-"ਅਜਿਹੇ ਸਮਾਗਮ ਕੁਝ ਸਰਮਾਏਦਾਰਾਂ ਵੱਲੋਂ ਆਪਣੀ ਬੱਲੇ-ਬੱਲੇ ਕਰਵਾਉਣ ਲਈ ਕਰਵਾਏ ਜਾਂਦੇ ਮੇਲੇ ਬਣਕੇ ਰਹਿ ਜਾਂਦੇ ਹਨ।.....ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਨਾਂ 'ਤੇ ਹੁੰਦੇ ਇਹ ਸਮਾਗਮ ਆਡੰਬਰ ਬਣਕੇ ਰਹਿ ਜਾਂਦੇ ਹਨ" (ਪੰਨਾ 39)। ਭਾਸ਼ਾ ਨੂੰ,ਸਾਹਿਤ ਨੂੰ, ਸੱਭਿਆਚਾਰ ਨੂੰ ਦਰਪੇਸ਼ ਸੰਕਟਾਂ 'ਤੇ ਵਿਚਾਰ ਕਰਨ ਅਤੇ ਅਜਿਹੇ ਰਲਦੇ-ਮਿਲਦੇ ਮਸਲਿਆਂ 'ਤੇ ਸੰਵਾਦ ਰਚਾਉਣ ਦੀ ਲੋੜ ਵੱਲ ਧਿਆਨ ਦੇਣਾ ਚਾਹੀਦਾ ਹੈ।

ਭਾਰਤ ਵਿੱਚ ਚੋਣਾਂ ਦਾ ਐਲਾਨ ਹੋਣ ਸਾਰ ਹੀ ਰਾਜਸੀ ਪਾਰਟੀਆਂ ਤੇ ਨੇਤਾਵਾਂ ਦਾ ਧੱਮੜਧੱਸਾ ਸ਼ੁਰੂ ਹੋ ਜਾਂਦਾ ਹੈ।ਚੋਣ ਜ਼ਾਬਤੇ ਦੀਆਂ ਉਲੰਘਣਾਵਾਂ ਹੋਣੀਆਂ ਆਮ ਜਿਹੀ ਗੱਲ ਬਣ ਗਈ ਹੈ। ਧਰਮ, ਜਾਤ, ਭਾਸ਼ਾ, ਖਿੱਤੇ, ਕਿੱਤੇ, ਨਸਲ ਆਦਿ ਦੇ ਆਧਾਰ 'ਤੇ ਨਫਰਤ ਫੈਲਾਉਣ ਵਾਲੇ ਭਾਸ਼ਣ ਕੀਤੇ ਜਾਂਦੇ ਹਨ। ਵੋਟਰਾਂ ਨੂੰ ਉਕਸਾਇਆ ਜਾਂਦਾ ਹੈ।ਆਮ ਨਾਗਰਿਕ ਲਈ ਦੋ-ਢਾਈ ਮਹੀਨੇ ਤ੍ਰਭਕੀ ਅਵਸਥਾ ਵਿੱਚੋਂ ਗੁਜ਼ਰਨ ਵਾਲੇ ਹੁੰਦੇ ਹਨ। ਚੋਣ ਡਿਊਟੀ 'ਤੇ ਤਾਇਨਾਤ ਅਧਿਕਾਰੀਆਂ/ਮੁਲਾਜ਼ਮਾਂ ਦੀ ਹਾਲਤ ਵੀ ਲਾਮ 'ਤੇ ਜਾਣ ਵਾਲੇ ਸਿਪਾਹੀ ਵਰਗੀ ਹੁੰਦੀ ਹੈ। ਪਲ-ਪਲ ਦੀ ਪਰੇਸ਼ਾਨੀ, ਹਰੇਕ ਪਲ ਦੀ ਨਵੀਂ ਚੁਣੌਤੀ, ਨਵੀਂ ਅੜਿੱਚਣ ! ਲੇਖਕ ਇਸ ਦੇਸ਼ ਦੇ ਚੋਣ ਅਮਲ ਨੂੰ ਵਿਕਸਿਤ ਦੇਸ਼ਾਂ ਦੇ ਚੋਣ ਅਮਲ ਨਾਲ ਤੁਲਨਾਉਂਦਾ ਹੈ ਤੇ ਸਵਾਲ ਕਰਦਾ ਹੈ ਕਿ ਉਨ੍ਹਾਂ ਦੇਸ਼ਾਂ ਵਰਗਾ ਚੋਣ ਅਮਲ ਇਥੇ ਕਿਉਂ ਨਹੀਂ ਲਾਗੂ ਕੀਤਾ ਜਾ ਸਕਦਾ? ਸਿਹਤਮੰਦ ਸਾਹਿਤ ਸਵਾਲ ਉਠਾਉਂਦਾ ਹੈ ਤੇ ਸਿਸਟਮ ਕੋਲੋਂ ਜਵਾਬਾਂ ਦੀ ਤਵੱਕੋ ਵੀ ਕਰ ਰਿਹਾ ਹੁੰਦਾ ਹੈ।

ਲੇਖਕ ਨੂੰ ਰੰਜ ਹੈ ਕਿ ਉਸਨੂੰ ਸਕੂਲਾਂ ਦੀ ਉਸ ਸ਼੍ਰੇਣੀ ਦੇ ਸਕੂਲ ਵਿੱਚ ਪੜ੍ਹਨ ਦਾ ਮੌਕਾ ਮਿਲਿਆ, ਜਿਨ੍ਹਾਂ ਵਿੱਚ ਲਾਇਬਰੇਰੀ ਦਾ ਸੰਕਲਪ ਹੀ ਨਹੀਂ ਸੀ ਹੁੰਦਾ! ਲਾਇਬਰੇਰੀ ਦਾ ਪਤਾ ਹੀ ਉਸਨੂੰ ਕਾਲਜ ਆ ਕੇ ਲੱਗਦਾ ਹੈ। ਯੂਨੀਵਰਸਿਟੀ ਦੀ ਲਾਇਬਰੇਰੀ ਤਾਂ ਬਹੁਪੱਖੀ ਗਿਆਨ ਦਾ ਅਥਾਹ ਸਮੁੰਦਰ ਹੈ, ਜਿਸ ਨੂੰ ਵੇਖ ਕੇ ਉਹ ਅਚੰਭਿਤ ਹੁੰਦਾ ਹੈ। ਕੈਨੇਡਾ ਵਿੱਚ ਲਾਇਬਰੇਰੀਆਂ ਵਿੱਚ ਪ੍ਰਾਪਤ ਵਿਵਸਥਾ, ਸਹੂਲਤਾਂ ਤੇ ਸਿਸਟਮ ਦੀ ਗੱਲ ਕਰਦਿਆਂ ਉਹ ਖੁਸ਼ੀ ਵੀ ਮਹਿਸੂਸ ਕਰ ਰਿਹਾ ਹੈ ਤੇ ਹੈਰਾਨੀ ਵੀ ਕਿ ਅਸੀਂ ਉਸ ਪੱਧਰ ਤੱਕ ਪਹੁੰਚ ਸਕਣ ਦੀ ਕਲਪਨਾ ਵੀ ਨਹੀਂ ਕਰ ਸਕਦੇ !

ਕੈਨੇਡਾ ਗਏ ਵਿਦਿਆਰਥੀਆਂ ਨੂੰ ਜਦੋਂ ਮਹਿੰਗਾਈ, ਨਿੱਤ ਵਧਦੇ ਖਰਚਿਆਂ ਤੇ ਬੇਰੁਜ਼ਗਾਰੀ ਵਰਗੀਆਂ ਤਲਖ਼ ਤੇ ਕਠੋਰ ਹਾਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਗ਼ੈਰ ਸਮਾਜਿਕ ਕੰਮ ਕਰਨ ਲੱਗਦੇ ਹਨ। ਕਾਰਾਂ ਚੋਰੀ ਕਰਨ,ਸਟੋਰ ਲੁੱਟਣ,ਡਰੱਗਜ਼ ਦਾ ਧੰਦਾ ਕਰਨ, ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਗਾਣੇ ਲਗਾਉਣ,ਪਾਰਕਾਂ/ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿੱਚ ਗੇੜੇ ਲਗਾਉਣ, ਮਕਾਨ ਮਾਲਕਾਂ ਨਾਲ ਉਲਝਣ, ਉਨ੍ਹਾਂ ਨੂੰ ਬੇਸਮੈਂਟਾਂ ਦਾ ਕਿਰਾਇਆ ਦੇਣ ਤੋਂ ਟਾਲ਼ਾ ਵੱਟਣ, ਬੇਸਮੈਂਟਾਂ ਵਿੱਚ ਗੰਦ ਖਿਲਾਰਨ ਤੇ ਹੁੜਦੰਗ ਮਚਾਉਣ ਵਰਗੀਆਂ ਖਬਰਾਂ ਅਕਸਰ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਕੁਝ ਲੋਕ ਕਾਨੂੰਨ ਦੀ ਉਲੰਘਣਾ ਵੀ ਕਰਦੇ ਹਨ। ਅਜਿਹਾ ਕਰਨ ਵਾਲੇ ਅਨਸਰ ਬਹੁਤ ਘੱਟ ਹਨ ਪਰ ਖਬਰ ਛਪਦੀ ਹੈ ਤਾਂ ਬਦਨਾਮੀ ਸਾਰੇ ਭਾਈਚਾਰੇ ਦੀ ਹੁੰਦੀ ਹੈ,ਜੋ ਚਿੰਤਾ ਦਾ ਵਿਸ਼ਾ ਹੈ। ਪੱਕੇ ਹੋਣ ਲਈ ਲੋਕ ਜਾਇਜ਼-ਨਾਜਾਇਜ਼ ਢੰਗ-ਤਰੀਕੇ ਵਰਤਦੇ ਹਨ। ਅਜਿਹੇ ਕੰਮ ਕਰਵਾਉਣ ਦੇ ਲਾਰੇ ਲਾਉਣ ਵਾਲੇ ਵੀ ਉਨ੍ਹਾਂ ਦੀ ਚੰਗੀ ਲੁੱਟ ਕਰਦੇ ਹਨ। ਅਸਲੀਅਤ ਦਾ ਬੇਬਾਕੀ ਨਾਲ ਬਿਆਨ ਕਰਨਾ ਲੇਖਕ ਦੀ ਬਿਰਤਾਂਤਕਾਰੀ ਦਾ ਉੱਘੜਵਾਂ ਲੱਛਣ ਬਣਦਾ ਹੈ।

'ਫੁੱਲਾਂ ਦਾ ਸ਼ਹਿਰ ਬਰੈਂਪਟਨ' ਜਿਸਨੂੰ ਲੇਖਕ 'ਨਵਾਂ ਆਬਾਦ ਹੋ ਰਿਹਾ ਪੰਜਾਬ' ਕਹਿੰਦਾ ਹੈ, ਦੇ ਬਹੁਤੇ ਖੇਤਰਾਂ 'ਤੇ ਪੰਜਾਬੀਆਂ ਦਾ ਦਬਦਬਾ ਹੈ। ਰਾਜਸੀ ਖੇਤਰ, ਵਪਾਰਕ ਅਦਾਰੇ, ਬਿਜਲਈ ਮੀਡੀਆ, ਪ੍ਰਿੰਟ ਮੀਡੀਆ, ਪੱਤ੍ਰਕਾਰਿਤਾ, ਕਲਾ,ਖੇਡਾਂ, ਸੰਗੀਤ, ਟ੍ਰਾਂਸਪੋਰਟ ਆਦਿ ਖੇਤਰਾਂ ਵਿੱਚ ਪੰਜਾਬੀਆਂ ਦਾ ਬੋਲਬਾਲਾ ਹੈ। ਇਹ ਬਰੈਂਪਟਨ ਦੇ ਮਾਣ ਵਿੱਚ ਵਾਧਾ ਕਰਨ ਵਾਲੀ ਗੱਲ ਹੈ ਕਿ ਇਸ ਸ਼ਹਿਰ ਵਿੱਚ ਪੰਜਾਬੀ ਦੇ ਕਈ ਸੁਪ੍ਰਸਿੱਧ ਲੇਖਕ ਰਹਿ ਰਹੇ ਹਨ। ਇੰਜ, ਇਹ ਸ਼ਹਿਰ ਆਪਣੀ ਵੱਖਰੀ ਪਛਾਣ ਬਣਾਉਂਦਾ ਹੈ। ਝੀਲਾਂ ਇਥੋਂ ਦੇ ਕੁਦਰਤੀ ਸੁਹੱਪਣ ਵਿੱਚ ਵਾਧਾ ਕਰਦੀਆਂ ਹਨ। ਪਾਰਕਾਂ ਦੀ ਦਿੱਖ ਇਸ ਸ਼ਹਿਰ ਦੀ ਸੁੰਦਰਤਾ ਨੂੰ ਵਧਾਉਂਦੀ ਹੈ। ਇਸ ਸ਼ਹਿਰ ਵਿੱਚ ਸਥਿਤ ਗੁਰਦੁਆਰੇ ਤੇ ਮੰਦਿਰ ਸ਼ਰਧਾਲੂਆਂ ਲਈ ਆਸਥਾ ਦੇ ਕੇਂਦਰ ਹਨ।

ਬਾਕੀ ਹਿਸਾ ਸਫ਼ਾ 53 ਤੇ ਪੜ੍ਹੋ →

52 ਸਫ਼ੇ ਦੀ ਬਾਕੀ

ਕੈਨੇਡਾ ਮਾੜੇ ਦੌਰ ਵਿੱਚੋਂ ਲੰਘ ਰਿਹਾ ਹੈ। ਪਰਵਾਸੀਆਂ ਦੀ ਵਧ ਰਹੀ ਗਿਣਤੀ, ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਪੂੰਜੀਵਾਦ ਦੇ ਪਸਾਰੇ ਅਤੇ ਹੋਰ ਕਾਰਨਾਂ ਕਰਕੇ ਕੈਨੇਡਾ ਸਰਕਾਰ ਉਸ ਦੇਸ਼ ਵਿੱਚ ਪੜ੍ਹਨ ਤੇ ਰੁਜ਼ਗਾਰ ਦੀ ਭਾਲ ਵਿੱਚ ਗਏ ਵਿਦਿਆਰਥੀਆਂ ਉੱਤੇ ਲਗਾਈਆਂ ਜਾਂਦੀਆਂ ਸ਼ਰਤਾਂ ਨੂੰ ਸਖ਼ਤ ਕਰ ਰਹੀ ਹੈ,ਫ਼ੀਸਾਂ ਤੇ ਹੋਰ ਖ਼ਰਚਿਆਂ ਵਿੱਚ ਵਾਧਾ ਹਰ ਰਹੀ ਹੈ। ਇਸ ਨਾਲ ਕੈਨੇਡਾ ਜਾ ਕੇ ਵੱਸਣ ਦੇ ਚਾਹਵਾਨ ਪੰਜਾਬੀਆਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਪੰਜਾਬ ਵਿੱਚ ਚੰਗੀਆਂ ਨੌਕਰੀਆਂ ਕਰਕੇ, ਸੇਵਾ ਨਵਿਰਤੀ ਪਿੱਛੋਂ ਪੈਨਸ਼ਨ ਧਾਰਕ ਬਣਨ ਪਿੱਛੋਂ ਆਪਣੇ ਪੁੱਤਰਾਂ-ਨੂੰਹਾਂ, ਧੀਆਂ-ਜਵਾਈਆਂ ਕੋਲ ਕੈਨੇਡਾ ਜਾ ਕੇ ਰਹਿਣ ਵਾਲੇ ਲੋਕਾਂ ਦਾ ਅਕਸਰ ਉਧਰ ਦਿਲ ਨਹੀਂ ਲੱਗਦਾ। ਉਹ ਲਾਇਬਰੇਰੀਆਂ, ਪਾਰਕਾਂ, ਗੁਰਦੁਆਰਿਆਂ, ਮੰਦਿਰਾਂ ਆਦਿ ਵਿੱਚ ਜਾ ਕੇ ਆਪਣੇ ਆਪ ਨੂੰ ਆਹਰੇ ਲਗਾਉਣ ਦਾ ਯਤਨ ਕਰਦੇ ਹਨ। ਕੈਨੇਡਾ ਜਾ ਕੇ ਰਹਿ ਰਹੇ ਮਾਪਿਆਂ ਦੇ ਜੀਵਨ ਦੀ ਅਸਲੀਅਤ ਬਾਰੇ, ਕੈਨੇਡਾ ਵਿੱਚ ਵਧ ਰਹੇ ਅਪਰਾਧਾਂ ਬਾਰੇ, ਨਾਜਾਇਜ਼ ਢੰਗ-ਤਰੀਕੇ ਅਪਣਾਅ ਕੇ ਉਥੇ ਪੱਕੇ ਹੋਣ ਲਈ ਹੀਲੇ-ਵਸੀਲੇ ਜੁਟਾਉਣ ਬਾਰੇ ਤੇ ਉਥੋਂ ਦੀ ਅਰਥਵਿਵਸਥਾ ਦੇ ਲੜਖੜਾਉਣ ਦੀ ਅਸਲੀਅਤ ਬਾਰੇ ਇਸ ਪੁਸਤਕ ਦੀ ਬਿਰਤਾਂਤਕਾਰੀ ਉਦਾਹਰਣਾਂ ਸਹਿਤ ਉਸਰਦੀ ਹੈ।

ਸੰਕਰ ਸੈਂਟਰ ਵਰਗੀਆਂ ਸਹੂਲਤਾਂ ਤੇ ਸੁਵਿਧਾਵਾਂ, ਸਾਫ਼-ਸੁਥਰਾ ਵਾਤਾਵਰਨ ਬਣਾਈ ਰੱਖਣ ਲਈ ਕੀਤੇ ਜਾਂਦੇ ਉਪਰਾਲੇ, ਕੂੜੇ ਨੂੰ ਸਾਂਭਣ/ਸਮੇਟਣ ਲਈ ਕੀਤੇ ਗਏ ਪ੍ਰਬੰਧ ਵਿਉਂਤਬੱਧ ਤਰੀਕੇ ਨਾਲ ਕੀਤੇ ਜਾਂਦੇ ਹਨ। ਕੂੜਾ ਕਿਵੇਂ ਸਾਂਭਣਾ ਹੈ ਤੇ ਚੌਗਿਰਦਾ ਕਿਵੇਂ ਸਾਫ਼-ਸੁਥਰਾ ਰੱਖਣਾ ਹੈ,ਇਹ ਇਥੋਂ ਸਿੱਖਿਆ ਜਾ ਸਕਦਾ ਹੈ। ਇਸ ਸੰਦਰਭ ਵਿੱਚ ਮਲਵਿੰਦਰ ਪੰਜਾਬ ਦੇ ਸ਼ਹਿਰਾਂ ਵਿੱਚ ਕੰਮ ਕਰਦੇ ਸਫਾਈ ਕਰਮੀਆਂ ਤੇ ਸਫਾਈ ਪ੍ਰਬੰਧਾਂ ਤੇ ਪ੍ਰਬੰਧਕਾਂ ਦੀ ਗੱਲ ਵੀ ਕਰਦਾ ਹੈ। ਸਾਡੀ ਮਾਨਸਿਕਤਾ ਦੀ ਗੱਲ ਵੀ ਲੇਖਕ ਨਿਸੰਗਤਾ ਨਾਲ ਕਰਦਾ ਹੈ। ਲੇਖਕ ਸਮਝਦਾ ਹੈ ਕਿ ਇਸ ਸਬੰਧ ਵਿੱਚ ਸਾਨੂੰ ਕੈਨੇਡਾ ਦੇ ਪ੍ਰਬੰਧਨ ਤੋਂ ਸਬਕ ਸਿੱਖਣ ਦੀ ਲੋੜ ਹੈ।

ਕੈਨੇਡਾ ਨੂੰ ਸੁਪਨ ਲੋਕ ਤਸੱਵਰ ਕਰਨ ਵਾਲੇ ਪੰਜਾਬੀ ਜਦੋਂ ਉਥੇ ਪਹੁੰਚ ਕੇ ਪੰਜਾਬੀਆਂ ਦੀਆਂ 'ਖਰਮਸਤੀਆਂ, ਆਪਹੁਦਰਾਪਨ, ਫੁੱਕਰਾਪਨ ਤੇ ਹੁੱਲੜਬਾਜ਼ੀ' ਆਦਿ ਨੂੰ ਵੇਖਦੇ/ਜਾਣਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਸੁਪਨੇ ਚਕਨਾਚੂਰ ਹੁੰਦੇ ਜਾਪਦੇ ਹਨ। ਲੇਖਕ ਸਮਝਦਾ ਹੈ ਕਿ ਪਰਵਾਸ ਧਾਰਨ ਕਰਕੇ ਕੈਨੇਡਾ ਗਏ ਲੋਕਾਂ ਨੂੰ 'ਅਮਾਨਵੀ, ਦੂਸ਼ਿਤ, ਰੌਲੇ ਤੇ ਝਗੜੇ ਵਰਗੀਆਂ ਆਦਤਾਂ' (ਪੰਨਾ 78)ਨੂੰ ਤਿਆਗਣਾ ਪਵੇਗਾ।

ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਵੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਜਾਣ ਦੇ ਰੁਝਾਨ ਵਿੱਚ ਬਹੁਤ ਵਾਧਾ ਹੋਇਆ ਹੈ। ਵਿਦਿਆਰਥੀਆਂ ਨੂੰ ਸਟੱਡੀ ਵੀਜ਼ੇ ਤੋਂ ਇਨਕਾਰ ਹੋ ਜਾਣ ਦਾ ਫਿਕਰ ਸਤਾਉਂਦਾ ਰਹਿੰਦਾ ਹੈ। ਇਸ ਚਿੰਤਾ ਦਾ ਸੇਕ ਮਾਪਿਆਂ ਤੱਕ ਵੀ ਪਹੁੰਚਦਾ ਹੈ ਤਾਂ ਉਨ੍ਹਾਂ ਨੂੰ ਝੋਰਾ ਵੱਢ ਵੱਢ ਖਾਣ ਲੱਗਦਾ ਹੈ। ਸਵਾਲ ਬਹੁਤ ਵਾਜਬ ਹੈ ਕਿ ਕੀ ਥੁੜ੍ਹਿਆ ਇਹੋ ਜਿਹੇ ਕੈਨੇਡਾ ਜਾਣ ਦੇ ਝੱਲ ਤੋਂ? ਦੂਜੇ ਪਾਸੇ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਗਏ ਮਿਹਨਤ ਕਰਨ ਵਾਲੇ, ਸੰਘਰਸ਼ ਕਰਨ ਵਾਲੇ, ਨੌਕਰੀ ਲੱਭਣ, ਤਨਦੇਹੀ ਨਾਲ ਨੌਕਰੀ ਕਰਨ, ਰਹਿਣ, ਖਾਣ-ਪੀਣ ਦਾ ਪ੍ਰਬੰਧ ਕਰਨ ਅਤੇ ਕਾਮਯਾਬ ਹੋਣ ਵਾਲੇ ਬੱਚਿਆਂ ਨੂੰ ਲੇਖਕ ਸ਼ਾਬਾਸ਼ ਦਿੰਦਾ ਹੈ ਕਿ ਝੱਖੜ, ਹਨੇਰੀਆਂ ਵਿੱਚ ਵੀ ਉਹ ਲੜਖੜਾਏ ਨਹੀਂ, ਸਗੋਂ ਸਾਬਤ ਕਦਮੀ ਨਾਲ ਹਾਲਤਾਂ ਦਾ ਸਾਹਮਣਾ ਕਰਦੇ ਆਏ ਹਨ। ਉਹ ਕਿਰਤ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ ਤੇ ਜ਼ਿੰਦਗੀ ਦੇ ਮਕਸਦ ਨੂੰ ਸਮਝਦੇ ਹਨ। ਉਹ ਲੱਖਾਂ ਰੁਪਏ ਖ਼ਰਚ ਕਰ ਕੇ ਉਨ੍ਹਾਂ ਨੂੰ ਕੈਨੇਡਾ ਭੇਜਣ ਵਾਲੇ ਆਪਣੇ ਮਾਪਿਆਂ ਦੇ ਪਿਆਰ, ਜਿਗਰੇ ਤੇ ਭਾਵਨਾਵਾਂ ਦੀ ਲਾਜ ਵੀ ਰੱਖਦੇ ਹਨ। ਪੀ.ਆਰ. ਹਾਸਲ ਕਰਕੇ ਬੱਚੇ ਜਦੋਂ ਆਪਣੇ ਮਾਂ-ਬਾਪ ਨੂੰ ਆਪਣੇ ਕੋਲ ਕੈਨੇਡਾ (ਜਾਂ ਕਿਸੇ ਹੋਰ ਦੇਸ਼) ਬੁਲਾਉਂਦੇ ਹਨ ਤਾਂ ਪਹਿਲਾਂ ਇਕ-ਦੋ ਵਾਰ ਜਾਣ ਵੇਲੇ ਉਨ੍ਹਾਂ ਦਾ ਉਤਸ਼ਾਹ ਬਣਿਆ ਰਹਿੰਦਾ ਹੈ ਪਰ ਛੇਤੀ ਹੀ ਵਾਪਸ ਪੰਜਾਬ ਮੁੜਨ ਤੇ 'ਬਾਦਸ਼ਾਹਤ' ਵਰਗੀ ਜ਼ਿੰਦਗੀ ਦੇ ਰੰਗ ਮਾਨਣ ਲਈ ਕਾਹਲੇ ਪੈ ਜਾਂਦੇ ਹਨ। ਕੈਨੇਡਾ ਰਹਿ ਕੇ "ਭੈਣ ਦੇ ਘਰ ਭਾਈ ਤੇ ਸਹੁਰੇ ਘਰ ਜਵਾਈ" (ਪੰਨਾ 85) ਵਾਲੀ ਫੀਲਿੰਗ ਆਉਣ ਲੱਗਦੀ ਹੈ। ਬੱਚਿਆਂ ਨੇ ਬਹੁਤ ਮਿਹਨਤ ਕਰਕੇ ਉਥੇ ਬਹੁਤ ਖੂਬਸੂਰਤ ਘਰ ਬਣਾ ਲਏ ਹਨ ਪਰ ਮਾਪਿਆਂ ਨੂੰ ਉਹ ਘਰ 'ਆਪਣੇ' ਕਦੇ ਨਹੀਂ ਲੱਗਦੇ। "ਮਾਪੇ ਬੱਚਿਆਂ ਕੋਲ ਪ੍ਰਾਹੁਣਿਆਂ ਵਾਂਗ ਆਉਣਾ ਚਾਹੁੰਦੇ ਹਨ।" (ਪੰਨਾ 86)। ਇਹ ਜ਼ਿੰਦਗੀ ਦੀ ਅਸਲੀਅਤ ਹੈ।ਅਜਿਹੀ ਅਸਲੀਅਤ ਦੇ ਕੁਝ ਪਹਿਲੂ 'ਪਾਰਕਾਂ ਨੂੰ ਦੁੱਖ ਦੱਸਦੇ' ਵਿੱਚ ਵੀ ਪੇਸ਼ ਹੋਏ ਹਨ। ਪੰਜਾਬ ਤੋਂ ਆਪਣੇ ਧੀਆਂ-ਪੁੱਤਰਾਂ ਕੋਲ ਕੈਨੇਡਾ ਗਏ ਮਾਂ-ਬਾਪ ਬਹੁਤੀਆਂ ਹਾਲਤਾਂ ਵਿੱਚ ਉਥੇ ਘੁਟਨ ਮਹਿਸੂਸ ਕਰਦੇ ਹਨ। ਉਹ ਪੰਜਾਬ ਆਉਣ ਲਈ ਤਾਂਘਦੇ ਰਹਿੰਦੇ ਹਨ। ਆਪਣੇ ਦੁੱਖ ਦਰਦ ਉਹ ਪਾਰਕਾਂ, ਝੀਲਾਂ, ਬਿਰਖਾਂ, ਹਰਿਆਵਲ ਆਦਿ ਸਾਹਵੇਂ ਫਰੋਲਦੇ ਹਨ। ਔਖ ਤੇ ਮਜਬੂਰੀ ਦੀ ਜੂਨ ਹੰਢਾਅ ਰਹੇ ਮਾਪੇ ਜਿਵੇਂ ਉਸ 'ਨਿਰਦਈ ਧਰਤੀ' ਦੇ ਸਰਾਪ ਦੀ ਅਉਧ ਭੁਗਤ ਰਹੇ ਹੋਵਣ ! ਇਸ ਪ੍ਰਸੰਗ ਵਿੱਚ ਲੇਖਕ ਲਿਖਦਾ ਹੈ- "ਠਰ ਗਏ ਰਿਸ਼ਤਿਆਂ ਤੇ ਟੁੱਟ ਗਏ ਸੁਪਨਿਆਂ ਦਾ ਕੋਈ ਹੱਲ ਨਹੀਂ ਹੁੰਦਾ।"(ਪੰਨਾ 87)।

ਕੈਸਲੋ ਬੀਚ ਪਾਰਕ ਦੇ ਕੁਦਰਤੀ ਸੁਹੱਪਣ ਨਾਲ ਸਰਸ਼ਾਰ ਚੌਗਿਰਦੇ ਦੇ ਦ੍ਰਿਸ਼ ਨੂੰ ਚਿਤਰਦਿਆਂ ਮਲਵਿੰਦਰ ਅੰਦਰਲਾ ਕਵੀ ਜਾਗ ਪੈਂਦਾ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਕਵਿਤਾ ਰਚ ਰਿਹਾ ਹੋਵੇ ! ਉਹ ਮਨਮੋਹਕ ਸਥਾਨ ਉਸਨੂੰ ਜਸ਼ਨ ਮਨਾ ਰਿਹਾ ਪ੍ਰਤੀਤ ਹੋ ਰਿਹਾ ਹੈ।ਕੈਸਲੋ ਬੀਚ ਪਾਰਕ ਦੇ ਖ਼ੂਬਸੂਰਤ ਪ੍ਰਾਕਿਰਤਕ ਨਜ਼ਾਰਿਆਂ ਨੂੰ ਲੇਖਕ ਬਾਖੂਬੀ ਚਿਤਰਦਾ ਹੈ। ਕੈਨੇਡਾ ਦੇ ਇਸ ਭੂਗੋਲਿਕ ਖਿੱਤੇ ਅਤੇ ਇਥੋਂ ਦੀਆਂ ਸਮਾਜਿਕ-ਸੱਭਿਆਚਾਰਕ ਵਿਲੱਖਣਤਾਵਾਂ ਦੀਆਂ ਵੱਡੀਆਂ ਸੰਭਾਵਨਾਵਾਂ ਦੀ ਗੱਲ ਵੀ ਉਹ ਕਰਦਾ ਹੈ। ਲੇਖਕ ਮਨੁੱਖ ਦੀਆਂ ਪ੍ਰਾਪਤੀਆਂ ਤੇ ਸੰਭਾਵਨਾਵਾਂ ਦਾ ਤੁਲਨਾਤਮਕ ਅਧਿਐਨ ਵੀ ਪ੍ਰਸਤੁਤ ਕਰਦਾ ਜਾਂਦਾ ਹੈ। ਇਹ ਪੁਸਤਕ ਮਨੁੱਖ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਤੇ ਆਪਸੀ ਸੰਚਾਰ ਸਥਾਪਤ ਕਰਨ ਦਾ ਕਾਰਗਰ ਮਾਧਿਅਮ ਬਣਦੀ ਹੈ। ਇਸ ਪੁਸਤਕ ਰਾਹੀਂ ਲੇਖਕ ਵੱਖ ਵੱਖ ਧਰਤੀਆਂ ਦੇ ਲੋਕਾਂ ਨੂੰ ਇਕ ਸੂਤਰ ਵਿੱਚ ਪਰੋਣ ਦਾ ਯਤਨ ਕਰਦਾ ਹੈ। "ਡੂੰਘਾ ਵਾਹ ਲੈ ਹਲ਼ ਵੇ,ਤੇਰੀ ਘਰੇ ਨੌਕਰੀ " ਗੱਲ ਤਾਂ ਠੀਕ ਹੈ ਪਰ ਮਨ ਨੂੰ ਕੌਣ ਸਮਝਾਵੇ ! ਵੇਖੋ ਵੇਖੀ ਮਨ ਤਾਂ ਅਗਲਾ ਦਿਨ ਚੜ੍ਹਨ ਤੋਂ ਪਹਿਲਾਂ ਉਡਾਰੀ ਮਾਰ ਕੇ ਇੰਗਲੈਂਡ, ਆਸਟਰੇਲੀਆ, ਕੈਨੇਡਾ, ਅਮਰੀਕਾ ਆਦਿ ਮੁਲਕਾਂ ਵਿੱਚ ਡੇਰਾ ਲਗਾ ਲੈਣਾ ਲੋਚਦਾ ਹੈ। ਲੋੜ ਹੈ ਕਿ ਘਰ ਰਹਿ ਕੇ, ਕਿਰਤ ਕਰਕੇ ਬਾਬੇ ਨਾਨਕ ਦੇ ਫਲਸਫੇ ਨੂੰ ਸਾਕਾਰ ਕਰਨ ਦਾ ਯਤਨ ਕਰਕੇ ਤਾਂ ਵੇਖੀਏ ! ਟੋਰਾਂਟੋ ਸ਼ਹਿਰ ਦੀ ਖੂਬਸੂਰਤੀ, ਵੰਨ-ਸਵੰਨਤਾ, ਸ਼ੁੱਧ ਕੁਦਰਤੀ ਵਾਤਾਵਰਣ, ਪਾਰਕਾਂ, ਝੀਲਾਂ,ਖੇਡ ਮੈਦਾਨਾਂ, ਸੜਕਾਂ, ਗਲੀਆਂ ਆਦਿ ਦੀ ਖੂਬਸੂਰਤੀ ਮਨ ਨੂੰ ਭਾਉਂਦੀ ਹੈ। ਸਭ ਤੋਂ ਵਧ ਕੇ ਨਿਆਗਰਾ ਫਾਲਜ਼ ਦੇ ਅਦੁੱਤੀ ਦ੍ਰਿਸ਼ ਪੇਸ਼ ਕਰਨ ਵਾਲੇ ਨਜ਼ਾਰੇ ਮਨ ਨੂੰ ਟੁੰਬਣ ਵਾਲੇ ਹਨ।

ਅੰਮ੍ਰਿਤਸਰ ਤੋਂ ਦਿੱਲੀ,ਦਿੱਲੀ ਤੋਂ ਮੌਂਨਟਰੀਆਲ ਤੇ ਫਿਰ ਮੌਂਨਟਰੀਆਲ ਤੋਂ ਟੋਰਾਂਟੋ ਦੇ ਸਫ਼ਰ ਦੌਰਾਨ ਦੀਆਂ ਪਰੇਸ਼ਾਨੀਆਂ, ਅਟੈਚੀਆਂ ਦਾ ਵਜ਼ਨ ਨਿਸਚਿਤ ਭਾਰ ਨਾਲੋਂ ਵੱਧ ਹੋ ਜਾਣ ਦੀ ਚਿੰਤਾ, ਹੋਰ ਕਈ ਤਰ੍ਹਾਂ ਦੀਆਂ ਦੁਸ਼ਵਾਰੀਆਂ, ਥਾਂ ਥਾਂ ਚੈਕਿੰਗ, ਅੜਿੱਕੇ 'ਤੇ ਅੜਿੱਕਾ, ਕੋਰੋਨਾ ਕਾਰਨ ਵਧੀਆਂ ਪਾਬੰਦੀਆਂ ਲੇਖਕ ਤੇ ਉਸਦੇ ਪਰਿਵਾਰ ਦੇ ਸਫ਼ਰ ਨੂੰ ਬੋਝਲ ਬਣਾਈ ਰੱਖਦੀਆਂ ਹਨ। 'ਸੁਪਨੇ ਅੰਦਰ ਬੈਠੇ ਡਰ' ਵਿੱਚ ਮਾਪਿਆਂ ਤੇ ਸਕੂਲ ਪੜ੍ਹਦੇ ਬੱਚਿਆਂ ਵਾਸਤੇ ਬੁਲਿੰਗ ਤੇ ਡਰੱਗਜ਼ ਦੀ ਸਮੱਸਿਆ ਦੀ ਵਿਆਪਕਤਾ ਨੂੰ ਲੇਖਕ ਫਿਕਰਮੰਦੀ ਵਾਲੀ ਗੱਲ ਦੱਸਦਾ ਹੈ। ਬੱਚਿਆਂ ਨੂੰ ਇਸ ਤੋਂ ਬਚ ਕੇ ਰਹਿਣ ਦੀ ਨਸੀਹਤ ਕੀਤੀ ਜਾਂਦੀ ਹੈ।ਕੁਝ ਸੰਸਥਾਵਾਂ ਵੱਲੋਂ ਉਥੇ ਪੰਜਾਬੀ ਲਿਖਾਈ ਮੁਕਾਬਲੇ ਕਰਵਾਏ ਜਾਂਦੇ ਹਨ। ਜਿਨ੍ਹਾਂ ਵਿੱਚ ਬੱਚਿਆਂ ਨੂੰ ਹੋਰ ਵਿਸ਼ਿਆਂ ਤੋਂ ਇਲਾਵਾ ਬੁਲਿੰਗ ਤੇ ਡਰੱਗਜ਼ ਵਿਸ਼ਿਆਂ 'ਤੇ ਵੀ ਲਿਖਣ ਲਈ ਕਿਹਾ ਜਾਂਦਾ ਹੈ।

'ਟੋਰਾਂਟੋ ਵਿੱਚ ਸਾਹਿਤ ਸਭਾਵਾਂ,ਪੰਜਾਬੀ ਭਾਈਚਾਰਾ ਅਤੇ ਮੀਡੀਆ' ਬਾਰੇ ਮਲਵਿੰਦਰ ਖੁੱਲ੍ਹ ਕੇ ਗੱਲ ਕਰਦਾ ਹੈ। ਬਰੈਂਪਟਨ ਵਿੱਚ ਪੰਜਾਬੀ ਦੇ ਪ੍ਰਸਿੱਧ ਲੇਖਕ ਰਹਿ ਰਹੇ ਹਨ। ਉਥੇ ਕੋਈ ਨਾ ਕੋਈ ਵੱਡਾ ਸਾਹਿਤਕ ਸਮਾਗਮ/ਸੈਮੀਨਾਰ ਹੁੰਦਾ ਰਹਿੰਦਾ ਹੈ। ਪੰਜਾਬੀ ਦੀਆਂ ਕਈ ਹਫ਼ਤਾਵਾਰੀ ਅਖ਼ਬਾਰਾਂ ਵੀ ਉਥੋਂ ਨਿਕਲਦੀਆਂ ਹਨ। ਰੇਡੀਓ ਤੇ ਟੈਲੀਵਿਜ਼ਨ ਚੈਨਲ ਵੀ ਚੱਲ ਰਹੇ ਹਨ। ਚੰਗੀ ਗੱਲ ਇਹ ਕਿ ਕੁਝ ਸੰਸਥਾਵਾਂ ਵੱਲੋਂ ਇਥੇ ਅੰਤਰਰਾਸ਼ਟਰੀ ਪੱਧਰ ਦੇ ਸਮਾਗਮ/ ਕਵੀ ਦਰਬਾਰ ਵੀ ਕਰਵਾਏ ਜਾਂਦੇ ਹਨ। ਇਹ ਸੰਸਥਾਵਾਂ ਸਮਾਜਿਕ ਚੇਤਨਾ ਦਾ ਪਾਸਾਰ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ।

ਧੜਾ-ਧੜ ਵਧਦੇ ਪਰਵਾਸ ਨਾਲ ਕੰਮ-ਧੰਦਿਆਂ ਵਿੱਚ ਤੇ ਕਿਰਤ ਦੇ ਢੰਗ-ਤਰੀਕਿਆਂ ਵਿੱਚ ਬਹੁਤ ਵੱਡਾ ਪਰਿਵਰਤਨ ਵਾਪਰਿਆ ਹੈ। ਕਿਰਤ ਨੇ ਰੂਪ ਵਟਾ ਲਏ ਹਨ। ਕਿਰਤ ਵਿੱਚੋਂ ਕਿਰਤੀ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਕਰ ਰਿਹ ਹੈ। ਕੰਮ ਬਹੁਤ ਹਨ। ਕੰਮ ਕਰਨ ਲਈ ਸਕਿੱਲ ਚਾਹੀਦੀ ਹੈ, ਇਰਾਦਾ ਚਾਹੀਦਾ ਹੈ, ਇੱਛਾ ਸ਼ਕਤਿ ਚਾਹੀਦੀ ਹੈ। ਲੇਖਕ ਦਾ ਸਵਾਲ ਬਿਲਕੁਲ ਢੁੱਕਵਾਂ ਹੈ ਕਿ ਅੱਜ ਦੇ ਡਿਜੀਟਲ ਯੁੱਗ ਵਿੱਚ ਬੇਸ਼ੱਕ ਬਹੁਤ ਸਾਰੇ ਨਵੇਂ ਕਿੱਤੇ ਹੋਂਦ ਵਿੱਚ ਆ ਗਏ ਹਨ। ਪਰ ਅਸੀਂ ਕੰਮ ਕਰਨ ਤੋਂ ਝਿਜਕਦੇ ਕਿਉਂ ਹਾਂ ?

ਕੈਨੇਡਾ ਦੇ ਸਮਾਜਕ-ਆਰਥਕ ਸਿਸਟਮ ਵਿੱਚ ਬਹੁਤ ਸਾਰੇ ਵਿਗਾੜ ਵੀ ਹਨ, ਜਿਨ੍ਹਾਂ ਬਾਰੇ ਮਲਵਿੰਦਰ ਖੁੱਲ੍ਹ ਕੇ ਗੱਲ ਕਰਦਾ ਹੈ। ਉਥੋਂ ਦੀ ਪ੍ਰਾਕ੍ਰਿਤਕ ਖੂਬਸੂਰਤੀ ਨੂੰ ਵੀ ਉਸਨੇ ਰੱਜ ਕੇ ਵੇਖਿਆ, ਮਾਣਿਆ ਤੇ ਸਲਾਹਿਆ ਹੈ ਅਤੇ ਉਸ ਬਾਰੇ ਲਿਖਿਆ ਵੀ ਹੈ।

ਮਲਵਿੰਦਰ ਠੀਕ ਲਿਖਦਾ ਹੈ-"ਇਹ ਕਾਰਜ ਨਵੇਂ ਅਰਥਾਂ ਵਾਲਾ ਸਾਹਿਤ ਸਿਰਜਣ ਦੀਆਂ ਨਵੀਆਂ ਤੇ ਨਿਵੇਕਲੀਆਂ ਹੱਦਾਂ ਨਿਸਚਿਤ ਕਰਦਾ ਹੈ।" (ਪੰਨਾ 11) ਲੇਖਕ ਦੀ ਇਹ ਖਾਸੀਅਤ ਹੈ ਤੇ ਹੋਰ ਵਿਅਕਤੀਆਂ ਨਾਲੋਂ ਵੱਖਰਤਾ ਵੀ ਕਿ ਉਹ ਮਨੁੱਖਾਂ, ਘਟਨਾਵਾਂ, ਗੱਲਾਂ, ਵਰਤਾਰਿਆਂ, ਸਥਾਨਾਂ, ਮੌਸਮਾਂ, ਸਿਸਟਮ ਆਦਿ ਨੂੰ ਬਾਕੀਆਂ ਨਾਲੋਂ ਵਧੇਰੇ ਬਾਰੀਕੀ ਨਾਲ ਤੇ ਸ਼ਿੱਦਤ ਨਾਲ ਵੇਖਦਾ, ਸਮਝਦਾ, ਪੜਤਾਲਦਾ ਤੇ ਉਨ੍ਹਾਂ ਦਾ ਮੁਲਾਂਕਣ ਵੀ ਕਰਦਾ ਹੈ। ਮਲਵਿੰਦਰ ਦੀ ਕੈਨੇਡਾ ਫੇਰੀ ਕਿਸੇ ਸਾਧਾਰਨ ਵਿਅਕਤੀ ਦੀ ਫੇਰੀ ਨਹੀਂ, ਸਗੋਂ ਉਹ ਆਪਣੀ ਇਸ ਫੇਰੀ ਨੂੰ ਪ੍ਰਯੋਜਨਮੁਖੀ ਬਣਾਉਂਦਾ ਹੈ। ਆਪਣੀ ਯਾਤਰਾ ਤੇ ਠਾਹਰ ਦੇ ਅਨੁਭਵਾਂ ਨੂੰ ਆਪਣੀ ਕਲਾ ਦੀ ਛੋਹ ਪ੍ਰਦਾਨ ਕਰਦਾ ਹੈ ਤੇ ਲਿਖਦਾ ਹੈ। ਸਫ਼ਰ ਵਿੱਚ ਆਈਆਂ ਔਂਕੜਾਂ ਦੇ ਬਾਵਜੂਦ ਵੀ ਸਫ਼ਰ ਬਿਰਤਾਂਤ ਨੂੰ ਉਹ ਸਹਜ ਬਿਰਤੀ ਨਾਲ ਸਿਰਜਦਾ ਹੈ। ਉਸਦੀ ਲਿਖਤ ਵਿੱਚ ਉਸਦਾ ਸਵੈ ਸ਼ਾਮਲ ਰਹਿੰਦਾ ਹੈ। ਲੇਖਕ ਪਾਠਕ ਨੂੰ ਆਪਣੀ ਲਿਖਤ ਦੇ ਮੂਲ ਸੂਤਰ ਨਾਲ ਜੋੜ ਕੇ ਰੱਖਦਾ ਹੈ ਤੇ ਰੌਚਿਕਤਾ ਬਣਾਈ ਰੱਖਣ ਵਿੱਚ ਕਾਮਯਾਬ ਰਹਿੰਦਾ ਹੈ। ਆਪਣੇ ਵਿਚਾਰਾਂ ਦੇ ਸੁਹਜਮਈ ਪ੍ਰਗਟਾਵੇ ਲਈ ਉਹ ਉਨ੍ਹਾਂ ਦੀ ਕਲਾਤਮਿਕ ਅਭਿਵਿਅਕਤੀ ਕਰਦਾ ਹੈ। ਅਜਿਹਾ ਕੰਮ ਜਨੂੰਨ ਤੋਂ ਬਿਨਾਂ ਨਹੀਂ ਹੁੰਦਾ।ਆਪਣੇ ਵਿਚਾਰਾਂ ਨੂੰ ਉਹ ਤੱਤ, ਤੱਥ ਅਤੇ ਤਰਕ ਦੇ ਆਧਾਰ 'ਤੇ ਉਸਾਰਦਾ ਹੈ। ਕਿਸੇ ਦੇ ਪੇਸ਼ ਕੀਤੇ ਮਤ, ਤੱਥ, ਵਿਚਾਰ ਆਦਿ ਦੀ ਤਰਕ ਆਧਾਰਿਤ ਨਵ-ਨਿਰਮਾਣਕਾਰੀ ਕਰਨਾ ਵੀ ਉਹ ਜਾਣਦਾ ਹੈ। ਮਲਵਿੰਦਰ ਸੁਹਜ ਭੁੱਖ ਦੀ ਤ੍ਰਿਪਤੀ ਲਈ ਲਿਖਦਾ ਹੈ। ਰੂਹ ਦੇ ਰੱਜ ਵਾਸਤੇ ਲਿਖਦਾ ਹੈ। ਸਮਾਜ ਦੇ ਹਿਤਾਂ ਲਈ ਲਿਖਦਾ ਹੈ। ਫਿਰ ਵੀ ਉਸਦੀ ਲਿਖਣ ਦੀ ਭੁੱਖ ਬਣੀ ਰਹਿੰਦੀ ਹੈ।

ਮਲਵਿੰਦਰ ਕੋਲ ਵਿਚਾਰ ਹਨ, ਭਾਸ਼ਾ ਹੈ, ਸ਼ੈਲੀ ਹੈ। ਲੋੜ ਅਨੁਸਾਰ ਵਿਚਾਰਾਂ ਨੂੰ ਨਵਿਆਉਣ ਤੇ ਉਨ੍ਹਾਂ ਦੀ ਨਵ-ਉਸਾਰੀ ਕਰਨ ਦੇ ਹੁਨਰ ਦੀ ਵਰਤੋਂ ਕਰਨ ਦੀ ਵੀ ਉਸਨੂੰ ਜਾਚ ਹੈ। ਭਾਸ਼ਾ ਉਪਰ ਉਸਨੂੰ ਪਕੜ ਹੈ। ਚਿੰਨ੍ਹਾਂ, ਪ੍ਰਤੀਕਾਂ ਰਾਹੀਂ ਗੱਲ ਕਰਨ ਦੀ ਕਲਾ ਵਿੱਚ ਉਹ ਮਾਹਿਰ ਹੈ। ਵਾਰਤਕ ਲਿਖਦਿਆਂ ਉਸ ਵਿੱਚ ਕਾਵਿਕ ਅੰਸ਼ਾਂ ਦਾ ਸਮਾਵੇਸ਼ ਕਰ ਲੈਣਾ ਉਸ ਵਾਸਤੇ ਬਹੁਤ ਸਹਿਜ ਕਿਸਮ ਦੀ ਪ੍ਰਕਿਰਿਆ ਹੈ। ਇਹ ਉਸਦੀ ਵਾਰਤਕ ਕਲਾ ਦਾ ਉਘੜਵਾਂ ਲੱਛਣ ਬਣ ਕੇ ਉਭਰਨ ਵਾਲਾ ਪਹਿਲੂ ਹੈ। ਮਲਵਿੰਦਰ ਜਿਉਂ ਜਿਉਂ ਲਿਖਦਾ ਜਾਂਦਾ ਹੈ, ਆਪਣੀ ਲਿਖਣ ਕਲਾ ਦੇ ਹੁਨਰ ਨੂੰ ਤਰਾਸ਼ਦਾ ਜਾਂਦਾ ਹੈ। ਮੈਂ ਨਿਸਚੇ ਨਾਲ ਕਹਿ ਸਕਦਾ ਹਾਂ ਕਿ ਇਹ ਪੁਸਤਕ ਪਾਠਕਾਂ ਦੀ ਜਾਣਕਾਰੀ ਵਿੱਚ ਚੰਗਾ-ਚੋਖਾ ਵਾਧਾ ਕਰੇਗੀ, ਉਨ੍ਹਾਂ ਲਈ ਮਾਰਗ ਦਰਸ਼ਕ ਬਣੇਗੀ ਤੇ ਸੇਧ ਵੀ ਪ੍ਰਦਾਨ ਕਰੇਗੀ। ਨਾਲ ਹੀ,ਇਹ ਪੁਸਤਕ ਪਾਠਕਾਂ ਨੂੰ ਪਰਵਾਸ ਧਾਰਨ ਕਰਨ ਤੋਂ ਪਹਿਲਾਂ ਡੂੰਘੀ ਸੋਚ ਵਿਚਾਰ ਕਰਨ ਲਈ ਵੀ ਪ੍ਰੇਰਿਤ ਕਰੇਗੀ ਤੇ ਇਸ ਸਬੰਧ ਵਿੱਚ ਫੈਸਲਾ ਲੈਣ ਲਈ ਹਿੰਮਤ ਜੁਟਾਉਣ ਦਾ ਹੌਸਲਾ ਵੀ ਦੇਵੇਗੀ। ਮੈਂ ਉਮੀਦ ਕਰਦਾ ਹਾਂ ਕਿ ਪਰਵਾਸ ਦੀਆਂ ਚੁਣੌਤੀਆਂ ਤੇ ਸੰਭਾਵਨਾਵਾਂ ਨਾਲ ਓਤਪੋਤ ਇਹ ਪ੍ਰਯੋਜਨਮੁਖੀ ਤੇ ਪੁਖ਼ਤਾ ਪ੍ਰਵਚਨ ਪਾਠਕਾਂ ਦੇ ਹਿਰਦੇਪਟ 'ਤੇ ਚਿਰਾਂ ਤੱਕ ਅਸਰਅੰਦਾਜ਼ ਹੁੰਦੇ ਰਹਿਣਗੇ। ਮੈਂ ਇਸ ਮੁੱਲਵਾਨ ਪੁਸਤਕ ਦਾ ਹਾਰਦਿਕ ਸਵਾਗਤ ਕਰਦਾ ਹਾਂ। ਫ਼ਖ਼ਰ ਮਹਿਸੂਸ ਕਰਨ ਵਾਲੀ ਗੱਲ ਹੈ ਕਿ ਇਸ ਅਨੂਠੇ ਕਾਰਜ ਸਮੇਤ ਮਲਵਿੰਦਰ ਆਪਣੇ ਪਾਠਕਾਂ ਦੇ ਸਨਮੁੱਖ ਹੋ ਰਿਹਾ ਹੈ। ਇਸ ਬਹੁਮੁੱਲੇ ਦਸਤਾਵੇਜ਼ ਦੀ ਸਿਰਜਣਾ ਲਈ ਮੈਂ ਉਸਨੂੰ ਮੁਬਾਰਕਬਾਦ ਭੇਂਟ ਕਰਦਾ ਹਾਂ ਤੇ ਇਸ ਪੁਸਤਕ ਨੂੰ ਖੁਸ਼ਆਮਦੀਦ ਕਹਿੰਦਿਆਂ ਹੋਇਆਂ ਅਥਾਹ ਖੁਸ਼ੀ ਅਨੁਭਵ ਕਰ ਰਿਹਾ ਹਾਂ।

# • ਪੰਜਾਬੀ ਫ਼ਿਲਮ ਦਰਪਣ •

## ਗੁਰਪ੍ਰੀਤ ਘੁੱਗੀ ਬਣੇ "ਪਫਟਾ" ਦੇ ਮੁੱਖ ਸਲਾਹਕਾਰ



ਇਮਾਨਦਾਰ ਇਨਸਾਨ ਤੇ ਇਮਾਨਦਾਰ ਅਭਿਨੇਤਾ ਹਨ ਗੁਰਪ੍ਰੀਤ ਘੁੱਗੀ ਜਿਹਨਾਂ ਦੀ ਕਮੇਡੀ ਜਿੱਥੇ ਹਿੱਟ ਪੰਜਾਬੀ ਫ਼ਿਲਮਾਂ ਦਾ ਕਾਰਨ ਬਣੀ ਹੈ ਉਥੇ ਉਹ ਰੋਮਾਂਟਿਕ ਹੀਰੋ ਬਣ ਵੀ ਕਾਮਯਾਬ ਰਹੇ ਨੇ ਤੇ ਗੰਭੀਰ ਐਕਟਿੰਗ ਵਿੱਚ ਵੀ ਓਹਨਾਂ ਦਾ ਕੋਈ ਜਵਾਬ ਨਹੀਂ। ਪੰਜਾਬੀ ਫ਼ਿਲਮ ਟੀਵੀ ਕਲਾਕਾਰ ਐਸੋਸੀਏਸ਼ਨ ਦੇ ਓਹ ਮੁੱਖ ਸਲਾਹਕਾਰ ਬਣੇ ਨੇ ਤੇ ਸਲਾਹਕਾਰ ਦੀ ਰਾਏ ਹਮੇਸ਼ਾ ਹਰ ਪ੍ਰੋਜੈਕਟ ਨੂੰ ਕਾਮਯਾਬ ਕਰਨ ਵਿੱਚ ਭੂਮਿਕਾ ਨਿਭਾਉਂਦੀ ਹੈ। ਗੁਰਪ੍ਰੀਤ ਘੁੱਗੀ ਤੋਂ ਨਵੇਂ ਕਲਾਕਾਰਾਂ ਨੂੰ ਵੀ ਆਸ ਹੈ ਕਿ ਓਹ ਓਹਨਾਂ ਨੂੰ ਮੌਕੇ ਲਈ ਨਿਰਮਾਤਾ ਨਿਰਦੇਸ਼ਕਾਂ ਨੂੰ ਅਪੀਲ ਕਰਨਗੇ। ਇਸ ਸੰਸਥਾ "ਪਫਟਾ" ਨੂੰ ਹਰ ਸਾਲ ਪੰਜਾਬੀ ਫ਼ਿਲਮ ਫੈਸਟੀਵਲ ਤੇ ਐਵਾਰਡ ਸਮਾਰੋਹ ਦੇ ਪੱਧਰ ਤੱਕ ਖੜਨ ਦੇ ਨਾਲ ਸਰਕਾਰ ਤੋਂ ਪੰਜਾਬੀ ਫ਼ਿਲਮਾਂ ਦੇ ਵਿਕਾਸ ਲਈ ਕਿਸੇ ਨੀਤੀ ਵਾਸਤੇ ਵੀ ਕੰਮ ਕਰਨਗੇ। ਗੁਰਪ੍ਰੀਤ ਘੁੱਗੀ ਸਟਾਰ ਵਾਲੇ ਸੁਭਾਅ ਨਾਲ ਨਹੀਂ ਬਲ ਕਿ ਇੱਕ ਆਮ ਇਨਸਾਨ ਵਾਲੇ ਵਤੀਰੇ ਨਾਲ ਚਲਦੇ ਹਨ। ਜਿੱਥੇ ਫ਼ਿਲਮਾਂ ਵਿੱਚ ਅਜੇ ਓਹਨਾਂ ਬਹੁਤ ਸਾਰੇ ਰਹਿ ਗਏ ਕਿਰਦਾਰ ਕਰਨੇ ਹਨ ਓਥੇ ਓਹ ਪੰਜਾਬੀ ਫ਼ਿਲਮਾਂ ਦੇ ਵਿਕਾਸ, ਕਲਾਕਾਰਾਂ ਦੇ ਭਵਿੱਖ ਲਈ ਸੰਸਥਾ ਵੱਲੋਂ ਕਿਸੇ ਠੋਸ ਨੀਤੀ ਲਈ ਕੰਮ ਕਰਵਾਉਣਗੇ। ਬੇਮਿਸਾਲ ਐਕਟਰ, ਵਧੀਆ ਇਨਸਾਨ ਗੁਰਪ੍ਰੀਤ ਘੁੱਗੀ ਨੂੰ ਸੰਸਥਾ ਦਾ ਮੁੱਖ ਸਲਾਹਕਾਰ ਬਣਨ ਤੇ ਇੱਕ ਵਾਰ ਫਿਰ ਵਧਾਈ।

## ਰੁਪਾਲੀ ਸੰਧੂ ਗਾਇਕਾ ਤੇ ਨਾਇਕਾ ਬਣ ਅੱਗੇ ਵਧਣ ਲਈ ਸਰਗਰਮ



ਗਾਇਕਾ ਤੇ ਨਾਇਕਾ ਅਤੇ ਮਾਡਲ ਰੁਪਾਲੀ ਸੰਧੂ ਨੂੰ ਰੂਪ ਦੀ ਪਟਾਰੀ ਰੱਬ ਨੇ ਬਣਾ ਜ਼ਮੀਨ ਤੇ ਭੇਜਿਆ ਹੈ। ਕੱਦ ਦੇਖ ਸਫ਼ੈਦਾ ਵੀ ਕਹਿ ਦੇਵੇ ਵਾਹ ਰੁਪਾਲੀ ਵਾਹ ਤੇ ਗੋਰੀ ਗੋਰੀ ਦਾ ਰੰਗ ਦੇਖ ਦੁੱਧ ਦੀ ਮਲਾਈ ਵੀ ਆਖੇ ਸਦਕੇ ਜਾਵਾਂ। ਜੀ ਪੰਜਾਬੀ ਚੈਨਲ ਦੀ ਇਹ ਐਕਟ੍ਰੈਸ ਗਾਇਕੀ ਵਿੱਚ ਵੀ ਖੂਬ ਮਿੱਠੀ ਆਵਾਜ਼ ਦੀ ਮਲਿਕਾ ਸਟੇਜ ਦੀ ਸ਼ਾਨ ਹੈ। ਉਸ ਕੋਲ ਹੁਣ ਸ਼ੋ, ਗੀਤਾਂ ਦੀ ਮਾਡਲਿੰਗ ਤੇ ਵੈੱਬ ਫ਼ਿਲਮਾਂ ਹਨ। ਰੁਪਾਲੀ ਸੰਧੂ ਇੱਕਲੀ ਕੁੜੀ ਜਦ ਤੁਰੀ ਤਾਂ ਕਾਮਯਾਬੀਆਂ ਨੇ ਹੱਥ ਫੜ੍ਹ ਲਿਆ। ਰੁਪਾਲੀ ਨੇ ਦੋਗਾਣਾ ਗਾਇਕੀ ਵਿੱਚ ਵੀ ਨਾਮ ਬਣਾਇਆ ਹੈ ਪਰ ਇੱਕਲੇ ਗਾ ਕਿ ਬਣ ਜਾਣਾ ਸਫਲ ਗਾਇਕਾ ਓਹ ਆਖੇ ਮਜ਼ਾ ਹੀ ਅਲੱਗ ਹੈ। ਹੁਣ ਰੁਪਾਲੀ ਕੋਲ ਵੀਡੀਓ ਮਾਡਲ ਬਣ ਕੰਮ ਹੈ ਤੇ ਵੈੱਬ ਸੀਰੀਜ਼, ਵੈੱਬ ਫ਼ਿਲਮਾਂ ਨਾਲ ਵੱਡੀਆਂ ਫ਼ਿਲਮਾਂ ਵੀ ਹਨ। ਰੁਪਾਲੀ ਸੰਧੂ ਨੇ ਪ੍ਰਣ ਕਰ ਲਿਆ ਹੈ ਕਿ ਆਰ ਜਾਂ ਪਾਰ 2026 ਵਿੱਚ ਸਟਾਰ ਬਣ ਓਹ ਦਿਖਾ ਦੇਵੇਗੀ। ਰੁਪਾਲੀ ਦਾ ਸੁਭਾਅ ਪਿਆਰਾ ਹੈ ਤੇ ਆਦਤ ਹੱਸਦੇ ਰਹੋ ਵਾਲੀ ਹੈ। ਰੁਪਾਲੀ ਨੂੰ ਪੰਜਾਬੀ ਫ਼ਿਲਮਾਂ ਵਿੱਚ ਜਦ ਵੀ ਵਧੀਆ ਭੂਮਿਕਾ ਮਿਲੀ ਸਟਾਰ ਬਣਨ ਵੱਲ ਉਸ ਦੇ ਕਦਮ ਫ਼ਿਰ ਬਾਲੀਵੁੱਡ ਜਾਣਗੇ।

## ਮੇਰੀ ਪਤਨੀ ਮੇਰਾ ਪਿਆਰਾ ਦੋਸਤ ਤੇ ਉਤਸ਼ਾਹ ਦੀ ਊਰਜਾ ਹਾਰਬੀ ਸੰਘਾ



ਆਪਣੀ ਜੀਵਨ ਸਾਥਣ ਸਿਮਰਨ ਸੰਘਾ ਨੂੰ ਹਰਬੀ ਸੰਘਾ ਆਪਣੀ ਪਿਆਰੀ ਦੋਸਤ ਸਮਝਦੇ ਹਨ ਤੇ ਗਿਆਰਾਂ ਸਾਲ ਦੀ ਓਹਨਾਂ ਦੀ ਵਿਆਹੁਤਾ ਜ਼ਿੰਦਗੀ ਸਫਲ ਹੈ। ਇੰਸਟਾਗ੍ਰਾਮ ਤੇ ਚਾਅ ਨਾਲ ਹਾਰਬੀ ਸੰਘਾ ਨੇ ਸਿਮਰਨ ਨਾਲ ਤਸਵੀਰ ਪਾਈ ਤੇ ਉਸ ਨੂੰ ਆਪਣੀ ਉਤਸ਼ਾਹ ਪ੍ਰੇਰਕ ਕਿਹਾ ਹੈ।ਪੰਜਾਬੀ ਫ਼ਿਲਮਾਂ ਦੀ ਜਿੰਦ ਜਾਨ ਓਹ ਹਨ ਤੇ ਹਸਾ ਹਸਾ ਦੂਹਰਾ ਤੀਹਰਾ ਕਰ ਦਿੰਦੇ ਹਨ। "ਨਿੱਕਾ ਜ਼ੈਲਦਾਰ" "ਬੰਬੂਕਾਟ" ਸਮੇਤ ਬਹੁਤ ਫ਼ਿਲਮਜ਼ ਓਹ ਕਰ ਕਿ ਸਟਾਰ ਐਕਟਰ ਹਨ। ਬੀਨੂੰ ਢਿੱਲੋਂ, ਗੁਰਪ੍ਰੀਤ ਘੁੱਗੀ ਤੇ ਕਰਮਜੀਤ ਅਨਮੋਲ ਨਾਲ ਸੁਮੇਲ ਫ਼ਿਲਮ ਨਗਰ ਤੇ ਫ਼ਿਲਮਾਂ ਵਿੱਚ ਓਹਨਾਂ ਦਾ ਚੋਟੀ ਦਾ ਰਹਿੰਦਾ ਆਇਆ ਹੈ। ਹਰਬੀ ਸੰਘਾ ਆਪਣੇ ਉਸਤਾਦ ਗੁਰਪ੍ਰੀਤ ਘੁੱਗੀ ਨੂੰ ਬਹੁਤ ਇੱਜ਼ਤ ਤੇ ਮਾਣ ਦਿੰਦੇ ਹਨ ਤੇ ਓਹਨਾਂ ਦੇ ਪੈਰੀਂ ਹੱਥ ਲਾ ਕਿ ਆਦਰ ਕਰਦੇ ਹਨ। ਅੱਜ ਕਲ ਓਹ ਗਾਇਕ ਵੀ ਹਨ ਤੇ ਓਹ ਸ਼ੋ ਵੀ ਵਧੀਆ ਕਰਦੇ ਹਨ। ਓਹਨਾਂ ਨੇ ਸੰਗੀਤ ਨੂੰ ਰੂਹ ਦੀ ਖੁਰਾਕ ਕਿਹਾ ਹੈ ਤੇ ਦੱਸਿਆ ਕਿ ਓਹਨਾਂ ਨੇ ਸੰਘਰਸ਼ ਵੀ ਬਹੁਤ ਕੀਤਾ ਹੈ। ਹਰਬੀ ਪਿਆਰੇ ਪਤੀ ਨੇ ਤੇ ਕਲਾਕਾਰੀ ਲਈ ਓਹ ਕਈ ਮਸ਼ਵਰੇ ਕਰਦੇ ਨੇ ਇਹ ਗੱਲ ਓਹਨਾਂ ਦੀ ਰੂਹ ਏ ਜਿਗਰ ਸਿਮਰਨ ਸੰਘਾ ਆਖਦੀ ਹੈ। ਹਰਬੀ ਸੰਘਾ ਦਾ ਕਮੇਡੀਅਨ ਤੌਰ ਤੇ ਫ਼ਿਲਮ ਸਫ਼ਰ ਜ਼ਾਰੀ ਹੈ ਤੇ ਆਪਣੇ ਉਸਤਾਦ ਗੁਰਪ੍ਰੀਤ ਘੁੱਗੀ ਦੀ ਤਰਾਂ ਓਹ "ਅਰਦਾਸ" ਫ਼ਿਲਮ ਵਿੱਚ ਗੁਰਪ੍ਰੀਤ ਘੁੱਗੀ ਦੇ ਕਿਰਦਾਰ ਜਿਹਾ ਕੋਈ ਵੱਖਰਾ ਕਿਰਦਾਰ ਕਰਨ ਦੀ ਚਾਹਤ ਰੱਖਦੇ ਹਨ। ਅਭਿਨੇਤਾ ਤੇ ਗਾਇਕ ਹਰਬੀ ਸੰਘਾ ਤੇ ਸਿਮਰਨ ਸੰਘਾ ਨੂੰ ਗਿਆਰਾਂ ਸਾਲ ਜੀਵਨ ਦੀ ਗੱਡੀ ਸ਼ਾਨ ਤੇ ਵਧੀਆ ਤਰੀਕੇ ਨਾਲ ਚਲਾਉਣ ਤੇ ਵਧਾਈ ਤੇ ਹਰਬੀ ਸੰਘਾ ਤੋ ਗਾਇਕੀ ਵਿੱਚ ਹੁਣ ਵੱਡੀਆਂ ਵੱਡੀਆਂ ਆਸਾਂ ਹਨ।

## ਸਦਾਬਹਾਰ ਗਾਇਕੀ ਤੇ ਕਲਾਕਾਰਾਂ ਨੂੰ ਮਿਲ ਖੁਸ਼ ਹੁੰਦੇ ਨੇ ਦਿਲਬਾਗ ਹੁੰਦਲ



ਦਿਲਬਾਗ ਹੁੰਦਲ ਗਾਇਕ ਤੇ ਸੋਸ਼ਲ ਮੀਡੀਆ ਤੇ ਸਰਗਰਮ ਯੂਟਿਊਬਰ ਵੀ ਹਨ ਨੇ ਟੀਵੀ ਪ੍ਰੋਗਰਾਮਾਂ ਦੇ ਨਿਰਮਾਤਾ ਨਿਰਦੇਸ਼ਕ ਬਣ ਸਫ਼ਰ ਸ਼ੁਰੂ ਕੀਤਾ ਸੀ ਤੇ ਸਾਰੇ ਸੋਚਦੇ ਸਨ ਤੇ ਉਮੀਦ ਸੀ ਕਿ ਉਹ ਨਿਰਦੇਸ਼ਨ ਖੇਤਰ ਵੱਲ ਜਾਣਗੇ ਪਰ ਓਹ ਸੰਗੀਤ ਪ੍ਰੋਗਰਾਮ ਟੀਵੀ ਲਈ ਬਣਾਉਂਦੇ ਹੋਏ ਸੰਗੀਤ ਖੇਤਰ ਨਾਲ ਜੁੜ ਗਏ। ਓਹਨਾਂ ਦੇਖਿਆ ਤੇ ਸੁਣਿਆ ਪਹਿਲੇ ਹੀ ਸੀ ਕਿ ਮੋਹੰਮਦ ਸਦੀਕ, ਰਣਜੀਤ ਕੌਰ, ਸੁਰਿੰਦਰ ਸ਼ਿੰਦਾ ਗੁਲਸ਼ਨ ਕੋਮਲ ਵੇਲੇ ਦੇ ਕਲਾਕਾਰ , ਗੀਤਕਾਰ, ਦੋਗਾਣਾ ਜੋੜੀਆਂ ਤੇ ਬਾਕੀ ਲੋਕ ਅੱਜ ਵੀ ਆਪਣੇ ਸੰਗੀਤ, ਆਵਾਜ਼ਾਂ ਤੇ ਗੀਤਾਂ ਕਾਰਨ ਚਰਚਿਤ ਹਨ।ਅੱਜ ਵੀ ਓਹ ਸੁਰਿੰਦਰ ਕੌਰ ਪ੍ਰਕਾਸ਼ ਕੌਰ ਦੇ ਗੀਤ ਚਲਦੇ ਨੇ , ਅੱਜ ਵੀ ਚਮਕੀਲਾ ਦੇ ਗੀਤ ਚਲਦੇ ਨੇ ਤੇ ਊਸ਼ਾ ਕਿਰਨ ਤੋਂ ਪਾਲੀ ਦੇਤਵਾਲੀਆ ਤੱਕ ਕਲਾਕਾਰਾਂ ਦੇ ਗੁਣ, ਓਹਨਾਂ ਬਾਰੇ ਜਾਣਕਾਰੀ ਨਵੇਂ ਸਿਰੇ ਤੋਂ ਵੀਡੀਓ ਨਾਲ ਓਹਨਾਂ ਦੇ ਕੰਮ ਲਈ ਲੋਕਾਂ ਵਿੱਚ ਆਕਰਸ਼ਣ ਹੈ ਤੇ ਦਿਲਬਾਗ ਹੁੰਦਲ ਯੂਟਿਊਬ ਤੇ ਫੇਸਬੁੱਕ ਤੇ ਅਜਿਹੀਆਂ ਜਾਣਕਾਰੀਆਂ, ਤਸਵੀਰਾਂ ਤੇ ਇੰਟਰਵਿਊ ਨਾਲ ਹਾਜ਼ਿਰ ਹੋ ਮਕਬੂਲ ਨੇ ਤੇ ਬਾਵਾ ਰਿਕਾਰਡਜ਼ ਦਾ ਸੰਚਾਲਨ ਕਰ ਰਹੇ ਹਨ। ਦਿਲਬਾਗ ਹੁੰਦਲ ਦੋ ਸਾਲ ਤੱਕ ਸਟਾਰ ਯੂਟਿਊਬਰ ਹੋਣਗੇ ਇਹ ਗੱਲ ਰਾਜਵਿੰਦਰ ਪਟਿਆਲਾ ਨੇ ਵੀ ਆਖੀ ਹੈ। ਦਿਲਬਾਗ ਹੁੰਦਲ ਵਿਰਸੇ ਦੀ ਗਾਇਕੀ ਦੇ ਉਤਸ਼ਾਹ ਪ੍ਰੇਰਕ ਹਨ।

## ਜਵਾਨੀ ਵਿੱਚ ਨੇਰ੍ਹ ਲਿਆਉਂਦੇ ਹੋਣਗੇ ਲਿਖ ਕੇ ਲੈ ਲਓ ਬਾਲਕ੍ਰਿਸ਼ਨ ਕੋਚਰ



ਜਿਸ ਇਨਸਾਨ ਨੇ ਪੰਜਾਹ ਸਾਲ ਕਲਾ ਨੂੰ ਸਮਰਪਿਤ ਕੀਤੇ ਹੋਣ ਉਸ ਨੂੰ ਪਹਿਲੇ ਨਮਨ ਤੇ ਫ਼ਿਰ ਗੁਜ਼ਾਰਿਸ਼ ਸੱਭਿਆਚਾਰਕ ਸੰਸਥਾਵਾਂ, ਪੰਜਾਬ ਸਰਕਾਰ ਦੇ ਸੱਭਿਆਚਾਰਕ ਵਿਭਾਗ ਤੇ ਪੰਜਾਬੀ ਕਲਾ ਪ੍ਰੀਸ਼ਦ ਨੂੰ ਕਿ ਓਸ ਬਾਲਕ੍ਰਿਸ਼ਨ ਕੋਚਰ ਨੂੰ ਐਵਾਰਡ ਨਾਲ ਸਨਮਾਨਿਤ ਕਰਨ ਦਾ ਫਰਜ਼ ਹੈ। ਬਾਲਕ੍ਰਿਸ਼ਨ ਕੋਚਰ ਰੋਮਾਂਸ ਦੇ ਰਾਜਾ ਰਹੇ ਨੇ ਤੇ ਓਹਨਾਂ ਨੂੰ ਦੂਜਾ ਰਜੇਸ਼ ਖੰਨਾ ਕਿਹਾ ਜਾ ਸਕਦਾ ਹੈ ਤੇ ਜਿਸ ਤਰਾਂ ਅੱਜ ਵੀ ਅਭਿਨੇਤਰੀਆਂ ਤੇ ਮਾਡਲ ਓਹਨਾਂ ਦੀ ਫਿੱਟਨੈੱਸ ਤੇ ਕਲਾ ਤੋ ਪ੍ਰਭਾਵਿਤ ਨੇ ਓਹਨਾਂ ਵਿੱਚ ਸਦਾਬਹਾਰ ਦੇਵ ਅਨੰਦ ਦੀ ਝਲਕੀ ਨਜ਼ਰ ਆਉਂਦੀ ਹੈ। ਨਿਰਦੇਸ਼ਕ ਹਰਮਿੰਦਰ ਸਿੰਘ ਬਿਲਖੂ ਓਹਨਾਂ ਅੰਦਰਲੀ ਪ੍ਰਤਿਭਾ ਜਾਣਦੇ ਨੇ ਤੇ ਓਹ ਜਲਦੀ ਹੀ ਬਾਲਕ੍ਰਿਸ਼ਨ ਕੋਚਰ ਵੱਲੋਂ ਆਪਣੀ ਕਲਾਕਾਰੀ ਜ਼ਿੰਦਗੀ ਤੇ ਇੱਕ ਨਾਟਕੀ ਕਹਾਣੀ ਬਣਾ ਫ਼ਿਲਮ ਕਰਨ ਵਾਲੇ ਹਨ। ਜੀ ਟੀ ਸੀ ਪੰਜਾਬੀ ਚੈਨਲ ਤੇ ਓਹ "ਸਵੀਟੀ ਬਿਊਟੀ ਪਾਰਲਰ" ਸੀਰੀਅਲ ਕਰ ਰਹੇ ਨੇ ਤੇ ਓਹਨਾਂ ਕੋਲ ਐਡ ਫ਼ਿਲਮਾਂ ਤੇ ਵੀਡੀਓ ਗੀਤ ਵੀ ਹਨ। ਕੋਚਰ ਸਾਬ ਦਾ ਅੱਜ ਕਲ ਗਾਣਾ "ਯਾਰੀਆਂ" ਚਲ ਰਿਹਾ ਹੈ ਤੇ ਇਸ ਵਿੱਚ ਓਹਨਾਂ ਦੀ ਮਾਡਲਿੰਗ ਹੈ। ਨਿਰਦੇਸ਼ਕ ਐਕਟਰ ਅਵਤਾਰ ਵਰਮਾ ਆਖਦੇ ਨੇ ਕਿ ਬਾਲਕ੍ਰਿਸ਼ਨ ਕੋਚਰ ਬੇਮਿਸਾਲ ਕਲਾਕਾਰ ਹਨ। ਓਹ ਅੱਜ ਵੀ ਕਿਸੇ ਵੀ ਕਿਰਦਾਰ ਨੂੰ ਬਾਖੂਬ ਨਿਭਾ ਸਕਦੇ ਹਨ। ਬਾਲਕ੍ਰਿਸ਼ਨ ਕੋਚਰ ਆਖਦੇ ਨੇ ਓਹ ਸਾਊਥ ਦੀ ਫ਼ਿਲਮ ਨਗਰੀ ਵਿੱਚ ਕੰਮ ਕਰਨ ਲਈ ਬੇਤਾਬ ਨੇ ਜਿਹੜੀ ਆਰਟਿਸਟ ਦੀ ਬਹੁਤ ਕਦਰਦਾਨ ਹੈ। ਛਲੀਆ ਕੋਚਰ ਆਪਣੇ ਇੰਸਟਾਗ੍ਰਾਮ ਤੇ ਵੀ ਅੱਛੀ ਪੋਸਟ ਲਈ ਮਸ਼ਹੂਰ ਨੇ ਤੇ ਫੇਸਬੁੱਕ ਤੇ ਓਹ ਦਿਲ ਲਾ ਦਿੰਦੇ ਹਨ। ਆਕਰਸ਼ਣ ਓਹਨਾਂ ਦੇ ਅਭਿਨੈ ਦਾ ਬਰਕਰਾਰ ਹੈ ਤੇ ਬਾਲਕ੍ਰਿਸ਼ਨ ਕੋਚਰ ਆਓਣ ਵਾਲੇ ਦਿਨਾਂ ਵਿੱਚ ਦੋ ਐਡ ਫ਼ਿਲਮਾਂ, ਚਾਰ ਸ਼ੋਰਟ ਫ਼ਿਲਮਾਂ ਤੇ ਤਿੰਨ ਪੰਜਾਬੀ ਸੀਰੀਅਲ ਕਰ ਰਹੇ ਹਨ। ਇੱਕ ਬਾਲੀਵੁੱਡ ਦੀ ਤੇ ਤਿੰਨ ਪਾਲੀਵੁੱਡ ਦੀਆਂ ਫ਼ਿਲਮਾਂ ਦੇ ਨਾਲ ਵੈੱਬ ਸੀਰੀਜ਼ ਵੀ ਕਰ ਰਹੇ ਨੇ ਫਿਲਮੀ ਰਾਜਕੁਮਾਰ ਬਾਲਕ੍ਰਿਸ਼ਨ ਕੋਚਰ ਤੇ ਓਹਨਾਂ ਦੀ ਸਰੀਰਕ ਫਿੱਟਨੈੱਸ ਤੇ ਹੱਸਦੇ ਰਹਿਣ ਦੀ ਕਲਾ ਨੂੰ ਨਮਨ।

## ਰੇਸ਼ਮ ਛੀਨਾ ਬੋਲੇ ਮੇਰੀਆਂ ਸ਼ੋਰਟ ਫ਼ਿਲਮਾਂ ਨੂੰ ਮਿਲਦੀ ਅੱਛੀ ਖਾਤਿਰਦਾਰੀ



ਸ਼ਾਬਾਸ਼ ਰੇਸ਼ਮ ਸਿੰਘ ਛੀਨਾ ਜਿਹਨਾਂ ਨੇ ਨਿਰਮਾਣ ਖੇਤਰ ਵਿੱਚ ਰਿਕਾਰਡ ਕਾਮਯਾਬੀ ਦੇ ਬਣਾਉਣ ਵੱਲ ਤੇਜ਼ੀ ਨਾਲ ਕਦਮ ਪੁੱਟੇ ਹਨ। ਅੱਜ ਕਲ ਓਹ ਸ਼ੋਰਟ ਫ਼ਿਲਮ "ਖਾਤਿਰਦਾਰੀ" ਦੇ ਵੱਖ ਵੱਖ ਹਿੱਸੇ ਯੂਟਿਊਬ ਤੇ ਦਰਸ਼ਕਾਂ ਤੱਕ ਪਹੁੰਚਦੇ ਕਰ ਰਹੇ ਨੇ ਤੇ ਰੇਸ਼ਮ ਛੀਨਾ ਅਨੁਸਾਰ ਇਸ ਯੋਜਨਾ ਨੂੰ ਅੱਛਾ ਪ੍ਰਤੀਕਰਮ ਮਿਲ ਰਿਹਾ ਹੈ। ਰੇਸ਼ਮ ਛੀਨਾ ਚਾਹੁੰਦੇ ਨੇ ਕਿ ਪੰਜਾਬੀ ਸ਼ੋਰਟ ਫ਼ਿਲਮਾਂ ਵਿੱਚ ਉਹ ਏਕਤਾ ਕਪੂਰ ਦੀ ਤਰਾਂ ਨਾਂਅ ਕਮਾਉਣ। ਰੇਸ਼ਮ ਛੀਨਾ ਨੇ ਆਪਣੀਆਂ ਫ਼ਿਲਮਾਂ ਨਾਲ ਬਹੁਤ ਸਾਰੇ ਕਲਾਕਾਰਾਂ ਦੇ ਭਾਗ ਅੱਛੇ ਕੀਤੇ ਹਨ। ਇਸ ਦੇ ਇਲਾਵਾ ਓਹ ਕਲਾਕਾਰ, ਨਿਰਦੇਸ਼ਕ ਤੇ ਸੰਗੀਤਕਾਰ ਤੇ ਹੋਰਨਾਂ ਨੂੰ ਪੰਜਾਬੀ ਓ ਟੀ ਟੀ ਬਜ਼ਾਰ ਵਿੱਚ ਚਮਕਾ ਰਹੇ ਹਨ। ਰੇਸ਼ਮ ਛੀਨਾ ਇਸ ਸਾਲ ਸ਼ੋਰਟ ਫ਼ਿਲਮਾਂ ਵਿੱਚ ਨਿਰਮਾਣ, ਰਲੀਜ਼ ਤੇ ਓਹਨਾਂ ਦੀ ਸਫਲਤਾ ਦਾ ਰਿਕਾਰਡ ਬਣਾਉਣ ਲਈ ਸਰਗਰਮ ਹਨ। ਰੇਸ਼ਮ ਛੀਨਾ ਦੀ ਮਿਹਨਤ ਤੇ ਅੱਛੀ ਸੋਚ ਨਾਲ ਅਭਿਨੈ, ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਮਿਲ ਰਿਹਾ ਹੈ ਤੇ "ਖਾਤਿਰਦਾਰੀ" ਇੱਕ ਸ਼ਾਨਦਾਰ ਸਫ਼ਲ ਫ਼ਿਲਮ ਸ਼ੋਰਟਸ ਤੇ ਰੀਲਾਂ ਨਾਲ ਨਾਮ ਕਮਾ ਰਹੀ ਹੈ।

-ਅੰਮ੍ਰਿਤ ਪਵਾਰ

# ਆਰਟੀਫੀਸ਼ੀਅਲ ਇੰਟੈਲੀਜੈਂਸ: ਹਕੀਕਤ, ਭਰਮ ਅਤੇ ਭਵਿੱਖੀ ਰਸਤੇ

ਗੁਰਪ੍ਰੀਤ ਸਿੰਘ ਬਿਲਿੰਗ
ਰਾਬਤਾ: 75086-98066
gurpreetnews@gmail.com



ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਅੱਜ ਦੇ ਦੌਰ ਦੀ ਸਭ ਤੋਂ ਚਰਚਿਤ ਅਤੇ ਕ੍ਰਾਂਤੀਕਾਰੀ ਤਕਨੀਕ ਬਣ ਚੁੱਕੀ ਹੈ। ਜਿਸ ਨੇ ਮਨੁੱਖੀ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਨੂੰ ਸੌਖੀ ਭਾਸ਼ਾ ਵਿੱਚ 'ਬਨਾਵਟੀ ਬੁੱਧੀ' ਕਿਹਾ ਜਾਂਦਾ ਹੈ। ਜਿਸ ਦਾ ਮਤਲਬ ਹੈ ਮਸ਼ੀਨਾਂ ਦੇ ਅੰਦਰ ਸੋਚਣ, ਸਮਝਣ ਅਤੇ ਫੈਸਲੇ ਲੈਣ ਦੀ ਸਮਰੱਥਾ ਪੈਦਾ ਕਰਨਾ। ਇਹ ਤਕਨੀਕ ਸਿਰਫ ਕੰਪਿਊਟਰ ਵਿਗਿਆਨ ਦਾ ਇੱਕ ਹਿੱਸਾ ਨਹੀਂ ਰਹੀ, ਸਗੋਂ ਇਹ ਮਨੁੱਖੀ ਸੱਭਿਅਤਾ ਦੇ ਵਿਕਾਸ ਦਾ ਇੱਕ ਨਵਾਂ ਪਾਠ ਹੈ। ਜਦੋਂ ਅਸੀਂ ਇਤਿਹਾਸ ਵੱਲ ਝਾਤ ਮਾਰਦੇ ਹਾਂ, ਤਾਂ ਮਨੁੱਖ ਨੇ ਹਮੇਸ਼ਾ ਅਜਿਹੇ ਸੰਦ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਜੋ ਉਸ ਦੇ ਕੰਮ ਨੂੰ ਸੌਖਾ ਬਣਾ ਸਕਣ, ਪਰ ਏ.ਆਈ. ਇਨ੍ਹਾਂ ਸਾਰੇ ਸੰਦਾਂ ਤੋਂ ਵੱਖਰੀ ਹੈ ਕਿਉਂਕਿ ਇਹ ਸਿਰਫ਼ ਹੁਕਮਾਂ ਦਾ ਪਾਲਣ ਨਹੀਂ ਕਰਦੀ, ਸਗੋਂ ਅੰਕੜਿਆਂ ਤੋਂ ਸਿੱਖਦੀ ਹੈ ਅਤੇ ਸਮੇਂ ਦੇ ਨਾਲ ਆਪਣੇ ਆਪ ਨੂੰ ਬਿਹਤਰ ਬਣਾਉਂਦੀ ਹੈ। ਇਸ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਅੱਧ ਵਿੱਚ ਹੋਈ ਸੀ, ਪਰ ਅੱਜ ਦੇ ਸਮੇਂ ਵਿੱਚ ਉਪਲਬਧ ਵਿਸ਼ਾਲ ਡੇਟਾ ਅਤੇ ਸ਼ਕਤੀਸ਼ਾਲੀ ਪ੍ਰੋਸੈਸਰਾਂ ਨੇ ਇਸ ਨੂੰ ਇੱਕ ਅਜਿਹੀ ਤਾਕਤ ਬਣਾ ਦਿੱਤਾ ਹੈ, ਜੋ ਆਉਣ ਵਾਲੇ ਸਮੇਂ ਵਿੱਚ ਦੁਨੀਆ ਦਾ ਨਕਸ਼ਾ ਬਦਲ ਕੇ ਰੱਖ ਦੇਵੇਗੀ।

ਇਸ ਤਕਨੀਕ ਦੀ ਕਾਰਜਪ੍ਰਣਾਲੀ ਬਹੁਤ ਗੁੰਝਲਦਾਰ ਹੈ ਪਰ ਇਸ ਦਾ ਪ੍ਰਭਾਵ ਬੜਾ ਸਰਲ ਅਤੇ ਡੂੰਘਾ ਹੈ। ਏ.ਆਈ. ਮੁੱਖ ਤੌਰ 'ਤੇ ਅਲਗੋਰਿਦਮ ਅਤੇ ਮਸ਼ੀਨ ਲਰਨਿੰਗ 'ਤੇ ਅਧਾਰਤ ਹੁੰਦੀ ਹੈ, ਜਿੱਥੇ ਕੰਪਿਊਟਰ ਪ੍ਰਣਾਲੀਆਂ ਨੂੰ ਲੱਖਾਂ-ਕਰੋੜਾਂ ਸੂਚਨਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਪ੍ਰਣਾਲੀਆਂ ਉਨ੍ਹਾਂ ਸੂਚਨਾਵਾਂ ਵਿੱਚੋਂ ਪੈਟਰਨ ਲੱਭਦੀਆਂ ਹਨ ਅਤੇ ਫਿਰ ਉਨ੍ਹਾਂ ਦੇ ਅਧਾਰ 'ਤੇ ਨਤੀਜੇ ਕੱਢਦੀਆਂ ਹਨ। ਉਦਾਹਰਣ ਵਜੋਂ, ਜਦੋਂ ਅਸੀਂ ਆਪਣੇ ਸਮਾਰਟਫੋਨ 'ਤੇ ਚਿਹਰੇ ਦੀ ਪਛਾਣ ਦੀ ਵਰਤੋਂ ਕਰਦੇ ਹਾਂ ਜਾਂ ਇੰਟਰਨੈੱਟ 'ਤੇ ਕੁਝ ਖੋਜਦੇ ਹਾਂ, ਤਾਂ ਪਰਦੇ ਦੇ ਪਿੱਛੇ ਏ.ਆਈ. ਹੀ ਕੰਮ ਕਰ ਰਹੀ ਹੁੰਦੀ ਹੈ। ਇਹ ਤਕਨੀਕ ਹੁਣ ਸਿਰਫ਼ ਗਣਿਤ ਦੇ ਸਵਾਲ ਹੱਲ ਕਰਨ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਕਵਿਤਾਵਾਂ ਲਿਖ ਰਹੀ ਹੈ, ਚਿੱਤਰਕਾਰੀ ਕਰ ਰਹੀ ਹੈ ਅਤੇ ਇੱਥੋਂ ਤੱਕ ਕਿ ਡਾਕਟਰੀ ਇਲਾਜ ਵਿੱਚ ਮਾਹਿਰ ਡਾਕਟਰਾਂ ਦੀ ਮਦਦ ਵੀ ਕਰ ਰਹੀ ਹੈ। ਇਹ ਮਨੁੱਖੀ ਦਿਮਾਗ ਦੀ ਨਕਲ ਕਰਨ ਦੀ ਇੱਕ ਕੋਸ਼ਿਸ਼ ਹੈ, ਜਿੱਥੇ ਨਿਊਰਲ ਨੈੱਟਵਰਕ ਰਾਹੀਂ ਮਸ਼ੀਨਾਂ ਨੂੰ ਅਹਿਸਾਸ ਅਤੇ ਤਰਕ ਦੀ ਦੁਨੀਆ ਨਾਲ ਜੋੜਿਆ ਜਾ ਰਹੀ ਹੈ। ਇਹ ਬੌਧਿਕ ਸਮਰੱਥਾ ਜਦੋਂ ਸੰਚਾਰ ਦੇ ਮਾਧਿਅਮਾਂ ਵਿੱਚ ਪ੍ਰਵੇਸ਼ ਕਰਦੀ ਹੈ, ਤਾਂ ਇਹ ਜਾਣਕਾਰੀ ਦੇ ਪ੍ਰਵਾਹ ਨੂੰ ਇੱਕ ਨਵੀਂ ਗਤੀ ਪ੍ਰਦਾਨ ਕਰਦੀ ਹੈ।



ਸੰਚਾਰ ਅਤੇ ਮੀਡੀਆ ਦਾ ਖੇਤਰ, ਜਿਸ ਵਿੱਚ ਰੇਡੀਓ, ਟੀਵੀ, ਅਖਬਾਰ ਅਤੇ ਪੱਤਰਕਾਰੀ ਸ਼ਾਮਲ ਹਨ, ਏ.ਆਈ. ਦੁਆਰਾ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ। ਅੱਜ ਏ.ਆਈ. ਐਂਕਰ ਟੀਵੀ 'ਤੇ ਖ਼ਬਰਾਂ ਪੜ੍ਹ ਰਹੇ ਹਨ ਅਤੇ ਅਖਬਾਰਾਂ ਵਿੱਚ ਖ਼ਬਰਾਂ ਲਿਖਣ ਲਈ ਏ.ਆਈ. ਟੂਲਸ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਦੇ ਫਾਇਦੇ ਇਹ ਹਨ ਕਿ ਜਾਣਕਾਰੀ ਬਹੁਤ ਤੇਜ਼ੀ ਨਾਲ ਲੋਕਾਂ ਤੱਕ ਪਹੁੰਚਦੀ ਹੈ ਅਤੇ ਡੇਟਾ ਦਾ ਵਿਸ਼ਲੇਸ਼ਣ ਕਰਨਾ ਸੌਖਾ ਹੋ ਗਿਆ ਹੈ। ਪਰ ਪੱਤਰਕਾਰੀ ਦੇ ਖੇਤਰ ਵਿੱਚ ਇਹ ਇੱਕ ਵੱਡਾ ਨੈਤਿਕ ਸੰਕਟ ਵੀ ਹੈ। ਜੇਕਰ ਖ਼ਬਰਾਂ ਲਿਖਣ ਵਾਲੀ ਮਸ਼ੀਨ ਕੋਲ ਮਨੁੱਖੀ ਸੰਵੇਦਨਸ਼ੀਲਤਾ ਨਹੀਂ ਹੋਵੇਗੀ, ਤਾਂ ਉਹ ਸੱਚਾਈ ਅਤੇ ਨਿਰਪੱਖਤਾ ਦੀ ਰੱਖਿਆ ਕਿਵੇਂ ਕਰੇਗੀ? ਪੱਤਰਕਾਰੀ ਦਾ ਮੂਲ ਸਿਧਾਂਤ 'ਸੱਚ ਦੀ ਖੋਜ' ਹੈ, ਪਰ ਏ.ਆਈ. ਕਈ ਵਾਰ ਅਜਿਹੀ ਜਾਣਕਾਰੀ ਪੈਦਾ ਕਰ ਦਿੰਦੀ ਹੈ। ਜੋ ਸੱਚ ਲੱਗਦੀ ਹੈ ਪਰ ਹਕੀਕਤ ਵਿੱਚ ਗਲਤ ਹੁੰਦੀ ਹੈ। ਇਹ ਪੱਤਰਕਾਰੀ ਦੀ ਭਰੋਸੇਯੋਗਤਾ ਲਈ ਇੱਕ ਵੱਡੀ ਚੁਣੌਤੀ ਹੈ, ਜੋ ਅੱਗੇ ਚੱਲ ਕੇ ਰਾਜਨੀਤਿਕ ਪ੍ਰਚਾਰ ਦਾ ਹਥਿਆਰ ਬਣ ਜਾਂਦੀ ਹੈ।

ਭਾਰਤੀ ਰਾਜਨੀਤੀ ਦੇ ਪ੍ਰਸੰਗ ਵਿੱਚ ਏ.ਆਈ. ਦੀ ਗਲਤ ਵਰਤੋਂ ਇੱਕ ਬਹੁਤ ਹੀ ਚਿੰਤਾਜਨਕ ਵਿਸ਼ਾ ਹੈ। ਅਜੋਕੀ ਰਾਜਨੀਤੀ ਵਿੱਚ ਵੋਟਾਂ ਦੇ ਧਰੁਵੀਕਰਨ ਲਈ ਸੋਸ਼ਲ ਮੀਡੀਆ ਅਤੇ ਏ.ਆਈ. ਅਲਗੋਰਿਦਮ ਦੀ ਵਰਤੋਂ ਲੋਕਾਂ ਦੀ ਮਾਨਸਿਕਤਾ ਨਾਲ ਖੇਡਣ ਲਈ ਕੀਤੀ ਜਾ ਰਹੀ ਹੈ। ਇੱਥੇ 'ਡੀਪ ਫੇਕ' ਤਕਨੀਕ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ, ਜੋ ਕਿਸੇ ਵਿਅਕਤੀ ਦੇ ਚਿਹਰੇ ਅਤੇ ਆਵਾਜ਼ ਦੀ ਇੰਨੀ ਸਟੀਕ ਨਕਲ ਕਰਦੀ ਹੈ ਕਿ ਅਸਲੀ ਅਤੇ ਨਕਲੀ ਵਿੱਚ ਫਰਕ ਕਰਨਾ ਅਸੰਭਵ ਹੋ ਜਾਂਦਾ ਹੈ। ਜਦੋਂ ਕਿਸੇ ਰਾਜਨੀਤਿਕ ਨੇਤਾ ਦੀ ਨਕਲੀ ਵੀਡੀਓ ਬਣਾ ਕੇ ਕਿਸੇ ਧਰਮ ਜਾਂ ਜਾਤ ਵਿਰੁੱਧ ਭੜਕਾਊ ਗੱਲਾਂ ਕਹਾਈਆਂ ਜਾਂਦੀਆਂ ਹਨ, ਤਾਂ ਆਮ ਜਨਤਾ ਉਸ ਨੂੰ ਸੱਚ ਮੰਨ ਲੈਂਦੀ ਹੈ। ਇਹ ਸਿਰਫ਼ ਵੋਟਾਂ ਲੈਣ ਤੱਕ ਸੀਮਤ ਨਹੀਂ ਹੈ, ਸਗੋਂ ਇਹ ਲੋਕਤੰਤਰ ਦੀ ਬੁਨਿਆਦ 'ਤੇ ਹਮਲਾ ਹੈ। ਰਾਜਨੀਤਿਕ ਪ੍ਰਚਾਰ ਹੁਣ ਤਰਕ ਅਤੇ ਵਿਕਾਸ ਦੇ ਮੁੱਦਿਆਂ ਤੋਂ ਹਟ ਕੇ 'ਧਾਰਨਾ ਬਣਾਉਣ' ਦੀ ਖੇਡ ਬਣ ਗਿਆ ਹੈ, ਜੋ ਸਮਾਜਿਕ ਤਾਣੇ-ਬਾਣੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ।

ਜੇਕਰ ਅਸੀਂ ਸਮਾਜ ਸ਼ਾਸਤਰ ਦੇ ਨਜ਼ਰੀਏ ਤੋਂ ਦੇਖੀਏ, ਤਾਂ ਭਾਰਤੀ ਸਮਾਜ ਦੀ ਬਣਤਰ ਬਹੁਤ ਗੁੰਝਲਦਾਰ ਹੈ। ਜਾਤ-ਪਾਤ ਦੀ ਜਕੜ, ਲਿੰਗ ਅਸਮਾਨਤਾ ਅਤੇ ਆਰਥਿਕ ਪਾੜਾ ਸਾਡੇ ਸਮਾਜ ਦੇ ਪੁਰਾਣੇ ਜ਼ਖਮ ਹਨ। ਏ.ਆਈ. ਵਰਗੀ ਆਧੁਨਿਕ ਤਕਨੀਕ ਜਦੋਂ ਅਜਿਹੇ ਸਮਾਜ ਵਿੱਚ ਪ੍ਰਵੇਸ਼ ਕਰਦੀ ਹੈ, ਤਾਂ ਇਹ ਸਮਾਜਿਕ ਵੰਡੀਆਂ ਨੂੰ ਹੋਰ ਡੂੰਘਾ ਕਰਨ ਦਾ ਜ਼ਰੀਆ ਵੀ ਬਣ ਸਕਦੀ ਹੈ। ਮਨੁੱਖੀ ਰਿਸ਼ਤਿਆਂ 'ਤੇ ਵੀ ਇਸ ਦਾ ਪ੍ਰਭਾਵ ਪੈ ਰਿਹਾ ਹੈ, ਜਿੱਥੇ ਲੋਕ ਅਸਲੀ ਸੰਪਰਕ ਨਾਲੋਂ ਡਿਜੀਟਲ ਸੰਪਰਕ ਨੂੰ ਤਰਜੀਹ ਦੇ ਰਹੇ ਹਨ। ਏ.ਆਈ. ਚੈਟਬੋਟਸ ਲੋਕਾਂ ਦੇ ਮਾਨਸਿਕ ਸਲਾਹਕਾਰ ਬਣ ਰਹੇ ਹਨ, ਜਿਸ ਨਾਲ ਮਨੁੱਖੀ 'ਹਮਦਰਦੀ' ਦੀ ਸਮਰੱਥਾ ਘਟ ਰਹੀ ਹੈ। ਲੋਕ ਮਨੁੱਖਾਂ ਨਾਲੋਂ ਮਸ਼ੀਨਾਂ ਨਾਲ ਗੱਲ ਕਰਨਾ ਸੌਖਾ ਸਮਝ ਰਹੇ ਹਨ, ਜੋ ਸਮਾਜਿਕ ਇਕੱਲਤਾ ਅਤੇ ਮਾਨਸਿਕ ਸਿਹਤ ਲਈ ਨਵੇਂ ਖ਼ਤਰੇ ਪੈਦਾ ਕਰ ਰਿਹਾ ਹੈ। ਇਹ ਮਾਨਸਿਕ ਬਦਲਾਅ ਸਾਡੀ ਸਿਰਜਣਾਤਮਕਤਾ ਅਤੇ ਸਾਹਿਤਕ ਸੋਚ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਸੱਭਿਆਚਾਰ ਅਤੇ ਸਾਹਿਤ ਦੇ ਖੇਤਰ ਵਿੱਚ ਏ.ਆਈ. ਦੀ ਦਖਲਅੰਦਾਜ਼ੀ ਇੱਕ ਗੰਭੀਰ ਬਹਿਸ ਦਾ ਵਿਸ਼ਾ ਹੈ। ਸਾਹਿਤ ਹਮੇਸ਼ਾ ਮਨੁੱਖੀ ਅਨੁਭਵਾਂ, ਪੀੜਾਂ ਅਤੇ ਵਲਵਲਿਆਂ ਦੀ ਉਪਜ ਰਿਹਾ ਹੈ। ਜਦੋਂ ਏ.ਆਈ. ਕੋਈ ਕਵਿਤਾ ਜਾਂ ਕਹਾਣੀ ਲਿਖਦੀ ਹੈ, ਤਾਂ ਉਹ ਕਰੋੜਾਂ ਸ਼ਬਦਾਂ ਦੇ ਡੇਟਾ ਦਾ ਵਿਸ਼ਲੇਸ਼ਣ ਕਰਕੇ ਇੱਕ ਸੁੰਦਰ ਰਚਨਾ ਤਾਂ ਤਿਆਰ ਕਰ ਸਕਦੀ ਹੈ, ਪਰ ਕੀ ਉਸ ਵਿੱਚ ਉਹ 'ਰੂਹ' ਹੁੰਦੀ ਹੈ। ਜੋ ਇੱਕ ਲੇਖਕ ਆਪਣੀ ਕਲਮ ਨਾਲ ਪ੍ਰੋਉਂਦਾ ਹੈ? ਅੱਜ ਸੰਗੀਤ ਦੀਆਂ ਧੁਨਾਂ ਅਤੇ ਚਿੱਤਰਕਾਰੀ ਵੀ ਏ.ਆਈ. ਰਾਹੀਂ ਹੋ ਰਹੀ ਹੈ। ਇਸ ਨਾਲ ਸਿਰਜਣਾਤਮਕਤਾ ਦਾ ਲੋਕਤੰਤਰੀਕਰਨ ਤਾਂ ਹੋਇਆ ਹੈ, ਪਰ ਅਸਲੀ ਕਲਾਕਾਰ ਦੀ ਮੌਲਿਕਤਾ ਅਤੇ ਉਸ ਦੇ ਰੁਜ਼ਗਾਰ 'ਤੇ ਖ਼ਤਰਾ ਮੰਡਰਾ ਰਿਹਾ ਹੈ। ਮਸ਼ੀਨੀ ਅਨੁਵਾਦ ਨੇ ਦੁਨੀਆ ਭਰ ਦੇ ਸਾਹਿਤ ਨੂੰ ਨੇੜੇ ਤਾਂ ਲਿਆਂਦਾ ਹੈ, ਪਰ ਕਈ ਵਾਰ ਸਥਾਨਕ ਭਾਸ਼ਾ ਦੇ ਮੁਹਾਵਰੇ ਅਤੇ ਮਿਠਾਸ ਇਸ ਪ੍ਰਕਿਰਿਆ ਵਿੱਚ ਗੁਆਚ ਜਾਂਦੇ ਹਨ। ਇਹ ਬੌਧਿਕ ਤਬਦੀਲੀ ਸਿੱਖਿਆ ਦੇ ਖੇਤਰ ਵਿੱਚ ਵੀ ਨਵੀਆਂ ਸੰਭਾਵਨਾਵਾਂ ਪੈਦਾ ਕਰਦੀ ਹੈ।

ਸਿੱਖਿਆ ਦੇ ਖੇਤਰ ਵਿੱਚ ਏ.ਆਈ. ਨੇ ਇੱਕ ਨਵੀਂ ਕ੍ਰਾਂਤੀ ਲਿਆਂਦੀ ਹੈ। ਹੁਣ ਪੜ੍ਹਾਈ ਸਕੂਲ ਦੀਆਂ ਚਾਰ ਦੀਵਾਰੀਆਂ ਤੱਕ ਸੀਮਤ ਨਹੀਂ ਰਹੀ। ਏ.ਆਈ. ਅਧਾਰਤ ਪਲੇਟਫਾਰਮ ਹਰ ਵਿਦਿਆਰਥੀ ਦੀ ਸਿੱਖਣ ਦੀ ਸਮਰੱਥਾ ਅਨੁਸਾਰ ਪਾਠਕ੍ਰਮ ਨੂੰ ਢਾਲ ਸਕਦੇ ਹਨ। ਇਹ ਇੱਕ ਨਿੱਜੀ ਅਧਿਆਪਕ ਵਾਂਗ ਕੰਮ ਕਰਦੀ ਹੈ, ਜੋ 24 ਘੰਟੇ ਉਪਲਬਧ ਹੈ। ਖੋਜ ਕਾਰਜਾਂ ਵਿੱਚ ਇਹ ਤਕਨੀਕ ਮਹੀਨਿਆਂ ਦਾ ਕੰਮ ਮਿੰਟਾਂ ਵਿੱਚ ਕਰ ਸਕਦੀ ਹੈ। ਦੁਨੀਆ ਭਰ ਦੇ ਡੇਟਾਬੇਸ ਨੂੰ ਸਕਿੰਟਾਂ ਵਿੱਚ ਖੰਗਾਲ ਕੇ ਸਹੀ ਜਾਣਕਾਰੀ ਮੁਹੱਈਆ ਕਰਵਾਉਣਾ ਏ.ਆਈ. ਕਾਰਨ ਹੀ ਸੰਭਵ ਹੋਇਆ ਹੈ। ਹਾਲਾਂਕਿ, ਇਸ ਨਾਲ ਨਕਲ ਅਤੇ ਮੌਲਿਕਤਾ ਵਰਗੇ ਸਵਾਲ ਵੀ ਖੜ੍ਹੇ ਹੋ ਰਹੇ ਹਨ। ਜਿੱਥੇ ਸਿੱਖਿਆ ਮਾਨਸਿਕ ਵਿਕਾਸ ਕਰਦੀ ਹੈ, ਉੱਥੇ ਸਿਹਤ ਸੇਵਾਵਾਂ ਮਨੁੱਖੀ ਜੀਵਨ ਦੀ ਰੱਖਿਆ ਕਰਦੀਆਂ ਹਨ।

ਸਿਹਤ ਸੇਵਾਵਾਂ ਦੇ ਖੇਤਰ ਵਿੱਚ ਏ.ਆਈ. ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਬਿਮਾਰੀਆਂ ਦੀ ਜਲਦੀ ਪਛਾਣ ਕਰਨ ਵਿੱਚ ਇਸ ਦੀ ਸ਼ੁੱਧਤਾ ਹੈਰਾਨੀਜਨਕ ਹੈ। ਕੈਂਸਰ ਵਰਗੀਆਂ ਬਿਮਾਰੀਆਂ ਦਾ ਪਤਾ ਸ਼ੁਰੂਆਤੀ ਪੜਾਅ 'ਤੇ ਲਗਾਉਣ ਲਈ ਏ.ਆਈ. ਮਸ਼ੀਨਾਂ ਰਿਪੋਰਟਾਂ ਦਾ ਇੰਨੀ ਬਾਰੀਕੀ ਨਾਲ ਵਿਸ਼ਲੇਸ਼ਣ ਕਰਦੀਆਂ ਹਨ ਕਿ ਮਨੁੱਖੀ ਅੱਖ ਤੋਂ ਉਹ ਨੁਕਤੇ ਰਹਿ ਸਕਦੇ ਹਨ। ਨਵੀਆਂ ਦਵਾਈਆਂ ਦੀ ਖੋਜ ਅਤੇ ਜੀਨੋਮ ਸੀਕੁਐਂਸਿੰਗ ਵਿੱਚ ਇਸ ਨੇ ਸਮਾਂ ਅਤੇ ਖਰਚਾ ਬਹੁਤ ਘਟਾ ਦਿੱਤਾ ਹੈ। ਭਵਿੱਖ ਵਿੱਚ ਅਸੀਂ ਅਜਿਹੇ ਰੋਬੋਟਿਕ ਸਰਜਨ ਦੇਖ ਸਕਾਂਗੇ ਜੋ ਬੇਹੱਦ ਗੁੰਝਲਦਾਰ ਆਪ੍ਰੇਸ਼ਨ ਕਰਨ ਵਿੱਚ ਸਫਲ ਹੋਣਗੇ। ਸਿਹਤ ਤੋਂ ਬਾਅਦ ਜੇਕਰ ਅਸੀਂ ਰੋਜ਼ਾਨਾ ਜੀਵਨ ਦੇ ਆਰਥਿਕ ਪਹਿਲੂ ਵੱਲ ਦੇਖੀਏ, ਤਾਂ ਉੱਥੇ ਵੀ ਏ.ਆਈ. ਦੀ ਜਕੜ ਮਜ਼ਬੂਤ ਹੈ।

ਬੈਂਕਿੰਗ ਅਤੇ ਵਿੱਤੀ ਖੇਤਰ ਵਿੱਚ ਏ.ਆਈ. ਨੇ ਲੈਣ-ਦੇਣ ਨੂੰ ਬਹੁਤ ਸੁਰੱਖਿਅਤ ਅਤੇ ਤੇਜ਼ ਬਣਾਇਆ ਹੈ। ਧੋਖਾਧੜੀ ਦੀ ਪਛਾਣ ਕਰਨ ਵਾਲੇ ਸਿਸਟਮ ਸਕਿੰਟਾਂ ਵਿੱਚ ਸ਼ੱਕੀ ਕਾਰਵਾਈਆਂ ਨੂੰ ਰੋਕ ਦਿੰਦੇ ਹਨ। ਪਰ ਦੂਜੇ ਪਾਸੇ, ਏ.ਆਈ. ਅਧਾਰਤ 'ਸਾਈਬਰ ਅਪਰਾਧ' ਵੀ ਵਧ ਗਏ ਹਨ। ਅੱਜ 'ਵਾਇਸ ਕਲੋਨਿੰਗ' ਰਾਹੀਂ ਕਿਸੇ ਰਿਸ਼ਤੇਦਾਰ ਦੀ ਆਵਾਜ਼ ਕੱਢ ਕੇ ਪੈਸੇ ਠੱਗਣ ਦੀਆਂ ਘਟਨਾਵਾਂ ਆਮ ਹੋ ਰਹੀਆਂ ਹਨ।

ਬਾਕੀ ਹਿਸਾ ਸਫਾ 56 ਤੇ ਪੜ੍ਹੋ

55 ਸਫ਼ੇ ਦੀ ਬਾਕੀ

ਇਸੇ ਤਰ੍ਹਾਂ ਖਪਤਕਾਰ ਸੱਭਿਆਚਾਰ ਵਿੱਚ ਏ.ਆਈ. ਅਲਗੋਰਿਦਮ ਸਾਨੂੰ ਉਹੀ ਚੀਜ਼ਾਂ ਦਿਖਾਉਂਦੇ ਹਨ, ਜੋ ਅਸੀਂ ਖਰੀਦਣਾ ਚਾਹੁੰਦੇ ਹਾਂ, ਜਿਸ ਨਾਲ ਸਾਡੀ 'ਚੋਣ ਦੀ ਆਜ਼ਾਦੀ' ਹੌਲੀ-ਹੌਲੀ ਖਤਮ ਹੋ ਰਹੀ ਹੈ। ਅਸੀਂ ਅਣਜਾਣੇ ਵਿੱਚ ਉਹੀ ਖਰੀਦ ਰਹੇ ਹਾਂ ਜੋ ਮਸ਼ੀਨ ਸਾਨੂੰ ਖਰੀਦਣ ਲਈ ਪ੍ਰੇਰਿਤ ਕਰ ਰਹੀ ਹੈ। ਇਹ ਆਰਥਿਕ ਪ੍ਰਭਾਵ ਸਿੱਧੇ ਤੌਰ 'ਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ।

ਆਰਥਿਕਤਾ ਅਤੇ ਰੁਜ਼ਗਾਰ ਦੇ ਪੱਖੋਂ ਏ.ਆਈ. ਇੱਕ ਦੋਧਾਰੀ ਤਲਵਾਰ ਹੈ। ਇੱਕ ਪਾਸੇ ਇਹ ਉਦਯੋਗਾਂ ਵਿੱਚ ਉਤਪਾਦਨ ਵਧਾ ਰਹੀ ਹੈ, ਪਰ ਦੂਜੇ ਪਾਸੇ ਇਹ ਡਰ ਹੈ ਕਿ ਮਸ਼ੀਨਾਂ ਮਨੁੱਖਾਂ ਦੀ ਥਾਂ ਲੈ ਲੈਣਗੀਆਂ। ਡੇਟਾ ਐਂਟਰੀ ਅਤੇ ਕਸਟਮਰ ਸਰਵਿਸ ਵਰਗੇ ਖੇਤਰਾਂ ਵਿੱਚ ਵੱਡੀ ਪੱਧਰ 'ਤੇ ਆਟੋਮੇਸ਼ਨ ਹੋ ਰਹੀ ਹੈ। ਅਸਲ ਚੁਣੌਤੀ ਇਹ ਹੈ ਕਿ ਸਾਨੂੰ ਆਪਣੀ ਕਿਰਤ ਸ਼ਕਤੀ ਨੂੰ ਨਵੇਂ ਹੁਨਰ ਸਿਖਾਉਣੇ ਪੈਣਗੇ। ਰੁਜ਼ਗਾਰ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਏ.ਆਈ. ਨੇ ਅੰਕੜਿਆਂ ਦੀ ਇੱਕ ਨਵੀਂ ਜੰਗ ਸ਼ੁਰੂ ਕਰ ਦਿੱਤੀ ਹੈ। ਅੱਜ ਖੇਡਾਂ ਸਿਰਫ ਸਰੀਰਕ ਜ਼ੋਰ ਨਹੀਂ ਰਹੀਆਂ, ਸਗੋਂ ਏ.ਆਈ. ਇਹ ਤੈਅ ਕਰਦੀ ਹੈ ਕਿ ਕਿਸ ਖਿਡਾਰੀ ਦੀ ਕੀ ਕਮਜ਼ੋਰੀ ਹੈ ਅਤੇ ਕਿਸ ਰਣਨੀਤੀ ਨਾਲ ਖੇਡਣਾ ਹੈ। ਇਹ 'ਡਾਟਾ-ਵਾਰ' ਖੇਡਾਂ ਦੀ ਕੁਦਰਤੀ ਚਮਕ ਨੂੰ ਪ੍ਰਭਾਵਿਤ ਕਰ ਰਹੀ ਹੈ।

ਖੇਤੀਬਾੜੀ ਵਰਗੇ ਰਵਾਇਤੀ ਖੇਤਰ ਵਿੱਚ ਏ.ਆਈ. ਕਿਸਾਨਾਂ ਲਈ ਇੱਕ ਵਿਗਿਆਨਕ ਸਹਾਰਾ ਬਣ ਕੇ ਉੱਭਰੀ ਹੈ। 'ਪ੍ਰੀਸੀਜ਼ਨ ਫਾਰਮਿੰਗ' ਰਾਹੀਂ ਮਿੱਟੀ ਦੀ ਸਿਹਤ ਅਤੇ ਫਸਲਾਂ ਦੀਆਂ ਬਿਮਾਰੀਆਂ ਦਾ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ। ਸਮਾਰਟ ਸਿੰਚਾਈ ਪ੍ਰਣਾਲੀਆਂ ਅਤੇ ਸੈਂਸਰ ਇਹ ਦੱਸਦੇ ਹਨ ਕਿ ਪੌਦੇ ਨੂੰ ਕਿੰਨੇ ਪਾਣੀ ਦੀ ਲੋੜ ਹੈ, ਜੋ ਪੰਜਾਬ ਵਰਗੇ ਸੂਬਿਆਂ ਵਿੱਚ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਬਚਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਡਰੋਨਾਂ ਰਾਹੀਂ ਕੀਟਨਾਸ਼ਕਾਂ ਦਾ ਸਹੀ ਛਿੜਕਾਅ ਵਾਤਾਵਰਣ ਨੂੰ ਵੀ ਬਚਾਉਂਦਾ ਹੈ। ਵਾਤਾਵਰਣ ਦੇ ਸੰਦਰਭ ਵਿੱਚ ਏ.ਆਈ. ਜਲਵਾਯੂ ਤਬਦੀਲੀ ਨੂੰ ਸਮਝਣ ਅਤੇ ਪ੍ਰਦੂਸ਼ਣ ਘਟਾਉਣ ਵਿੱਚ ਸਹਾਈ ਹੈ, ਪਰ ਇਸ ਦੇ ਡੇਟਾ ਸੈਂਟਰਾਂ ਦੁਆਰਾ ਕੀਤੀ ਜਾਂਦੀ ਬਿਜਲੀ ਦੀ ਖਪਤ ਇੱਕ ਨਵੀਂ ਚੁਣੌਤੀ ਹੈ।

ਅਪਰਾਧ ਵਿਗਿਆਨ ਅਤੇ ਸੁਰੱਖਿਆ ਵਿੱਚ ਏ.ਆਈ. ਦੀ ਵਰਤੋਂ ਪੁਲਿਸਿੰਗ ਨੂੰ ਆਧੁਨਿਕ ਬਣਾ ਰਹੀ ਹੈ। 'ਪ੍ਰੀਡਿਕਟਿਵ ਪੁਲਿਸਿੰਗ' ਰਾਹੀਂ ਅਪਰਾਧ ਹੋਣ ਦੀ ਸੰਭਾਵਨਾ ਵਾਲੇ ਇਲਾਕਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਪਰ ਅੰਤਰਰਾਸ਼ਟਰੀ ਪੱਧਰ 'ਤੇ 'ਆਟੋਨੋਮਸ ਹਥਿਆਰ' ਦੁਨੀਆ ਲਈ ਸਭ ਤੋਂ ਵੱਡਾ ਖ਼ਤਰਾ ਹਨ। ਜੇਕਰ ਜੰਗ ਦੇ ਮੈਦਾਨ ਵਿੱਚ ਫੈਸਲੇ ਮਸ਼ੀਨਾਂ ਲੈਣਗੀਆਂ, ਤਾਂ ਮਨੁੱਖੀ ਹੋਂਦ ਨੂੰ ਖ਼ਤਰਾ ਹੋ ਸਕਦਾ ਹੈ। ਦੂਜੇ ਪਾਸੇ, ਪੁਲਾੜ ਵਿਗਿਆਨ ਵਿੱਚ ਏ.ਆਈ. ਬ੍ਰਹਿਮੰਡ ਦੀਆਂ ਉਨ੍ਹਾਂ ਗੁੰਝਲਾਂ ਨੂੰ ਸੁਲਝਾ ਰਹੀ ਹੈ। ਜਿੱਥੇ ਮਨੁੱਖੀ ਪਹੁੰਚ ਅਸੰਭਵ ਹੈ। ਦੂਰ-ਦੁਰਾਡੇ ਗ੍ਰਹਿਆਂ 'ਤੇ ਭੇਜੇ ਗਏ ਰੋਵਰ ਏ.ਆਈ. ਰਾਹੀਂ ਹੀ ਆਪਣੇ ਫੈਸਲੇ ਲੈਂਦੇ ਹਨ।

ਇਸ ਸਾਰੀ ਤਕਨੀਕੀ ਚਮਕ-ਧਮਕ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਵਿਸ਼ਾ 'ਨਿੱਜਤਾ ਅਤੇ ਡਿਜੀਟਲ ਪੈੜਾਂ' ਦਾ ਹੈ। ਅੱਜ ਸਾਡੀ ਹਰ ਪਸੰਦ, ਨਫ਼ਰਤ, ਖਰੀਦਦਾਰੀ ਅਤੇ ਇੱਥੋਂ ਤੱਕ ਕਿ ਸਾਡੇ ਨਿੱਜੀ ਸੁਪਨੇ ਵੀ ਏ.ਆਈ. ਦੇ ਡੇਟਾਬੇਸ ਵਿੱਚ ਦਰਜ ਹੋ ਰਹੇ ਹਨ। ਅਸੀਂ ਅਣਜਾਣੇ ਵਿੱਚ ਆਪਣੀ ਆਜ਼ਾਦੀ ਇੱਕ ਅਜਿਹੇ ਅਦਿੱਖ ਸਿਸਟਮ ਨੂੰ ਸੌਂਪ ਰਹੇ ਹਾਂ, ਜੋ ਸਾਡੀ ਸੋਚ ਨੂੰ ਕੰਟਰੋਲ ਕਰਨ ਦੀ ਸਮਰੱਥਾ ਰੱਖਦਾ ਹੈ। ਜੇਕਰ ਇਹ ਡੇਟਾ ਗਲਤ ਹੱਥਾਂ ਵਿੱਚ ਚਲਾ ਜਾਂਦਾ ਹੈ, ਤਾਂ ਇਹ ਸਿਰਫ਼ ਆਰਥਿਕ ਨੁਕਸਾਨ ਹੀ ਨਹੀਂ ਕਰੇਗਾ, ਸਗੋਂ ਮਨੁੱਖੀ ਸੁਭਾਅ ਨੂੰ ਹੀ ਬਦਲ ਕੇ ਰੱਖ ਦੇਵੇਗਾ। ਇੱਥੇ 'ਨੈਤਿਕ ਏ.ਆਈ.' (ਓਟਹਿਚੳਲ ਅੀ) ਦਾ ਸਵਾਲ ਉੱਠਦਾ ਹੈ। ਕੀ ਇੱਕ ਮਸ਼ੀਨ ਨੂੰ ਇਹ ਫੈਸਲਾ ਲੈਣ ਦਾ ਹੱਕ ਹੋਣਾ ਚਾਹੀਦਾ ਹੈ ਕਿ ਕਿਸ ਇਨਸਾਨ ਨੂੰ ਨੌਕਰੀ ਮਿਲੇਗੀ ਜਾਂ ਕਿਸ ਨੂੰ ਇਲਾਜ ? ਇਹ ਨੈਤਿਕ ਦੁਵਿਧਾ ਹੀ ਆਉਣ ਵਾਲੇ ਸਮੇਂ ਵਿੱਚ ਮਨੁੱਖ ਅਤੇ ਮਸ਼ੀਨ ਵਿਚਕਾਰਲੀ ਜੰਗ ਦਾ ਅਸਲ ਮੈਦਾਨ ਹੋਵੇਗੀ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਇਤਿਹਾਸ ਦਾ ਸਭ ਤੋਂ ਸ਼ਕਤੀਸ਼ਾਲੀ ਸੰਦ ਹੈ। ਇਹ ਕੋਈ ਜਾਦੂ ਨਹੀਂ, ਸਗੋਂ ਮਨੁੱਖੀ ਬੁੱਧੀ ਦਾ ਹੀ ਇੱਕ ਵਿਸਤਾਰ ਹੈ। ਇਸ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਨਹੀਂ ਕਰਦੀ ਕਿ ਇਹ ਤਕਨੀਕ ਕਿੰਨੀ ਪ੍ਰਬਲ ਹੈ, ਸਗੋਂ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਇਸ ਨੂੰ ਚਲਾਉਣ ਵਾਲੀ ਮਨੁੱਖੀ ਚੇਤਨਾ ਕਿੰਨੀ ਸੰਵੇਦਨਸ਼ੀਲ ਹੈ। ਜੇਕਰ ਅਸੀਂ ਇਸ ਨੂੰ ਸਿਰਫ ਮੁਨਾਫੇ, ਰਾਜਨੀਤਿਕ ਸੱਤਾ ਜਾਂ ਜੰਗੀ ਹਵਸ ਲਈ ਵਰਤਾਂਗੇ, ਤਾਂ ਇਹ ਮਨੁੱਖੀ ਹੋਂਦ ਲਈ ਖ਼ਤਰਾ ਬਣ ਸਕਦੀ ਹੈ। ਪਰ ਜੇਕਰ ਅਸੀਂ ਇਸ ਨੂੰ ਮਨੁੱਖਤਾ ਦੀਆਂ ਵੱਡੀਆਂ ਸਮੱਸਿਆਵਾਂ ਜਿਵੇਂ ਕਿ ਗਰੀਬੀ, ਲਾਇਲਾਜ ਬਿਮਾਰੀਆਂ ਅਤੇ ਵਾਤਾਵਰਣਕ ਸੰਕਟ ਨੂੰ ਹੱਲ ਕਰਨ ਲਈ ਵਰਤਾਂਗੇ, ਤਾਂ ਇਹ ਧਰਤੀ 'ਤੇ ਇੱਕ ਨਵਾਂ ਸਵਰਗ ਸਿਰਜ ਸਕਦੀ ਹੈ। ਮਨੁੱਖ ਨੂੰ ਮਸ਼ੀਨ ਤੋਂ ਡਰਨ ਦੀ ਲੋੜ ਨਹੀਂ, ਸਗੋਂ ਆਪਣੀ 'ਮਨੁੱਖਤਾ' ਨੂੰ ਬਚਾਉਣ ਦੀ ਲੋੜ ਹੈ। ਤਕਨੀਕ ਦੇ ਇਸ ਹੜ੍ਹ ਵਿੱਚ ਸਾਡਾ ਸਭ ਤੋਂ ਵੱਡਾ ਹਥਿਆਰ ਸਾਡੀ 'ਨੈਤਿਕਤਾ' ਹੀ ਹੋਵੇਗੀ। ਭਵਿੱਖ ਸਾਡੇ ਬੂਹੇ 'ਤੇ ਦਸਤਕ ਦੇ ਰਿਹਾ ਹੈ ਅਤੇ ਇਹ ਤੈਅ ਕਰਨਾ ਸਾਡੇ ਹੱਥ ਵਿੱਚ ਹੈ ਕਿ ਅਸੀਂ ਇੱਕ ਅਜਿਹਾ ਸੰਸਾਰ ਸਿਰਜੀਏ ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਦੀ ਗੁਲਾਮ ਨਹੀਂ, ਸਗੋਂ ਇਨਸਾਨੀਅਤ ਦੇ ਭਲੇ ਲਈ ਇੱਕ ਸੁਚੱਜੀ ਸਹਿਯੋਗੀ ਬਣ ਕੇ ਵਿਚਰੇ।

"ਏ.ਆਈ. ਦਾ ਅਸਲੀ ਖ਼ਤਰਾ ਇਹ ਨਹੀਂ ਕਿ ਮਸ਼ੀਨਾਂ ਮਨੁੱਖਾਂ ਵਾਂਗ ਸੋਚਣ ਲੱਗ ਪੈਣਗੀਆਂ, ਸਗੋਂ ਇਹ ਹੈ ਕਿ ਕਿਤੇ ਮਨੁੱਖ ਮਸ਼ੀਨਾਂ ਵਾਂਗ ਸੋਚਣਾ ਨਾ ਸ਼ੁਰੂ ਕਰ ਦੇਵੇ।"

* * * * * * *

# ਤ੍ਰੈਮਾਸਕ ਪੰਜਾਬੀ ਮੈਗਜ਼ੀਨ ਚਿਰਾਗ ਦੀ ਆਨਲਾਈਨ ਆਰਕਾਈਵ

**ਸੁਖਵੰਤ ਹੁੰਦਲ**

ਸਾਨੂੰ ਇਹ ਦਸਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਪੰਜਾਬੀ ਦੇ ਤ੍ਰੈਮਾਸਕ ਮੈਗਜ਼ੀਨ ਚਿਰਾਗ ਦੀ ਆਨਲਾਈਨ ਆਰਕਾਈਵ ਚਾਲੂ ਹੋ ਗਈ ਹੈ। ਹੁਣ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਵਸਦਾ ਪੰਜਾਬੀ ਪਾਠਕ ਆਪਣੇ ਕੰਪਿਊਟਰ ਦੇ ਮਾਊਸ ਦੇ ਇਕ ਕਲਿੱਕ ਨਾਲ ਚਿਰਾਗ ਦੇ ਪੁਰਾਣੇ ਅੰਕਾਂ ਨੂੰ ਦੇਖ ਸਕਦਾ ਹੈ ਅਤੇ ਜੇ ਚਾਹੇ ਤਾਂ ਡਾਊਨਲੋਡ ਕਰ ਸਕਦਾ ਹੈ। ਚਿਰਾਗ ਦਾ ਪਹਿਲਾ ਅੰਕ ਜੁਲਾਈ-ਸਤੰਬਰ 1992 ਵਿੱਚ ਛਪਿਆ ਸੀ। ਮੈਗਜ਼ੀਨ ਨੂੰ ਛਾਪਣ ਦੇ ਮਕਸਦ ਬਾਰੇ ਜਾਣਕਾਰੀ ਦਿੰਦਿਆਂ, ਉਸ ਸਮੇਂ ਇਸ ਦੇ ਸੰਪਾਦਕ ਹਰਭਜਨ ਸਿੰਘ ਹੁੰਦਲ ਨੇ ਲਿਖਿਆ ਸੀ: "ਚਿਰਾਗ ਜਨ-ਜੀਵਨ ਦੇ ਹਨੇਰੇ ਪੱਖਾਂ ਨੂੰ ਰੌਸ਼ਨ ਕਰਨ ਦਾ ਮਾਰਗ ਲੈ ਕੇ ਤੁਰਿਆ ਹੈ। ਇਹ ਧਾਰਮਿਕ ਹਨੇਰ ਬਿਰਤੀਵਾਦ, ਫਿਰਕਾ-ਪ੍ਰਸਤੀ ਦੇ ਕਾਲੇ ਤੇ ਮਾਰੂ ਪ੍ਰਛਾਂਵਿਆਂ ਤੋਂ ਪਾਠਕਾਂ ਨੂੰ ਜਾਣੂ ਕਰਾਉਂਦਾ, ਜਨਵਾਦੀ ਸੰਘਰਸ਼ਾਂ, ਧਰਮ-ਨਿਰਪੇਖ ਆਦਰਸ਼ਾਂ ਤੇ ਪ੍ਰਗਤੀਸ਼ੀਲ ਉਦੇਸ਼ਾਂ ਦਾ ਸਾਹਿਤਕ ਪੱਧਰ 'ਤੇ ਚਿਤਰਨ ਕਰਦਾ, ਕਲਾ ਤੇ ਸਾਹਿਤ ਦੇ ਉੱਚੇ ਤੇ ਸੁੱਚੇ ਮਿਆਰਾਂ ਨੂੰ ਕਦੇ ਵੀ ਅੱਖੋਂ ਪ੍ਰੋਖੇ ਨਹੀਂ ਕਰੇਗਾ।

ਸਮਕਾਲੀ ਗੁੰਝਲਦਾਰ ਸਮਾਜਿਕ ਪ੍ਰਸਥਿਤੀਆਂ ਦਾ ਨਰੋਏ ਤੇ ਸਵਸਥ ਦ੍ਰਿਸ਼ਟੀਕੋਣ ਤੋਂ ਚਿਤਰਨ ਕਰਦੀਆਂ ਕਵਿਤਾਵਾਂ ਤੇ ਕਹਾਣੀਆਂ ਦੇ ਨਾਲ ਨਾਲ ਚਿਰਾਗ ਸਾਹਿਤ, ਸਭਿਆਚਾਰ, ਭਾਸ਼ਾ ਤੇ ਦਰਸ਼ਨ ਦੇ ਭਖਦੇ ਮਸਲਿਆਂ ਉੱਤੇ ਵਿਚਾਰ-ਉਕਸਾਊ ਲਿਖਤਾਂ ਛਾਪਕੇ ਭਖਵੀਂ ਤੇ ਨਰੋਈ ਬਹਿਸ ਲਈ ਢੁਕਵਾਂ ਮੰਚ ਪ੍ਰਦਾਨ ਕਰੇਗਾ।

ਚਿਰਾਗ ਨਵੀਂ ਪ੍ਰਤਿਭਾ ਨੂੰ ਲੱਭ ਲੱਭ ਕੇ ਪੇਸ਼ ਕਰਨ ਦਾ ਨਿਰੰਤਰ ਯਤਨ ਜਾਰੀ ਰੱਖੇਗਾ। ਇਹ ਪ੍ਰਗਤੀਵਾਦੀ ਸਾਹਿਤਕ ਸਭਿਆਚਾਰਕ ਲਹਿਰ ਦੇ ਆਦਰਸ਼ਾਂ ਤੇ ਆਸ਼ਿਆਂ ਦਾ ਗੰਭੀਰ ਮੁਲਾਂਕਣ ਕਰਨ ਦੇ ਨਾਲ ਨਾਲ ਸਮੇਂ ਦੀਆਂ ਨਵੀਂਆਂ ਚੁਣੌਤੀਆਂ ਨੂੰ ਸਾਹਿਤਕ ਪੱਧਰ 'ਤੇ ਪ੍ਰਵਾਨ ਕਰਦਾ, ਇਸ ਲਹਿਰ ਨੂੰ ਸਮੇਂ ਦੀ ਹਾਣੀ ਬਨਾਉਣ ਲਈ ਸਾਹਿਤਕ, ਜਥੇਬੰਦਕ ਤੇ ਸਿਰਜਣਾਤਮਿਕ ਉਪਰਾਲੇ ਕਰੇਗਾ। ਅਜੇਹੇ ਉੱਚੇ ਤੇ ਸੁੱਚੇ ਸਾਹਿਤਕ ਕਾਰਜਾਂ ਨੂੰ ਸਿਰੇ ਚਾੜ੍ਹਦਾ ਚਿਰਾਗ ਸੁਹਜ-ਸ਼ਾਸਤਰ ਦੇ ਸਰਬ ਪ੍ਰਵਾਨਤ ਸਾਹਿਤਕ ਮਾਪਦੰਡਾਂ ਨੂੰ ਦ੍ਰਿਸ਼ਟੀ-ਗੋਚਰ ਕਰਦਾ ਹੋਇਆ ਕਲਾਤਮਿਕ ਪੱਧਰ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕਰੇਗਾ।

ਸੰਵਾਦ ਤੇ ਗਹਿਰ-ਗੰਭੀਰ ਵਾਦ ਵਿਵਾਦ ਦੀ ਵਿਧੀ ਅਪਣਾਉਂਦਿਆਂ ਇਹ ਪੱਤਰ ਧਾਰਮਕ ਮੂਲਵਾਦ, ਫਿਰਕਾਪ੍ਰਸਤੀ ਤੇ ਪੁਨਰ-ਸੁਰਜੀਤਵਾਦ ਦੇ ਮਨੁੱਖ-ਵਿਰੋਧੀ ਪੈਂਤੜਿਆਂ ਨੂੰ ਰੱਦ ਕਰਦਾ ਇਨਸਾਨੀ-ਦੋਸਤੀ ਤੇ ਮਨੁੱਖੀ-ਪਿਆਰ ਦੇ ਉੱਚੇ ਆਦਰਸ਼ਾਂ ਦੀ ਪੁਨਰ ਸਥਾਪਨਾ ਲਈ ਆਪਣੇ ਸਾਹਿਤਕ ਯਤਨ ਜਾਰੀ ਰੱਖੇਗਾ ਅਤੇ ਸਾਰੇ ਚੰਗੇ ਲੇਖਕਾਂ ਦੀਆਂ ਨਰੋਈ ਦਿੱਖ ਵਾਲੀਆਂ ਰਚਨਾਵਾਂ ਪੇਸ਼ ਕਰਦਾ ਹੋਇਆ, ਸੰਕੀਰਣਤਾ ਤੋਂ ਬਚਣ ਦਾ ਯਤਨ ਕਰੇਗਾ।"

1992 ਤੋਂ ਸ਼ੁਰੂ ਹੋ ਕੇ ਚਿਰਾਗ ਹੁਣ ਤੱਕ ਨਿਕਲ ਰਿਹਾ ਹੈ। ਇਸ ਸਮੇਂ ਇਸ ਦੇ ਸੰਪਾਦਕ ਡਾ: ਕਰਮਜੀਤ ਸਿੰਘ ਹਨ।


ਪੰਜਾਬੀ ਸਾਹਿਤਕ ਜਗਤ ਵਿੱਚ ਚਿਰਾਗ ਦੀ ਇਕ ਵੱਖਰੀ ਅਤੇ ਸਤਿਕਾਰਯੋਗ ਪਛਾਣ ਹੈ। ਇਸ ਵਿੱਚ ਪਾਕਿਸਤਾਨੀ ਪੰਜਾਬੀ ਸਾਹਿਤ ਨੂੰ ਵਿਸ਼ੇਸ਼ ਥਾਂ ਦਿੱਤੀ ਜਾਂਦੀ ਰਹੀ ਹੈ। ਇਸ ਲਈ ਪੰਜਾਬੀ ਪਾਠਕਾਂ ਨੂੰ ਦੋਹਾਂ ਪੰਜਾਬਾਂ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਨਾਲ ਜਾਣੂ ਕਰਵਾਉਣ ਵਿੱਚ ਚਿਰਾਗ ਦੀ ਵਿਸ਼ੇਸ਼ ਭੂਮਿਕਾ ਹੈ।

ਇਸ ਤੋਂ ਬਿਨਾਂ ਚਿਰਾਗ ਨੇ ਕਈ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ ਹਨ ਜਿਹਨਾਂ ਵਿੱਚ ਸ਼ਾਮਲ ਹਨ: ਨਾਜ਼ਿਮ ਹਿਕਮਤ ਵਿਸ਼ੇਸ਼ ਅੰਕ, ਪੰਜਾਬੀ ਆਲੋਚਨਾ ਵਿਸ਼ੇਸ਼ ਅੰਕ, ਖਾਲਸਾ-ਸਿਰਜਣਾ ਦੀ ਤੀਸਰੀ ਸ਼ਤਾਬਦੀ ਨੂੰ ਸਮਰਪਤ ਵਿਸ਼ੇਸ਼ ਅੰਕ, ਦਲਿਤ ਸਾਹਿਤ ਵਿਸ਼ੇਸ਼ ਅੰਕ, ਪਾਬਲੋ ਨੇਰੂਦਾ ਵਿਸ਼ੇਸ਼ ਅੰਕ, ਜੰਗ ਵਿਰੋਧੀ ਕਵਿਤਾ ਵਿਸ਼ੇਸ਼ ਅੰਕ, ਮਹਿਮੂਦ ਦਰਵੇਸ਼ ਕਵਿਤਾ ਵਿਸ਼ੇਸ਼ ਅੰਕ, ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ, ਵਾਹਗੇ ਪਾਰ ਦੀ ਪੰਜਾਬੀ ਕਵਿਤਾ ਵਿਸ਼ੇਸ਼ ਅੰਕ, ਦੁਖਾਂਤ ਸੰਨ ਸੰਤਾਲੀ ਵਿਸ਼ੇਸ਼ ਅੰਕ, ਇੰਟਰਵਿਊ ਵਿਸ਼ੇਸ਼ ਅੰਕ, ਫੈਜ਼ ਅਹਿਮਦ ਫੈਜ਼-ਜਨਮ ਸ਼ਤਾਬਦੀ ਵਿਸ਼ੇਸ਼ ਅੰਕ, ਕਾਮਰੇਡ ਸੁਰਜੀਤ ਗਿੱਲ ਵਿਸ਼ੇਸ਼ ਅੰਕ, ਗਦਰ ਪਾਰਟੀ ਲਹਿਰ ਸ਼ਤਾਬਦੀ ਵਿਸ਼ੇਸ਼ ਅੰਕ, ਲੋਕ ਕਵੀ ਹਬੀਬ ਜਾਲਿਬ ਵਿਸ਼ੇਸ਼ ਅੰਕ, ਅਤੇ ਸੁਹੇਲ ਵਿਸ਼ੇਸ਼ ਅੰਕ। ਚਿਰਾਗ ਵਲੋਂ ਕੱਢੇ ਗਏ ਇਹ ਵਿਸ਼ੇਸ਼ ਅੰਕ ਚਿਰਾਗ ਦੀ ਇਕ ਮਾਣਯੋਗ ਪ੍ਰਾਪਤੀ ਹੈ।

ਚਿਰਾਗ ਦੇ ਅੰਕਾਂ ਨੂੰ ਸੰਭਾਲਣ ਅਤੇ ਪੰਜਾਬੀ ਪਾਠਕਾਂ ਦੇ ਸਨਮੁੱਖ ਕਰਨ ਲਈ ਅਸੀਂ ਇਸ ਦੀ ਡਿਜੀਟਲ ਆਰਕਾਈਵ ਤਿਆਰ ਕੀਤੀ ਹੈ। ਇਸ ਸਮੇਂ ਇਸ ਡਿਜੀਟਲ ਆਰਕਾਈਵ ਵਿੱਚ ਸੰਨ 1992-2018 ਤੱਕ ਛਪੇ ਅੰਕ ਸ਼ਾਮਲ ਹਨ। 2018 ਤੋਂ ਬਾਅਦ ਦੇ ਅੰਕ ਪ੍ਰਾਪਤ ਕਰਕੇ ਅਸੀਂ ਛੇਤੀ ਹੀ ਚਿਰਾਗ ਦੀ ਆਰਕਾਈਵ ਨੂੰ ਮੁਕੰਮਲ ਕਰਾਂਗੇ। ਇਸ ਆਰਕਾਈਵ 'ਤੇ ਚਿਰਾਗ ਦੇ ਡਿਜੀਟਲ ਅੰਕਾਂ ਦੇ ਨਾਲ ਨਾਲ ਹਰ ਇਕ ਅੰਕ ਵਿੱਚ ਛਪੀਆਂ ਲਿਖਤਾਂ ਦੀ ਸੂਚੀ ਵੀ ਦਿੱਤੀ ਗਈ ਹੈ ਤਾਂ ਕਿ ਪਾਠਕ ਨੂੰ ਚਿਰਾਗ ਵਿੱਚ ਛਪੀਆਂ ਲਿਖਤਾਂ ਲੱਭਣ ਵਿੱਚ ਸੌਖ ਰਹੇ। ਸਾਨੂੰ ਚਿਰਾਗ ਦੇ ਇਹ ਅੰਕ ਡਾ: ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਏ ਹਨ। ਇਸ ਲਈ ਅਸੀਂ ਉਹਨਾਂ ਦੇ ਤਹਿਦਿਲੋਂ ਧੰਨਵਾਦੀ ਹਾਂ। ਆਸ ਹੈ ਕਿ ਪੰਜਾਬੀ ਸਾਹਿਤ ਦੇ ਪਾਠਕ, ਵਿਦਿਆਰਥੀ ਅਤੇ ਖੋਜੀ ਸਾਡੀ ਇਸ ਕੋਸ਼ਿਸ਼ ਨੂੰ ਸਵੀਕਾਰ ਕਰਨਗੇ ਅਤੇ ਇਸ ਡਿਜੀਟਲ ਆਰਕਾਈਵ ਦਾ ਭਰਪੂਰ ਫਾਇਦਾ ਉਠਾਉਣਗੇ। ਇਹ ਆਰਕਾਈਵ ਹੇਠਾਂ ਦਿੱਤੇ ਲਿੰਕ 'ਤੇ ਦੇਖੀ ਜਾ ਸਕਦੀ ਹੈ: https://chiragarchive.blog

# ‘ਮੈਂ ਇਸ ਗਣਤੰਤਰ ਦਾ ਇੱਕ ਬੰਦੀ ਹਾਂ...ਜੇਲ ਵਿਚ ਅਦਾਲਤੀ ਹੁਕਮ ਲਾਗੂ ਕਿਉਂ ਨਹੀਂ ?’

ਰੂਪੇਸ਼ ਕੁਮਾਰ ਸਿੰਘ



ਅੱਜ ਸਾਡੇ ਦੇਸ਼ ਵਿੱਚ ਪੂੰਜੀਪਤੀਆਂ ਦਾ, ਪੂੰਜੀਪਤੀਆਂ ਲਈ ਅਤੇ ਪੂੰਜੀਪਤੀਆਂ ਦੁਆਰਾ ਚਲਾਇਆ ਜਾਣ ਵਾਲਾ ਸ਼ਾਸਨ ਹੈ। ਅੱਜ ਸਾਡੇ ਦੇਸ਼ ਵਿੱਚ ਗਣਤੰਤਰ ਦੀ ਥਾਂ ਪੂੰਜੀਤੰਤਰ, ਲੁੱਟਤੰਤਰ ਅਤੇ ਗੰਨਤੰਤਰ (ਬੰਦੂਕ ਦਾ ਰਾਜ) ਹੈ। ਵਰਤਮਾਨ ਵਿੱਚ ਸਾਡੇ ਦੇਸ਼ ਦੀ ਸੱਤਾ ’ਤੇ ਕਾਬਜ਼ ਹਿੰਦੂਤਵ ਰਾਸ਼ਟਰਵਾਦੀ ਮੋਦੀ ਸਰਕਾਰ ਨੇ ਲੋਕਤੰਤਰ ਦੇ ਸਾਰੇ ਅੰਗਾਂ ਨੂੰ ਨਿਢਾਲ ਕਰ ਦਿੱਤਾ ਹੈ। ਪੂਰੇ ਦੇਸ਼ ਵਿੱਚ ਹਿੰਦੂ ਰਾਸ਼ਟਰਵਾਦ ਦਾ ਸੁਪਨਾ ਪੂਰਾ ਕਰਨ ਲਈ ਆਰ. ਐੱਸ. ਐੱਸ. ਤੇ ਭਾਜਪਾ ਜੀ-ਜਾਨ ਨਾਲ ਜੁਟੀਆਂ ਹਨ। ਇਨ੍ਹਾਂ ਨੇ ਸਪੱਸ਼ਟ ਤੌਰ ’ਤੇ ਐਲਾਨ ਕਰ ਰੱਖਿਆ ਹੈ ਕਿ ਜੋ ਉਨ੍ਹਾਂ ਦੇ ਨਾਲ ਨਹੀਂ ਹੈ, ਉਹ ਇਸ ਦੇਸ਼ ਦਾ ਦੁਸ਼ਮਣ ਹੈ। ਕੱਲ੍ਹ ਤੱਕ ਜਿੱਥੇ ਦੇਸ਼ ਦਾ ਅਰਥ ‘ਵਿਭਿੰਨਤਾ ਵਿੱਚ ਏਕਤਾ’ ਸੀ, ਅੱਜ ਦੇਸ਼ ਦਾ ਅਰਥ ਸੱਤਾਧਾਰੀ ਸਰਕਾਰ ਬਣ ਚੁੱਕਾ ਹੈ। ਇਨ੍ਹਾਂ ਨੇ ਚੋਣਾਂ ਜਿੱਤਣ ਲਈ ਸਾਮ-ਦਾਮ-ਦੰਡ-ਭੇਦ ਦੀ ਨੀਤੀ ਅਪਨਾ ਰੱਖੀ ਹੈ। ਉਸ ਤੋਂ ਬਾਅਦ ਵੀ ਜੇਕਰ ਇਹ ਚੋਣਾਂ ਨਹੀਂ ਜਿੱਤ ਪਾਉਂਦੇ, ਤਾਂ ਫਿਰ ਵਿਰੋਧੀ ਪਾਰਟੀਆਂ ਦੇ ਵਿਧਾਇਕਾਂ ਨੂੰ ਤੋੜਨ ਲਈ ਪੈਸਾ, ਕੇਂਦਰੀ ਏਜੰਸੀਆਂ ਦੀਆਂ ਕਾਰਵਾਈਆਂ, ਡਰਾਉਣ-ਧਮਕਾਉਣ ਆਦਿ ਰਸਤਿਆਂ ਦਾ ਸਹਾਰਾ ਲੈਂਦੇ ਹਨ ਅਤੇ ਰਾਜਾਂ ਵਿੱਚ ਅੰਤ ਵਿੱਚ ਆਪਣੀ ਸਰਕਾਰ ਬਣਾ ਲੈਂਦੇ ਹਨ। ਕੱਲ੍ਹ ਤੱਕ ਵਿਰੋਧ ਦੇ ਭ੍ਰਿਸ਼ਟ ਨੇਤਾ ਇਨ੍ਹਾਂ ਦੀ ਪਾਰਟੀ ਵਿੱਚ ਸ਼ਾਮਲ ਹੁੰਦੇ ਹੀ ਇਮਾਨਦਾਰ ਬਣ ਜਾਂਦੇ ਹਨ ਅਤੇ ਉਨ੍ਹਾਂ ’ਤੇ ਦਰਜ ਦਰਜਨਾਂ ਮੁਕੱਦਮਿਆਂ ਨੂੰ ਵਾਪਸ ਲੈ ਲਿਆ ਜਾਂਦਾ ਹੈ।

ਆਪਣੇ ਮਿੱਤਰ ਉਦਯੋਗਪਤੀਆਂ ਨੂੰ ਬਹੁਮੁੱਲੀ ਖਣਿਜ ਸੰਪੱਤੀ ਸੌਂਪਣ ਲਈ ਇਹ ਆਦਿਵਾਸੀਆਂ ਦਾ ਘਾਣ ਕਰਦੇ ਹਨ। ਸਰਕਾਰ ਦੀਆਂ ਜਨ-ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਨੂੰ ‘ਦੇਸ਼ਧ੍ਰੋਹੀ’, ‘ਅਰਬਨ ਨਕਸਲ’ ਘੋਸ਼ਿਤ ਕੀਤਾ ਜਾਂਦਾ ਹੈ। ਆਪਣੇ ਹੱਕ-ਹਕੂਕ ਦੀ ਆਵਾਜ਼ ਬੁਲੰਦ ਕਰਨ ’ਤੇ ਮੁਸਲਮਾਨਾਂ ਨੂੰ ਅੱਤਵਾਦੀ ਘੋਸ਼ਿਤ ਕੀਤਾ ਜਾਂਦਾ ਹੈ, ਤਾਂ ਸਿੱਖਾਂ ਨੂੰ ਖਾਲਿਸਤਾਨੀ। ਇਸ ਸਰਕਾਰ ਨੇ ਸਿੱਖਿਆ ਦਾ ਭਗਵਾਂਕਰਨ ਕਰਕੇ ਵਿਦਿਆਰਥੀਆਂ ਨੂੰ ਝੂਠਾ ਇਤਿਹਾਸ ਪੜ੍ਹਨ ਲਈ ਮਜਬੂਰ ਕੀਤਾ ਹੈ। ਤੁਸੀਂ ਜਾਣਦੇ ਹੋ ਕਿ ਸਾਡੇ ਗਣਤੰਤਰ ਵਿੱਚ ਵੱਡੀ ਗਿਣਤੀ ਵਿੱਚ ਕੈਦਖਾਨੇ ਵੀ ਹਨ, ਜਿਨ੍ਹਾਂ ਵਿੱਚ ਲੱਖਾਂ ਬੰਦੀ ਕੈਦ ਹਨ। ਕੀ ਤੁਸੀਂ ਕੈਦਖਾਨੇ ਵਿੱਚ ਬੰਦ ਇਸ ਗਣਤੰਤਰ ਦੇ ਬੰਦੀਆਂ ਬਾਰੇ ਜਾਣਦੇ ਹੋ?

ਮੈਂ ਇਸ ਗਣਤੰਤਰ ਦਾ ਇੱਕ ਬੰਦੀ ਹਾਂ ਅਤੇ ਪਿਛਲੇ 42 ਮਹੀਨਿਆਂ ਤੋਂ ਕੈਦਖਾਨੇ ਵਿੱਚ ਕੈਦ ਹਾਂ। 42 ਮਹੀਨੇ ਪਹਿਲਾਂ ਮੈਂ ਸੁਤੰਤਰ ਪੱਤਰਕਾਰੀ ਕਰਦਾ ਸੀ ਅਤੇ ਸਰਕਾਰ ਦੀਆਂ ਜਨ-ਵਿਰੋਧੀ ਨੀਤੀਆਂ ਦੇ ਖਿਲਾਫ਼ ਸਿਰਫ਼ ਲਿਖਦਾ ਹੀ ਨਹੀਂ ਸੀ, ਸਗੋਂ ਬੋਲਦਾ ਵੀ ਸੀ। ਨਤੀਜੇ ਵਜੋਂ ਸਰਕਾਰ ਨੇ 17 ਜੁਲਾਈ 2022 ਨੂੰ ਮੇਰੇ ’ਤੇ ਕਾਲੇ ਕਾਨੂੰਨ ‘ਯੂਏਪੀਏ’ ਦੀਆਂ ਕਈ ਧਾਰਾਵਾਂ ਲਗਾ ਕੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਅਤੇ 18 ਜੁਲਾਈ 2022 ਨੂੰ ਜੇਲ੍ਹ ਭੇਜ ਦਿੱਤਾ। ਤਦ ਤੋਂ ਮੈਂ ਝਾਰਖੰਡ ਦੀ ਸਰਾਏਕੇਲਾ ਡਿਸਟ੍ਰਿਕਟ ਜੇਲ੍ਹ ਅਤੇ ਬਿਰਸਾ ਮੁੰਡਾ ਸੈਂਟਰਲ ਜੇਲ੍ਹ, ਹੋਟਵਾਰ (ਰਾਂਚੀ) ਅਤੇ ਬਿਹਾਰ ਦੀ ਸ਼ਹੀਦ ਜੁੱਬਾ ਸਹਿਨੀ ਸੈਂਟਰਲ ਜੇਲ੍ਹ, ਭਾਗਲਪੁਰ ਵਿੱਚ ਕੈਦ ਰਿਹਾ ਅਤੇ ਫਿਲਹਾਲ ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਵਿੱਚ ਕੈਦ ਹਾਂ।

ਜੇਲ੍ਹਾਂ ਦਾ ਹਾਲ ਅਤੇ ਕੈਦੀਆਂ ਦੇ ਅਧਿਕਾਰ-ਬਿਹਾਰ-ਝਾਰਖੰਡ ਦੀਆਂ 90 ਪ੍ਰਤੀਸ਼ਤ ਜੇਲ੍ਹਾਂ ਵਿੱਚ ਸਮਰੱਥਾ ਤੋਂ ਵੱਧ (ਡੇਢ ਗੁਣਾ ਅਤੇ ਕਿਤੇ-ਕਿਤੇ ਦੁੱਗਣਾ) ਬੰਦੀ ਹਨ। ਕਿਸੇ ਵੀ ਜੇਲ੍ਹ ਵਿੱਚ ਜੇਲ੍ਹ ਮੈਨੂਅਲ ਅਨੁਸਾਰ ਨਾਸ਼ਤਾ, ਭੋਜਨ, ਜੇਲ੍ਹ-ਸਾਬਣ ਆਦਿ ਨਹੀਂ ਮਿਲਦਾ। ਹਾਂ! ਜੇਕਰ ਤੁਸੀਂ ਦਬੰਗ ਹੋ, ਤਾਂ ਫਿਰ ਤੁਸੀਂ ਜੇਲ੍ਹ ਅਧਿਕਾਰੀਆਂ ਨੂੰ ਪੈਸੇ ਦੇ ਕੇ ਜੇਲ੍ਹ ਵਿੱਚ ਹੀਟਰ ’ਤੇ ਵੀ ਸੁਆਦੀ ਖਾਣਾ ਬਣਵਾ ਸਕਦੇ ਹੋ ਜਾਂ ਘਰ ਅਤੇ ਹੋਟਲ ਤੋਂ ਵੀ ਮੰਗਵਾ ਸਕਦੇ ਹੋ। ਭਾਰਤ ਦੇ ਸੁਪਰੀਮ ਕੋਰਟ (ਮਹਾਰਾਸ਼ਟਰ ਰਾਜ ਬਨਾਮ ਪ੍ਰਭਾਕਰ ਪਾਂਡੁਰੰਗ 1966) ਅਨੁਸਾਰ, ‘ਕਿਸੇ ਵੀ ਬੰਦੀ ਜਾਂ ਕੈਦੀ ਨੂੰ ਸੰਵਿਧਾਨ ਦੁਆਰਾ ਦਿੱਤੇ ਗਏ ਹੋਰ ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਅਨੁਛੇਦ 21, ਜਿਊਣ ਦਾ ਅਧਿਕਾਰ’ ਵੀ ਪ੍ਰਾਪਤ ਹੈ।’

ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ‘ਇੱਕ ਕੈਦੀ, ਚਾਹੇ ਉਹ ਵਿਚਾਰ ਅਧੀਨ ਹੋਵੇ ਜਾਂ ਦੋਸ਼ੀ ਅਤੇ ਇੱਥੋਂ ਤੱਕ ਕਿ ਅਦਾਲਤ ਵਿੱਚ ਉਸ ਦੇ ਵਿਰੁੱਧ ਦੋਸ਼ੀ ਜਾਂ ਸਿੱਧ ਅਪਰਾਧ ਚਾਹੇ ਜੋ ਵੀ ਹੋਵੇ, ਦੇਸ਼ ਦੇ ਹੋਰ ਨਾਗਰਿਕਾਂ ਵਾਂਗ ਸੁਤੰਤਰਤਾ ਤੋਂ ਇਲਾਵਾ ਸਾਰੇ ਅਧਿਕਾਰਾਂ ਦਾ ਆਨੰਦ ਲੈ ਸਕਦਾ ਹੈ।’ ਸੁਪਰੀਮ ਕੋਰਟ ਦੇ ਫੈਸਲੇ ਦੀ ਰੌਸ਼ਨੀ ਵਿੱਚ ਜੇਕਰ ਅਸੀਂ ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਬੰਦ ਬੰਦੀਆਂ ਦੀ ਸਥਿਤੀ ਨੂੰ ਦੇਖਦੇ ਹਾਂ, ਤਾਂ ਇਹ ਇੱਕ ਸੁਪਨੇ ਵਰਗਾ ਲੱਗਦਾ ਹੈ। ਕਿਉਂਕਿ ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਬੰਦੀਆਂ ਨੂੰ ਨਾ ਤਾਂ ਮਨੁੱਖੀ ਸਨਮਾਨ ਨਾਲ ਜਿਊਣ ਦਾ ਅਧਿਕਾਰ, ਜਲਦੀ ਸੁਣਵਾਈ ਦਾ ਅਧਿਕਾਰ, ਸਿਹਤ ਅਤੇ ਡਾਕਟਰੀ ਇਲਾਜ ਦਾ ਅਧਿਕਾਰ, ਹੱਥਕੜੀ ਦੇ ਖਿਲਾਫ਼ ਸੁਰੱਖਿਆ ਦਾ ਅਧਿਕਾਰ ਅਤੇ ਨਾ ਹੀ ਜੇਲ੍ਹ ਮੈਨੂਅਲ ਅਨੁਸਾਰ ਨਾਸ਼ਤਾ, ਭੋਜਨ ਅਤੇ ਹੋਰ ਸਹੂਲਤਾਂ ਹੀ ਮਿਲਦੀਆਂ ਹਨ।

ਮੈਂ ਜਦੋਂ ਗ੍ਰਿਫ਼ਤਾਰ ਹੋ ਕੇ ਸਰਾਏਕੇਲਾ ਡਿਸਟ੍ਰਿਕਟ ਜੇਲ੍ਹ ਵਿੱਚ ਗਿਆ, ਤਾਂ ਉੱਥੇ ਮੈਨੂੰ ਸੈੱਲ ਦੇ ਅਜਿਹੇ ਕਮਰੇ ਵਿੱਚ ਰੱਖਿਆ ਗਿਆ ਜਿਸ ਦੇ ਨਾਲ ਦੇ ਕਮਰਿਆਂ ਵਿੱਚ ਕੋਹੜ, ਟੀਬੀ ਅਤੇ ਏਡਜ਼ ਤੋਂ ਪੀੜਤ ਬੰਦੀ ਸਨ ਅਤੇ ਸਾਡਾ ਸਾਰਿਆਂ ਦਾ ਇਸ਼ਨਾਨਘਰ ਅਤੇ ਪਖਾਨਾ ਸਾਂਝਾ ਸੀ। ਮੇਰੇ ਵਿਰੋਧ ਕਰਨ ’ਤੇ ਮੈਨੂੰ ਪੁਰਾਣੇ ਮਹਿਲਾ ਵਾਰਡ (ਭੂਤ ਬੰਗਲਾ ਦੇ ਨਾਂ ਨਾਲ ਮਸ਼ਹੂਰ) ਵਿੱਚ ਇਕੱਲੇ ਬੰਦ ਕਰ ਦਿੱਤਾ ਗਿਆ, ਜਿਸ ਦੀ ਛੱਤ ਤੋਂ ਬਾਰਿਸ਼ ਵਿੱਚ ਪਾਣੀ ਟਪਕਦਾ ਸੀ ਅਤੇ ਪੂਰੇ ਕਮਰੇ ਵਿੱਚ ਪਾਣੀ ਹੀ ਪਾਣੀ ਹੋ ਜਾਂਦਾ ਸੀ। ਨਤੀਜਾ, ਮੈਨੂੰ ਇੱਕ ਕੋਨੇ ਵਿੱਚ ਬੈਠ ਕੇ ਦਿਨ-ਰਾਤ ਬਿਤਾਉਣੀ ਪੈਂਦੀ ਸੀ। ਮੇਰੇ ਪਰਿਵਾਰ ਵਾਲਿਆਂ ਵੱਲੋਂ ਭੇਜੀਆਂ ਗਈਆਂ ਕਿਤਾਬਾਂ, ਕਾਪੀਆਂ ਅਤੇ ਕਲਮ ਨੂੰ ਜੇਲ੍ਹ ਪ੍ਰਸ਼ਾਸਨ ਨੇ ਮੈਨੂੰ ਦੇਣ ਤੋਂ ਇਨਕਾਰ ਕਰ ਦਿੱਤਾ।

ਬਿਰਸਾ ਮੁੰਡਾ ਕੇਂਦਰੀ ਜੇਲ੍ਹ ਹੋਟਵਾਰ (ਰਾਂਚੀ) ਵਿੱਚ ਤਾਂ ਮੇਰੀ ਲਿਖੀ ਕਿਤਾਬ ‘ਕੈਦਖਾਨੇ ਕਾ ਆਇਨਾ’ ਵੀ ਜੇਲ ਪ੍ਰਸ਼ਾਸਨ ਨੇ ਪਰਿਵਾਰ ਵਾਲਿਆਂ ਵਲੋਂ ਮੈਨੂੰ ਨਹੀਂ ਦੇਣ ਦਿੱਤੀ ਗਈ, ਕਿਹਾ ਗਿਆ ਕਿ ਇਸ ਵਿੱਚ ਜੇਲ੍ਹ ਵਿਵਸਥਾ ਦੇ ਖਿਲਾਫ਼ ਗੱਲਾਂ ਲਿਖੀਆਂ ਗਈਆਂ ਹਨ, ਜਦਕਿ ਉਹ ਕਿਤਾਬ ਐਮਾਜ਼ਾਨ ਅਤੇ ਫਲਿੱਪਕਾਰਟ ’ਤੇ ਉਪਲਬਧ ਹੈ। ਉੱਥੋਂ ਦੇ ਸੁਪਰਡੈਂਟ ਹਾਮਿਦ ਅਖ਼ਤਰ ਇੱਕ ਮੁਸਲਿਮ ਸਨ, ਪਰ ਉਨ੍ਹਾਂ ਨੇ ਜੇਲ੍ਹ ਲਾਇਬ੍ਰੇਰੀ ਵਿੱਚ ਮੌਜੂਦ ਤਸਲੀਮਾ ਨਸਰੀਨ ਦੀਆਂ ਸਾਰੀਆਂ ਪੁਸਤਕਾਂ ’ਤੇ ਪਾਬੰਦੀ ਲਗਾ ਦਿੱਤੀ ਸੀ ਤਾਂ ਜੋ ਬੰਦੀ ਪੜ੍ਹ ਨਾ ਸਕਣ। ਬਿਰਸਾ ਮੁੰਡਾ ਸੈਂਟਰਲ ਜੇਲ੍ਹ ਵਿੱਚ ਮੈਂ ਜੇਲ੍ਹ ਪ੍ਰਸ਼ਾਸਨ ਤੋਂ ਇਤਿਹਾਸ ਵਿੱਚ ਐਮ.ਏ. ਕਰਨ ਦੀ ਇੱਛਾ ਜ਼ਾਹਿਰ ਕੀਤੀ, ਤਾਂ ਮੈਨੂੰ ਦੱਸਿਆ ਗਿਆ ਕਿ ਇੱਥੇ ਸਿਰਫ਼ 10ਵੀਂ ਅਤੇ 12ਵੀਂ ਦੀ ਪੜ੍ਹਾਈ ਦੀ ਸਹੂਲਤ ਹੈ।

ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਬਿਹਾਰ-ਝਾਰਖੰਡ ਦੀ ਕਿਸੇ ਵੀ ਜੇਲ੍ਹ ਵਿੱਚ ਐਮ.ਏ. ਦੀ ਪੜ੍ਹਾਈ ਦੀ ਸਹੂਲਤ ਇਗਨੂ ਤੋਂ ਵੀ ਨਹੀਂ ਹੈ। ਇਸ ਲਈ ਮੈਨੂੰ ਇਗਨੂ ਦੇ ਰਾਮਗੜ੍ਹ (ਝਾਰਖੰਡ) ਸਟੱਡੀ ਸੈਂਟਰ ’ਤੇ ਐਮ.ਏ. ਵਿੱਚ ਆਪਣੇ ਨਿੱਜੀ ਖਰਚੇ ’ਤੇ ਦਾਖਲਾ ਲੈਣਾ ਪਿਆ ਸੀ।

ਤੋੜ ਦਿੰਦੀ ਹੈ ਸੈੱਲ ਦੀ ਜ਼ਿੰਦਗੀ-ਜੇਲ੍ਹਾਂ ਵਿੱਚ ਆਮ ਵਾਰਡ ਤੋਂ ਇਲਾਵਾ ਸੈੱਲ (ਅੰਡਾ ਸੈੱਲ, ਹਾਈ ਸਕਿਓਰਿਟੀ ਸੈੱਲ ਆਦਿ) ਵੀ ਹੁੰਦਾ ਹੈ। ਮੈਂ ਆਪਣੇ 42 ਮਹੀਨਿਆਂ ਦੀ ਜੇਲ੍ਹ ਵਿੱਚ 33 ਮਹੀਨੇ ਸੈੱਲ ਵਿੱਚ ਹੀ ਰਿਹਾ ਹਾਂ ਅਤੇ ਵਰਤਮਾਨ ਵਿੱਚ ਵੀ ਸੈੱਲ ਵਿੱਚ ਹੀ ਬੰਦ ਹਾਂ। ਆਮ ਵਾਰਡ ਦੇ ਬੰਦੀਆਂ ਨੂੰ ਤਾਂ ਕੁਝ ਅਧਿਕਾਰ ਵੀ ਹਾਸਲ ਹਨ ਜਾਂ ਕਹਿ ਸਕਦੇ ਹਾਂ ਕਿ ਕੁਝ ਸਹੂਲਤਾਂ ਵੀ ਹਾਸਲ ਹਨ। ਇੱਥੇ ਮੈਂ ਉਨ੍ਹਾਂ ਸਹੂਲਤਾਂ ਦੀ ਗੱਲ ਕਰ ਰਿਹਾ ਹਾਂ ਜੋ ਸਰੀਰ ਅਤੇ ਦਿਮਾਗ ਦੇ ਤੰਦਰੁਸਤ ਰਹਿਣ ਲਈ ਹਰ ਇਨਸਾਨ ਲਈ ਜ਼ਰੂਰੀ ਹਨ, ਇੱਕ ਬੰਦੀ ਵਜੋਂ ਗੁਲਾਮ ਜੀਵਨ ਬਿਤਾਉਣ ਵਾਲੇ ਬੰਦੀਆਂ ਲਈ ਵੀ। ਜਿਵੇਂ ਆਮ ਵਾਰਡ ਦੇ ਬੰਦੀ ਜੇਲ੍ਹ ਵਿੱਚ ਆਯੋਜਿਤ ਸਿੱਖਿਆ-ਸਿਖਲਾਈ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਸਕਦੇ ਹਨ, ਪਰ ਸੈੱਲ ਦੇ ਬੰਦੀ ਨਹੀਂ ਲੈ ਸਕਦੇ।

ਆਮ ਵਾਰਡ ਵਿੱਚ ਟੀਵੀ ਅਤੇ ਜੇਲ੍ਹ ਰੇਡੀਓ (ਬਿਹਾਰ ਦੀਆਂ ਜੇਲ੍ਹਾਂ ਵਿੱਚ) ਦਾ ਸਪੀਕਰ ਲੱਗਾ ਹੋਇਆ ਹੈ, ਜਿਸ ਨਾਲ ਬੰਦੀਆਂ ਦਾ ਕੁਝ ਮਨੋਰੰਜਨ ਹੋ ਜਾਂਦਾ ਹੈ, ਮਾਨਸਿਕ ਤਣਾਅ ਵਿੱਚ ਰਾਹਤ ਮਿਲਦੀ ਹੈ ਪਰ ਸੈੱਲ ਵਿੱਚ ਅਜਿਹੀ ਕੋਈ ਸਹੂਲਤ ਨਹੀਂ ਹੈ। ਆਮ ਵਾਰਡ ਦੇ ਬੰਦੀ ਜੇਲ੍ਹ ਲਾਇਬ੍ਰੇਰੀ ਵਿੱਚ ਬੈਠ ਕੇ ਪੜ੍ਹ ਸਕਦੇ ਹਨ, ਪਰ ਸੈੱਲ ਦੇ ਬੰਦੀ ਉੱਥੇ ਨਹੀਂ ਬੈਠ ਸਕਦੇ। ਆਮ ਵਾਰਡ ਦੇ ਬੰਦੀ ਜੇਲ੍ਹ ਦੇ ਮੈਦਾਨ ਵਿੱਚ ਖੇਡ-ਕੁੱਦ ਸਕਦੇ ਹਨ, ਪੂਰੀ ਜੇਲ੍ਹ ਵਿੱਚ ਘੁੰਮ-ਫਿਰ ਸਕਦੇ ਹਨ, ਪਰ ਸੈੱਲ ਦੇ ਬੰਦੀ ਸੈੱਲ ਤੋਂ ਬਾਹਰ ਨਹੀਂ ਨਿਕਲ ਸਕਦੇ।

ਸੈੱਲ ਵਿੱਚ ਆਮ ਤੌਰ ’ਤੇ ਜੇਲ੍ਹ ਪ੍ਰਸ਼ਾਸਨ ਅਜਿਹੇ ਬੰਦੀਆਂ ਨੂੰ ਰੱਖਦਾ ਹੈ ਜੋ ਆਮ ਵਾਰਡ ਵਿੱਚ ਨਾਜਾਇਜ਼ ਮੋਬਾਈਲ ਦੀ ਵਰਤੋਂ ਕਰਨ, ਨਸ਼ਾ ਕਰਨ ਅਤੇ ਮਾਰ-ਕੁੱਟ ਕਰਨ ਦੇ ਦੋਸ਼ੀ ਪਾਏ ਜਾਂਦੇ ਹਨ। ਪਰ ਹੁਣ ਸੈੱਲ ਵਿੱਚ ਅਜਿਹੇ ਬੰਦੀਆਂ ਨੂੰ ਵੀ ਰੱਖਿਆ ਜਾਣ ਲੱਗਾ ਹੈ, ਜੋ ਆਪਣੇ ਅਤੇ ਬੰਦੀਆਂ ਦੇ ਅਧਿਕਾਰਾਂ ਦੇ ਘਾਣ ’ਤੇ ਉਨ੍ਹਾਂ ਲਈ ਆਵਾਜ਼ ਉਠਾਉਂਦੇ ਹਨ। ਉਨ੍ਹਾਂ ਨੂੰ ਸੈੱਲ ਵਿੱਚ ਬੰਦ ਕਰਕੇ ਉਨ੍ਹਾਂ ਤੋਂ ਸਾਰੇ ਅਧਿਕਾਰ ਖੋਹ ਲਏ ਜਾਂਦੇ ਹਨ।

ਜੇਲ੍ਹਾਂ ਵਿੱਚ ਭ੍ਰਿਸ਼ਟਾਚਾਰ, ਪਰ ਸੁਣਵਾਈ ਨਹੀਂ-ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਸਥਾਨਕ ਅਦਾਲਤ, ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਆਦੇਸ਼ਾਂ ਦਾ ਵੀ ਕੋਈ ਪ੍ਰਭਾਵ ਨਹੀਂ ਪੈਂਦਾ। ਜਦੋਂ ਕੋਈ ਬੰਦੀ ਸੀਨੀਅਰ ਅਧਿਕਾਰੀਆਂ ਨੂੰ ਜੇਲ੍ਹ ਦੀ ਭ੍ਰਿਸ਼ਟ ਵਿਵਸਥਾ ਦੀ ਸ਼ਿਕਾਇਤ ਕਰਦਾ ਹੈ, ਤਾਂ ਜੇਲ੍ਹ ਪ੍ਰਸ਼ਾਸਨ ਆਪਣੇ ਦਲਾਲ ਬੰਦੀਆਂ ਦੇ ਬਿਆਨਾਂ ਨੂੰ ਲਿਖਤੀ ਰੂਪ ਦੇ ਕੇ ਰਿਪੋਰਟ ਬਣਾ ਕੇ ਭੇਜ ਦਿੰਦਾ ਹੈ ਕਿ ਜੇਲ੍ਹ ਵਿੱਚ ਸਭ ਕੁਝ ਸਹੀ ਹੈ।

ਅਜੇ 18 ਜਨਵਰੀ 2026 ਨੂੰ ਪਟਨਾ ਹਾਈ ਕੋਰਟ ਦੇ ਮਾਨਯੋਗ ਮੁੱਖ ਜੱਜ ਸੰਗਮ ਕੁਮਾਰ ਸਾਹੂ, ਜੇਲ੍ਹ ਆਈਜੀ ਪ੍ਰਣਵ ਕੁਮਾਰ ਸਮੇਤ ਕਈ ਅਧਿਕਾਰੀ ਆਦਰਸ਼ ਸੈਂਟਰਲ ਜੇਲ੍ਹ ਵਿੱਚ ਆਏ ਅਤੇ ਜੇਲ੍ਹ ਦਾ ਨਿਰੀਖਣ ਕੀਤਾ, ਜਿਸ ਦੌਰਾਨ ਸਾਰੇ ਬੰਦੀਆਂ ਨੂੰ ਆਪਣੇ-ਆਪਣੇ ਵਾਰਡ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਹੀ ਲੋਕਾਂ ਨਾਲ ਮੁਖਾਤਿਬ ਕਰਵਾਇਆ ਗਿਆ ਜੋ ਜੇਲ੍ਹ ਪ੍ਰਸ਼ਾਸਨ ਦੀ ਦਲਾਲੀ ਕਰਦੇ ਹਨ।

ਮੈਂ ਇਸ ਜੇਲ੍ਹ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਬੰਦੀਆਂ ਦੇ ਸ਼ੋਸ਼ਣ ਅਤੇ ਦਮਨ ’ਤੇ ਇੱਕ ਅਰਜ਼ੀ ਪਟਨਾ ਡੀਐਮ ਨੂੰ 15 ਦਸੰਬਰ 2025 ਨੂੰ ਭੇਜੀ ਸੀ, ਜਿਸ ਦੀ ਕਾਪੀ ਬਿਹਾਰ ਦੇ ਉਪ-ਮੁੱਖ ਮੰਤਰੀ ਸਹਿ ਗ੍ਰਹਿ ਮੰਤਰੀ ਸਮਰਾਟ ਚੌਧਰੀ ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਨੂੰ ਵੀ ਭੇਜੀ ਸੀ, ਜਿਸ ’ਤੇ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਵੈਸੇ ਵੀ ਜੇਲ੍ਹ ਵਿੱਚ ਇਹ ਗੱਲ ਪ੍ਰਚਲਿਤ ਹੈ ਕਿ ਜੇਲ੍ਹ ਪ੍ਰਸ਼ਾਸਨ ਆਪਣੇ ਭ੍ਰਿਸ਼ਟਾਚਾਰ ਦੀ ਕਮਾਈ ਦਾ ਇੱਕ ਵੱਡਾ ਹਿੱਸਾ ਮੰਤਰੀਆਂ ਅਤੇ ਸੀਨੀਅਰ ਅਧਿਕਾਰੀਆਂ ਨੂੰ ਵੀ ਦਿੰਦਾ ਹੈ, ਇਸ ਲਈ ਉਹ ਕੋਈ ਕਾਰਵਾਈ ਨਹੀਂ ਕਰਦੇ।

ਮੈਂ ਕੁਝ ਮਹੀਨਿਆਂ ਤੋਂ ਉੱਚ ਕੋਲੈਸਟ੍ਰੋਲ, ਉੱਚ ਟ੍ਰਾਈਗਲਿਸਰਾਈਡਸ, ਐਲਰਜੀ, ਐਲ 5 ਡਿਸਕ ਸਲਿੱਪ ਅਤੇ ਯਾਦਾਸ਼ਤ ਘੱਟ ਹੋਣ ਦੀਆਂ ਸਮੱਸਿਆਵਾਂ ਨਾਲ ਪੀੜਤ ਹਾਂ। ਪਟਨਾ ਦੀ ਸਪੈਸ਼ਲ ਐਨਆਈਏ ਕੋਰਟ ਦੁਆਰਾ ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਦੇ ਸੁਪਰਡੈਂਟ ਨੂੰ ਮੇਰੇ ਇਲਾਜ ਲਈ 11 ਦਸੰਬਰ 2025 ਨੂੰ ਲਿਖਤੀ ਆਦੇਸ਼ ਦਿੱਤਾ ਗਿਆ ਹੈ ਪਰ ਜੇਲ੍ਹ ਪ੍ਰਸ਼ਾਸਨ ਦੁਆਰਾ ਹੁਣ ਤੱਕ ਕੋਈ ਇਲਾਜ ਨਹੀਂ ਕਰਵਾਇਆ ਗਿਆ। ਇਸ ਤੋਂ ਪਹਿਲਾਂ 01 ਨਵੰਬਰ 2025 ਨੂੰ ਵੀ ਇਲਾਜ ਲਈ ਆਦੇਸ਼ ਜੇਲ੍ਹ ਪ੍ਰਸ਼ਾਸਨ ਨੂੰ ਕੋਰਟ ਦੁਆਰਾ ਦਿੱਤਾ ਗਿਆ ਸੀ।

ਤਦ ਮੈਂ ਭਾਗਲਪੁਰ ਸ਼ਹੀਦ ਜੁੱਬਾ ਸਹਿਨੀ ਸੈਂਟਰਲ ਜੇਲ੍ਹ ਵਿੱਚ ਸੀ। ਉੱਥੇ ਕੋਰਟ ਦਾ ਆਦੇਸ਼ ਹੋਣ ਤੋਂ ਬਾਅਦ ਅਤੇ ਸਿਹਤ ਸਮੱਸਿਆ ਨੂੰ ਲੰਬੇ ਸਮੇਂ ਝੱਲਣ ਤੋਂ ਬਾਅਦ ਹਸਪਤਾਲ ਵਿੱਚ ਦਿਖਾਇਆ ਗਿਆ ਸੀ। ਪਰ ਬੇਊਰ ਜੇਲ੍ਹ ਪ੍ਰਸ਼ਾਸਨ ਉਸ ਤੋਂ ਵੀ ਅੱਗੇ ਨਿਕਲ ਚੁੱਕਾ ਹੈ, ਲੰਬੇ ਸਮੇਂ ਅਤੇ ਦੋ-ਦੋ ਵਾਰ ਕੋਰਟ ਦੇ ਆਦੇਸ਼ ਤੋਂ ਬਾਅਦ ਵੀ ਇਨ੍ਹਾਂ ਦੇ ਕੰਨ ’ਤੇ ਜੂੰ ਤੱਕ ਨਹੀਂ ਸਰਕੀ।

ਇਹ ਕੋਈ ਨਵਾਂ ਨਹੀਂ ਹੈ। ਮੇਰਾ ਇੰਨੇ ਸਾਲਾਂ ਦਾ ਅਨੁਭਵ ਇਹੀ ਕਹਿੰਦਾ ਹੈ ਕਿ ਕਿਸੇ ਮਾਮਲੇ ਵਿੱਚ ਕੋਰਟ ਵਿੱਚ ਆਦੇਸ਼ ਹੋਣ ਤੋਂ ਬਾਅਦ ਵੀ ਜੇਲ੍ਹ ਪ੍ਰਸ਼ਾਸਨ ਅਕਸਰ ਉਸ ਦੀ ਪਾਲਣਾ ਨਹੀਂ ਕਰਦਾ ਅਤੇ ਵਾਰ-ਵਾਰ ਆਰਡਰ ਦੇ ਕੇ ਕੋਰਟ ਵੀ ਥੱਕ ਜਾਂਦਾ ਹੈ। ਇਸ ਤਰ੍ਹਾਂ ਬੰਦੀਆਂ ਦੇ ਬਹੁਤ ਸਾਰੇ ਮਾਮਲੇ ਪੈਂਡਿੰਗ ਹੀ ਰਹਿ ਜਾਂਦੇ ਹਨ ਜਾਂ ਫਿਰ ਇੱਕ ਥਕਾ ਦੇਣ ਵਾਲੇ ਸਮੇਂ ਤੋਂ ਬਾਅਦ ਅਮਲ ਵਿੱਚ ਆਉਂਦੇ ਹਨ। ਪੂਰੇ ਦੇਸ਼ ਦੀਆਂ ਅਦਾਲਤਾਂ ਲਈ ਅਜਿਹਾ ਕੋਈ ਅਧਿਕਾਰ ਖੇਤਰ ਨਹੀਂ ਹੈ ਜੋ ਕਿ ਜੇਲ੍ਹ ਦੀ ਮਨਮਾਨੀ ’ਤੇ ਅਦਾਲਤੀ ਹੁਕਮ ਲਾਗੂ ਕਰ ਸਕੇ ਅਤੇ ਜੇਲ੍ਹਾਂ ਦੇ ਬੰਦੀਆਂ ਦੇ ਅਧਿਕਾਰਾਂ ਨੂੰ ਬਚਾ ਸਕੇ। ਕੀ ਸੱਚੇ ਗਣਤੰਤਰ ਨੂੰ ਸਥਾਪਿਤ ਕਰਨ ਲਈ ਭਾਰਤ ਦੀ ਜਨਤਾ ਸੜਕਾਂ ’ਤੇ ਉਤਰੇਗੀ? ਇਸ ਦਾ ਜਵਾਬ ਹੀ ‘ਗਣਤੰਤਰ’ ਦੇ ਬੰਦੀਆਂ ਦਾ ਭਵਿੱਖ ਤੈਅ ਕਰੇਗਾ।

*(ਰੂਪੇਸ਼ ਕੁਮਾਰ ਸਿੰਘ ਸੁਤੰਤਰ ਪੱਤਰਕਾਰ ਹਨ ਅਤੇ ਵਰਤਮਾਨ ਵਿੱਚ ਆਦਰਸ਼ ਸੈਂਟਰਲ ਜੇਲ੍ਹ, ਬੇਊਰ, ਪਟਨਾ (ਬਿਹਾਰ) ਵਿੱਚ ਵਿਚਾਰ ਅਧੀਨ ਬੰਦੀ ਹਨ)*

# ਪੰਜਵੇਂ ਉਸਤਾਦ ਰਾਜਿੰਦਰ ਪਰਦੇਸੀ ਐਵਾਰਡ ਨਾਲ ਸਵਿੰਦਰ ਸੰਧੂ ਹੋਏ ਸਨਮਾਨਿਤ

ਜਲੰਧਰ - (ਤੇਜਿੰਦਰ ਮਨਚੰਦਾ) - ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਮੰਚ ਦੇ ਸੰਸਥਾਪਕ ਪ੍ਰਧਾਨ ਉੱਘੇ ਗ਼ਜ਼ਲਕਾਰ ਰਾਜਿੰਦਰ ਪਰਦੇਸੀ ਦੀ ਯਾਦ ਵਿੱਚ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਇਕ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ.ਸੰਧੂ ਵਰਿਆਣਵੀ, ਪ੍ਰੋ.ਬਲਦੇਵ ਸਿੰਘ ਬੱਲੀ, ਡਾ.ਕੰਵਲ ਭੱਲਾ, ਡਾ.ਗੁਰਚਰਨ ਕੌਰ ਕੋਚਰ, ਕੁਲਦੀਪ ਸਿੰਘ ਬੇਦੀ ਅਤੇ ਨਵਤੇਜ਼ ਸਿੰਘ ਗੜ੍ਹਦੀਵਾਲਾ ਵਿਰਾਜਮਾਨ ਹੋਏ।

ਮੰਚ ਸੰਚਾਲਨ ਕਰਦਿਆਂ ਲੋਕ ਸ਼ਾਇਰ ਜਗਦੀਸ਼ ਰਾਣਾ ਨੇ ਮੰਚ ਦੀਆਂ ਗਤਿਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਸਾਹਿਬਾ ਜੀਟਨ ਕੌਰ ਨੇ ਲੈਕ. ਬਲਬੀਰ ਕੌਰ ਰਾਏਕੋਟੀ ਦੁਆਰਾ ਰਾਜਿੰਦਰ ਪਰਦੇਸੀ ਬਾਰੇ ਲਿਖਿਆ ਪਰਚਾ ਪੜ੍ਹਿਆ। ਪ੍ਰੋ.ਸੰਧੂ ਵਰਿਆਣਵੀ ਨੇ ਨਾਮਵਰ ਕਵਿੱਤਰੀ ਸਵਿੰਦਰ ਸੰਧੂ ਦੀ ਕਵਿਤਾ ਬਾਰੇ ਵਿਚਾਰ ਰੱਖੇ।

ਇਸ ਮੌਕੇ ਮੰਚ ਵਲੋਂ ਸਵਿੰਦਰ ਸੰਧੂ ਨੂੰ ਪੰਜਵੇਂ ਉਸਤਾਦ ਰਾਜਿੰਦਰ ਪਰਦੇਸੀ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਸਨਮਾਨ ਪੱਤਰ, ਨਕਦ ਰਾਸ਼ੀ, ਸ਼ਾਨਦਾਰ ਸ਼ਾਲ ਅਤੇ ਕਿਤਾਬਾਂ ਸ਼ਾਮਲ ਸਨ।ਇਸ ਮੌਕੇ ਭਾਵੁਕ ਹੁੰਦੇ ਹੋਏ ਸਵਿੰਦਰ ਸੰਧੂ ਨੇ ਕਿਹਾ ਇਹ ਸਨਮਾਨ ਉਸ ਲਈ ਬਹੁਤ ਵੱਡੇ ਅਰਥ ਰੱਖਦਾ ਹੈ ਕਿਉਂਕਿ ਉਸ ਨੇ ਰਾਜਿੰਦਰ ਪਰਦੇਸੀ ਦੀ ਦੇਖ ਰੇਖ ਹੇਠ ਹੀ ਲਿਖਣਾ ਸ਼ੁਰੂ ਕੀਤਾ ਸੀ।ਸਵਿੰਦਰ ਸੰਧੂ ਨੇ ਆਪਣੀਆਂ ਕਵਿਤਾਵਾਂ ਦੀ ਵੀ ਸਾਂਝ ਪਾਈ।ਪ੍ਰੋ.ਬਲਦੇਵ ਸਿੰਘ ਬੱਲੀ, ਪ੍ਰੋ.ਸੰਧੂ ਵਰਿਆਣਵੀ, ਡਾ.ਗੁਰਚਰਨ ਕੌਰ ਕੋਚਰ, ਨਵਤੇਜ਼ ਗੜ੍ਹਦੀਵਾਲਾ ਆਦਿ ਨੇ ਕਿਹਾ ਕਿ ਡਾ.ਕੰਵਲ ਭੱਲਾ, ਜਗਦੀਸ਼ ਰਾਣਾ ਤੇ ਮੰਚ ਦੇ ਸਮੁੱਚੇ ਅਹੁਦੇਦਾਰਾਂ ਨੇ ਆਪਣੇ ਯਤਨਾਂ ਸਦਕਾ ਉਸਤਾਦ ਰਜਿੰਦਰ ਪਰਦੇਸੀ ਨੂੰ ਜੀਂਦੇ ਰੱਖਿਆ ਹੈ।ਉੱਘੇ ਨਾਵਲਕਾਰ ਤੇ ਪੱਤਰਕਾਰ ਕੁਲਦੀਪ ਸਿੰਘ ਬੇਦੀ ਨੇ ਰਾਜਿੰਦਰ ਪਰਦੇਸੀ ਨਾਲ਼ ਆਪਣੀਆਂ ਸਾਂਝਾਂ ਦਾ ਜ਼ਿਕਰ ਕੀਤਾ। ਡਾ.ਕੰਵਲ ਭੱਲਾ ਅਤੇ ਜਗਦੀਸ਼ ਰਾਣਾ ਨੇ ਕਿਹਾ ਕਿ ਰਜਿੰਦਰ ਪਰਦੇਸੀ ਦਾ ਸਪੁੱਤਰ ਤਜਿੰਦਰ ਮਨਚੰਦਾ ਆਪਣੇ ਪਿਤਾ ਦੀ ਸਾਹਿਤਕ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ।



ਇਸ ਮੌਕੇ ਹੋਏ ਕਵੀ ਦਰਬਾਰ ਵਿਚ ਕੇ.ਸਾਧੂ ਸਿੰਘ,ਹਰਜੀਤ ਸੰਧੂ,ਸਰਬਜੀਤ ਸਿੰਘ ਸੰਧੂ, ਡਾ.ਗੁਰਚਰਨ ਕੌਰ ਕੋਚਰ, ਗੁਰਦੀਪ ਸਿੰਘ ਸੈਣੀ,ਨੱਕਾਸ਼ ਚਿੱਤੇਵਾਣੀ, ਹਰਦਿਆਲ ਹੁਸ਼ਿਆਰਪੁਰੀ, ਜਗਦੀਸ਼ ਰਾਣਾ, ਦਲਜੀਤ ਮਹਿਮੀ, ਬੱਬੂ ਸੈਣੀ, ਜਿੰਗਾ ਸਿੰਘ, ਜਰਨੈਲ ਸਾਖ਼ੀ,ਮਿੱਤਰ ਮਨਜੀਤ, ਕੀਮਤੀ ਕੈਸਰ, ਸੀਰਤ ਸਿਖਿਆਰਥੀ, ਜੀਤ ਸੁਰਜੀਤ ਬੈਲਜੀਅਮ, ਜਸਪਾਲ ਜ਼ੀਰਵੀ,ਮੋਹਨ ਮਤਿਆਲਵੀ, ਸ਼ਾਮ ਸਰਗੂੰਦੀ, ਗੁਰਮੁਖ ਲੁਹਾਰ, ਹੀਰਾ ਲਾਲ ਮਲਹੋਤਰਾ, ਗੁਲਸ਼ਨ ਮਿਰਜ਼ਾਪੁਰੀ, ਇੰਦਰਜੀਤ ਸਿੰਘ ਮਿਸ਼ਰੀ ਤੇ ਹੋਰ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ।ਇਸ ਮੌਕੇ ਸਤਿਗੁਰੂ ਕਬੀਰ ਭਵਨ ਵੈਲਫੇਅਰ ਸੁਸਾਇਟੀ 120 ਫੁੱਟੀ ਰੋਡ ਵਿਖੇ ਬਣਨ ਜਾ ਰਹੀ ਨਵੀਂ ਲਾਇਬ੍ਰੇਰੀ ਵਾਸਤੇ ਪ੍ਰੋ.ਸੰਧੂ ਵਰੀਆਣਵੀ ਅਤੇ ਜਗਦੀਸ਼ ਰਾਣਾ ਵੱਲੋਂ ਆਪਣੀ ਨਿੱਜੀ ਲਾਇਬ੍ਰੇਰੀ ਵਿੱਚੋਂ ਚੇਅਰਮੈਨ ਕੁਲਦੀਪ ਦੀਪੂ ਅਤੇ ਪੱਤਰਕਾਰ ਕੀਮਤੀ ਭਗਤ ਨੂੰ 51 ਪੁਸਤਕਾਂ ਅਤੇ ਭਾਰਤੀ ਸੰਵਿਧਾਨ ਦੀ ਕਾਪੀ ਭੇਟ ਕੀਤੀ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਸੰਘਾ, ਕਰਨਲ ਜਗਬੀਰ ਸਿੰਘ ਸੰਧੂ, ਅਸ਼ੋਕ ਗੋਇਲ, ਗੀਤਾ ਵਰਮਾ,ਜਗਦੀਸ਼ ਡਾਲੀਆ, ਨਾਵਲਕਾਰ ਗੁਰਨਾਮ ਬਾਵਾ, ਪ੍ਰੀਤ ਮੋਹੱਦੀਪੁਰੀਆ, ਨਗੀਨਾ ਸਿੰਘ ਬਲੱਗਣ, ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

## ਇਟਲੀ ਵਿੱਚ 6 ਮਿਲੀਅਨ ਲੋਕ ਮੋਟਾਪੇ ਨਾਲ ਰਹੇ ਹਨ ਜੂਝ,3 ਬੱਚਿਆਂ ਵਿੱਚੋਂ 1 ਬੱਚਾ ਮੋਟਾਪੇ ਦਾ ਸਿਕਾਰ

ਰੋਮ-(ਗੁਰਸ਼ਰਨ ਸਿੰਘ ਸੋਨੀ) ਅਜੋਕੇ ਯੁੱਗ ਵਿੱਚ ਹਰ ਬੰਦਾ ਸਲਿਮ-ਟਰਿਮ ਹੋਣਾ ਲੋੜਦਾ ਹੈ ਪਰ ਇਹ ਇੱਛਾ ਸਿਰਫ਼ ਉਹਨਾਂ ਲੋਕਾਂ ਦੀ ਹੀ ਪੂਰੀ ਹੁੰਦੀ ਜਿਹੜੇ ਕਿ ਆਪਣੀ ਸਿਹਤ ਸਬੰਧੀ ਪੂਰੀ ਤਰ੍ਹਾਂ ਚੇਤਨ ਹਨ ਜਾਂ ਜਿਹਨਾਂ ਨੂੰ ਕੋਈ ਸਰੀਰਕ ਪ੍ਰੇਸ਼ਾਨੀ ਨਾ ਹੋਵੇ।ਦੁਨੀਆਂ ਦੀ ਸਿਰਮੌਰ ਸਿਹਤ ਸੰਸਥਾ "ਵਿਸ਼ਵ ਸਿਹਤ ਆਰਗੇਨਾਈਜੇਸ਼ਨ"ਨੇ ਮੋਟਾਪੇ ਨੂੰ ਅਜਿਹੀ ਮਹਾਂਮਾਰੀ ਐਲਾਨਿਆ ਹੈ ਜਿਹੜੀ ਕਿ ਚੁੱਪ-ਚੁਪੀਤੇ ਇਨਸਾਨ ਨੂੰ ਆਪਣਾ ਸ਼ਿਕਾਰ ਬਣਾਉਂਦੀ ਹੈ।ਦੁਨੀਆਂ ਭਰ ਵਿੱਚ 1 ਅਰਬ ਤੋਂ ਵੱਧ ਲੋਕ ਮੋਟਾਪੇ ਨਾਲ ਜੂਝ ਰਹੇ ਹਨ।ਇਟਲੀ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਵੀ ਮੋਟਾਪੇ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਜਦੋਂ ਇਸ ਵਕਤ ਇਟਲੀ ਵਿੱਚ ਕਰੀਬ 6 ਮਿਲੀਅਨ ਲੋਕ (ਆਬਾਦੀ ਦਾ 12 ਫੀਸਦੀ)ਮੋਟਾਪੇ ਨਾਲ ਪ੍ਰਭਾਵਿਤ ਹਨ ਜਿਹਨਾਂ ਵਿੱਚ ਲਗਭਗ ਅੱਧੇ ਬਾਲਗ(47ਫੀਸਦੀ) ਜ਼ਿਆਦਾ ਭਾਰ ਵਾਲੇ ਹਨ।ਮੋਟਾਪਾ ਅਜਿਹੀ ਬਿਮਾਰੀ ਹੈ ਜਿਹੜੀ ਕਿ ਹਰ ਉਮਰ ਦੇ ਇਨਸਾਨ ਨੂੰ ਪ੍ਰਭਾਵਿਤ ਕਰ ਰਹੀ ਹੈ ।ਇਟਲੀ ਵਿੱਚ 3 ਬੱਚਿਆਂ ਵਿੱਚੋਂ 1 ਬੱਚਾ ਮੋਟਾਪੇ ਨਾਲ ਪ੍ਰਭਾਵਿਤ ਹੈ ਜਦੋਂ ਕਿ ਵੱਡਿਆ ਦੀ ਗਿਣਤੀ ਵੀ ਵਾਧੇ ਵੱਲ ਹੈ।ਜਿਹੜੇ ਲੋਕ ਮੋਟਾਪੇ ਤੋਂ ਪ੍ਰਭਾਵਿਤ ਹੋ ਰਹੇ ਹਨ ਉਹ ਉਸ ਦੇ ਕਾਰਨਾਂ ਨੂੰ ਦੂਰ ਕਰਨ ਲਈ ਇਲਾਜ ਜ਼ਰੂਰ ਕਰਵਾਉਂਦੇ ਹਨ ਪਰ ਅਫ਼ਸੋਸ ਪਹਿਲੇ ਸਾਲ ਵਿੱਚ ਹੀ ਇਲਾਜ ਛੱਡ ਦਿੰਦੇ ਹਨ।ਇਟਾਲੀਅਨ ਸੁਸਾਇਟੀ ਆਫ਼ ਨਿਊਰੋਸਾਈਕੋਫਾਰਮਾਕੋਲੀ ਦੁਆਰਾ ਵੱਖ-ਵੱਖ 6 ਖੇਤਰਾਂ ਵਿੱਚ ਕੀਤੇ ਮਾਨਸਿਕ ਸਿਹਤ ਵਿੱਚ ਮੋਟਾਪੇ ਦੇ ਪ੍ਰਭਾਵ 'ਤੇ ਇਟਲੀ ਵਿੱਚ ਪਹਿਲੇ ਯੋਜਨਾਬੱਧ ਸਰਵੇਖਣ ਵਿੱਚ ਇਹ ਪਾਇਆ ਗਿਆ ਕਿ ਮਾਨਸਿਕ ਸਿਹਤ ਸੇਵਾਵਾਂ ਦੁਆਰਾ ਇਲਾਜ ਕੀਤੇ 17 ਫੀਸਦੀ ਮਰੀਜ ਮੋਟੇ ਸਨ ਜੋ ਕਿ ਆਮ ਆਬਾਦੀ ਵਿੱਚ ਲਗਭਗ 10 ਫੀਸਦੀ ਦੇ ਬਰਾਬਰ ਹਨ।ਇਹ ਪਾੜਾ 18 ਤੋਂ 34 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਹੋਰ ਵੀ ਸਪੱਸ਼ਟ ਹੈ।ਮੋਟਾਪਾ ਇੱਕ ਪੁਰਾਣੀਆਂ ਬਿਮਾਰੀ ਵਿੱਚੋ ਅਹਿਮ ਹੈ ਜਿਹੜਾ ਕਿ ਮਾਨਸਿਕ ਰੋਗੀਆਂ ਨੂੰ ਵਧੇਰੇ ਪ੍ਰੇਸ਼ਾਨ ਕਰਦਾ ਹੈ।ਸੰਸਥਾ ਪ੍ਰਧਾਨ ਕਲੋਦੀਓ ਅਤੇ ਮੈਤਿਓ ਅਨੁਸਾਰ ਬਹੁਤ ਸਾਰੇ ਅਧਿਐਨ ਦਰਸਾਉਂਦੇ ਹਨ ਕਿ ਡਿਪਰੈਸ਼ਨ ,ਮਾਨਸਿਕ ਪ੍ਰੇਸ਼ਾਨੀ ਜਾਂ ਹੋਰ ਦਿਮਾਗ ਨਾਲ ਸੰਬਧਤ ਬਿਮਾਰੀਆਂ ਦੇ ਮਰੀਜ਼ ਅਧਿਕਤਰ ਜ਼ਿਆਦਾ ਮੋਟਾਪੇ ਦਾ ਸ਼ਿਕਾਰ ਮੰਨੇ ਜਾਂਦੇ ਹਨ।ਇਟਲੀ ਦੇ ਬੱਚਿਆਂ ਵਿੱਚ ਵੱਧ ਰਹੇ ਮੋਟਾਪੇ ਦੇ ਕਾਰਨਾਂ ਨੂੰ ਠੀਕ ਕਰਨ ਲਈ ਪ੍ਰਭੂ ਯਿਸ਼ੂ ਜੀ ਦੇ ਨਾਮ ਉਪੱਰ ਬਣੇ ਬੱਚਿਆਂ ਦੇ ਹਸਪਤਾਲ ਰੋਮ ਵੱਲੋਂ 6 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਲਈ ਇੱਕ ਬਹੁ-ਅਨੁਸ਼ਾਸਨੀ ਪ੍ਰੋਗਰਾਮ ਵਿਕਸਤ ਗਿਆ ਹੈ ਜਿਹੜਾ ਕਿ ਬੱਚਿਆਂ ਦੇ ਮੈਟਾਬੋਲਿਜ਼ਮ ਦੇ ਤੰਤੂ ਮਾਰਗਾਂ ਨੂੰ ਠੀਕ ਕਰਨ ਲਈ ਵਿਸ਼ੇਸ ਮਦਦ ਕਰ ਰਿਹਾ ਹੈ।ਇਟਲੀ ਵਿੱਚ ਮੋਟਾਪੇ ਨੂੰ ਦੂਰ ਕਰਨ ਲਈ ਸਿਹਤ ਵਿਭਾਗ ਜੰਗੀ ਪੱਧਰ ਤੇ ਕੰਮ ਕਰ ਰਿਹਾ ਹੈ ਜਿਸ ਤਹਿਤ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਜਿਸ ਨਾਲ ਇਟਲੀ ਦੇ ਬੱਚਿਆਂ ਅਤੇ ਵੱਡਿਆ ਵਿੱਚ ਜਿਹੜਾ ਮੋਟਾਪਾ ਲੋਕਾਂ ਨੂੰ ਆਪਣੇ ਜਾਲ ਵਿੱਚ ਜਕੜ ਰਿਹਾ ਹੈ ਉਸ ਨੂੰ ਖਤਮ ਕੀਤਾ ਜਾ ਸਕੇ।4 ਮਾਰਚ ਨੂੰ ਪੂਰੀ ਦੁਨੀਆਂ ਵਿੱਚ ਮੋਟਾਪੇ ਤੋਂ ਜਾਗਰੂਕ ਹੋਣ ਦੇ ਦਿਨ ਵਜੋਂ ਮਨਾਇਆ ਜਾਂਦਾ ਹੈ ਇਟਲੀ ਵਿੱਚ ਵੀ ਮੋਟਾਪੇ ਤੋਂ ਜਾਗਰੂਕ ਹੋਣ ਲਈ ਕਈ

## ਅਮਰੀਕਾ, ਇਜ਼ਰਾਈਲ ਤੇ ਈਰਾਨ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਆਇਆ ਭਾਰੀ ਉਛਾਲ, ਹਵਾਈ ਯਾਤਰਾ ਸਮੇਤ ਡੀਜ਼ਲ, ਪੈਟਰੋਲ ਤੇ ਗੈਸ ਦੀਆਂ ਕੀਮਤਾਂ ਵਧੀਆਂ




ਰੋਮ ਇਟਲੀ -(ਗੁਰਸ਼ਰਨ ਸਿੰਘ ਸੋਨੀ) ਬੀਤੇ ਕਈ ਦਿਨਾਂ ਤੋ ਅਮਰੀਕਾ, ਇਜ਼ਰਾਈਲ ਤੇ ਈਰਾਨ ਦੇਸ਼ਾਂ ਦੀ ਜੰਗ ਦੇ ਕਾਰਨ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਉਥੇ ਜਦੋਂ ਤੱਕ ਇਹ ਜੰਗ ਜਾਰੀ ਰਹੇਗੀ ਪਤਾ ਨਹੀਂ ਕਿੰਨੀਆਂ ਜਾਨਾਂ ਹੋ ਜਾਣਗੀਆਂ ਤੇ ਮਾਲੀ ਨੁਕਸਾਨ ਹੋਰ ਹੋਵੇਗਾ । ਪਰ ਇਸ ਜੰਗ ਨਾਲ ਜਿਵੇ ਪਹਿਲਾਂ ਰੂਸ ਤੇ ਯੂਕਰੇਨ ਦੀ ਜੰਗ ਨਾਲ ਮਹਿੰਗਾਈ ਨੇ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ ਸੀ ਉਸ ਤਰ੍ਹਾਂ ਹੀ ਹੁਣ ਇਨ੍ਹਾਂ ਦੇਸ਼ਾਂ ਦੀ ਜੰਗ ਨੇ ਮਹਿੰਗਾਈ ਹੋਰ ਵਧਾ ਦਿੱਤੀ ਹੈ ਜਿਸ ਦਾ ਅਸਰ ਇਟਲੀ ਸਮੇਤ ਕਈ ਦੇਸ਼ਾਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ ਭਾਵ ਡੀਜ਼ਲ, ਪੈਟਰੋਲ ਤੇ ਗੈਸ ਦੀਆਂ ਕੀਮਤਾਂ ਵਿੱਚ ਉਸ ਦਿਨ ਤੋ ਹੀ ਵਾਧਾ ਦਰਜ ਕੀਤਾ ਜਾ ਰਿਹਾ ਹੈ ਜੇਕਰ ਗੱਲ ਇਟਲੀ ਦੀ ਕਰੀਏ ਤਾਂ ਵੱਖ ਵੱਖ ਕੰਪਨੀਆਂ ਦੇ ਪੈਟਰੋਲ ਪੰਪਾਂ ਦੀਆਂ ਤੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਗਿਆ ਹੈ ਕਿਉਂਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਜੰਗ ਦੇ ਕਾਰਨ ਵਧ ਰਹੀਆਂ ਹਨ ਜਿਸ ਦੇ ਮੱਦੇਨਜ਼ਰ ਇਨ੍ਹਾਂ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ । ਇਟਲੀ ਵਿੱਚ ਜੇਕਰ ਵਿਅਕਤੀ ਦੀ ਸਰਵਿਸ ਰਾਹੀ ਡੀਜ਼ਲ ਨੌਰਮਲ ਪਵਾਉਂਦੇ ਹਾ ਤਾਂ 2.01 ਯੂਰੋ ਪ੍ਰਤੀ ਲੀਟਰ ਮਿਲ ਰਿਹਾ ਹੈ ਪਰ ਜੇਕਰ ਸੈਲਫ ਸਰਵਿਸ ਰਾਹੀ ਤੇਲ 1.80 ਯੂਰੋ ਪ੍ਰਤੀ ਲੀਟਰ ਮਿਲ ਰਿਹਾ ਹੈ । ਇਸੇ ਤਰ੍ਹਾਂ ਡੀਜ਼ਲ ਸੁਪਰ ਪਲਸ 2.11 ਯੂਰੋ ਪ੍ਰਤੀ ਲਿਟਰ , ਸਰਵਿਸ ਸਮੇਤ ਪੈਟਰੋਲ 1.91 ਪ੍ਰਤੀ ਲੀਟਰ ਹੈ। ਦੂਜੇ ਪਾਸੇ ਸੈਲਫ ਸਰਵਿਸ ਪੈਟਰੋਲ 1.70 ਪ੍ਰਤੀ ਲੀਟਰ ਪ੍ਰਾਪਤ ਹੋ ਰਿਹਾ ਹੈ। ਸੂਤਰਾਂ ਮੁਤਾਬਕ ਜੇਕਰ ਜੰਗ ਜਾਰੀ ਰਹੇਗੀ ਤਾਂ ਆਉਣ ਵਾਲੇ ਦਿਨਾਂ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿਉਂਕਿ ਜਿਸ ਸਾਲ ਰੂਸ ਤੇ ਯੂਕਰੇਨ ਦਰਮਿਆਨ ਜੰਗ ਸ਼ੁਰੂ ਹੋਈ ਸੀ ਉਸ ਸਮੇ ਤੇਲ ਤੇ ਗੈਸ ਦੀਆਂ ਕੀਮਤਾਂ ਵਿੱਚ ਬਹੁਤ ਜ਼ਿਆਦਾ ਵਾਧਾ ਦਰਜ ਕੀਤਾ ਗਿਆ ਸੀ ਜਿਸ ਨਾਲ ਹਰ ਦੇਸ਼ ਦੀ ਅਰਥਵਿਵਸਥਾ ਨੂੰ ਵੱਡਾ ਝਟਕਾ ਲੱਗਿਆ ਸੀ। ਹੁਣ ਵੀ ਇਸ ਤਰ੍ਹਾਂ ਹੋ ਸਕਦਾ ਹੈ ਕਿਉਂਕਿ ਜੰਗਾਂ ਨਾਲ ਹਰ ਦੇਸ਼ ਦੀ ਆਰਥਿਕਤਾ ਨੂੰ ਵੱਡਾ ਨੁਕਸਾਨ ਹੋਵੇਗਾ। ਦੂਜੇ ਪਾਸੇ ਜੇਕਰ ਮੀਡੀਆ ਰਿਪੋਰਟਾਂ ਦੀ ਗੱਲ ਕਰੀਏ ਤਾਂ ਇਹ ਜੰਗ ਰੁਕਦੀ ਨਹੀਂ ਨਜ਼ਰ ਆ ਰਹੀ ਜੇਕਰ ਸਮੇਂ ਰਹਿੰਦਿਆਂ ਇਸ ਜੰਗ ਦਾ ਕੋਈ ਸਿੱਟਾ ਨਾ ਨਿਕਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਇਸ ਜੰਗ ਦਾ ਅਸਰ ਪੂਰੀ ਦੁਨੀਆਂ ਤੱਕ ਪਹੁੰਚ ਜਾਵੇਗਾ ਤੇ ਆਉਣ ਵਾਲੇ ਦਿਨਾਂ ਦੌਰਾਨ ਆਰਥਿਕਤਾ ਨੂੰ ਹੋਰ ਝਟਕਾ ਲੱਗੇਗਾ।